ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੭ ਅੱਸੂ-ਕੱਤਕ ਸੰਮਤ ਨਾਨਕਸ਼ਾਹੀ ੫੫੫ ਅਕਤੂਬਰ ੨੦੨੩ ਅੰਕ : ੭
Vol. : 67 October 2023 Issue : 7

## ਸਿੰਘ ਸਭਾ ਲਹਿਰ ਦੇ ਉਸਰੱਈਏ ਤੇ ਝੰਡਾ ਬਰਦਾਰ




ਵਿਸ਼ੇਸ਼ ਅੰਕ

# ਸੰਦੇਸ਼

੧ ਅਕਤੂਬਰ, ੧੮੭੩ ਈ. ਵਿਚ ਹੋਈ ਸਿੰਘ ਸਭਾ ਦੀ ਸਥਾਪਨਾ ਨੇ ਸਿੱਖਾਂ ਅੰਦਰ ਪੁਨਰ-ਜਾਗ੍ਰਿਤੀ ਦੀ ਭਾਵਨਾ ਪੈਦਾ ਕੀਤੀ। ਇਸ ਨਾਲ ਸਿੱਖ ਧਰਮ ਉੱਤੇ ਹੋ ਰਹੇ ਅੰਦਰੂਨੀ ਅਤੇ ਬਾਹਰੀ ਹਮਲਿਆਂ ਨੂੰ ਠੱਲ੍ਹ ਪਾਉਣ ਵਾਸਤੇ ਅਨੇਕਾਂ ਹੀ ਉਪਰਾਲੇ ਅਰੰਭੇ ਗਏ। ਬਿਪਰਵਾਦੀਆਂ ਨੇ ਸਿੱਖ ਪੰਥ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੀ ਜਿਹੜੀ ਵਿਉਂਤ ਘੜ੍ਹੀ ਹੋਈ ਸੀ ਉਹ ਮੂੰਹ ਭਾਰ ਡਿੱਗ ਪਈ। ਭਾਵੇਂ ਕਿ ਗੁਰੂ ਨਾਨਕ ਸਾਹਿਬ ਦੇ ਚਲਾਏ ਗਏ "ਨਾਨਕ ਨਿਰਮਲ ਪੰਥੁ" ਨੂੰ ਇਨ੍ਹਾਂ ਕਰਮਕਾਂਡੀਆਂ, ਈਸਾਈ ਮਤ ਦੇ ਪ੍ਰਚਾਰਕਾਂ ਅਤੇ ਸਿਧਾਂਤ ਦੀ ਲੀਹੋਂ ਲੱਥੇ ਕੁਝ ਆਪਣਿਆਂ ਨੇ ਬਹੁਤ ਨੁਕਸਾਨ ਪਹੁੰਚਾਇਆ, ਪਰ ਅਕਾਲ ਪੁਰਖ ਦੀ ਮਿਹਰ ਸਦਕਾ "ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ॥" ਦੇ ਮਹਾਂਵਾਕ ਅਨੁਸਾਰ ਸਤਿਗੁਰਾਂ ਨੇ ਪੰਥ ਦੀ ਬਾਂਹ ਫੜ੍ਹੀ। ਇਸ ਪੈਦਾ ਹੋਈ ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਜਿੱਥੇ ਮਨਮਤ ਖ਼ਿਲਾਫ਼ ਜੋਸ਼ ਪੈਦਾ ਕੀਤਾ, ਉੱਥੇ ਸਿੱਖੀ ਜੀਵਨ-ਜਾਚ ਅੰਦਰ ਨਵੀਂ ਰੂਹ ਫੂਕੀ। ਇਸ ਨਾਲ ਸਿੱਖ ਪੰਥ ਦੇ ਦਰਦੀਆਂ ਨੇ ਪੰਥ ਦੀ ਨਿਘਰਦੀ ਸਥਿਤੀ ਨੂੰ ਜਿੱਥੇ ਵੱਖ-ਵੱਖ ਮੀਟਿੰਗਾਂ, ਇਕੱਤਰਤਾਵਾਂ ਅਤੇ ਸਿਰ-ਜੋੜ ਵਿਚਾਰਾਂ ਆਦਿ ਕਰ ਕੇ ਉਤਾਂਹ ਚੁੱਕਿਆ, ਉੱਥੇ ਪੰਥ ਦੇ ਉਸ ਸਮੇਂ ਦੇ ਮਹਾਨ ਵਿਦਵਾਨਾਂ ਨੇ ਆਪਣੀਆਂ ਵੱਖ-ਵੱਖ ਸਾਹਿਤਕ ਕਿਰਤਾਂ, ਲੇਖਾਂ, ਕਵਿਤਾਵਾਂ ਆਦਿ ਨਾਲ ਕੌਮ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਜੋ ਸਿੱਖੀ ਤੋਂ ਮੁਨਕਰ ਹੋ ਰਹੇ ਸਨ ਉਨ੍ਹਾਂ ਨੂੰ ਸਿੱਖੀ ਨਾਲ ਜੋੜਿਆ, ਆਪਣੇ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮ ਪਾਤਸ਼ਾਹ ਸ੍ਰੀ ਗੋਬਿੰਦ ਸਿੰਘ ਜੀ ਦੇ ਖੰਡੇ-ਬਾਟੇ ਉੱਤੇ ਨਿਸ਼ਚਾ ਰੱਖਣ ਦੀ ਪ੍ਰੇਰਨਾ ਕੀਤੀ।

ਸਿੰਘ ਸਭਾ ਦੀ ਸਥਾਪਨਾ ਦੇ ੧੫੦ ਸਾਲ ਪੂਰੇ ਹੋ ਜਾਣ 'ਤੇ 'ਗੁਰਮਤਿ ਪ੍ਰਕਾਸ਼' ਦਾ ਜੋ ਹਥਲਾ ਵਿਸ਼ੇਸ਼ ਅੰਕ ਛਾਪਿਆ ਗਿਆ ਹੈ। ਇਸ ਲਈ ਵੱਖ-ਵੱਖ ਵਿਦਵਾਨਾਂ ਨੇ ਜੋ ਲੇਖ ਲਿਖ ਕੇ ਭੇਜੇ ਹਨ ਮੈਂ ਉਨ੍ਹਾਂ ਦਾ ਹਾਰਦਿਕ ਧੰਨਵਾਦ ਕਰਦਾ ਹਾਂ। ਮੈਨੂੰ ਆਸ ਹੈ ਕਿ ਪਾਠਕ-ਜਨ ਇਸ ਹਥਲੇ ਅੰਕ ਤੋਂ ਆਪਣੇ ਪੁਰਖਿਆਂ ਦੀਆਂ ਮਹਾਨ ਗਾਥਾਵਾਂ ਪੜ੍ਹ-ਵਾਚ ਕੇ ਆਪਣੇ ਧਰਮ ਪ੍ਰਤੀ ਹੋਰ ਦ੍ਰਿੜ੍ਹ ਹੋਣਗੇ ਅਤੇ ਆਪਣੀ ਸ਼ਾਨਾਂਮੱਤੀ ਵਿਰਾਸਤ 'ਤੇ ਮਾਣ ਮਹਿਸੂਸ ਕਰਨਗੇ।

ਗੁਰੂ-ਪੰਥ ਦਾ ਦਾਸ

(ਐਡਵੋਕੇਟ ਹਰਜਿੰਦਰ ਸਿੰਘ)
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਅੱਸੂ-ਕੱਤਕ, ਸੰਮਤ ਨਾਨਕਸ਼ਾਹੀ ੫੫੫ ਅਕਤੂਬਰ 2023

ਜਿਲਦ ੬੭ (Vol. 67) ਅੰਕ ੭ (Issue 7)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸਿੰਘ ਸਭਾ ਲਹਿਰ (ਪੈਂਡਾ ਅਜੇ ਬਾਕੀ ਹੈ) | -ਸ. ਸਤਵਿੰਦਰ ਸਿੰਘ ਫੂਲਪੁਰ | ੭ |
| ਈਸਾਈ ਮਿਸ਼ਨਰੀਆਂ ਦੀ ਪੰਜਾਬ ਵਿਚ ਦਸਤਕ | -ਸ. ਅਪਿੰਦਰ ਸਿੰਘ | ੧੨ |
| ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਪ੍ਰਾਪਤੀਆਂ | -ਡਾ. ਸਰਬਜੀਤ ਸਿੰਘ | ੨੫ |
| ਸਿੰਘ ਸਭਾ ਲਹਿਰ ਦਾ ਯੋਗਦਾਨ | -ਡਾ. ਪਰਮਵੀਰ ਸਿੰਘ | ੨੯ |
| ਸਿੰਘ ਸਭਾ ਲਹਿਰ ਦੇ ਡੇਢ ਸੌ ਸਾਲ | -ਸ. ਜਗਮੋਹਨ ਸਿੰਘ ਕਲਕੱਤਾ | ੩੯ |
| ਸਿੰਘ ਸਭਾ ਲਹਿਰ ਦੇ ਸੱਤ ਸਿਤਾਰੇ | -ਪ੍ਰੋ. ਪਿਆਰਾ ਸਿੰਘ ਪਦਮ | ੪੩ |
| ਸਿੰਘ ਸਭਾ ਲਹਿਰ ਵਿਚ ਇਸਤਰੀਆਂ ਦਾ ਯੋਗਦਾਨ | -ਸ. ਜਸਬੀਰ ਸਿੰਘ | ੫੧ |
| 'ਸਿੰਘ ਸਭਾ' (ਕਵਿਤਾ) | -ਸ. ਦੇਵਾ ਸਿੰਘ ਜੀ ਕਿਰਤੀ | ੫੬ |
| ਸ੍ਰੀ ਗੁਰੂ ਸਿੰਘ ਸਭਾ: ਸਿੱਖਾਂ ਵਿਚ ਨਵੀਂ ਜਾਗ੍ਰਿਤੀ ਦੀ ਲਹਿਰ | -ਡਾ. ਰਾਜਵਿੰਦਰ ਸਿੰਘ ਜੋਗਾ | ੫੭ |
| ਸਿੰਘ ਸਭਾ ਲਹਿਰ ਦਾ ਉਭਾਰ ਅਤੇ ਪ੍ਰਭਾਵ | -ਡਾ. ਗੁਰਮਿੰਦਰ ਸਿੰਘ ਰੂਪੋਵਾਲੀ | ੬੬ |
| ਬਾਬਾ ਖੇਮ ਸਿੰਘ ਬੇਦੀ ਜੀ ਦਾ ਸਿੰਘ ਸਭਾ ਲਹਿਰ ਨੂੰ ਯੋਗਦਾਨ | -ਡਾ. ਜਸਬੀਰ ਸਿੰਘ ਸਾਬਰ | ੬੯ |
| ਸਿੱਖ ਕੌਮ ਦੇ ਹੀਰੇ: ਗਿਆਨੀ ਦਿੱਤ ਸਿੰਘ ਜੀ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੭੫ |
| ਗਿ. ਦਿੱਤ ਸਿੰਘ ਤੇ ਸਿੰਘ ਸਭਾਈ ਗੁਰਬਾਣੀ ਵਿਆਖਿਆ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੪ |
| ਸਿੰਘ ਸਭਾ ਲਹਿਰ ਦਾ ਪੰਜਾਬੀ ਪੱਤਰਕਾਰੀ ਵਿਚ ਯੋਗਦਾਨ | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੯੫ |
| ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ . . . | -ਡਾ. ਹਰਪ੍ਰੀਤ ਕੌਰ | ੧੦੯ |
| ਪ੍ਰੋ. ਗੁਰਮੁਖ ਸਿੰਘ . . . | -ਡਾ. ਰਣਜੀਤ ਕੌਰ ਪੰਨਵਾਂ | ੧੧੭ |
| ਨਾਭਾ ਦਿਵਸ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੀ ਪੰਥਪ੍ਰਸਤੀ | -ਡਾ. ਚਮਕੌਰ ਸਿੰਘ | ੧੨੫ |
| ਸਿੰਘ ਸਭਾ ਲਹਿਰ ਅਤੇ ਭਾਈ ਵੀਰ ਸਿੰਘ | -ਡਾ. ਧਰਮ ਸਿੰਘ | ੧੩੩ |
| . . . ਗਿਆਨੀ ਗੁਰਦਿੱਤ ਸਿੰਘ ਦਾ ਯੋਗਦਾਨ | -ਡਾ. ਗੁਰਪ੍ਰੀਤ ਸਿੰਘ | ੧੩੮ |
| ਕੀ ਹਿੰਦੂ ਪਹਿਲੇ ਪੰਜ ਪਿਆਰੇ ਸਨ? | -ਸ. ਗੁਰਚਰਨਜੀਤ ਸਿੰਘ ਲਾਂਬਾ | ੧੪੩ |
| ਸਿੰਘ ਸਭਾ ਲਹਿਰ (ਕਵਿਤਾ) | -ਡਾ. ਹਰਦੇਵ ਸਿੰਘ | ੧੫੩ |
| ਖ਼ਬਰਨਾਮਾ | | ੧੫੪ |

# ਗੁਰਬਾਣੀ ਵਿਚਾਰ

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਵਿਚ ਕੱਤਕ ਮਹੀਨੇ ਦੀ ਸੁਹਾਵਣੀ ਸੀਤਲ ਬਹਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਸੱਚੀ ਸੰਗਤ ਦਾ ਆਸਰਾ ਲੈ ਕੇ ਮਾਲਕ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਿਆਂ ਹੋਇਆਂ ਦੁਰਲੱਭ ਤੇ ਅਨਮੋਲ ਮਨੁੱਖਾ ਜਨਮ ਜਾਂ ਜੀਵਨ ਨੂੰ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਕਰ ਕੱਤਕ ਮਹੀਨੇ ਦੀ ਸੀਤਲ ਸੁਹਾਵਣੀ ਬਹਾਰ ਮਿਲ ਗਈ ਹੈ ਤਾਂ ਇਸ ਦਾ ਲਾਭ ਲੈਂਦਿਆਂ ਚੰਗੇ ਕਰਮ ਕਰਨੇ ਹੀ ਯੋਗ ਹਨ। ਜੇਕਰ ਕੋਈ ਅਜਿਹੀ ਅਨੁਕੂਲ ਬਹਾਰ 'ਚ ਵੀ ਚੰਗੇ ਕਰਮ ਨਾ ਕਰੇ ਤਾਂ ਉਹ ਇਸ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਵੇ। ਕਹਿਣ ਤੋਂ ਭਾਵ ਇਹ ਇਸ ਦਾ ਆਪਣਾ ਹੀ ਕਸੂਰ ਮੰਨਣਾ ਚਾਹੀਦਾ ਹੈ। ਮਾਲਕ ਪਰਮਾਤਮਾ ਨੂੰ ਵਿਸਾਰਿਆਂ ਸਾਰੇ ਰੋਗ ਜ਼ੋਰ ਪਾ ਲੈਂਦੇ ਹਨ ਤੇ ਸਾਨੂੰ ਘੇਰ ਲੈਂਦੇ ਹਨ। ਜੇਕਰ ਮਾਲਕ ਤੋਂ ਮੂੰਹ ਮੋੜੀਏ ਤਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਹੜੀਆਂ ਮਾਇਆ ਦੀਆਂ ਮੌਜਾਂ ਮਨੁੱਖ ਮਾਲਕ ਨੂੰ ਭੁੱਲ ਕੇ ਮਾਣਨ ਦੇ ਭਰਮ 'ਚ ਹੁੰਦਾ ਹੈ ਉਹ ਪਲ 'ਚ ਦੁਖਦਾਇਕ ਹੋ ਜਾਂਦੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦੁਨਿਆਵੀ ਮੌਜਾਂ ਮਾਣਨ ਦੇ ਕੁਰਾਹੇ ਪਿਆਂ ਮਨੁੱਖ ਨੂੰ ਜੇਕਰ ਸਿਰਫ ਆਪਣਾ ਦੁੱਖ ਹੀ ਹੋਵੇ ਤਾਂ ਕੋਈ ਵੀ ਉਸ ਦਾ ਇਲਾਜ ਨਹੀਂ ਕਰ ਸਕਦਾ। ਬਹੁਗਿਣਤੀ ਭੁੱਲੇ-ਭਟਕਿਆਂ ਦੀ ਹਾਲਤ ਵੱਲ ਸੰਕੇਤ ਕਰਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਹਾਲਤ ਮਨੁੱਖ ਲਈ ਬੜੀ ਬੇਵੱਸੀ ਵਾਲੀ ਹੈ। ਅਜਿਹੇ ਅਭਾਗੇ ਮਨੁੱਖਾਂ ਦੇ ਕਰਮਾਂ 'ਚ ਮਾਲਕ ਵੱਲੋਂ ਹੀ ਵਿਛੋੜਾ ਲਿਖਿਆ ਹੋਇਆ ਹੈ। ਐਪਰ ਚੰਗੇ ਭਾਗਾਂ ਨੂੰ ਜੇਕਰ ਮਾਲਕ ਪਰਮਾਤਮਾ ਮਿਲ ਜਾਵੇ ਤਾਂ ਸਾਰੇ ਵਿਛੋੜੇ ਲੱਥ ਜਾਂਦੇ ਹਨ। ਅੰਤ 'ਚ ਗੁਰੂ ਜੀ ਸਾਨੂੰ ਮਾਇਆ 'ਚ ਬੁਰੀ ਤਰ੍ਹਾਂ ਉਲਝੇ ਕਲਿਯੁਗੀ ਜੀਵਾਂ ਨੂੰ ਗੁਰਮਤਿ ਮਾਰਗ ਦਰਸਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਨਾਨਕ! ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮਾਲਕ ਜੀਓ, ਜੋਦੜੀ ਹੈ ਕਿ ਮੈਨੂੰ ਵੀ ਰੱਖ ਲਵੋ! ਜੇਕਰ ਕੱਤਕ ਦੇ ਅਨੁਕੂਲ ਵਾਤਾਵਰਨ ਵਿਚ ਚੰਗੇ ਜਨ ਦਾ ਸਾਥ ਸਹਿਯੋਗ ਮਿਲ ਜਾਵੇ ਤਾਂ ਸਾਰੇ ਫਿਕਰ ਦੂਰ ਹੋ ਜਾਂਦੇ ਹਨ ਅਰਥਾਤ ਇੱਛਤ ਰੂਹਾਨੀ ਮੰਜ਼ਲ 'ਤੇ ਪੁੱਜਿਆ ਜਾ ਸਕਦਾ ਹੈ।

ਸੰਪਾਦਕੀ...

# ਆਓ, ਨੌਜਵਾਨ ਪੀੜ੍ਹੀ ਨਾਲ ਆਪਣੇ ਪੁਰਖਿਆਂ ਦੀਆਂ ਬਾਤਾਂ ਪਾਈਏ!

*ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਰਸ਼ਕ ਮਨੁੱਖ ਦੀ ਘਾੜਤ ਲਈ ਨਾਨਕ ਨਿਰਮਲ ਪੰਥੁ ਚਲਾਇਆ। ਅਗਲੇਰੇ ਗੁਰੂ ਸਾਹਿਬਾਨ ਨੂੰ ਇਸ ਨਿਆਰੇ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਅਥਾਹ ਘਾਲਣਾਵਾਂ ਘਾਲਣੀਆਂ ਪਈਆਂ, ਦੋ ਗੁਰੂ ਸਾਹਿਬਾਨ ਨੂੰ ਸ਼ਹਾਦਤ ਵੀ ਦੇਣੀ ਪਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਖਾਲਸਾ ਪੰਥ ਸਾਜਿਆ ਅਤੇ ਨਿਆਰੀ ਰਹਿਤ ਮਰਯਾਦਾ ਬਖ਼ਸ਼ੀ। ਖਾਲਸਾ ਪੰਥ ਦੀ ਨਿਆਰੀ ਹੋਂਦ-ਹਸਤੀ ਨੂੰ ਕਾਇਮ ਰੱਖਣ ਅਤੇ ਜ਼ੁਲਮ ਦਾ ਨਾਸ਼ ਕਰਨ ਲਈ ੧੮ਵੀਂ ਸਦੀ ਵਿਚ ਸਿੰਘਾਂ ਨੂੰ ਲੰਮਾ ਸਮਾਂ ਸੰਘਰਸ਼ ਕਰਨਾ ਪਿਆ। ੧੯ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਜਦੋਂ ਸਿੱਖਾਂ ਅੰਦਰ ਮਰਯਾਦਾ ਪੱਖੋਂ ਕੁਝ ਅਵੇਸਲਾਪਨ ਆਇਆ, ਆਰੀਆ ਸਮਾਜੀਆਂ ਵੱਲੋਂ ਸਿੱਖ ਧਰਮ ਉੱਪਰ ਹਮਲੇ ਹੋਣ ਲੱਗੇ, ਪੰਜਾਬ ਵਿਚ ਈਸਾਈਅਤ ਦਾ ਪ੍ਰਭਾਵ ਵਧਣ ਲੱਗਾ ਤਾਂ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਹੋਰ ਚੇਤੰਨ ਸਿੱਖਾਂ ਨੇ ਵਿਚਾਰ ਕਰ ਕੇ ਸਿੱਖ ਪੰਥ ਅੰਦਰ ਪੈਦਾ ਹੋਈਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਨੂੰ ਸਰ ਕਰਨ ਲਈ ੧ ਅਕਤੂਬਰ, ੧੮੭੩ ਈ. ਵਿਚ ਸਿੰਘ ਸਭਾ ਦੀ ਸਥਾਪਨਾ ਕੀਤੀ। ਸਿੰਘ ਸਭਾ ਲਹਿਰ ਇਕ ਇਨਕਲਾਬ ਦੀ ਲਹਿਰ ਸਾਬਤ ਹੋਈ। ਇਸ ਦੇ ਉੱਦਮਾਂ ਸਦਕਾ ਸਿੱਖਾਂ ਅੰਦਰ ਆਪਣੇ ਲਾਸਾਨੀ ਇਤਿਹਾਸ, ਸਿਧਾਂਤ, ਮਰਯਾਦਾ ਤੇ ਪਰੰਪਰਾ ਬਾਰੇ ਨਵੀਂ ਜਾਗ੍ਰਤੀ ਪੈਦਾ ਹੋਈ। ਇਸ ਸਿੰਘ ਸਭਾ ਨੇ ਸਿੱਖਾਂ ਦੇ ਸਰਬ-ਪੱਖੀ ਵਿਕਾਸ ਲਈ ਬੜੇ ਮਹਾਨ ਕਾਰਜ ਅਰੰਭੇ ਅਤੇ ਪ੍ਰਾਪਤੀਆਂ ਹਾਸਲ ਕੀਤੀਆਂ। ਸਿੰਘ ਸਭਾ ਦੇ ਯਤਨਾਂ ਸਦਕਾ ਸਿੱਖ ਪੰਥ ਅੰਦਰ ਪੁਨਰ-ਜਾਗ੍ਰਿਤੀ ਦੀ ਲਹਿਰ ਪੈਦਾ ਹੋਈ। ਇਸ ਜਾਗ੍ਰਿਤੀ ਦਾ ਸਦਕਾ ਹੀ ਅੱਗੇ ਚੱਲ ਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ), ਬੱਬਰ ਅਕਾਲੀ ਲਹਿਰ ਪੈਦਾ ਹੋਈਆਂ, ਜਿਸ ਸਦਕਾ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਪਾਸੋਂ ਅਤੇ ਦੇਸ਼ ਨੂੰ ਅੰਗਰੇਜ਼ਾਂ ਪਾਸੋਂ ਅਜ਼ਾਦ ਕਰਵਾਇਆ ਜਾ ਸਕਿਆ। ਸਿੰਘ ਸਭਾ ਲਹਿਰ ਨੇ ਕਈ ਉਤਰਾਵਾਂ-ਚੜ੍ਹਾਵਾਂ ਵਿੱਚੋਂ ਗੁਜ਼ਰਦਿਆਂ ਸਿੱਖ ਪੰਥ ਦੇ ਸਰਬਪੱਖੀ ਵਿਕਾਸ ਲਈ ਫਖਰ ਕਰਨ ਯੋਗ ਕਾਰਜ ਕੀਤੇ ਹਨ। ਸਿੰਘ ਸਭਾ ਦਾ ੧੫੦-ਸਾਲਾ ਸਥਾਪਨਾ ਦਿਵਸ ਮਨਾਉਂਦਿਆਂ ਇਸ ਤੋਂ ਪ੍ਰੇਰਨਾ ਲੈ ਕੇ ਪੰਥ ਦੇ ਉਜਲੇ ਭਵਿੱਖ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸੇ ਮਨੋਰਥ ਲਈ 'ਗੁਰਮਤਿ ਪ੍ਰਕਾਸ਼' ਦਾ ਹਥਲਾ ਅੰਕ 'ਸਿੰਘ ਸਭਾ ਵਿਸ਼ੇਸ਼ ਅੰਕ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿਚ ਵਿਦਵਾਨ ਲੇਖਕਾਂ ਪਾਸੋਂ ਸਿੰਘ ਸਭਾ ਲਹਿਰ ਦੇ ਪਿਛੋਕੜ, ਇਸ ਦੀ ਸਥਾਪਨਾ, ਕਾਰਜ ਅਤੇ ਪ੍ਰਾਪਤੀਆਂ ਅਤੇ ਇਸ ਸੰਸਥਾ ਨੂੰ ਸਹਿਯੋਗ ਦੇ ਕੇ ਸਫਲ ਬਣਾਉਣ ਵਾਲੀਆਂ ਪੰਥਕ ਸ਼ਖ਼ਸੀਅਤਾਂ ਬਾਰੇ ਵੀ ਉਚੇਚੇ ਤੌਰ 'ਤੇ ਲੇਖ ਲਿਖਵਾ ਕੇ ਸ਼ਾਮਲ ਕੀਤੇ ਗਏ ਹਨ, ਤਾਂ ਕਿ ਸਾਡੀ ਨਵੀਂ ਪੀੜ੍ਹੀ ਆਪਣੇ ਪੁਰਖਿਆਂ ਬਾਰੇ ਜਾਣ ਸਕੇ। ਆਸ ਹੈ ਕਿ ਸੂਝਵਾਨ ਪਾਠਕ ਇਸ ਵਿਸ਼ੇਸ਼ ਅੰਕ ਤੋਂ ਭਰਪੂਰ ਲਾਹਾ ਲੈ ਸਕਣਗੇ।*

ਸੰਪਾਦਕੀ ਲੇਖ...

# ਸਿੰਘ ਸਭਾ ਲਹਿਰ
## (ਪੈਂਡਾ ਅਜੇ ਬਾਕੀ ਹੈ)

*-ਸ. ਸਤਵਿੰਦਰ ਸਿੰਘ ਫੂਲਪੁਰ**

*ਸਿੱਖ ਸੰਸਥਾਵਾਂ ਨੂੰ ਨਾਨਕ ਨਿਰਮਲ ਪੰਥ ਵਾਲੇ ਰੂਹਾਨੀ ਮਿਸ਼ਨ ਦੀ ਲਗਾਤਾਰਤਾ ਵਿਚ ਵੇਖਣ ਦੇ ਯਤਨ ਹੋਣੇ ਚਾਹੀਦੇ ਹਨ। ਸਿੱਖ ਸੰਸਥਾਵਾਂ ਗੁਰੂ ਜੁਗਤ ਦੀ ਨਿਰੰਤਰਤਾ ਹਨ, ਇਹ ਗੁਰੂ ਦੇ ਪੈੜ ਵਿਚ ਸਿੱਖੀ ਦਾ ਪੈੜ ਹਨ। ਗੁਰੂ ਆਪਣੇ ਰੂਹਾਨੀ ਮਿਸ਼ਨ ਨੂੰ ਤਰੋਤਾਜ਼ਾ ਰੱਖਣ ਲਈ ਆਪ ਹੀ ਆਪਣੇ ਸਿੱਖਾਂ ਉੱਪਰ ਮਿਹਰ ਕਰ ਕੇ ਸਿੱਖ ਸੰਸਥਾਵਾਂ ਦੀ ਸਥਾਪਨਾ ਕਰਵਾਉਂਦਾ ਹੈ ਅਤੇ ਪੰਥ ਦੀ ਅਲੰਬਰਦਾਰੀ ਬਖ਼ਸ਼ਦਾ ਹੈ।*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਵਹਿਮਾਂ, ਭਰਮਾਂ ਤੇ ਪਾਖੰਡਾਂ ਵਿੱਚੋਂ ਕੱਢ ਕੇ ਨਿਰੋਈ ਜੀਵਨ-ਜਾਚ ਬਖ਼ਸ਼ੀ। ਧਾਰਮਿਕ ਅਡੰਬਰਾਂ ਅਤੇ ਬਹੁਦੇਵ ਪੂਜਾ ਵੱਲੋਂ ਹਟਾ ਕੇ ਇਕ ਅਕਾਲ ਪੁਰਖ ਦੀ ਭਗਤੀ ਦਾ ਮਾਰਗ ਸਮਝਾਇਆ। ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸਿੱਖੀ ਦੀ ਪ੍ਰਚਾਰ ਲਹਿਰ (ਉਦਾਸੀਆਂ) ਦਾ ਅਰੰਭ ਕੀਤਾ। ਗੁਰੂ ਜੀ ਦੀ ਇਸ ਨਿਰੋਈ ਜੀਵਨ-ਜਾਚ ਨੂੰ ਧਾਰਨ ਕਰਨ ਵਾਲੇ ਗੁਰੂ ਦੇ ਸਿੱਖ ਸਦਵਾਏ। ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਖਾਲਸੇ ਦੀ ਰਹਿਤ ਮਰਯਾਦਾ ਨਿਰਧਾਰਤ ਕੀਤੀ ਅਤੇ ਬਚਨ ਕਹੇ,

*"ਜਬ ਲਗ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪਰਤੀਤ॥"*

*(ਸਰਬਲੋਹ ਗ੍ਰੰਥ)*

ਸਮੇਂ ਦੇ ਹਾਲਾਤਾਂ ਕਾਰਨ ੧੯ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਸਿੱਖ ਪੰਥ ਉੱਪਰ ਕੁਝ ਅਣਸੁਖਾਵੇਂ ਕਾਰਨ ਆਣ ਬਣੇ। ਅੰਦਰੂਨੀ ਕਾਰਨ ਸਨ— ਸਿੱਖ ਕੌਮ ਅੰਦਰ ਵਧ ਰਿਹਾ ਦੇਹਧਾਰੀ ਗੁਰੂ-ਡੰਮ, ਰਹਿਤ ਮਰਯਾਦਾ ਵਿਚ ਢਿਲਿਆਈ ਅਤੇ ਸਿੱਖੀ ਰਹੁਰੀਤਾਂ ਵਿਚ ਰਲਾ ਪਾਉਣ ਲਈ ਸ੍ਰੀ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚ ਕੀਤੀ ਜਾਂਦੀ ਮੂਰਤੀ ਪੂਜਾ, ਟੱਲ-ਆਰਤੀਆਂ ਪਾਂਡਿਆਂ ਦੁਆਰਾ, ਪੱਤਰੀਆਂ, ਟੇਵੇ ਆਦਿ ਵਾਚਣ ਵਾਲੀਆਂ ਨਾ-ਸਹਿਣਯੋਗ ਬਿਪਰਵਾਦੀ ਰਹੁ-ਰੀਤਾਂ। ਬਾਹਰੀ

*ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. ੯੯੧੪੪੧੯੪੮੪

ਕਾਰਨ ਸਨ ਆਰੀਆ ਸਮਾਜੀਆਂ ਅਤੇ ਈਸਾਈ ਮਿਸ਼ਨਰੀਆਂ ਵੱਲੋਂ ਸਿੱਖੀ ਨੂੰ ਲਾਈ ਜਾ ਰਹੀ ਢਾਹ।

ਪੰਥ-ਦਰਦੀ ਇਸ ਸਭ ਵਰਤਾਰੇ ਤੋਂ ਚਿੰਤਤ ਸਨ। ਜਿਵੇਂ ਸ਼ਾਂਤ ਵਗਦੇ ਸਮੁੰਦਰ ਹੇਠਾਂ ਭੁਚਾਲ ਜਾਂ ਜਵਾਲਾਮੁਖੀ ਸਮੁੰਦਰ ਵਿਚ ਵੱਡੀ ਲਹਿਰ ਪੈਦਾ ਕਰਨ ਦਾ ਕਾਰਨ ਬਣਦੇ ਹਨ, ਓਸੇ ਤਰ੍ਹਾਂ ਸ਼ਰਧਾ ਰਾਮ ਫਿਲੌਰੀ ਅਤੇ ਦਯਾ ਨੰਦ ਵੱਲੋਂ ਗੁਰੂ ਸਾਹਿਬਾਨ ਬਾਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਅਤੇ ਈਸਾਈ ਪ੍ਰਭਾਵ ਹੇਠ ਚਾਰ ਸਿੱਖ ਵਿਦਿਆਰਥੀਆਂ ਦੁਆਰਾ ਈਸਾਈ ਬਣਨ ਦੇ ਫੈਸਲੇ ਨੇ ਸਿੱਖਾਂ ਅੰਦਰ ਹਲਚਲ ਪੈਦਾ ਕੀਤੀ, ਪੰਥ-ਦਰਦੀਆਂ ਦੇ ਮਨਾਂ ਵਿਚ ਰੋਹ ਦਾ ਜਵਾਲਾਮੁਖੀ ਫਟਿਆ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਹੋਰ ਚੇਤੰਨ ਸਿੱਖਾਂ ਨੇ ਵਿਚਾਰ ਕਰ ਕੇ ਸਿੱਖ ਪੰਥ ਅੰਦਰ ਪੈਦਾ ਹੋਈਆਂ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਨੂੰ ਸਰ ਕਰਨ ਲਈ ੧ ਅਕਤੂਬਰ, ੧੮੭੩ ਈ. ਵਿਚ ਸਿੰਘ ਸਭਾ ਦੀ ਸਥਾਪਨਾ ਕੀਤੀ। ਇਹ ਸਿੰਘ ਸਭਾ ਲਹਿਰ ਸਮੁੰਦਰੀ ਲਹਿਰ ਦੀ ਨਿਆਈਂ ਬਲਸ਼ਾਲੀ ਲਹਿਰ ਸੀ ਜਿਸ ਨੇ ਬਿਪਰਵਾਦੀ ਰਲੇ ਨੂੰ ਬਾਹਰ ਵਗਾਹ ਕੇ ਸਿੱਖੀ ਸਮੁੰਦਰ ਦੀ ਨਿਰਮਲਤਾ ਨੂੰ ਬਰਕਰਾਰ ਕੀਤਾ।

ਹੁਣ ਸਿੱਖ ਹਯਾਤੀ ਦੀ ਵਾਗਡੋਰ ਸਿੰਘ ਸਭਾ ਦੇ ਹੱਥ ਸੀ। ਸਿੱਖ ਹੋਂਦ ਹਸਤੀ ਨੂੰ ਕਾਇਮ ਅਤੇ ਨਿਆਰਾ ਰੱਖਣ ਲਈ ਸ. ਠਾਕੁਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਪ੍ਰੋ. ਗੁਰਮੁਖ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਕੰਵਰ ਬਿਕਰਮ ਸਿੰਘ, ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ, ਸਰ ਅਤਰ ਸਿੰਘ ਭਦੌੜ, ਭਾਈ ਕਾਨ੍ਹ ਸਿੰਘ ਨਾਭਾ ਆਦਿ ਸਿੱਖਾਂ ਨੇ ਸ਼ਲਾਘਾਯੋਗ ਉੱਦਮ ਕੀਤੇ। ਇਨ੍ਹਾਂ ਸਿੱਖਾਂ ਦੇ ਸਮੂਹਿਕ ਉੱਦਮਾਂ ਸਦਕਾ ਸਿੱਖ ਧਰਮ ਦੀ ਪ੍ਰਫੁਲਤਾ ਲਈ ਸਿੱਖ ਇਤਿਹਾਸ, ਸਿਧਾਂਤ, ਮਰਯਾਦਾ, ਸਿੱਖ ਪਰੰਪਰਾ, ਗੁਰਮਤਿ ਸੰਸਕਾਰਾਂ, ਪੰਜਾਬੀ ਬੋਲੀ ਆਦਿ ਦਾ ਪ੍ਰਚਾਰ ਹੋਇਆ। ਸਿੱਖਾਂ ਲਈ ਧਾਰਮਿਕ ਅਤੇ ਦੁਨਿਆਵੀ ਵਿੱਦਿਆ, ਇਸਤਰੀ ਵਿੱਦਿਆ ਆਦਿ ਦਾ ਪ੍ਰਸਾਰ ਕੀਤਾ ਗਿਆ। ਸਿੱਖ ਇਤਿਹਾਸਿਕ ਸ੍ਰੋਤ ਗ੍ਰੰਥਾਂ ਦੀ ਸੰਪਾਦਨਾ ਅਤੇ ਨਿਆਰੀ ਸਿੱਖ ਹੋਂਦ ਨੂੰ ਦਰਸਾਉਂਦਾ ਸਿੱਖ ਸਾਹਿਤ ਤਿਆਰ ਕਰਵਾਇਆ। ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ, ਬਾਅਦ ਵਿਚ ਪੰਜਾਬ ਅਤੇ ਭਾਰਤ ਅੰਦਰ ਸਿੰਘ ਸਭਾ ਗੁਰਦੁਆਰੇ ਸਥਾਪਿਤ ਹੋਏ ਜਿਸ ਨਾਲ ਪੂਰੇ ਦੇਸ਼ ਅੰਦਰ ਸਿੱਖੀ ਦਾ ਪ੍ਰਚਾਰ ਵਧਿਆ। ਸਿੰਘ ਸਭਾ ਨੇ ਸਿੱਖਾਂ ਦੀਆਂ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿੱਦਿਅਕ ਆਦਿ ਸਮੱਸਿਆਵਾਂ ਦੇ ਹੱਲ ਲਈ ਉੱਦਮ ਕੀਤੇ।

ਵਿੱਦਿਅਕ ਖੇਤਰ ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਅਤੇ ਚੀਫ਼ ਖਾਲਸਾ ਦੀਵਾਨ ਸਿੰਘ ਸਭਾ ਦੀ ਬੜੀ ਵੱਡੀ ਪ੍ਰਾਪਤੀ ਹੈ। ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿੱਦਿਆ ਦੇ ਪ੍ਰਸਾਰ ਅਤੇ ਆਪਣੀ ਭਵਨ ਨਿਰਮਾਣ ਕਲਾ ਸਦਕਾ ਅੱਜ ਵਿਸ਼ਵ ਭਰ

ਵਿਚ ਪ੍ਰਸਿੱਧ ਹੈ। ਚੀਫ਼ ਖਾਲਸਾ ਦੀਵਾਨ ਨੇ ਸਿੱਖਾਂ ਅੰਦਰ ਵਿੱਦਿਆ ਦੇ ਪ੍ਰਸਾਰ ਲਈ ਬੜੇ ਵੱਡੇ ਉੱਦਮ ਕੀਤੇ ਹਨ ਅਤੇ ਕਰ ਰਿਹਾ ਹੈ। ਸਮਾਜਿਕ ਭਲਾਈ ਲਈ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸੈਂਟਰਲ ਖਾਲਸਾ ਯਤੀਮਖਾਨਾ, ਸੂਰਮਾ ਸਿੰਘ ਆਸ਼ਰਮ, ਬਿਰਧ ਆਸ਼ਰਮ ਆਦਿ ਚਲਾਏ ਜਾ ਰਹੇ ਹਨ।

ਸਿੰਘ ਸਭਾ ਦੁਆਰਾ ਕੌਮ ਅੰਦਰ ਪੈਦਾ ਕੀਤੀ ਗਈ ਜਾਗ੍ਰਿਤੀ ਦੇ ਸਦਕਾ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ), ਬੱਬਰ ਅਕਾਲੀ ਲਹਿਰ ਦਾ ਉਥਾਨ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪੰਥਕ ਸੰਸਥਾਵਾਂ ਹੋਂਦ ਵਿਚ ਆਈਆਂ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੇ ਰਾਜਨੀਤਿਕ ਹੱਕਾਂ ਲਈ ਅਵਾਜ਼ ਉਠਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਵਾਲੇ ਮਿਸ਼ਨ ਨੂੰ ਬੜੀ ਸੰਜੀਦਗੀ ਨਾਲ ਨਿਭਾਉਂਦੀ ਆ ਰਹੀ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਨਕਸ਼-ਏ-ਕਦਮਾਂ ਉੱਪਰ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ, ਸਿੱਖ ਰਹਿਤ ਮਰਯਾਦਾ, ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ, ਸਿੱਖ ਮਸਲਿਆਂ ਦੀ ਪੈਰਵੀ, ਵਿੱਦਿਆ ਦੇ ਪਸਾਰ ਅਤੇ ਸਮਾਜ ਭਲਾਈ ਦੇ ਕਾਰਜਾਂ ਲਈ ਨਿਰੰਤਰ ਯਤਨਸ਼ੀਲ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮ ਸਦਕਾ ਲੰਮੀ ਘਾਲਣਾ ਤੋਂ ਬਾਅਦ ੧੯੪੫ ਈ. ਵਿਚ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਤਿਆਰ ਹੋਈ। ਇਸ ਨੂੰ ਸਿੰਘ ਸਭਾ ਦੁਆਰਾ ਪੈਦਾ ਕੀਤੀ ਗਈ ਸਿੱਖ ਪੁਨਰ ਜਾਗ੍ਰਿਤੀ ਦਾ ਸਦਕਾ ਅਤੇ ਸਿੰਘ ਸਭਾ ਦੇ ਗੁਰਮਤਿ ਮਰਯਾਦਾ ਵਾਲੇ ਆਸ਼ਿਆਂ ਦੀ ਸੰਪੂਰਨਤਾ ਸਮਝਿਆ ਜਾ ਸਕਦਾ ਹੈ। ਇਸ ਦੇ ਹੋਂਦ ਵਿਚ ਆਉਣ ਨਾਲ ਸਿੱਖੀ ਰਹੁ-ਰੀਤਾਂ ਵਿਚ ਰਲੇ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਗਈ, ਬਾਸ਼ਰਤੇ ਕਿ ਸਿੱਖ ਇਸ ਨੂੰ ਪੜ੍ਹਨ ਅਤੇ ਇਸ ਉੱਪਰ ਅਮਲ ਕਰਨ।

ਸਿੱਖ ਰਹਿਤ ਮਰਯਾਦਾ ਅੰਦਰ ਬਿਪਰਵਾਦੀ ਰੀਤਾਂ ਦੇ ਤਿਆਗ ਬਾਰੇ ਬੜੀਆਂ ਸਪੱਸ਼ਟ ਹਦਾਇਤਾਂ ਹਨ, ਗੁਰਦੁਆਰੇ ਭਾਗ ਵਿਚ ਲਿਖਿਆ ਹੈ : ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। (ਹ) . . . ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਗੁਰਮਤਿ ਰਹਿਣੀ ਭਾਗ ਵਿਚ ਸਪੱਸ਼ਟ ਕੀਤਾ ਹੈ। (ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ। (ਅ) ਆਪਣੀ, ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ। (ੲ) ਦਸ ਗੁਰੂ ਸਾਹਿਬਾਨ ਨੂੰ ਇੱਕੋ ਜੋਤ ਦਾ ਪ੍ਰਕਾਸ਼ ਰੂਪ ਕਰਕੇ ਮੰਨਣਾ। (ਸ) ਜ਼ਾਤ-ਪਾਤ, ਛੂਤ-

ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ। (ਪੰਨਾ ੧੯-੨੦)

ਮੌਜੂਦਾ ਸਮੇਂ ਸਿੱਖ ਰਹਿਤ ਮਰਯਾਦਾ ਦੀ ਰੋਸ਼ਨੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਨਿਰੰਤਰ ਸਿੱਖੀ ਦੇ ਪ੍ਰਚਾਰ ਕਾਰਨ ਹੁਣ ਬਿਪਰਵਾਦੀ ਪ੍ਰਭਾਵ ਵਾਲਾ ਕੋਈ ਅੰਦਰੂਨੀ ਖ਼ਤਰਾ ਨਹੀਂ ਰਿਹਾ। ਗੁਰਦੁਆਰਾ ਸਾਹਿਬਾਨ ਅੰਦਰ ਗੁਰਮਤਿ ਮਰਯਾਦਾ ਅਨੁਸਾਰ ਰਹੁਰੀਤਾਂ ਹੋ ਰਹੀਆਂ ਹਨ। ਪਰ ਸਿੰਘ ਸਭਾ ਦੇ ੧੫੦ ਸਾਲ ਬੀਤ ਜਾਣ ਬਾਅਦ ਪੰਥ ਸਾਹਮਣੇ ਬਾਹਰੀ ਚੁਣੌਤੀਆਂ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹਨ। ਕਿਹਾ ਜਾ ਸਕਦਾ ਹੈ ਕਿ ਸਿੱਖ ਪੰਥ ਨੇ ਸਿੰਘ ਸਭਾ ਦੀਆਂ ਉਮੰਗਾਂ ਵਾਲਾ ਅੱਧਾ ਪੈਂਡਾ ਤੈਅ ਕਰ ਲਿਆ ਹੈ, ਪੂਰੇ ਲਈ ਸਫਰ ਜਾਰੀ ਹੈ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਅੰਦਰ ਪੰਥ-ਵਿਰੋਧੀ ਗਤੀਵਿਧੀਆਂ ਵਿਚ ਹੋਰ ਵੀ ਇਜ਼ਾਫਾ ਹੋਇਆ ਹੈ। ਆਰਥਕ ਪੱਖੋਂ ਕਮਜ਼ੋਰ ਲੋਕਾਂ ਨੂੰ ਲੁਭਾਵਣੇ ਲਾਲਚ ਦੇ ਕੇ ਕੀਤਾ ਜਾ ਰਿਹਾ ਈਸਾਈਅਤ ਦਾ ਪ੍ਰਚਾਰ ਅਤੇ ਇਸ ਦੀ ਆੜ ਵਿਚ ਪੰਜਾਬ ਅੰਦਰ ਪੈਦਾ ਕੀਤਾ ਜਾ ਰਿਹਾ ਪਾਖੰਡਵਾਦ ਚਿੰਤਾ ਦਾ ਵਿਸ਼ਾ ਹੈ। ਦੇਸ਼ ਅੰਦਰ ਸਕੂਲਾਂ/ਕਾਲਜਾਂ ਦੇ ਪਾਠਕ੍ਰਮ ਵਿਚ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਗਿਣੀ-ਮਿਥੀ ਸਾਜ਼ਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਬਾਰੇ ਗੁਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਅੰਦਰ ਗ਼ੈਰ ਸਿੱਖ ਪਰਵਾਰਾਂ ਵਿਚ ਕਿਸੇ ਗੁਪਤ ਏਜੰਡੇ ਤਹਿਤ ਆਪਣੇ ਬੱਚਿਆਂ ਨੂੰ ਹਿੰਦੀ ਬੋਲਣ ਲਈ ਕਿਹਾ ਜਾ ਰਿਹਾ ਹੈ। ਕੇਂਦਰ ਦੀ ਪੰਜਾਬ ਅਤੇ ਸਿੱਖ ਮਾਰੂ ਨੀਤੀ ਤਹਿਤ ਪੰਜਾਬ ਦੀ ਨੌਜੁਆਨੀ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਜਾ ਰਿਹਾ ਹੈ। ਸਿੱਖਾਂ ਪ੍ਰਤੀ ਨਫ਼ਰਤ ਦੇ ਏਜੰਡੇ ਤਹਿਤ ਭਾਰਤੀ ਫ਼ਿਲਮਾਂ ਵਿਚ ਸਿੱਖਾਂ ਨੂੰ ਮਜ਼ਾਕ ਦੇ ਪਾਤਰ, ਚਰਿੱਤਰਹੀਣ ਅਤੇ ਗੱਦਾਰ ਤਕ ਦੇ ਕਿਰਦਾਰ ਵਿਚ ਪੇਸ਼ ਕਰਕੇ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਯੂ. ਸੀ. ਸੀ. ਵਰਗੇ ਕਨੂੰਨਾਂ ਦੀ ਆੜ ਵਿਚ ਬਹੁ-ਸਭਿਆਚਾਰ ਦਾ ਘਾਤ ਕਰਨ ਦੀ ਤਿਆਰੀ ਹੈ। ਸਿੱਖੀ ਭੇਖ ਵਿਚ ਸਰਕਾਰਾਂ ਦੁਆਰਾ ਪਾਲੇ ਹੋਏ ਸ਼ਰਧਾ ਰਾਮ ਫਿਲੌਰੀ ਅਤੇ ਦਯਾ ਨੰਦ ਦੀ ਸੋਚ ਵਾਲਿਆਂ ਕੋਲੋਂ ਸਿੱਖ ਇਤਿਹਾਸ ਨੂੰ ਸਨਾਤਨੀ ਰੰਗਤ ਦੇ ਕੇ ਸਿੱਖ ਇਤਿਹਾਸ ਦੇ ਨਿਆਰੇਪਨ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੰਥ-ਵਿਰੋਧੀਆਂ ਦੀਆਂ ਇਨ੍ਹਾ ਚਾਲਾਂ ਨੂੰ ਨਾਕਾਮ ਕਰਨ ਲਈ ਅੱਜ ਇਕ ਮਜ਼ਬੂਤ ਲਹਿਰ ਬਣ ਕੇ ਮੈਦਾਨ ਵਿਚ ਨਿਤਰਨ ਦੀ ਲੋੜ ਹੈ। ਪੰਥ-ਵਿਰੋਧੀ ਕਲਮਾਂ

ਨਾਲ ਦੋ ਹੱਥ ਕਰਨ ਲਈ ਅੱਜ ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਵਰਗੇ ਸੁਹਿਰਦ ਸਿੱਖ ਵਿਦਵਾਨਾਂ ਦੀ ਵੀ ਲੋੜ ਹੈ।

ਸਿੰਘ ਸਭਾ ਦਾ ੧੫੦-ਸਾਲਾ ਸਥਾਪਨਾ ਦਿਵਸ ਮਨਾਉਂਦਿਆਂ ਉਸ ਤੋਂ ਪ੍ਰੇਰਨਾ ਲੈ ਕੇ ਸਿੱਖ ਸੰਸਥਾਵਾਂ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਸਿੱਖ ਸੰਸਥਾਵਾਂ ਨੂੰ ਨਾਨਕ ਨਿਰਮਲ ਪੰਥ ਵਾਲੇ ਰੂਹਾਨੀ ਮਿਸ਼ਨ ਦੀ ਲਗਾਤਾਰਤਾ ਵਿਚ ਵੇਖਣ ਦੇ ਯਤਨ ਹੋਣੇ ਚਾਹੀਦੇ ਹਨ। ਸਿੱਖ ਸੰਸਥਾਵਾਂ ਗੁਰੂ ਜੁਗਤ ਦੀ ਨਿਰੰਤਰਤਾ ਹਨ, ਇਹ ਗੁਰੂ ਦੇ ਪੈੜ ਵਿਚ ਸਿੱਖੀ ਦਾ ਪੈੜ ਹਨ। ਗੁਰੂ ਆਪਣੇ ਰੂਹਾਨੀ ਮਿਸ਼ਨ ਨੂੰ ਤਰੋਤਾਜ਼ਾ ਰੱਖਣ ਲਈ ਆਪ ਹੀ ਆਪਣੇ ਸਿੱਖਾਂ ਉੱਪਰ ਮਿਹਰ ਕਰ ਕੇ ਸਿੱਖ ਸੰਸਥਾਵਾਂ ਦੀ ਸਥਾਪਨਾ ਕਰਵਾਉਂਦਾ ਹੈ ਅਤੇ ਪੰਥ ਦੀ ਅਲੰਬਰਦਾਰੀ ਬਖ਼ਸ਼ਦਾ ਹੈ।

ਅੱਜ ਲੋੜ ਹੈ ਗੁਰਸਿੱਖੀ ਜੀਵਨ ਵਾਲੇ ਪੰਥ-ਦਰਦੀ ਨਾਮ ਬਾਣੀ ਦੇ ਰਸੀਏ, ਉੱਚੇ-ਸੁਚੇ ਕਿਰਦਾਰਾਂ ਵਾਲੇ, ਪੰਥ-ਪ੍ਰਸਤ, ਬੁੱਧੀਜੀਵੀ ਸਿੱਖ ਸੰਸਥਾਵਾਂ ਦੇ ਮਾਰਗ ਦਰਸ਼ਕ ਬਣਨ ਤੇ ਸਿੱਖ ਰਾਜਨੀਤੀ ਨੂੰ ਧਰਮ ਦੀ ਛਤਰ-ਛਾਇਆ ਹੇਠ ਮੌਲਣ ਦਾ ਅਵਸਰ ਪ੍ਰਦਾਨ ਕਰਨ। ਯਾਦ ਰਹੇ ਕਿ ਸਿੰਘ ਸਭਾ ਲਹਿਰ ਦੇ ਸੰਚਾਲਕਾਂ ਵਿਚ ਵੱਡੀ ਗਿਣਤੀ ਸਿੱਖ ਬੁੱਧੀਜੀਵੀਆਂ ਦੀ ਸੀ, ਜਿਨ੍ਹਾਂ ਨੇ ਉੱਚ ਕੋਟੀ ਦੇ ਗੁਰਮਤਿ ਸਾਹਿਤ ਦੀ ਰਚਨਾ ਕੀਤੀ, ਸਿੱਖੀ ਸੋਚ ਵਾਲੇ ਅਖ਼ਬਾਰ, ਰਸਾਲੇ ਸ਼ੁਰੂ ਕਰ ਕੇ ਸਿੱਖਾਂ ਦੀ ਨਿਆਰੀ ਪਛਾਣ-ਸਿਧਾਂਤ, ਇਤਿਹਾਸ, ਮਰਯਾਦਾ ਅਤੇ ਸਿੱਖ ਸਭਿਆਚਾਰ ਦਾ ਪ੍ਰਚਾਰ ਕੀਤਾ। ਮੌਜੂਦਾ ਸਮੇਂ ਉਕਤ ਆਦਰਸ਼ਾਂ ਦੀ ਸਖਤ ਲੋੜ ਹੈ। ਇਕ ਹੋਰ ਖਾਸ ਗੱਲ ਸਿੰਘ ਸਭਾ ਲਹਿਰ ਨੂੰ ਪਿੰਡਾਂ, ਸ਼ਹਿਰ ਕਸਬਿਆਂ ਵਿਚ ਆਮ ਲੋਕਾਂ ਨੇ ਪੂਰਨ ਸਹਿਯੋਗ ਦਿੱਤਾ। ਪ੍ਰੰਤੂ ਅੱਜ ਸਿੱਖ ਮਨਾਂ ਅੰਦਰ ਆਪਣੀਆਂ ਸਿੱਖ ਸੰਸਥਾਵਾਂ ਪ੍ਰਤੀ ਬੇਵਿਸ਼ਵਾਸੀ ਚਿੰਤਾ ਦਾ ਵਿਸ਼ਾ ਹੈ। ਅਸਲ ਵਿਚ ਬੇਵਿਸ਼ਵਾਸੀ ਪੈਦਾ ਕਰਨਾ ਪੰਥ-ਵਿਰੋਧੀ ਸ਼ਕਤੀਆਂ ਦੀ ਗਿਣੀ-ਮਿੱਥੀ ਸਾਜ਼ਿਸ਼ ਹੈ। ਕੁਝ ਕਾਰਨ ਹੋਰ ਵੀ ਹੋਣਗੇ। ਆਗੂਆਂ ਅੰਦਰ ਪੰਥ-ਪ੍ਰਸਤੀ ਦੀ ਭਾਵਨਾ ਇਸ ਬੇਵਿਸ਼ਵਾਸੀ ਨੂੰ ਦੂਰ ਕਰ ਸਕਦੀ ਹੈ। ਪ੍ਰੰਤੂ ਸਾਨੂੰ ਇਹ ਨਹੀ ਭੁੱਲਣਾ ਚਾਹੀਦਾ ਕਿ ਸਾਡੀਆਂ ਸਿੱਖ ਸੰਸਥਾਵਾਂ ਪੰਥਕ ਸ਼ਕਤੀ ਦਾ ਆਧਾਰ ਹਨ, ਇਨ੍ਹਾਂ ਵਿਚ ਬੇਵਿਸ਼ਵਾਸੀ ਪੰਥਕ ਹਿੱਤ ਵਿਚ ਨਹੀਂ।

ਸਿੰਘ ਸਭਾ ਲਹਿਰ ਦੇ ਬਾਨੀਆਂ ਨੇ ਪੰਥ-ਪ੍ਰਸਤੀ ਦੀ ਭਾਵਨਾ ਸਦਕਾ ਸਿੱਖੀ ਲਈ ਬਹੁਤ ਕੁਝ ਹਾਸਲ ਕਰ ਲਿਆ ਸੀ, ਬਹੁਤ ਕੁਝ ਹਾਸਲ ਕਰਨਾ ਸਾਡੇ ਲਈ ਬਾਕੀ ਹੈ। ਆਪਣੀ ਨਿਆਰੀ ਹੋਂਦ ਹਸਤੀ ਨੂੰ ਕਾਇਮ ਰੱਖਣ ਲਈ ਆਪਸੀ ਅੰਦਰੂਨੀ ਮਤ-ਭੇਦ ਮਿਟਾ ਕੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਸਾਂਝੇ ਉੱਦਮ ਨਿਰੰਤਰ ਜਾਰੀ ਰੱਖਣੇ ਪੈਣੇ ਹਨ, ਸਫ਼ਰ ਦੀ ਮੰਜ਼ਿਲ ਹਲੇਮੀ ਖਾਲਸਾ ਰਾਜ ਹੈ।

■

# ਈਸਾਈ ਮਿਸ਼ਨਰੀਆਂ ਦੀ ਪੰਜਾਬ ਵਿਚ ਦਸਤਕ

*-ਸ. ਅਪਿੰਦਰ ਸਿੰਘ**

੧੯ਵੀਂ ਸਦੀ ਦਾ ਅਰੰਭ ਪੰਜਾਬ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਸੀ। ਲੰਮੇ ਸੰਘਰਸ਼ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਉਦੈ ਹੋ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਪਾਸੇ ਵੱਲ ਵੀ ਮੂੰਹ ਮੋੜਿਆ, ਖ਼ਾਲਸਾ ਰਾਜ ਦੇ ਨਿਸ਼ਾਨ ਉਸ ਪਾਸੇ ਵੱਲ ਝੂਲਦੇ ਗਏ ਪਰੰਤੂ ਸਿੱਖਾਂ ਦੇ ਵੈਰੀਆਂ ਨੂੰ ਇਹ ਰਾਜ ਵਿਸਥਾਰ ਹਜਮ ਨਹੀਂ ਹੋ ਰਿਹਾ ਸੀ। ਜਿਨ੍ਹਾਂ ਚਿਰ ਤਕ ਤਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜਿਊਂਦਾ ਰਿਹਾ ਉਨ੍ਹਾਂ ਚਿਰ ਤਕ ਤਾਂ ਗੋਰੇ (ਅੰਗਰੇਜ਼) ਪੰਜਾਬ ਵੱਲ ਸਿਰਫ ਲਲਚਾਈਆਂ ਨਜ਼ਰਾਂ ਨਾਲ ਹੀ ਵੇਖਦੇ ਰਹੇ। ਬਸ ਮਹਾਰਾਜੇ ਦੇ ਅੱਖਾਂ ਮੀਟਣ ਦੀ ਦੇਰ ਸੀ, ਖ਼ਾਲਸਾ ਰਾਜ ਦਾ ਸੂਰਜ-ਅਸਤ ਹੋਣਾ ਸ਼ੁਰੂ ਹੋ ਗਿਆ। ਕਦੇ ਕਿਸੇ ਸੋਚਿਆ ਵੀ ਨਹੀਂ ਹੋਣਾ ਕਿ ਮੰਡੀਆਂ ਦੇ ਜ਼ਰੀਏ ਮਾਲ ਵੇਚਣ ਵਾਲੇ ਇਕ ਦਿਨ ਪੰਜਾਬ ਨੂੰ ਵੀ ਆਪਣੇ ਅਧੀਨ ਲੈ ਆਉਣਗੇ। ਪੂਰੇ ਭਾਰਤ ਉੱਪਰ ਕਬਜ਼ਾ ਕਰਨ ਦੀ ਮੁਹਿੰਮ ਦਾ, ਪੰਜਾਬ ਅੰਤਿਮ ਪੜਾਅ ਸੀ। ਅੰਗਰੇਜ਼ਾਂ ਦੀਆਂ ਕੂਟਨੀਤੀਆਂ ਅਤੇ ਆਪਣਿਆਂ ਦੀਆਂ ਗੱਦਾਰੀਆਂ ਨੇ ਆਖਰ ੨੯ ਮਾਰਚ, ੧੮੪੯ ਈ. ਨੂੰ ਸਰਕਾਰ-ਏ-ਖ਼ਾਲਸਾ ਦਾ ਰਾਜ ਖਤਮ ਕਰ ਕੇ, ਅੰਗੇਰਜ਼ੀ ਹਕੂਮਤ ਦਾ ਐਲਾਨ ਕਰ ਦਿੱਤਾ।[੧]

ਇਹ ਸਿੱਖ ਰਾਜ ਦੀ ਉਦਾਰਦਿਲੀ ਦਾ ਨਮੂਨਾ ਸੀ ਕਿ ਕਿਸੇ ਵੀ ਸਿੱਖ ਨੇ ਰਾਜ ਸੱਤਾ ਦੇ ਬਲ ਨਾਲ, ਜਬਰੀ, ਕੂਟਨੀਤੀ ਜਾਂ ਪਰਸਥਿਤੀਆਂ ਦਾ ਫਾਇਦਾ ਉਠਾ ਕੇ, ਗ਼ੈਰ-ਸਿੱਖਾਂ ਨੂੰ ਆਪਣੇ ਧਰਮ ਵਿਚ ਪਰਿਵਰਤਨ ਕਰਨ ਦੀ ਕਦੇ ਨਹੀਂ ਸੋਚੀ। ਲੇਕਿਨ ਸੰਸਾਰ ਦੇ ਧਰਮਾਂ ਦੇ ਵਿਚ ਦੋ ਧਰਮ (ਇਸਲਾਮ ਅਤੇ ਈਸਾਈਅਤ) ਅਜਿਹੇ ਹਨ, ਜਿਨ੍ਹਾਂ ਨੇ ਹਰ ਵਸੀਲੇ (ਜਾਇਜ਼ ਜਾਂ ਨਜਾਇਜ਼) ਨੂੰ ਅਪਣਾ ਕੇ ਆਪਣਾ ਧਰਮ ਪ੍ਰਚਾਰਨ ਦਾ ਇਤਿਹਾਸ ਸਿਰਜਿਆ ਹੈ। ਅੰਗਰੇਜ਼ੀ ਹਕੂਮਤ ਦਾ ਧਰਮ ਈਸਾਈਅਤ ਸੀ। ਪੰਜਾਬ ਦੀ ਧਰਤੀ ਉੱਪਰ ਇਸ ਨੂੰ ਫੈਲਾਉਣਾ, ਉਨ੍ਹਾਂ ਦੀ ਮੂਲ ਪ੍ਰਵਿਰਤੀ ਦਾ ਅਹਿਮ ਹਿੱਸਾ ਸੀ ਪਰੰਤੂ ਇਸ ਤੋਂ ਇਲਾਵਾ ਕੁਝ ਅਜਿਹੇ ਕਾਰਨ ਵੀ ਸਨ, ਜਿਨ੍ਹਾਂ ਕਰਕੇ ਅੰਗਰੇਜ਼ ਪਾਦਰੀ ਪੰਜਾਂ ਦਰਿਆਵਾਂ ਦੇ ਦੇਸ਼ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਦੀ ਖ਼ਾਸ ਚਾਹ ਰੱਖਦੇ ਸਨ। ਪਾਦਰੀ ਜਾਹਨ ਨਿਊਟਨ ਦਾ ਇਹ ਤੱਥ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ:-

"ਬਹੁਤ ਸੋਚ ਵਿਚਾਰ ਉਪਰੰਤ ਪੰਜਾਬ ਨੂੰ ਚੁਣਿਆ ਗਿਆ। ਭਾਰਤ ਦਾ ਕੋਈ ਹੋਰ ਭਾਗ ਸਿਵਾਇ ਪੰਜਾਬ ਤੋਂ ਇਤਨਾ ਲੁਭਾਇਮਾਨ ਨਹੀਂ। ਇੱਥੋਂ ਹੀ ਹਿੰਦੂ ਮਤ ਫੈਲ ਕੇ ਸਾਰੇ ਭਾਰਤ ਵਿਚ ਪਸਰਿਆ। ਮਹਾਂਭਾਰਤ ਦਾ ਮਹਾਂ-ਯੁੱਧ ਇੱਥੇ (ਪੁਰਾਣਾ ਪੰਜਾਬ) ਹੀ ਲੜਿਆ ਗਿਆ। ਅੰਗਰੇਜ਼ਾਂ ਤੋਂ ਬਿਨਾਂ ਸਾਰੇ ਹਮਲਾਵਰਾਂ ਨੇ ਭਾਰਤ ਉੱਪਰ ਹਮਲੇ ਇਸੇ ਪਾਸਿਓਂ ਕੀਤੇ। ਸਿਕੰਦਰ ਦੀਆਂ ਅਜਿੱਤ ਫ਼ੌਜਾਂ ਨੂੰ ਇੱਥੇ ਹੀ ਆ ਕੇ ਠੱਲ੍ਹ

*ਸਿੱਖੀ ਲੈਕਚਰਰ ਅਤੇ ਰੀਸਰਚਰ, ਸਿੱਖ ਮਿਸ਼ਨਰੀ ਸੁਸਾਇਟੀ, ਸਿੰਘਾਪੁਰ। ਸੰਪਰਕ: +੬੫੮੪੦੩੫੬੨੨

ਪਈ। ਇਸ ਤੋਂ ਵੱਧ ਮਹੱਤਵਪੂਰਨ ਕਾਰਨ ਇਹ ਸੀ ਕਿ ਇਹ ਧਰਤੀ ਸਿੱਖਾਂ ਦੀ ਸੀ, ਜਿਹੜੇ ਚੰਗੀ ਸਿਹਤ ਤੇ ਅਜ਼ਾਦ ਆਚਰਨ ਦੇ ਸਵਾਮੀ ਸਨ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਇਨ੍ਹਾਂ ਲੋਕਾਂ ਨੇ ਪਹਿਲਾਂ ਤੋਂ ਹੀ ਕੁਝ ਅਸੂਲ ਅਪਣਾਏ ਹੋਏ ਸਨ; ਜਿਵੇਂ ਕਿ ਹਿੰਦੂ ਮਤ ਵਿਚ ਪ੍ਰਚਲਿਤ ਬੁੱਤ-ਪੂਜਾ ਦਾ ਤਿਆਗ ਕਰਨਾ, ਜਾਤ-ਪਾਤ ਦੇ ਭੇਦ ਭਾਵ ਨੂੰ ਮਿਟਾਉਣਾ ਆਦਿ।"[੨] ਈਸਾਈ ਮਿਸ਼ਨਰੀ ਪੰਜਾਬੀਆਂ ਦੇ ਖੁਲ੍ਹੇ ਸੁਭਾਅ ਨੂੰ ਵੀ ਬਹੁਤ ਪਸੰਦ ਕਰਦੇ ਸਨ। ਡਾ. ਲੌਰੀ ਦੇ ਕਥਨ ਅਨੁਸਾਰ ਅਲਾਹਾਬਾਦ, ਆਗਰਾ, ਦਿੱਲੀ, ਬਨਾਰਸ ਆਦਿ ਸ਼ਹਿਰਾਂ ਦੇ ਵਸਨੀਕ ਬੁੱਤ-ਪੂਜਾ ਵਿਚ ਬੜਾ ਵਿਸ਼ਵਾਸ ਰੱਖਦੇ ਸਨ ਅਤੇ ਇਨ੍ਹਾਂ ਵਿਚ ਪੰਜਾਬੀਆਂ ਵਾਲੀ ਖੁੱਲ੍ਹ-ਦਿਲੀ ਤੇ ਉਦਾਰਤਾ ਨਹੀਂ ਸੀ।[੩]

ਉਪਰੋਕਤ ਪਹਿਰਾ ਗੌਰ ਨਾਲ ਵਿਚਾਰਨ ਯੋਗ ਹੈ। ਈਸਾਈ ਮਿਸ਼ਨਰੀ ਸਿੱਖ ਧਰਮ ਦੇ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਸਨ ਕਿਉਂ ਕਿ ਪੂਰਬੀ ਧਰਮਾਂ ਦੀ ਲੜੀ ਵਿਚ ਸਿੱਖ ਧਰਮ ਹੀ ਅਜਿਹਾ ਧਰਮ ਸੀ, ਜਿਸ ਦੇ ਸੰਸਥਾਪਕਾਂ (ਗੁਰੂ ਸਾਹਿਬਾਨ) ਨੇ ਬੁੱਤ-ਪ੍ਰਸਤੀ ਤੇ ਜਾਤ-ਪਾਤ ਦਾ ਖੰਡਨ ਕਰ ਕੇ, ਇਕ ਪਰਮਾਤਮਾ ਦੇ ਸਿਧਾਂਤ ਨੂੰ ਦ੍ਰਿੜ ਕਰਵਾਇਆ ਸੀ। ਉਹ ਈਸਾਈਅਤ ਅਤੇ ਸਿੱਖ ਧਰਮ ਵਿਚ ਇਕ ਈਸ਼ਵਰਵਾਦੀ ਤੇ ਜਾਤ-ਪਾਤ ਦੇ ਖੰਡਨ ਦੀ ਸਾਂਝ ਵੇਖਦੇ ਸਨ। ਇਸ ਸਾਂਝ ਦੇ ਆਧਾਰ ਉੱਪਰ ਹੀ ਉਹ ਈਸਾਈਅਤ ਨੂੰ ਇਸ ਧਰਤੀ ਉੱਪਰ ਫੈਲਾਉਣ ਦੀ ਤਵੱਜੋ ਦੇ ਰਹੇ ਸਨ ਕਿਉਂਕਿ ਉਨ੍ਹਾਂ ਅਨੁਸਾਰ ਬੁੱਤ-ਪ੍ਰਸਤਾਂ ਦੀ ਬਜਾਇ ਇਕ ਪਰਮਾਤਮਾ ਨੂੰ ਮੰਨਣ ਵਾਲਾ, ਈਸਾਈਅਤ ਵਿਚ ਅਸਾਨੀ ਨਾਲ ਪਰਿਵਰਤਿਤ ਕੀਤਾ ਜਾ ਸਕਦਾ ਸੀ।

੧੮੦੯ ਈ. ਵਿਚ ਪਟਿਆਲਾ ਰਿਆਸਤਾਂ ਅੰਗਰੇਜ਼ਾਂ ਦੀ ਸ਼ਰਨ ਵਿਚ ਚਲੀਆਂ ਗਈਆਂ ਸਨ।[੪] ਬੇਸ਼ੱਕ ਇਹ ਰਿਆਸਤਾਂ ਸਿੱਖ ਰਾਜ ਦਾ ਹਿੱਸਾ ਨਹੀਂ ਸਨ ਪਰੰਤੂ ਇਨ੍ਹਾਂ ਰਿਆਸਤਾਂ ਵਿਚ ਵੀ ਸੰਘਣੀ ਸਿੱਖ ਵੱਸੋਂ ਸੀ। ਇਸ ਲਈ ਅੰਗਰੇਜ਼ਾਂ ਦੇ ਅਧੀਨ ਇਲਾਕੇ ਵਿਚ ਈਸਾਈਅਤ ਦਾ ਪ੍ਰਚਾਰ ਹੋਣਾ ਕੋਈ ਅਤਿਕਥਨੀ ਨਹੀਂ ਸੀ। ੧੯ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਈਸਾਈ ਮਿਸ਼ਨਰੀਆਂ ਨੂੰ ਭਾਰਤ ਵਿਚ ਪ੍ਰਚਾਰ ਕਰਨ ਦਾ, ਇੰਗਲੈਂਡ ਦੀ ਸਰਕਾਰ ਕੋਲੋਂ ਕੋਈ ਕਾਨੂੰਨੀ ਅਧਿਕਾਰ ਪ੍ਰਾਪਤ ਨਹੀਂ ਸੀ ਪਰੰਤੂ ਫਿਰ ਵੀ ਉਹ ਇਸ ਪ੍ਰਚਾਰ ਮੁਹਿੰਮ ਦੀ ਤਿਆਰੀ ਪੰਜਾਬ ਤੋਂ ਕੋਹਾਂ ਦੂਰ ਬੈਠੇ ਬੰਗਾਲ ਵਿਖੇ ਕਰ ਰਹੇ ਸਨ।[੫] ਜਿੱਥੇ ਵਿਲੀਅਮ ਕੈਰੀ ਆਪਣੀ ਟੀਮ ਨਾਲ ਭਾਰਤ ਦੀਆਂ ਵੱਖ-ਵੱਖ ਖੇਤਰੀ ਭਾਸ਼ਾਵਾਂ ਵਿਚ ਬਾਈਬਲ ਦਾ ਅਨੁਵਾਦ ਕਰਨ ਵਿਚ ਰੁੱਝਾ ਹੋਇਆ ਸੀ। ੧੮੧੨ ਈ. ਵਿਚ ਉਸ ਨੇ ਪੰਜਾਬੀ ਭਾਸ਼ਾ ਦੀ ਵਿਆਕਰਣ ਤਿਆਰ ਕਰ ਲਈ।[੬] ਅਗਲੇ ਸਾਲ ੧੮੧੩ ਈ. ਵਿਚ ਵੀਲਬਰਫੋਰਸ ਨੇ ਬਰਤਾਨੀਆ ਸਰਕਾਰ ਉੱਤੇ ਦਬਾਅ ਪਾ ਕੇ ਚਾਰਟਰ ਐਕਟ* ਦਾ ਮਤਾ ਪਾਸ ਕਰਵਾ ਲਿਆ।[੭] ਇਸ ਮਤੇ ਦੇ ਤਹਿਤ ਹੁਣ ਭਾਰਤ ਵਿਚ ਈਸਾਈ ਮਿਸ਼ਨਰੀਆਂ ਨੂੰ ਪ੍ਰਚਾਰ ਕਰਨ ਦੀ ਖੁਲ੍ਹ ਮਿਲ ਗਈ। ੧੮੧੯ ਈ. ਵਿਚ ਵਿਲੀਅਮ ਕੈਰੀ ਨੇ ਬਾਈਬਲ ਦਾ ਪਹਿਲਾ ਪੰਜਾਬੀ ਅਨੁਵਾਦ ਤਿਆਰ ਕਰ ਲਿਆ।[੮] ਪਰੰਤੂ ਇਹ ਬਾਈਬਲ ਦੇ ਕੁਝ ਭਾਗ ਦਾ ਪੰਜਾਬੀ ਉਲਥਾ ਸੀ। ਬਾਈਬਲ ਦਾ ਪੰਜਾਬੀ ਵਿਚ ਅੰਤਿਮ ਤੇ ਸੰਪੂਰਨ ਉਲਥਾ ਪੂਰੇ ੧੫੦ ਸਾਲ ਬਾਅਦ ੧੯੫੯ ਈ. ਵਿਚ ਤਿਆਰ ਹੋਇਆ।[੯]

ਬੋਰਡ ਆਫ਼ ਫਾਰਨ ਮਿਸ਼ਨ ਨੇ ਅਪ੍ਰੈਲ ੧੮੩੩ ਈ. ਵਿਚ ਤਿੰਨ ਮਿਸ਼ਨਰੀ ਉੱਤਰੀ ਭਾਰਤ ਲਈ ਨਿਯੁਕਤ ਕੀਤੇ, ਜਿਨ੍ਹਾਂ ਵਿੱਚੋਂ ਜੌਹਨ. ਸੀ. ਲੌਰੀ ਅਤੇ ਵਿਲੀਅਮ ਰੀਡ ਪ੍ਰਮੁੱਖ ਸਨ। ਡਾ. ਜੌਹਨ. ਸੀ. ਲੌਰੀ ਨੂੰ ਪੰਜਾਬ ਵਿਚ ਮਿਸ਼ਨ ਸਥਾਪਿਤ ਕਰਨ ਲਈ ਚੁਣਿਆ ਗਇਆ। ਕਲਕੱਤੇ ਤੋਂ ਪੰਜਾਬ ਆਉਣ ਤੋਂ ਪਹਿਲਾਂ ਡਾ. ਲੌਰੀ ਨੇ ਅੰਗਰੇਜ਼ੀ ਸਰਕਾਰ ਤੋਂ ਲੁਧਿਆਣੇ ਵਿਖੇ ਮਿਸ਼ਨ ਸਥਾਪਿਤ ਕਰਨ ਦੀ ਮਨਜ਼ੂਰੀ ਲੈ ਲਈ।[੧੦] ਕਪਤਾਨ ਸੀ. ਐਮ. ਵੇਡ ਲੁਧਿਆਣੇ ਵਿਖੇ ਪਹਿਲਾਂ ਹੀ ਅੰਗਰੇਜ਼ੀ ਭਾਸ਼ਾ ਦਾ ਗਿਆਨ ਦੇਣ ਲਈ ਇਕ ਛੋਟਾ ਜਿਹਾ ਸਕੂਲ ਚਲਾ ਰਿਹਾ ਸੀ। ਡਾ. ਲੌਰੀ ਨੇ ਲੁਧਿਆਣੇ ਪਹੁੰਚ ਕੇ ਇਸ ਸਕੂਲ ਦੀ ਵਾਗਡੋਰ ਸੰਭਾਲ ਲਈ, ਥੋੜ੍ਹੇ ਸਮੇਂ ਵਿਚ ਪ੍ਰਮੁੱਖ ਸਿੱਖ ਅਤੇ ਅਫ਼ਗਾਨਾਂ ਦੇ ੫੦ ਦੇ ਕਰੀਬ ਬੱਚੇ ਇਸ ਸਕੂਲ ਵਿਚ ਪੜ੍ਹਨ ਲਈ ਆਉਣ ਲੱਗੇ।[੧੧] ਸਕੂਲ ਦੇ ਨਾਲ ਹੀ ਡਾ. ਲੌਰੀ ਨੇ ਪੰਜਾਬ ਵਿਚ ਪਹਿਲੇ ਇਸਾਈ ਮਿਸ਼ਨ ਦੀ ਸਥਾਪਨਾ ਕੀਤੀ।[੧੨] ੧੮੩੪ ਈ. ਵਿਚ ਲੁਧਿਆਣੇ ਵਿਖੇ ਮਿਸ਼ਨਰੀਆਂ ਨੇ ਛਾਪਖਾਨੇ ਦੀ ਸਥਾਪਨਾ ਕਰ ਲਈ।[੧੩] ਇਸ ਉਪਰੰਤ ਪੰਜਾਬੀ, ਹਿੰਦੀ, ਉਰਦੂ, ਫ਼ਾਰਸੀ, ਕਸ਼ਮੀਰੀ ਆਦਿ ਭਾਸ਼ਾਵਾਂ ਵਿਚ ਪੁਸਤਕਾਂ, ਟ੍ਰੈਕਟਾਂ ਦੀ ਛਪਾਈ ਸ਼ੁਰੂ ਹੋ ਗਈ। ਕੇਵਲ ਪੰਜਾਬੀ ਭਾਸ਼ਾ ਵਿਚ ਹੀ ਸੰਨ ੧੮੩੬ ਈ. ਤੋਂ ਲੈ ਕੇ ੧੮੪੪ ਈ. ਤਕ ਵੱਖ-ਵੱਖ ੨੦ ਵਿਸ਼ਿਆਂ ਉੱਪਰ ਤਕਰੀਬਨ ੧੭੩੫੦੦ ਦੇ ਕਰੀਬ ਪੁਸਤਕਾਂ, ਟ੍ਰੈਕਟ ਆਦਿ ਛਾਪੇ ਗਏ।[੧੪] ਇਨ੍ਹਾਂ ਵਿਚ ਜ਼ਿਆਦਾਤਰ ਪੁਸਤਕਾਂ ਦਾ ਵਿਸ਼ਾ ਈਸਾਈ ਸਾਹਿਤ ਨਾਲ ਹੀ ਸੰਬੰਧਿਤ ਸੀ।੧੮੩੫ ਈ. ਵਿਚ ਸ਼ਾਹੀ ਪਰਵਾਰ ਦੇ ਮੈਂਬਰਾਂ, ਸਹਿਜ਼ਾਦਿਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਡਾ. ਲੌਰੀ ਨੂੰ ਲਾਹੌਰ ਬੁਲਾਇਆ। ਪਰੰਤੂ ਜਦੋਂ ਡਾ. ਲੌਰੀ ਨੇ ਅੰਗਰੇਜ਼ੀ ਦੇ ਨਾਲ-ਨਾਲ ਬਾਈਬਲ ਦੀ ਸਿੱਖਿਆ ਦੇਣ ਦਾ ਪ੍ਰਸਤਾਵ ਮਹਾਰਾਜਾ ਅੱਗੇ ਰੱਖਿਆ ਤਾਂ ਮਹਾਰਾਜੇ ਨੇ ਉਸ ਦੀ ਤਜਵੀਜ਼ ਨੂੰ ਠੁਕਰਾ ਦਿੱਤਾ।[੧੫] ਮਹਾਰਾਜੇ ਕੋਲ ਜਿੰਨੇ ਦਿਨ ਵੀ ਉਹ ਠਹਿਰਿਆ, ਉਸ ਦੌਰਾਨ ਉਸ ਨੇ ਈਸਾ ਮਸੀਹ ਦੇ ਜੀਵਨ ਅਤੇ ਬਾਈਬਲ ਬਾਰੇ ਮਹਾਰਾਜੇ ਨੂੰ ਜਾਣਕਾਰੀ ਦਿੱਤੀ। ਜਾਣ ਲੱਗਿਆਂ ਉਹ ਮਹਾਰਾਜੇ ਨੂੰ ਅੰਗਰੇਜ਼ੀ ਬਾਈਬਲ ਅਤੇ ਪੁਰਾਣੇ ਨੇਮ ਦਾ ਪੰਜਾਬੀ ਅਨੁਵਾਦ ਵੀ ਭੇਟ ਕਰ ਕੇ ਗਿਆ।[੧੬] ਮਹਾਰਾਜੇ ਦੇ ਕਾਲ ਦੌਰਾਨ ਗੋਲਕਨਾਥ ਨਾਮ ਦਾ ਇਕ ਹਿੰਦੂ ਭਾਰਤੀ ਈਸਾਈ ਮਿਸ਼ਨਰੀ ਲੁਧਿਆਣੇ ਤੋਂ ਫਿਲੌਰ ਪ੍ਰਚਾਰ ਕਰਨ ਲਈ ਭੇਜਿਆ ਗਿਆ। ਫਿਲੌਰ ਆ ਕੇ ਜਦੋਂ ਉਸ ਨੇ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਤਾਂ ਉਸ ਨੂੰ ਸਿੱਖ ਸੈਨਾ ਨੇ ਤੁਰੰਤ ਗ੍ਰਿਫ਼ਤਾਰ ਕਰ ਲਿਆ। ਥੋੜ੍ਹੀ ਸਜ਼ਾ ਦੇਣ ਤੋਂ ਬਾਅਦ ਉਸ ਨੂੰ ਕਦੇ ਸਿੱਖ ਰਾਜ ਵਿਚ ਪੈਰ ਨਾ ਪਾਉਣ ਦੀ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ।[੧੭]

ਪੰਜਾਬ ਦੀ ਨਾਜ਼ੁਕ ਹਾਲਤ ਵੇਖਦਿਆਂ ਹੋਇਆਂ ਡਾ. ਲੌਰੀ ਨੂੰ ਇਸ ਗੱਲ ਦਾ ਵੀ ਪੂਰਾ ਅਨੁਮਾਨ ਸੀ ਕਿ ਤੇਜ਼ੀ ਨਾਲ ਕੀਤਾ ਈਸਾਈਅਤ ਦਾ ਪ੍ਰਚਾਰ ਉਨ੍ਹਾਂ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ। ਇਸ ਲਈ ਉਸ ਨੇ ਪਹਿਲਾਂ ਸਹਿਜੇ-ਸਹਿਜੇ ਇਸ ਮੁਹਿੰਮ ਨੂੰ ਅੱਗੇ ਤੋਰਨ ਦਾ ਸੁਝਾਅ ਦਿੱਤਾ।[੧੮] ੧੮੩੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ। ਇਹ ਸਮਾਂ ਅੰਗਰੇਜ਼ਾਂ ਲਈ ਬੜਾ ਅਹਿਮ ਸੀ।

ਧਰਮ ਪਰਿਵਰਤਨ ਨਾਲੋਂ ਸਿੱਖ ਰਾਜ ਨੂੰ ਹਥਿਆਉਣਾ ਉਨ੍ਹਾਂ ਦਾ ਮੁਖ ਨਿਸ਼ਾਨਾ ਬਣ ਗਿਆ। ਇਸ ਨਿਸ਼ਾਨੇ ਦੀ ਪੂਰਤੀ ਲਈ ਅਗਲੇ ਦਸ ਸਾਲਾਂ ਵਿਚ ਜੋ ਵੀ ਵਾਪਰਿਆ ਉਸ ਦੀ ਪੀੜਾ ਅੱਜ ਵੀ ਸਿੱਖ ਚੰਗੀ ਤਰ੍ਹਾਂ ਮਹਿਸੂਸ ਕਰਦੇ ਹਨ। ਇਸ ਉਦੇਸ਼ ਪੂਰਤੀ ਲਈ ਲ਼ਾਰਡ ਡਲਹੌਜ਼ੀ ਦੀ ਇਹ ਟਿੱਪਣੀ ਬੜੀ ਅਹਿਮ ਹੈ।

ਲ਼ਾਰਡ ਡਲਹੌਜ਼ੀ ਦੁਆਰਾ ਹੈਨਰੀ ਲਾਰੰਸ ਨੂੰ ਇਹ ਕਹਿਣਾ ਕਿ "ਮੈਂ ਇਹ ਗੱਲ ਤੈਥੋਂ ਜ਼ਰਾ ਵੀ ਨਹੀਂ ਲੁਕਾਉਣਾ ਚਾਹੁੰਦਾ ਕਿ ਮੈਂ ਇਹ ਵਿਚਾਰ ਤਿਆਗਣ ਲਈ ਤਿਆਰ ਨਹੀਂ ਕਿ ਪੰਜਾਬ ਦੇ ਵੱਡੇ ਹਿੱਤ ਇਸ ਵਿਚ ਹੀ ਹਨ ਕਿ ਸਿੱਖਾਂ ਦੀ ਸਰਕਾਰ ਨੂੰ ਕੇਵਲ ਹਰਾਇਆ ਹੀ ਨਾ ਜਾਵੇ, ਸਗੋਂ ਉਸਨੂੰ ਬਿਲਕੁਲ ਮਿਟਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਰਾਜ ਘਰਾਣੇ ਨੂੰ ਖਤਮ ਕਰ ਦਿੱਤਾ ਜਾਵੇ।"[੧੯] ਸਿੱਖ ਰਾਜ ਤਾਂ ਅੰਗਰੇਜ਼ਾਂ ਨੇ ੧੮੪੯ ਈ. ਨੂੰ ਖਤਮ ਕਰ ਦਿੱਤਾ। ਰਾਜ ਘਰਾਣਾ ਖਤਮ ਕਰਨਾ ਅਜੇ ਬਾਕੀ ਸੀ। ਉਸ ਸਮੇਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਹੀ ਸਿੱਖ ਰਾਜ ਦਾ ਵਾਰਸ ਸੀ, ਜਿਸ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਅੰਗਰੇਜ਼ ਸਰਕਾਰ ਦੀ ਸੀ ।[੨੦] ਇਸ ਲਈ ਅੰਗਰੇਜ਼ ਦਲੀਪ ਸਿੰਘ ਨੂੰ ਆਪਣੇ ਲਈ ਸਭ ਤੋਂ ਵੱਡਾ ਖ਼ਤਰਾ ਮਹਿਸੂਸ ਕਰ ਰਹੇ ਸਨ। ਇਸ ਸਮੱਸਿਆ ਦਾ ਉਨ੍ਹਾਂ ਨੇ ਇੱਕੋ-ਇਕ ਹੱਲ ਲੱਭਿਆ ਕਿ ਨਬਾਲਗ ਮਹਾਰਾਜੇ ਨੂੰ ਉਸ ਦੇ ਪਰਵਾਰ, ਜਨਮ-ਭੂਮੀ ਅਤੇ ਰਾਜ-ਭੂਮੀ ਤੋਂ ਦੂਰ ਲਿਜਾ ਕੇ ਅਜਿਹੇ ਮਾਹੌਲ ਵਿਚ ਪਾਲਿਆ ਜਾਵੇ, ਜਿੱਥੇ ਉਹ ਆਪਣੇ ਸੱਭਿਆਚਾਰ, ਧਰਮ ਅਤੇ ਪਰਵਾਰਕ ਪਿਛੋਕੜ ਨੂੰ ਭੁਲ ਕੇ ਇਸਾਈਅਤ ਦੇ ਰੰਗ ਵਿਚ ਰੰਗਿਆ ਜਾਵੇ। ਇਸ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਇਕ ਝੂਠੀ ਯੋਜਨਾ ਬਣਾਈ ਗਈ। ਲਾਰਡ ਡਲਹੌਜ਼ੀ ਨੇ ਇਹ ਅਫ਼ਵਾਹ ਫੈਲਾ ਦਿੱਤੀ ਕਿ ਦਲੀਪ ਸਿੰਘ ਨੂੰ ਅਗਵਾ ਕਰ ਕੇ ਸਿੱਖ ਪਹਾੜਾਂ ਵਿਚ ਲੈ ਜਾਣਗੇ ਤੇ ਫਿਰ ਪੰਜਾਬ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ।[੨੧] ਇਸ ਲਈ ਦਲੀਪ ਸਿੰਘ ਨੂੰ ਕਿਸੇ ਸੁਰੱਖਿਅਤ ਜਗ੍ਹਾ ਭੇਜ ਦੇਣਾ ਚਾਹੀਦਾ ਹੈ। ਫਿਰ ਮਹਾਰਾਜਾ ਦਲੀਪ ਸਿੰਘ ਨੂੰ ਫ਼ਤਿਹਗੜ੍ਹ (ਉੱਤਰ-ਪ੍ਰਦੇਸ਼) ਭੇਜ ਦਿੱਤਾ ਗਿਆ। ਇੱਥੇ ਉਸ ਦੀ ਰਕਮ ਵਿੱਚੋਂ ਇਕ ਸੁੰਦਰ ਘਰ ਖ਼ਰੀਦਿਆ ਗਿਆ।[੨੨] ਉਸ ਦੀ ਦੇਖ-ਰੇਖ ਤੇ ਈਸਾਈ ਬਣਾਉਣ ਦੀ ਜ਼ਿੰਮੇਵਾਰੀ ਸਰ ਜੌਹਨ ਸਪੈਂਸਰ ਲੌਗਿਨ ਅਤੇ ਲੇਡੀ ਲੇਨਾ ਲੌਗਿਨ ਨੂੰ ਸੌਂਪੀ ਗਈ।[੨੩] ਉਨ੍ਹਾਂ ਨੇ ਮਹਾਰਾਜੇ ਦੇ ਵਫ਼ਾਦਾਰ ਨੌਕਰ ਮੀਆਂ ਖੀਮਾ ਨੂੰ ਵਾਪਸ ਲਾਹੌਰ ਭੇਜ ਦਿੱਤਾ ਤੇ ਉਸ ਦੀ ਜਗ੍ਹਾ ਫਰੂਖਾਬਾਦ ਦੇ ਅਮੀਰ ਘਰਾਣੇ ਦੇ ਬ੍ਰਾਹਮਣ ਭਜਨ ਲਾਲ ਨੂੰ ਮਹਾਰਾਜੇ ਦਾ ਨੌਕਰ ਲਗਾਇਆ ਗਿਆ। ਭਜਨ ਲਾਲ ਅਮਰੀਕਨ ਪਰੈਸਬੀਟੇਰੀਅਨ ਮਿਸ਼ਨ ਵਿਚ ਪੜ੍ਹਿਆ ਸੀ। ਉਸਨੇ ਦਲੀਪ ਸਿੰਘ ਨੂੰ ਬਾਈਬਲ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ।[੨੪] ਅੰਗਰੇਜ਼ਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਇਕ ਦਿਨ ਮਹਾਰਾਜਾ ਈਸਾਈ ਬਣ ਜਾਵੇਗਾ ਅਤੇ ਸਿੱਖ ਈਸਾਈ ਬਣੇ ਮਹਾਰਾਜੇ ਨੂੰ ਕਦੇ ਵੀ ਸਿੱਖ ਰਾਜ ਦਾ ਵਾਰਸ ਨਹੀਂ ਕਬੂਲਣਗੇ। ਇਸ ਦੇ ਨਾਲ ਹੀ ਹੋਰ ਸਿੱਖ ਵੀ ਮਹਾਰਾਜੇ ਨੂੰ ਈਸਾਈ ਬਣਿਆ ਵੇਖ ਈਸਾਈਅਤ ਵੱਲ ਆਕਰਸ਼ਿਤ ਹੋਣਗੇ।

ਮਹਾਰਾਜਾ ਦਲੀਪ ਸਿੰਘ ਦੇ ਨਾਲ-ਨਾਲ ਅੰਗਰੇਜ਼ ਸਮੁੱਚੇ ਪੰਜਾਬ ਨੂੰ ਵੀ ਈਸਾਈ ਬਣਾਉਣ ਦਾ ਸੁਪਨਾ ਦੇਖ ਰਹੇ ਸਨ। ਇਸ ਸੁਪਨੇ ਨੂੰ ਸਾਕਾਰ ਸਰੂਪ ਦੇਣ ਲਈ ਸਰ ਹੈਨਰੀ

ਲਾਂਰਸ, ਜੋਹਨ ਲਾਂਰਸ, ਰੋਬਰਟ ਮਾਂਟਗੁਮਰੀ, ਡੋਨਲੈਂਡ ਮੈਕਲੋਡ, ਹਰਬਟ ਐਡਵਰਡ, ਮਿਸ. ਆਰਥਰ ਰੋਬਟਸ, ਮਿਸ. ਐਡਵਰਡ ਥਰੋਨਟੋਨ, ਜਨ ਐਡਵਰਡ ਲੇਕ, ਜਨਰਲ ਰੇਨਲ ਟੇਲਰ ਆਦਿ ਇਸਾਈ ਵਚਨਬੱਧ ਸਨ। ਕਿਰਪਾਲ ਚੰਦਰ ਯਾਦਵ ਇਸ ਪ੍ਰਥਾਇ ਟਿੱਪਣੀ ਕਰਦਾ ਹੈ ਕਿ ਪੰਜਾਬ ਮਿਸ਼ਨਰੀ ਸਭਾ ਦਾ ਸਕੱਤਰ ਕਲਾਰਕ ਜਾਣਕਾਰੀ ਦਿੰਦਾ ਹੈ ਕਿ ਇਹ ਇਕ ਅਜਿਹਾ ਸਮਾਂ ਸੀ ਜਦੋਂ ਬਹੁਤ ਸਾਰੇ ਮਹਾਨ ਈਸਾਈ ਨਾਇਕ ਪੰਜਾਬ ਵਿਚ ਸਨ।[੨੫] ਸਰ ਹੈਨਰੀ ਲਾਂਰਸ ਉਸ ਸਮੇਂ ਪੰਜਾਬ ਦੇ ਪ੍ਰਬੰਧਕੀ ਬੋਰਡ ਦਾ ਸਰਵ ਉੱਚ ਅਧਿਕਾਰੀ ਸੀ। ਉਸ ਦੁਆਰਾ ਈਸਾਈ ਮਿਸ਼ਨਰੀਆਂ ਨੂੰ ਲਿਖਿਆ ਸੁਆਗਤ ਪੱਤਰ ਅਤੇ ਸਲਾਨਾ ੫੦੦ ਰੁਪਇਆ ਚੰਦਾ ਭੇਟ ਕਰਨਾ, ਈਸਾਈਅਤ ਦੇ ਪ੍ਰਚਾਰ ਨਾਲ ਉਸ ਦੇ ਲਗਾਉ ਨੂੰ ਪ੍ਰਗਟ ਕਰਦਾ ਹੈ।[੨੬]

ਲਾਰਡ ਡਲਹੌਜ਼ੀ ਨੇ ੧੯੫੦ ਈ. ਵਿਚ Lex Loci Act ਪਾਸ ਕਰ ਦਿੱਤਾ। ਇਸ ਐਕਟ ਦੇ ਤਹਿਤ ਆਪਣਾ ਧਰਮ ਪਰਿਵਰਤਨ ਕਰਨ ਵਾਲਾ ਆਪਣੇ ਪਿਤਾ-ਪੁਰਖੀ ਜਾਇਦਾਦ ਦਾ ਕਾਨੂੰਨੀ ਹੱਕਦਾਰ ਕਰਾਰ ਦਿੱਤਾ ਗਿਆ।[੨੭] ਇਹ ਐਕਟ ਅੰਗਰੇਜ਼ਾਂ ਦੁਆਰਾ ਧਰਮ ਪਰਿਵਰਤਨ ਦੀ ਲਹਿਰ ਨੂੰ ਆਉਣ ਵਾਲੇ ਸਮੇਂ ਵਿਚ ਤੇਜ਼ ਕਰਨ ਦਾ ਸੂਚਕ ਸੀ। ਅੰਗਰੇਜ਼ਾਂ ਨੂੰ ਇਸ ਤੱਥ ਦੀ ਪੂਰੀ ਸਮਝ ਸੀ ਕਿ ਸਿੱਖ ਗੁਰਧਾਮ ਹੀ ਸਿੱਖਾਂ ਦੀ ਧਾਰਮਿਕ ਤੇ ਮਾਰਸ਼ਲ ਭਾਵਨਾ ਦਾ ਮੁੱਢਲਾ ਸਰੋਤ ਹਨ। ਇਸ ਲਈ ਉਨ੍ਹਾਂ ਨੇ ਪੰਜਾਬ ਉੱਪਰ ਹਕੂਮਤ ਕਾਇਮ ਰੱਖਣ ਲਈ ਸਿੱਖ ਗੁਰਧਾਮਾਂ ਦੇ ਪ੍ਰਬੰਧ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਪਣੇ ਅਧੀਨ ਕਰ ਲਿਆ। ਅਜਿਹਾ ਕਰਨ ਨਾਲ ਉਨ੍ਹਾਂ ਨੂੰ ਦੋ ਮੁੱਖ ਫਾਇਦੇ ਹੋਏ। ਪਹਿਲਾ ਇਹ ਕਿ ਸਿੱਖਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਉੱਪਰ ਨਜ਼ਰ ਤੇ ਦੂਸਰਾ ਈਸਾਈ ਮਿਸ਼ਨਰੀਆਂ ਨੂੰ ਗੁਰਧਾਮਾਂ ਦੇ ਕੋਲ ਬਗੈਰ ਕਿਸੇ ਰੋਕ-ਟੋਕ ਧਰਮ ਪ੍ਰਚਾਰ ਦੀ ਖੁਲ੍ਹ।[੨੮]

ਹੁਣ ਈਸਾਈ ਮਿਸ਼ਨਰੀ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਤਕ ਆ ਪਹੁੰਚੇ। ਇੱਥੋਂ ਤਕ ਕਿ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਕੋਲ ਪ੍ਰਚਾਰ ਕਰਨ ਲਈ ਕੁਝ ਬੁੰਗੇ ਵੀ ਕਿਰਾਏ ਉੱਪਰ ਲੈ ਲਏ।[੨੯] ੨੯ ਮਾਰਚ, ੧੮੪੯ ਈ. ਨੂੰ ਪੰਜਾਬ ਨੂੰ ਬਰਤਾਨੀਆਂ ਰਾਜ ਅਧੀਨ ਕਰਨ ਲੱਗਿਆਂ ਜੋ ਐਲਾਨ ਜਾਰੀ ਕੀਤਾ ਗਿਆ ਸੀ ਉਸ ਦੀ ਇਕ ਸ਼ਰਤ ਇਹ ਵੀ ਸੀ। ਅੰਗਰੇਜ਼ ਸਰਕਾਰ ਹਰ ਹਿੰਦੂ, ਸਿੱਖ ਤੇ ਮੁਸਲਮਾਨ ਨੂੰ ਆਪਣਾ ਧਰਮ ਨਿਭਾਉਣ ਦੀ ਅਜ਼ਾਦੀ ਦਿੰਦੀ ਹੈ, ਪਰ ਦੂਜੇ ਦੇ ਧਰਮ ਵਿਚ ਦਖ਼ਲ ਦੇਣ ਦੀ ਇਜਾਜ਼ਤ ਬਿਲਕੁਲ ਨਹੀਂ ਦਿੰਦੀ।[੩੦] ਸਿੱਖ ਗੁਰਧਾਮਾਂ ਦੇ ਪ੍ਰਬੰਧ ਵਿਚ ਸਿੱਧੀ ਦਖਲ-ਅੰਦਾਜ਼ੀ ਅੰਗਰੇਜ਼ਾਂ ਦੀ ਕਥਨੀ ਤੇ ਕਰਨੀ ਉਪਰ ਇਕ ਵੱਡਾ ਪ੍ਰਸ਼ਨ ਚਿੰਨ੍ਹ ਸੀ। ੧੮੪੯-੫੧ ਦੀ ਪ੍ਰਬੰਧਕੀ ਰੀਪੋਰਟ ਅਨੁਸਾਰ "ਸਿੱਖ ਧਰਮ ਦੀਆਂ ਗਤੀਵਿਧੀਆਂ ਤੇਜ਼ ਰਫ਼ਤਾਰ ਨਾਲ ਉਸ ਤਰਫ਼ ਜਾ ਰਹੀਆਂ ਹਨ, ਜਿਧਰ ਸਿੱਖ ਰਾਜਨੀਤੀ ਪਹਿਲਾਂ ਤੋਂ ਹੀ ਜਾ ਚੁੱਕੀ ਹੈ। ਜਿਨ੍ਹਾਂ ਆਦਮੀਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਧਰਮ ਗ੍ਰਹਿਣ ਕੀਤਾ ਸੀ ਅਤੇ ਹੁਣ ਇਹ ਇੰਨੀ ਹੀ ਗਿਣਤੀ ਵਿਚ ਇਸ ਨੂੰ ਛੱਡਣਗੇ। ਸ੍ਰੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿਚ ਹੁਣ ਪਹਿਲਾਂ ਨਾਲੋਂ ਘੱਟ ਸੰਗਤ ਇਸ਼ਨਾਨ ਕਰਨ ਆਉਂਦੀ ਹੈ ਅਤੇ ਸਲਾਨਾ ਤਿਉਹਾਰਾਂ ਉਤੇ ਪਹਿਲਾਂ ਨਾਲੋਂ ਘੱਟ ਸੰਗਤ ਜੁੜਦੀ ਹੈ।[੩੧]

ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਜਾਣਨ ਲਈ ਜੁਲਾਈ ੧੮੫੨ ਈ. ਦੀ ਇਹ ਘਟਨਾ ਬੜੀ ਅਹਿਮ ਹੈ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਲਾਗਲੇ ਪਿੰਡ ਤੋਂ ਦਾਉਦ ਸਿੰਘ ਨਾਮ ਦਾ ਇਕ ਲੜਕਾ ਜੋ ਰੋਜ਼ਾਨਾ ਗੁਰਦੁਆਰੇ ਆਉਂਦਾ ਸੀ ਉਸ ਨੂੰ ਈਸਾਈ ਧਰਮ ਵਿਚ ਪਰਿਵਰਤਿਤ ਕਰ ਦਿੱਤਾ ਗਿਆ। ਧਰਮ ਪਰਿਵਰਤਨ ਦੀ ਸਾਰੀ ਰਸਮ ਸ੍ਰੀ ਦਰਬਾਰ ਸਾਹਿਬ ਦੇ ਕੋਲ ਖੁਲ੍ਹੇਆਮ ਕੀਤੀ ਗਈ। ਇਸ ਤਰ੍ਹਾਂ ਦਾਉਦ ਸਿੰਘ ਸਿੱਖ ਧਰਮ ਤੋਂ ਈਸਾਈ ਧਰਮ ਵਿਚ ਪਰਿਵਰਤਿਤ ਹੋਣ ਵਾਲਾ ਪਹਿਲਾ ਸਿੱਖ ਸੀ।[੩੨]

੧੮੫੩ ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਦਿੱਤਾ ਗਿਆ। ਲਾਰਡ ਡਲਹੌਜ਼ੀ ਦੇ ਕਥਨ ਅਨੁਸਾਰ ਇਹ ਇਤਿਹਾਸ ਦੀ ਇਕ ਅਹਿਮ ਘਟਨਾ ਸੀ।*[੩੩] ਮਲਕਾ ਵਿਕਟੋਰੀਆ ਦਾ ਵੀ ਇਹੋ ਆਦੇਸ਼ ਸੀ ਕਿ ਵੱਧ ਤੋਂ ਵੱਧ ਲੋਕਾਂ ਨੂੰ ਈਸਾਈ ਬਣਾਉਣ ਲਈ ਯਤਨ ਜਾਰੀ ਰੱਖੇ ਜਾਣ। ਇਸ ਮਨੋਰਥ ਲਈ ਉਸ ਨੇ ਲਾਰਡ ਡਲਹੋਜ਼ੀ ਨੂੰ ੧ ਨਵੰਬਰ, ੧੮੫੪ ਈ. ਨੂੰ ਇਕ ਵਿਸ਼ੇਸ ਚਿੱਠੀ ਲਿਖੀ, ਇਸ ਚਿੱਠੀ ਵਿਚ ਉਸਨੇ ਆਸ ਪ੍ਰਗਟ ਕੀਤੀ ਕਿ ਆਵਾਜਾਈ ਦੇ ਸਾਧਨਾਂ ਤੇ ਰੇਲਵੇ ਦਾ ਵਿਕਾਸ, ਦੇਸ਼ ਵਿਚ ਈਸਾਈਅਤ ਦੇ ਪ੍ਰਚਾਰ ਲਈ ਸਹਾਈ ਸਿੱਧ ਹੋਵੇਗਾ।[੩੪] ਬਰਤਾਨੀਆਂ ਦੇ ਲੋਕ ਇਸਾਈਅਤ ਨੂੰ ਸਭਿਅਕ ਲੋਕਾਂ ਦਾ ਧਰਮ ਸਮਝਦੇ ਸਨ। ਉਨ੍ਹਾਂ ਅਨੁਸਾਰ ਭਾਰਤ ਦੇ ਵਸਨੀਕ ਅਸੱਭਿਅਕ ਅਤੇ ਲੜਾਕੂ ਗਵਾਰ ਸਨ।*[੩੫] ਮਲਕਾ ਵਿਟੋਰੀਆ ਵੀ ਇਸ ਮਤ ਦੀ ਧਾਰਨੀ ਸੀ। ਉਸਦਾ ਇਹ ਵਿਚਾਰ ਇਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ। "ਲੋਕਾਂ ਨੂੰ ਸਮਾਜੀ ਜ਼ਿੰਦਗੀ ਵਿਚ ਵਧੇਰੇ ਸਹੂਲਤਾਂ ਦਿੱਤੀਆਂ ਜਾਣ, ਰੇਲ ਅਤੇ ਸੜਕਾਂ ਦਾ ਵਿਕਾਸ ਲੋਕਾਂ ਦੇ ਜੀਵਨ ਵਿਚ ਭਾਰੀ ਤਬਦੀਲੀ ਲਿਆ ਦੇਵੇਗਾ। ਕਿਸੇ ਹੋਰ ਗੱਲ ਨਾਲੋਂ ਵੱਧ, ਇਸ ਦੇਸ਼ ਨੂੰ ਸਭਿਅਤਾ ਵੱਲ ਮੋੜੇਗਾ ਅਤੇ ਅੰਤ ਵਿਚ ਈਸਾਈ ਧਰਮ ਦਾ ਫੈਲਾਓ ਜੋ ਹੁਣ ਤਕ ਘੱਟ ਤਰੱਕੀ ਕਰ ਸਕਿਆ ਹੈ, ਵਧੇਰੇ ਕਾਮਯਾਬੀ ਨਾਲ ਹੋ ਸਕੇਗਾ।"[੩੬] ਇਸ ਤਰ੍ਹਾਂ ਮਲਕਾ ਤੋਂ ਲੈ ਕੇ ਇਕ ਆਮ ਪਾਦਰੀ ਵੀ ਪੂਰੇ ਭਾਰਤ ਨੂੰ ਈਸਾਈ ਬਣਾਉਣ ਦੀ ਚਾਹ ਆਪਣੇ ਮਨ ਵਿਚ ਪਾਲੀ ਬੈਠਾ ਸੀ ਅਤੇ ਇਸ ਚਾਹ ਦਾ ਕੇਂਦਰ ਬਿੰਦੂ ਪੰਜਾਬ ਸੀ। ਇੱਥੋਂ ਤਕ ਕਿ ੧੮੫੯ ਈ. ਦੇ ਕਲਕੱਤਾ ਰੀਵਿਊ ਵਿਚ ਸ੍ਰੀ ਦਰਬਾਰ ਸਾਹਿਬ ਦੀ ਤਬਾਹੀ ਲਈ ਸੁਝਾਅ ਦਿੱਤੇ ਜਾ ਰਹੇ ਸਨ।[੩੭]

੧੮੬੦ ਈ. ਵਿਚ ਕਪੂਰਥਲੇ ਦੇ ਮਹਾਰਾਜੇ ਨੇ ਲੁਧਿਆਣੇ ਵਿਖੇ ਸਥਾਪਿਤ ਈਸਾਈ ਮਿਸ਼ਨ ਨੂੰ ਕਪੂਰਥਲੇ ਸੈਂਟਰ ਸਥਾਪਿਤ ਕਰਨ ਲਈ ਬੁਲਾਇਆ। ਉਸ ਨੇ ਹਜ਼ਾਰਾਂ ਰੁਪਏ ਖ਼ਰਚ ਕਰਕੇ ਈਸਾਈ ਮਿਸ਼ਨਰੀਆਂ ਲਈ ਇਕ ਘਰ ਅਤੇ ਚਰਚ ਦਾ ਨਿਰਮਾਣ ਕਰਵਾਇਆ। ਵੂਡਸਾਈਡ ਨਾਮ ਦਾ ਮਿਸ਼ਨਰੀ ਇਸ ਕੇਂਦਰ ਦੀ ਦੇਖ-ਭਾਲ ਕਰ ਰਿਹਾ ਸੀ।[੩੮] ੧੮੬੫ ਈ. ਦੇ ਲਗਪਗ ਮਹਾਰਾਜੇ ਦਾ ਭਤੀਜਾ ਹਰਨਾਮ ਸਿੰਘ ਈਸਾਈ ਬਣ ਗਿਆ। ਅੱਜ ਵੀ ਈਸਾਈਆਂ ਨੂੰ ਹਰਨਾਮ ਸਿੰਘ ਦੇ ਨਾਮ ਉਪਰ ਬਹੁਤ ਸਾਰੇ ਵਜ਼ੀਫ਼ੇ ਦਿੱਤੇ ਜਾਂਦੇ ਹਨ।[੩੯] ਡਾ. ਐਂਡਰੀਊ ਜੋਰਡਨ ਨੇ ਗੁਰਦਾਸਪੁਰ ਅਤੇ ਸਿਆਲਕੋਟ ਵਿਚ ਈਸਾਈਅਤ ਦੇ ਬੀਜ ਬੀਜ ਕੇ ਜ਼ਫ਼ਰਵਾਲ, ਧਾਰੀਵਾਲ ਅਤੇ ਬਟਾਲੇ ਵਿਖੇ ਈਸਾਈ ਕੇਂਦਰ ਅਤੇ ਚਰਚ ਸਥਾਪਿਤ ਕੀਤੇ।[੪੦]

ਅੰਗਰੇਜ਼ੀ ਅਖ਼ਬਾਰ ਇਹ ਦਾਅਵਾ ਕਰ ਰਹੇ ਸਨ ਕਿ ਆਉਣ ਵਾਲੇ ਪੰਜ਼ੀ ਸਾਲਾਂ ਵਿਚ ਮਾਝੇ ਦਾ ਤੀਜਾ ਹਿੱਸਾ ਲੋਕ ਈਸਾਈ ਬਣ ਜਾਣਗੇ। ਜਿਸ ਤਰ੍ਹਾਂ ਪੂਰੇ ਭਾਰਤ ਵਿਚ ਬੋਧੀਆਂ ਦਾ ਕੋਈ ਪੈਰੋਕਾਰ ਨਜ਼ਰ ਨਹੀਂ ਆਉਂਦਾ, ਬਿਲਕੁਲ ਉਸੇ ਤਰ੍ਹਾਂ ਹੀ ਆਉਣ ਵਾਲੇ ਸਮੇਂ ਵਿਚ ਇਸ ਧਰਤੀ ਉੱਪਰ ਕੋਈ ਵੀ ਸਿੱਖ ਨਜ਼ਰੀਂ ਨਹੀਂ ਆਵੇਗਾ। ਈਸਾਈ ਬਣ ਚੁੱਕੇ ਸਿੱਖ ਆਪਣੇ ਸਿੱਖ ਪੁਰਖਾਂ ਦੀਆਂ ਤਸਵੀਰਾਂ ਅਜਾਇਬ ਘਰਾਂ ਵਿਚ ਵੇਖਣ ਲਈ ਜਾਇਆ ਕਰਨਗੇ।[੪੧]

੧੮੭੨ ਈ. ਵਿਚ ਡੋਨਲਡ ਮਕਲੋਡ ਅੰਮ੍ਰਿਤਸਰ ਬਾਰੇ ਐਂਗਲੀਕਨ ਮੈਡੀਕਲ ਮਿਸ਼ਨ ਨੂੰ ਲਿਖਦਾ ਹੈ ਕਿ, "ਦਿੱਲੀ ਤੋਂ ਬਾਅਦ ਅੰਮ੍ਰਿਤਸਰ ਸੰਘਣੀ ਅਬਾਦੀ ਵਾਲਾ ਸ਼ਹਿਰ ਹੈ, ਜੋ ਪੰਜਾਬ ਦਾ ਬਹੁਤ ਪ੍ਰਸਿੱਧ, ਵਿਅਸਤ ਅਤੇ ਖੁਸ਼ਹਾਲ ਨਗਰ ਹੈ ਅਤੇ ਨਾਲ ਹੀ ਇਹ ਸਿੱਖ ਧਰਮ ਦਾ ਮੁੱਖ ਕੇਂਦਰ ਵੀ ਹੈ। ਇਹ ਇਕ ਅਜਿਹੀ ਕੌਮ ਦਾ ਮੁੱਖ ਕੇਂਦਰ ਹੈ, ਜਿਹੜੀ ਬਹੁਤ ਰੌਚਿਕ, ਖੁਲ੍ਹੇ ਦਿਲ ਵਾਲੀ ਅਤੇ ਕੱਟੜਤਾ ਤੋਂ ਬਹੁਤ ਦੂਰ ਹੈ ਅਤੇ ਨਾਲ ਦੀ ਨਾਲ ਬਹੁਤ ਸ਼ਕਤੀਸ਼ਾਲੀ ਅਤੇ ਬਹਾਦੁਰ ਵੀ।"[੪੨] ਇਸ ਚਿੱਠੀ ਜ਼ਰੀਏ ਡੋਨਲਡ ਮਕਲੋਡ ਇਹ ਇਸ਼ਾਰਾ ਕਰ ਰਿਹਾ ਸੀ ਕਿ ਈਸਾਈਅਤ ਦੇ ਪ੍ਰਚਾਰ ਲਈ ਅੰਮ੍ਰਿਤਸਰ ਇਕ ਚੰਗਾ ਸ਼ਹਿਰ ਹੈ ਕਿਉਂ ਕਿ ਖੁਲ੍ਹੇ ਸੁਭਾਅ ਵਾਲੇ ਸਿੱਖਾਂ ਵਿਚ ਈਸਾਈਅਤ ਦਾ ਪ੍ਰਚਾਰ ਅਸਾਨੀ ਨਾਲ ਹੋ ਸਕਦਾ ਹੈ।

ਵੱਧ ਤੋਂ ਵੱਧ ਲੋਕਾਂ ਨੂੰ ਈਸਾਈਅਤ ਵੱਲ ਆਕਰਸ਼ਿਤ ਕਰਨ ਲਈ ਮਿਸ਼ਨਰੀਆਂ ਨੇ ਬਹੁਤ ਸਾਰੇ ਹਸਪਤਾਲ, ਸਮਾਜਿਕ ਭਲਾਈ ਕੇਂਦਰ, ਸਕੂਲ, ਅਨਾਥ ਆਸ਼ਰਮ, ਕੋਹੜੀ ਘਰ ਅਤੇ ਕਾਲਜ ਆਦਿ ਖੋਲ੍ਹਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਵਿਚ ਫਾਰਮਨ ਈਸਾਈ ਕਾਲਜ, ਲਾਹੌਰ, ਕੀਨੇਰਡ ਕਾਲਜ ਲੜਕੀਆਂ, ਲਾਹੌਰ, ਜੋਰਡਨ ਕਾਲਜ, ਰਾਵਲਪਿੰਡੀ, ਮਰੈ ਕਾਲਜ, ਸਿਆਲਕੋਟ, ਈਡਵਰਡ ਕਾਲਜ, ਪੇਸ਼ਾਵਰ, ਬੇਰਿੰਗ ਯੂਨੀਅਨ ਕਾਲਜ, ਬਟਾਲਾ, ਅਤੇ ਕ੍ਰਿਸ਼ਚਨ ਮੈਡੀਕਲ ਕਾਲਜ, ਲੁਧਿਆਣਾ ਮੁੱਖ ਸਨ। ਪੰਜਾਬ ਵਿਚ ਉੱਚ ਪੱਧਰ ਦੇ ਹਸਪਤਾਲ ਸਿਆਲਕੋਟ, ਲਾਹੌਰ, ਤਕਸ਼ਿਲਾ, ਜਲਾਲਪੁਰ ਜਤਨ ਅਤੇ ਮਿੰਟਗੁਮਰੀ ਅਤੇ ਧਾਰੀਵਾਲ ਵਿਖੇ ਖੋਲ੍ਹੇ ਗਏ। ਤਰਨਤਾਰਨ ਅਤੇ ਅੰਬਾਲੇ ਵਿਖੇ ਵੀ ਉਨ੍ਹਾਂ ਨੇ ਕੋਹੜੀ ਘਰ ਸਥਾਪਿਤ ਕਰ ਦਿੱਤਾ।[੪੩] ਪੰਜਾਬ ਵਿਚ ਸਭ ਤੋਂ ਪਹਿਲਾਂ ਅੰਗਰੇਜ਼ੀ ਫ਼ੌਜ ਦੇ ਲਈ ਚਰਚਾਂ ਦਾ ਨਿਰਮਾਣ ਹੋਇਆ। ਜੋ ਕ੍ਰਮਵਾਰ ੧੮੪੫ ਈ. ਵਿਚ ਫਿਰੋਜ਼ਪੁਰ, ੧੮੪੬ ਈ. ਜਲੰਧਰ, ੧੮੪੭ ਈ. ਵਿਚ ਅਨਾਰਕਲੀ ਲਾਹੌਰ, ਵਜ਼ੀਰਾਬਾਦ ੧੮੫੦ ਈ. ਸਿਆਲਕੋਟ ੧੮੫੩, ਲਾਹੌਰ ਕੈਂਟ ੧੮੫੫, ਅੰਬਾਲਾ ੧੮੫੫, ਮੁਲਤਾਨ ੧੮੫੯, ਅੰਮ੍ਰਿਤਸਰ ੧੮੬੦ ਵਿਚ ਬਣੀਆਂ।[੪੪]

ਦੇਸ਼ ਵਿਚ ਜਦ ਵੀ ਕੋਈ ਕੁਦਰਤੀ ਆਫਤ ਆਣ ਪੈਂਦੀ ਤਾਂ ਈਸਾਈ ਇਸ ਨੂੰ ਧਰਮ ਪਰਿਵਰਤਨ ਦਾ ਇਕ ਵਧੀਆ ਅਵਸਰ ਸਮਝਦੇ।[੪੫] ਸਹਾਰਾ ਭਾਲ ਰਹੇ ਲੋਕਾਂ ਨੂੰ ਮਦਦ ਦੇ ਕੇ, ਉਹ ਆਪਣੇ ਧਰਮ ਵੱਲ ਆਕਰਸ਼ਿਤ ਕਰਦੇ। ੧੮੬੦-੬੧ ਵਿਚ ਫੈਲੀ ਮਹਾਂਮਾਰੀ (ਪਲੇਗ) ਦੌਰਾਨ ਇਸਾਈ ਬਣੇ ਲੋਕਾਂ ਦੀ ਇਸ ਲਈ ਮਦਦ ਕੀਤੀ ਗਈ ਤਾਂ ਜੋ ਉਨ੍ਹਾਂ ਵੱਲ ਵੇਖ ਕੇ ਗ਼ੈਰ-ਇਸਾਈ ਵੀ ਉਨ੍ਹਾਂ ਦੇ ਧਰਮ ਵੱਲ ਆਕਰਸ਼ਿਤ ਹੋਣ।[੪੬] ਇਹ

ਤੱਥ ਪ੍ਰਤੱਖ ਪ੍ਰਮਾਣ ਹਨ ਕਿ ਮਨੁੱਖਤਾ ਦੀ ਸੇਵਾ ਕਿਸੇ ਸੁਆਰਥ ਨੂੰ ਵੀ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਹਰ ਵਸੀਲੇ ਦੀ ਵਰਤੋਂ ਕਰਕੇ ਈਸਾਈ ਆਪਣਾ ਧਰਮ ਵਿਸਥਾਰ ਕਰਨ ਵਿਚ ਜੁਟੇ ਹੋਏ ਸਨ। ਲਾਹੌਰ ਦੀ ਚਰਚ ਮਿਸ਼ਨਰੀ ਸਭਾ ਨੂੰ ੧੮੬੮ ਈ. ਵਿਚ ਨਵੀਂ ਬਣੀ ਬਾਰੀ ਦੁਆਬ ਨਹਿਰ ਦੇ ਕੰਢੇ ਚੁਨੀਆਂ ਤਹਿਸੀਲ ਵਿਖੇ ੧੮੩੫ ਏਕੜ ਜ਼ਮੀਨ ਠੇਕੇ 'ਤੇ ਦਿੱਤੀ। ਸਭਾ ਦੇ ਮੁਖੀ ਰਾਬਰਟ ਕਲਾਰਕ ਨੇ ਈਸਾਈ ਧਰਮ ਵਿਚ ਪਰਿਵਰਤਿਤ ਹੋਇਆਂ ਨੂੰ ਇਸ ਸਿੰਚਾਈ ਯੋਗ ਭੂਮੀ ਦੇ ਟੁੱਕੜੇ ਖੇਤੀ ਕਰਨ ਲਈ ਅਲਾਟ ਕਰ ਦਿੱਤੇ।[੪੭] ਈਸਾਈ ਮਿਸ਼ਨਰੀਆਂ ਨੇ ਅਜਿਹੇ ਸਾਹਿਤ ਦੀ ਰਚਨਾ ਅਤੇ ਪੰਜਾਬੀ ਅਨੁਵਾਦ ਕਰਵਾਇਆ ਜਿਸ ਵਿਚ ਪੱਛਮੀ ਸੰਸਕ੍ਰਿਤੀ, ਦਵਾਈਆਂ ਤੇ ਈਸਾਈਅਤ ਦੀ ਪ੍ਰਮੁੱਖਤਾ ਅਤੇ ਪੂਰਬੀ ਧਰਮਾਂ ਨੂੰ ਛੋਟਾ ਵਿਖਾਇਆ ਗਿਆ ਸੀ। ਰੇਲ ਗੱਡੀ ਦਾ ਸਫ਼ਰ, ਮਸੀਹ ਮੁਸਾਫਰ ਦੀ ਯਾਤਰਾ ਅਤੇ ਜਯੋਤਿਰੁਦਯ ਆਦਿ ਨਾਵਲਾਂ ਨੂੰ ਪੜ੍ਹਨ ਤੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਹੋ ਜਾਂਦੀ ਹੈ।[੪੮] ਧਰਮ ਪਰਿਵਰਤਨ ਦੀ ਇਸ ਲਹਿਰ ਵਿਚ ਮਿਸ਼ਨਰੀਆਂ ਨੇ ਉਮਰ ਦੀ ਹੱਦ-ਬੰਦੀ ਵੀ ਨਿਸ਼ਚਿਤ ਨਹੀਂ ਸੀ ਕੀਤੀ। ਬੱਚਾ ਹੋਵੇ ਜਾਂ ਬੁੱਢਾ, ਬਾਲਗ ਹੋਏ ਜਾਂ ਨਾਬਾਲਗ, ਬਸ ਇਸਾਈਅਤ ਵਿਚ ਪਰਿਵਰਤਿਤ ਹੋਣਾ ਚਾਹੀਦਾ ਹੈ ਪਰੰਤੂ ਅਜਿਹਾ ਕਰਦਿਆਂ ਕਈ ਵਾਰ ਉਨ੍ਹਾਂ ਨੂੰ ਮੂੰਹ ਦੀ ਵੀ ਖਾਣੀ ਪੈਂਦੀ। ੧੯ ਜਨਵਰੀ, ੧੮੬੭ ਈ. ਦੀ ਰਹਿਲਖੰਡ ਅਖ਼ਬਾਰ ਦੀ ਖ਼ਬਰ ਉਨ੍ਹਾਂ ਦੀ ਇਸ ਪ੍ਰਵਿਰਤੀ ਦੀ ਪੁਸ਼ਟੀ ਕਰਦੀ ਹੈ। ੧੪ ਸਾਲਾ ਦੀਨਾ ਨਾਥ ਖੱਤਰੀ ਈਸਾਈ ਬਣਨ ਤੋਂ ਬਾਅਦ ਜਦੋਂ ਆਪਣੇ ਘਰ ਗਿਆ ਤਾਂ ਨਾਬਾਲਗ ਹੋਣ ਕਰਕੇ ਉਸ ਦੀ ਬਰਾਦਰੀ ਨੇ ਉਸ ਨੂੰ ਫਿਰ ਹਿੰਦੂ ਧਰਮ ਵਿਚ ਸ਼ਾਮਿਲ ਕਰ ਲਿਆ।[੪੯] ੨੯ ਜਨਵਰੀ, ੧੮੬੭ ਈ. ਦੀ ਕੋਹੇਨੂਰ ਅਖ਼ਬਾਰ ਵਿਚ ਖ਼ਬਰ ਆਈ ਕਿ ਇਕ ਮੁਸਲਿਮ ਲੜਕਾ ਈਸਾਈ ਬਣਨ ਤੋਂ ਬਾਅਦ ਜਦੋਂ ਆਪਣੇ ਘਰ (ਲਾਹੌਰ) ਵਾਪਸ ਗਿਆ ਤਾਂ ਉਸ ਦੇ ਦੋਸਤ ਨੇ ਉਸ ਨੂੰ ਫਿਰ ਇਸਲਾਮ ਧਰਮ ਵਿਚ ਲੈ ਆਂਦਾ। ਇਸ ਘਟਨਾ ਦਾ ਪਾਦਰੀ ਨੂੰ ਬਹੁਤ ਦੁੱਖ ਹੋਇਆ।[੫੦] ੧੮੭੩ ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ-ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ ਅਤੇ ਸਾਧੂ ਸਿੰਘ ਨੇ ਜਦੋਂ ਈਸਾਈ ਬਣਨ ਦੀ ਇੱਛਾ ਪ੍ਰਗਟ ਕੀਤੀ ਤਾਂ ਇਹ ਖ਼ਬਰ ਸਮੁੱਚੇ ਸਿੱਖ ਜਗਤ ਵਿਚ ਅੱਗ ਦੀ ਤਰ੍ਹਾਂ ਫੈਲ ਗਈ।[੫੧]

ਪੰਜਾਬ ਵਿਚ ਇਸ ਸਮੇਂ ਦੌਰਾਨ ਬਹੁਤ ਸਾਰੀਆਂ ਮਿਸ਼ਨ ਸੋਸਾਇਟੀਆਂ ਕੰਮ ਕਰ ਰਹੀਆਂ ਸਨ। ਜਿਨ੍ਹਾਂ ਨੇ ਪੰਜਾਬ ਦੇ ਵੱਡੇ ਖੇਤਰ ਵਿਚ ਆਪਣੇ ਸੈਂਟਰ ਸਥਾਪਿਤ ਕਰ ਲਏ ਸਨ। ਇਨ੍ਹਾਂ ਦਾ ਵੇਰਵਾ ਦੇਣਾ ਇਸ ਲਈ ਜ਼ਰੂਰੀ ਹੈ ਤਾਂ ਜੋ ਪਾਠਕ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਭ ਤੋਂ ਪਹਿਲਾ ਪਰੈਸਬੀਟੇਰੀਅਨ ਮਿਸ਼ਨ ਨੇ ੧੮੩੪ ਈ. ਵਿਚ ਲੁਧਿਆਣੇ ਵਿਖੇ ਆਪਣਾ ਕੇਂਦਰ ਸਥਾਪਿਤ ਕੀਤਾ। ਫਿਰ ਕ੍ਰਮਵਾਰ ੧੮੪੬ ਈ. ਵਿਚ ਜਲੰਧਰ, ੧੮੪੮ ਈ. ਵਿਚ ਲਾਹੌਰ, ੧੮੪੮ ਈ. ਵਿਚ ਅੰਬਾਲਾ ਸ਼ਹਿਰ, ੧੮੫੦ ਈ. ਵਿਚ ਅੰਬਾਲਾ ਕੈਂਟ, ੧੮੫੬ ਈ. ਵਿਚ ਰਾਵਲਪਿੰਡੀ, ੧੮੬੦ ਈ. ਵਿਚ ਕਪੂਰਥਲੇ, ੧੮੬੭ ਈ. ਵਿਚ ਹੁਸ਼ਿਆਰਪੁਰ, ੧੮੬੯ ਈ. ਵਿਚ ਫਿਰੋਜ਼ਪੁਰ, ੧੮੯੦ ਈ. ਵਿਚ ਰੋਪੜ, ੧੮੯੪ ਈ. ਵਿਚ ਖੰਨੇ, ੧੮੯੭ ਈ. ਵਿਚ

ਫਿਲੌਰ, ੧੯੦੦ ਈ. ਵਿਚ ਕਸੂਰ ਵਿਖੇ ਆਪਣੇ ਕੇਂਦਰ ਸਥਾਪਿਤ ਕਰ ਲਏ। ਇੰਗਲੈਂਡ ਦੀ ਚਰਚ ਦੁਆਰਾ ਚਲਾਈ ਜਾ ਰਹੀ ਚਰਚ ਮਿਸ਼ਨਰੀ ਸਭਾ ਨੇ ੧੮੫੦ ਈ. ਵਿਚ ਅੰਮ੍ਰਿਤਸਰ ਵਿਖੇ ਆਪਣਾ ਮਿਸ਼ਨ ਸਥਾਪਿਤ ਕੀਤਾ। ਫਿਰ ੧੮੫੩ ਈ. ਵਿਚ ਪੇਸ਼ਾਵਰ, ੧੮੭੮ ਈ. ਵਿਚ ਬਟਾਲੇ ਅਤੇ ੧੮੮੫ ਈ. ਵਿਚ ਤਰਨਤਾਰਨ ਵਿਖੇ ਆਪਣੇ ਕੇਂਦਰ ਸਥਾਪਿਤ ਕਰ ਲਏ। ਅਮੈਰੀਕਨ ਯੂਨਾਈਟਡ ਪਰੈਸਬੀਟੇਰੀਅਨ ਮਿਸ਼ਨ ਨੇ ੧੮੫੫ ਈ. ਵਿਚ ਸਿਆਲਕੋਟ, ੧੮੫੬ ਈ. ਵਿਚ ਰਾਵਲਪਿੰਡੀ, ੧੮੬੮ ਈ. ਵਿਚ ਗੁਜਰਾਂਵਾਲੇ, ੧੮੭੨ ਈ. ਵਿਚ ਗੁਰਦਾਸਪੁਰ, ੧੮੭੬ ਈ. ਵਿਚ ਜੇਹਲਮ, ੧੮੮੦ ਈ. ਵਿਚ ਪਠਾਨਕੋਟ, ੧੮੮੪ ਈ. ਵਿਚ ਜਫਰਵਾਲ ਅਤੇ ੧੮੯੫ ਈ. ਵਿਚ ਲਾਇਲਪੁਰ ਵਿਖੇ ਆਪਣੀ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਸਕਾਟਲੈਂਡ ਦੀ ਚਰਚ ਨੇ ੧੮੫੭ ਈ. ਵਿਚ ਸਿਆਲਕੋਟ ਵਿਖੇ ਪ੍ਰਚਾਰ ਮੁਹਿੰਮ ਨੂੰ ਤੋਰਿਆ। ਨਿਊਜ਼ੀਲੈਂਡ ਦੇ ਪਰੈਸਬੀਟੇਰੀਅਨ ਮਿਸ਼ਨ ਨੇ ੧੮੯੧ ਈ. ਵਿਚ ਖਰੜ ਵਿਖੇ ਆਪਣਾ ਕੇਂਦਰ ਸਥਾਪਿਤ ਕਰ ਲਿਆ। ਸਊਥਰਨ ਏਸ਼ੀਆ ਦੀ ਮੈਥੋਡੀਸਟ ਚਰਚ ਨੇ ੧੮੮੧ ਈ. ਵਿਚ ਲਾਹੌਰ, ੧੮੮੮ ਈ. ਵਿਚ ਮੁਲਤਾਨ ਅਤੇ ੧੮੯੧ ਈ. ਵਿਚ ਪਟਿਆਲੇ ਵਿਖੇ ਈਸਾਈਅਤ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਬਠਿੰਡਾ ਅਤੇ ਫਾਜ਼ਿਲਕਾ ਵਿਖੇ ਵੀ ਇਨ੍ਹਾਂ ਆਪਣੇ ਅੱਡੇ ਕਾਇਮ ਕਰ ਲਏ ਸਨ। ਸੈਲਵੇਸ਼ਨ ਆਰਮੀ ਦੇ ਮਿਸ਼ਨਰੀ ਲਾਹੌਰ, ਧਾਰੀਵਾਲ ਅਤੇ ਬਟਾਲੇ ਵਿਖੇ ਧਰਮ ਪਰਿਵਰਤਨ ਕਰਨ ਵਿਚ ਡਟੇ ਹੋਏ ਸਨ। ਰੋਮਨ ਕੈਥੋਲਿਕ ਲਾਹੌਰ, ਅੰਮ੍ਰਿਤਸਰ, ਜਲੰਧਰ ਕੈਂਟ, ਮੁਕਤਸਰ ਅਤੇ ਫਿਰੋਜ਼ਪੁਰ ਵਿਖੇ ਈਸਾਈਅਤ ਦਾ ਪ੍ਰਚਾਰ ਕਰ ਰਹੇ ਸਨ।[੫੨] ਇਗਲੈਂਡ ਦੀ ਜੀਨੇਨਾ ਮਿਸ਼ਨਰੀ ਸਭਾ ਦੁਆਰਾ ੧੮੭੮ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਲੜਕੀਆਂ ਲਈ ਅਲਗਜ਼ੈਂਡਰ ਸਕੂਲ ਖੋਲਿਆ ਗਿਆ ਜਿਸ ਵਿਚ ਸਿਰਫ ਉੱਚ ਈਸਾਈ ਪਰਵਾਰਾਂ ਦੀਆਂ ਕੁੜੀਆਂ ਹੀ ਪੜ੍ਹ ਸਕਦੀਆਂ ਸਨ।[੫੩] ੧੮੮੪ ਈ. ਵਿਚ ਅੰਮ੍ਰਿਤਸਰ ਮਿਸ਼ਨ ਨਾਲ ੨੦ ਈਸਾਈ ਮਿਸ਼ਨਰੀ ਇਸਤਰੀਆਂ, ੩ ਅੰਗਰੇਜ਼ੀ ਸਹਾਇਕ ਮਿਸ਼ਨਰੀ, ੩੬ ਭਾਰਤੀ ਈਸਾਈ ਬਾਈਬਲ ਇਸਤਰੀਆਂ ਅਤੇ ਅਧਿਆਪਿਕਾਂ ਜੁੜੀਆਂ ਹੋਈਆਂ ਸਨ। ਜਿਹੜੀਆਂ ਲਾਗਲੇ ਪਿੰਡਾਂ ਵਿਚ ਈਸਾਈਅਤ ਦਾ ਪ੍ਰਚਾਰ ਕਰਦੀਆਂ ਸਨ। ਇਸ ਮਿਸ਼ਨ ਦੁਆਰਾ ਕਈ ਡਿਸਪੈਂਸਰੀਆਂ, ਇਕ ਹਸਪਤਾਲ, ਧਰਮ ਪਰਿਵਰਤਨ ਕਰਨ ਵਾਲਿਆਂ ਲਈ ਇਕ ਘਰ, ਬੇਘਰਾਂ ਅਤੇ ਵਿਧਵਾ ਇਸਤਰੀਆਂ ਲਈ ਘਰ ਵੀ ਬਣਾਏ ਹੋਏ ਸਨ।[੫੪] ਮਿਸ਼ਨਰੀਆਂ ਨੂੰ ਜੇਲ੍ਹਾਂ ਵਿਚ ਜਾਣ ਦੀ ਵੀ ਪੂਰੀ ਖੁਲ੍ਹ ਸੀ। ਉਹ ਜੇਲ੍ਹਾਂ ਵਿਚ ਸਿਪਾਹੀਆਂ ਨਾਲ ਗੱਲਬਾਤ ਕਰਦੇ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਤਰੱਕੀਆਂ ਦੇ ਲਾਲਚ ਵੀ ਦਿੰਦੇ।[੫੫] ੧੮੬੬ ਈ. ਤਕ ੧੮੬ ਲੋਕ ਈਸਾਈ ਧਰਮ ਗ੍ਰਹਿਣ ਕਰ ਚੁੱਕੇ ਸਨ, ੧੮੮੧ ਈ. ਵਿਚ ਇਨ੍ਹਾਂ ਦੀ ਗਿਣਤੀ ੩੮੨੩ ਦੇ ਕਰੀਬ ਹੋ ਗਈ। ੧੮੯੧ ਈ. ਵਿਚ ਇਹ ਗਿਣਤੀ ੧੯੫੪੭ ਅਤੇ ੧੯੦੧ ਈ. ਦੇ ਵਿਚ ੩੮੫੧੩ ਦੇ ਕਰੀਬ ਲੋਕ ਈਸਾਈ ਧਰਮ ਗ੍ਰਹਿਣ ਕਰ ਚੁਕੇ ਸਨ।[੫੬]

ਮੁਸਲਮਾਨਾਂ ਦੇ ਜਬਰੀ ਧਰਮ ਪਰਿਵਰਤਨ ਨੂੰ ਤਾਂ ਗੁਰੂ ਸਾਹਿਬਾਨ ਤੇ ਸਿੱਖਾਂ ਨੇ ਸ਼ਹਾਦਤਾਂ ਦੇ ਜਾਮ ਪੀ ਕੇ ਅਸਫਲ ਬਣਾ ਦਿੱਤਾ ਸੀ। ੧੯ ਵੀਂ ਸਦੀ ਦੇ ਹਲਾਤ ਪੰਜਾਬ

ਦੇ ਜੰਮਿਆਂ ਲਈ ਫਿਰ ਇਕ ਨਵੀਂ ਮੁਹਿੰਮ ਦੀ ਤਰ੍ਹਾਂ ਸਨ ਪਰੰਤੂ ਇਸ ਮੁਹਿੰਮ ਵਿਚ ਤਲਵਾਰ ਦੀ ਨਹੀਂ, ਕਲਮ ਦੀ ਵਰਤੋਂ ਹੋਣੀ ਸੀ। ਜੰਗ ਦੇ ਮੈਦਾਨ ਵਿਚ ਲੜਨ ਦੀ ਥਾਂ ਭਲਾਈ ਕਾਰਜਾਂ ਵਿਚ ਜੀਵਨ ਸਮਰਪਿਤ ਕਰਨਾ ਸੀ। ੧੮੭੩ ਈ. ਵਿਚ ਪੈਦਾ ਹੋਈ ਸਿੰਘ ਸਭਾ ਲਹਿਰ ਨੇ ਉੱਚ ਕੋਟੀ ਦਾ ਸਿੱਖ ਸਾਹਿਤ ਤਿਆਰ ਕਰ ਕੇ, ਸਿੱਖ ਇਤਿਹਾਸ, ਸਿਧਾਂਤ, ਮਰਯਾਦਾ, ਪਰੰਪਰਾ ਦਾ ਪ੍ਰਚਾਰ ਕਰ ਕੇ ਈਸਾਈਅਤ ਦੇ ਇਸ ਦਰਿਆ ਨੂੰ ਠੱਲ ਪਾ ਦਿੱਤੀ। ਸਿੰਘ ਸਭਾ ਲਹਿਰ ਆਪਣੇ ਮਿਸ਼ਨ ਵਿਚ ਕਾਮਯਾਬ ਹੋਈ।

## ਹਵਾਲੇ ਅਤੇ ਟਿੱਪਣੀਆਂ:


੧. ਅਮਰਿੰਦਰ ਸਿੰਘ, *ਆਖ਼ਰੀ ਲਮਹੇ ਦੀ ਦਾਸਤਾਨ ਲਾਹੌਰ ਦਰਬਾਰ ਦਾ ਚੜ੍ਹਦਾ ਅਤੇ ਡੁੱਬਦਾ ਸੂਰਜ,* ਲਾਹੌਰ ਬੁਕਸ, ਲੁਧਿਆਣਾ, ੨੦੧੦, ਪੰਨਾ-੨੧੪.

੨. ਡਾ. ਗੁਰਚਰਨ ਸਿੰਘ, *ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਸਾਈ ਮਿਸ਼ਨਰੀਆਂ ਦੀ ਦੇਣ*, ਭਾਸ਼ਾ ਵਿਭਾਗ, ਪੰਜਾਬ, ੧੯੭੫, ਪੰਨਾ-੨੭.

੩. ਉਕਤ, ਪੰਨਾ-੨੮.

੪. ਅਮਰਿੰਦਰ ਸਿੰਘ, ਉਹੀ, ਪੰਨਾ-੩੮.

੫. ਡਾ. ਗੁਰਚਰਨ ਸਿੰਘ, ਉਹੀ, ਪੰਨਾ-੧੯੪.

੬. ਉਕਤ, ਪੰਨਾ-੧੯੪.


੭* ਚਾਰਟਰ ਐਕਟ ਦੇ ਪਾਸ ਹੋਣ ਦਾ ਵੀ ਇਕ ਲੰਮਾ ਇਤਿਹਾਸ ਹੈ। ਮਿਸ. ਵਾਰਨ ਹੇਸਟਿੰਗ (ਭਾਰਤ ਦਾ ਪਹਿਲਾ ਗਵਰਨਰ ਜਨਰਲ) ਅਤੇ ਖ਼ਾਸ ਤੌਰ 'ਤੇ ਸਰ ਜੌਹਨ ਮਲਕੌਮ ਈਸਾਈ ਮਿਸ਼ਨਰੀਆਂ ਨੂੰ ਭਾਰਤ ਵਿਚ ਪ੍ਰਚਾਰ ਕਰਨ ਦੀ ਖੁਲ੍ਹ ਦੇਣ ਦੇ ਵਿਰੁੱਧ ਸਨ ਕਿਉਂਕਿ ਉਨ੍ਹਾਂ ਅਨੁਸਾਰ ਇਹ ਮੁਹਿੰਮ ਰਾਜਨੀਤਿਕ ਤੌਰ 'ਤੇ ਹਾਨੀਕਾਰਕ ਸਾਬਤ ਹੋ ਸਕਦੀ ਸੀ। ਮਿਸਟਰ ਚਾਰਲਸ ਗਰਾਂਟ, (ਈਸਟ ਇੰਡੀਆ ਕੰਪਨੀ ਦਾ ਡਾਇਰੈਕਟਰ) ਪਹਿਲਾ ਈਸਾਈ ਸੀ ਜਿਹੜਾ ਬਰਤਾਨੀਆਂ ਸਰਕਾਰ ਉੱਪਰ ਦਬਾਅ ਪਾ ਕੇ ਈਸਾਈ ਮਿਸ਼ਨਰੀਆਂ ਨੂੰ ਭਾਰਤੀ ਲੋਕਾਂ ਨੂੰ ਸਿੱਖਿਆ ਦੇਣ ਅਤੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਨ ਵਾਸਤੇ ਹਿੰਦੋਸਤਾਨ ਭੇਜਣਾ ਚਾਹੁੰਦਾ ਸੀ। ੧੭੯੩ ਈ. ਵਿਚ ਚਾਰਟਰ ਐਕਟ ਨੂੰ ਜਦੋਂ ਮੁੜ ਨਵਾਂ (ਰਿਨੀਊ) ਕਰਨਾ ਸੀ ਤਾਂ ਈਸਾਈ ਮਿਸ਼ਨਰੀਆਂ ਨੂੰ ਭਾਰਤ ਨਾ ਭੇਜਣ ਲਈ ਜੋ ਦਲੀਲਾਂ ਦਿੱਤੀਆਂ ਗਈਆਂ ਉਹ ਸੰਖੇਪ ਰੂਪ ਵਿਚ ਇਸ ਪ੍ਰਕਾਰ ਸਨ:-

**ਭਾਗ ਪਹਿਲਾ**

ਧਰਮ ਪਰਿਵਰਤਨ ਦੀ ਇਹ ਯੋਜਨਾ ਖ਼ਤਰਨਾਕ ਅਤੇ ਅਨਉੱਚਿਤ ਸਾਬਤ ਹੋ ਸਕਦੀ ਹੈ; ਇਹ ਸਾਡੀ ਸੁਰੱਖਿਆ ਅਤੇ ਸਾਂਤੀ ਨੂੰ ਭੰਗ ਕਰਕੇ ਬ੍ਰਿਟਿਸ਼ ਪ੍ਰਭੂਸੱਤਾ ਦਾ ਖਾਤਮਾ ਵੀ ਕਰ ਸਕਦੀ ਹੈ।

**ਭਾਗ ਦੂਜਾ**

ਧਰਮ ਪਰਿਵਰਤਨ ਦੀ ਯੋਜਨਾ ਅਸਫਲ ਵੀ ਹੋ ਸਕਦੀ ਹੈ ਕਿਉਂਕਿ ਭਾਰਤ ਦੇ ਵਸਨੀਕ ਆਪਣੀਆਂ ਜਾਤਾਂ, ਨਿੱਜੀ ਮਾਨਤਾਵਾਂ, ਸੁਭਾਅ ਆਦਿ ਨਾਲ ਬੜੇ ਡੂੰਘੇ ਜੁੜੇ ਹੋਏ ਹਨ, ਇਨ੍ਹਾਂ ਨੂੰ ਬਦਲਣਾ, ਉਨ੍ਹਾਂ ਨੂੰ ਆਪਣੇ ਵਿਰੋਧੀ ਬਣਾਉਣ ਦੇ ਤੁਲ ਹੈ।

**ਭਾਗ ਤੀਜਾ**

ਸਿਰਫ਼ ਨੀਵੇਂ ਦਰਜੇ ਦੇ ਲੋਕ ਹੀ ਈਸਾਈਅਤ ਵਿਚ ਤਬਦੀਲ ਹੋਣਗੇ। ਉਹ ਧਰਮ ਪਰਿਵਰਤਨ ਦਾ ਡਰਾਮਾ

ਕਰਨਗੇ ਅਤੇ ਈਸਾਈਅਤ ਨੂੰ ਬੇਇੱਜ਼ਤ ਕਰਨਗੇ।

**ਭਾਗ ਚੌਥਾ**

ਇਹ ਮੁਹਿੰਮ ਮਹਿੰਗੀ ਹੋਵੇਗੀ।

ਇਨ੍ਹਾਂ ਕਾਰਨਾਂ ਕਰਕੇ ਚਾਰਟਰ ਬਿੱਲ ੧੭੯੩ ਈ. ਵਿਚ ਪਾਸ ਨਾ ਹੋ ਸਕਿਆ। ਮਿਸਟਰ ਗਰਾਂਟ, ਬਿੱਲ ਪਾਸ ਨਾ ਹੋਣ ਕਾਰਨ ਬੁਰੀ ਤਰ੍ਹਾਂ ਨਿਰਾਸ਼ ਹੋਇਆ। ਪਰ ਉਸ ਨੇ ਬਿੱਲ ਪਾਸ ਕਰਾਉਣ ਦਾ ਸਿਰੜ ਨਾ ਛੱਡਿਆ। ਆਖਿਰ ੧੮੧੩ ਈ. ਨੂੰ ਚਾਰਟਰ ਐਕਟ ਪਾਸ ਹੋ ਗਿਆ। Major B. D. Basu, Education in India under E.I. Company, The modern Review office, Calcutta. P. 190-194.

ਇਸ ਐਕਟ ਦੀ ਧਾਰਾ ਇਸ ਪ੍ਰਕਾਰ ਸੀ:- Section 33 of Act 53 Geor. III. Cap. 155 Passed on 21st July, 1813, ran as follows:-

"And whereas it is the duty of this country to promote the interest and happiness of the native inhabitants of the British dominions in India: and such measures ought to be adopted as may tend to the introduction among them of useful knowledge, and of religious and moral improvement; and in furtherance of the above objects, sufficient facilities ought to be afforded by law to persons desirous of going to and remaining in India for the purpose" …… Major B.D. Basu, Colonization of India By Europeans, R. Chatterjee, M.A., Calcutta, P.18.

ਅਰਥਾਤ: ਇਹ ਇਸ ਦੇਸ਼ ਦਾ ਫਰਜ਼ ਹੈ ਕਿ ਉਹ ਬ੍ਰਿਟਿਸ਼ ਰਾਜ ਅਧੀਨ ਆਉਂਦੇ ਭਾਰਤੀ ਲੋਕਾਂ ਦੀ ਖੁਸ਼ੀ ਦਾ ਪੂਰਾ ਖਿਆਲ ਰੱਖੇ। ਉਨ੍ਹਾਂ ਲੋਕਾਂ ਦਾ ਗਿਆਨ ਦੇ ਜ਼ਰੀਏ ਨੈਤਿਕ ਅਤੇ ਧਾਰਮਿਕ ਸੁਧਾਰ ਕੀਤਾ ਜਾਵੇ, ਇਸ ਸੁਧਾਰ ਦੇ ਲਈ ਇੱਛਤ ਅੰਗਰੇਜ਼ਾਂ ਨੂੰ ਭਾਰਤ ਭੇਜਿਆ ਜਾਵੇ। ਉਨ੍ਹਾਂ ਇੱਛਾ ਰੱਖਣ ਵਾਲਿਆਂ ਨੂੰ ਭਾਰਤ ਵਿਚ ਰਹਿੰਦਿਆਂ ਉੱਚਤ ਸੁਵਿਧਾਵਾਂ ਕਾਨੂੰਨੀ ਤੌਰ 'ਤੇ ਮੁਹੱਈਆਂ ਕਰਵਾਈਆਂ ਜਾਣ।

੭. Dr. Darshan Singh, *Western Perspecttive on the Sikh Religion,* Singh Brothers, Amritsar,1991. P. 83.

੮. Dr. C.H.Loehlin, *The History of the Gurmukhi Panjabi Bible,* Punjab History Conference, Punjabi university, Patiala, March 1968, P. 187

੯. ਡਾ. ਗੁਰਚਰਨ ਸਿੰਘ, ਉਹੀ ਪੰਨਾ-28.

੧੦. Dr. Darshan Singh, P. 84.

੧੧. Dr. Ganda Singh, *Christianity in The Punjab-A Bibliography Survey,* The Panjab Past and Present, Punjabi University, Patiala Vol.1., 1967, P. 370.

੧੨. ਡਾ. ਗੁਰਚਰਨ ਸਿੰਘ, ਉਹੀ ਪੰਨਾ-34.

੧੩. ਉਕਤ, ਪੰਨਾ-36.

੧੪. ਉਕਤ, ਪੰਨਾ-36.

੧੫. Dr. Ganda Singh, P. 371.

੧੬. Dr. Darshan Singh, P. 85.

੧੭. Ibid, P. 85.

੧੮. ਡਾ. ਗੁਰਚਰਨ ਸਿੰਘ, ਉਹੀ ਪੰਨਾ-29.

੧੯. ਡਾ. ਸਤਿੰਦਰ ਕੌਰ, ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ (1873-1900), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ-5.

੨੦. ਅਮਰਿੰਦਰ ਸਿੰਘ, ਉਹੀ 207.

੨੧. ਉਕਤ, 216.

੨੨. ਉਕਤ, 216.

੨੩. ਉਕਤ, 216-17.

੨੪. ਉਕਤ, 217.

੨੫. Dr. Darshan Singh, P. 85.

੨੬. Ibid. P.85.

੨੭. ਡਾ. ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010, ਪੰਨਾ-24.

੨੮. Dr. Darshan Singh, P. 85.

੨੯. Ibid. P.86.

੩੦. ਅਮਰਿੰਦਰ ਸਿੰਘ, ਪੰਨਾ 214.

੩੧. Dr. Darshan Singh, P. 86.

੩੨. Ibid. P.86.

੩੩* I regard it as a very remarkable event in history., Lady Login, Sir John Login and Duleep Singh, W.H.

੩੪. ਡਾ. ਸਤਿੰਦਰ ਕੌਰ, ਪੰਨਾ-41.

੩੫* They hit upon the novel idea that they wanted to civilize the people of India. The natives of India were according to them uncivilized barbarians and their coming in contact with English would raise them in the scale of civilization. They were heathens and so missionaries of the Christian persuasion were to be permitted to settle in India to lead them out of darkness. Major B.D. Basu, *Colonization of India By Europe-ans,* R. Chatterjee, M.A., Calcutta, P.18.

੩੬. ਡਾ. ਸਤਿੰਦਰ ਕੌਰ, ਪੰਨਾ-7

੩੭. Dr. Darshan Singh, P. 86.

੩੮. Ibid. P.86.

੩੯. Dr. C.H. Loehlin, *The history of Christianity in The Punjab,* Ganda Singh, (Ed.),*The Singh Sabha And other Socio-Religious Movements in The Punjab* (1850-1925), Punjabi University, Patiala, 1997. P. 192.

੪੦. Dr. Ganda Singh, P. 376.

੪੧. Harbans Singh, *Origins of the Singh Sabha*, Ganda Singh, (Ed.), *The Singh Sabha And other Socio-Religious Movements in The Punjab* (1850-1925), Punjabi University, Patiala, P. 22.

੪੨. Dr. Darshan Singh, P. 84.

੪੩. Dr. C.H. Loehlin, P.202.

੪੪. Dr. Ganda Singh, P. 374.

੪੫. Navtej Singh, *Famine as an opportunity: A case study of 19th century British Punjab,* Punjab History Conference, Punjabi university, Patiala, March 1986, P. 246.

੪੬. Ibid., P. 246.

੪੭. Shyamala Bhatia, *Christian Missionary Activity-Reaction and Response:* 19th Century Punjab, Punjab History Conference, Punjabi university, Patiala, March 2000.

੪੮. ਮਹਿਲ ਸਿੰਘ, *ਸੁਤੰਤਰਤਾ ਤੋਂ ਪਹਿਲਾਂ ਦੇ ਪੰਜਾਬੀ ਨਾਵਲ ਦਾ ਇਤਿਹਾਸ-ਪਰਕ ਅਧਿਐਨ,* (ਪੀ ਐਚ. ਡੀ. ਥੀਸਸ), ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993, ਪੰਨਾ-35-50.

੪੯. M.L. Ahulwalia, *Society and Economy of Punjab during the Nineteenth century cullings from the vernacular press,* Punjab History Conference, Punjabi university, Patiala, March 1989, P.185.

੫੦. Ibid., P.185

੫੧. ਡਾ. ਸਤਿੰਦਰ ਕੌਰ, ਪੰਨਾ-43.

੫੨. Dr. C.H. Loehlin, P. 196-97.

੫੩. John C.B. Webster, *The women of Amritsar through Missionary Eyes,* Reeta Grewal & Sheena Pall, (Ed.) Pre-colonial and colonial Punjab, Manohar Publishers, New Delhi, 2005., P.269.

੫੪. Ibid, P.270.

੫੫. Shyamala Bhatia, P. 112.

੫੬. ਡਾ. ਗੁਰਚਰਨ ਸਿੰਘ, ਪੰਨਾ-50.


■

# ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਪ੍ਰਾਪਤੀਆਂ

*-ਡਾ. ਸਰਬਜੀਤ ਸਿੰਘ**

੧੮੪੬ ਈ. ਵਿਚ ਪਹਿਲੀ ਐਂਗਲੋ ਸਿੱਖ ਜੰਗ ਹੋਈ ਜਿਸ ਵਿਚ ਕੁਝ ਗੱਦਾਰ ਜਰਨੈਲਾਂ ਕਾਰਨ ਸਿੱਖ ਫੌਜ ਦੀ ਹਾਰ ਹੋਈ ਸੀ ਪਰ ਅੰਗ੍ਰੇਜ਼ਾਂ ਨੇ ਪੰਜਾਬ 'ਤੇ ਸਿੱਧੇ ਰੂਪ ਵਿਚ ਕਬਜ਼ਾ ਨਹੀਂ ਸੀ ਕੀਤਾ ਅਤੇ ਉਹਨਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਹੀ ਹੁਕਮਰਾਨ ਮੰਨ ਕੇ ਰਾਜ ਚਲਾਉਣ ਨੂੰ ਤਰਜੀਹ ਦਿੱਤੀ ਭਾਵੇਂ ਕਿ ਅਸਲ ਸ਼ਕਤੀਆਂ ਅੰਗਰੇਜ਼ ਰੈਜੀਡੈਂਟ ਕੋਲ ਹੀ ਸਨ। ੧੮੪੯ ਈ. ਵਿਚ ਰਾਜਾ ਸ਼ੇਰ ਸਿੰਘ ਅਟਾਰੀ ਨੇ ਬਗਾਵਤ ਕਰ ਕੇ, ਅੰਗਰੇਜ਼ਾਂ ਵਿਰੁੱਧ ਦੂਸਰੀ ਐਂਗਲੋ ਸਿੱਖ ਜੰਗ ਗੁਜਰਾਤ ਦੀ ਜਗ੍ਹਾ 'ਤੇ ਕੀਤੀ ਇੱਥੇ ਇਹ ਵਰਣਨਯੋਗ ਹੈ ਕਿ ਸ਼ੇਰ ਸਿੰਘ ਦੇ ਨਾਲ ਹਜ਼ਾਰਾਂ ਉਹੋ ਸਿੱਖ ਮਿਲੇ ਸਨ ਜਿਨ੍ਹਾਂ ਦਾ ਅੰਗਰੇਜ਼ਾਂ ਪ੍ਰਤੀ ਗੁੱਸਾ ਸੀ। ਇਹ ਜੰਗ ਪੰਜਾਬ ਦੇ ਕੇਂਦਰੀ ਖੇਤਰ ਲਾਹੌਰ, ਸ੍ਰੀ ਅੰਮ੍ਰਿਤਸਰ ਤੋਂ ਬਹੁਤ ਦੂਰ ਹੋਈ। ਰਾਜਾ ਸ਼ੇਰ ਸਿੰਘ ਅਟਾਰੀ ਦੀ ਕੋਸ਼ਿਸ਼ ਸੀ ਕਿ ਉਹ ਜੰਗ ਲਾਹੌਰ ਸ੍ਰੀ ਅੰਮ੍ਰਿਤਸਰ ਹੋਵੇ ਪਰ ਅੰਗਰੇਜ਼ਾਂ ਨੇ ਬਾਗੀ ਫੌਜਾਂ ਦੇ ਸਾਰੇ ਰਾਹ ਰੋਕ ਦਿੱਤੇ, ਜੇ ਉਹੋ ਜੰਗ ਕਿਤੇ ਸਿੱਖਾਂ ਦੇ ਕੇਂਦਰੀ ਖੇਤਰ ਵਿਚ ਹੋਈ ਹੁੰਦੀ ਤਾਂ ਜੰਗ ਦੇ ਸਿੱਟੇ ਕੁਝ ਹੋਰ ਹੁੰਦੇ ਅਤੇ ਪੰਜਾਬ ਅਤੇ ਭਾਰਤ ਦਾ ਇਤਿਹਾਸ ਵੀ ਕੁਝ ਹੋਰ ਬਣਦਾ। ਉਸ ਬਗਾਵਤ ਨੇ ਅੰਗਰੇਜ਼ਾਂ ਦਾ ਇੰਨਾ ਨੁਕਸਾਨ ਕੀਤਾ ਸੀ ਅਤੇ ਇੰਨੇ ਅੰਗਰੇਜ਼ ਫੌਜੀ ਮਾਰੇ ਸਨ ਜਿੰਨੇ ਸ਼ਾਇਦ ਪਹਿਲੀ ਐਂਗਲੋ ਸਿੱਖ ਜੰਗ ਵਿਚ ਵੀ ਨਹੀਂ ਸੀ ਹੋਇਆ। ਅੰਗਰੇਜ਼ਾਂ ਨੂੰ ਆਪਣੀ ਜਿੱਤ ਦਾ ਕੋਈ ਭਰੋਸਾ ਨਹੀਂ ਸੀ। ਇਹੋ ਵਜਹ ਸੀ ਉਹਨਾਂ ਨੇ ਆਪਣੇ ਪਹਿਲੇ ਕਮਾਂਡਰ ਇਨ ਚੀਫ਼ ਜਨਰਲ ਰਾਫ ਦੀ ਜਗ੍ਹਾ ਜਨਰਲ ਨੈਪੀਅਰ ਨੂੰ ਬਦਲ ਦਿੱਤਾ ਸੀ ਅਤੇ ਜਨਰਲ ਨੈਪੀਅਰ ਪੰਜਾਬ ਵੱਲ ਚੱਲ ਵੀ ਪਿਆ ਸੀ।

ਪਰ ਇਹਨਾਂ ਦੋਵਾਂ ਜੰਗਾਂ ਵਿਚ ਅਟਾਰੀਵਾਲਾ ਪਰਵਾਰ ਦੀ ਭੂਮਿਕਾ ਬਹੁਤ ਅਹਿਮ ਰਹੀ ਸੀ। ਪਹਿਲੀ ਜੰਗ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਉਸ ਜੰਗ ਦਾ ਨਾਇਕ ਸੀ ਉਸ ਨੇ ਪ੍ਰਣ ਕੀਤਾ ਸੀ ਕਿ ਉਹ ਜੰਗ ਹਾਰ ਕੇ ਅਟਾਰੀ ਵਾਪਿਸ ਨਹੀਂ ਜਾਵੇਗਾ ਅਤੇ ਉਹ ਲੜਦਾ ਹੋਇਆ ਉਸ ਜੰਗ ਵਿਚ ਸ਼ਹੀਦ ਹੋ ਗਿਆ। ਦੂਸਰੀ ਐਂਗਲੋ ਸਿੱਖ ਜੰਗ ਦਾ ਨਾਇਕ ਰਾਜਾ ਸ਼ੇਰ ਸਿੰਘ ਅਟਾਰੀ ਵੀ ਉਸ ਅਟਾਰੀ ਪਰਵਾਰ ਵਿਚੋਂ ਸੀ ਅਤੇ ਉਸ ਜੰਗ ਵਿਚ ਉਸ ਦਾ ਬਜ਼ੁਰਗ ਬਾਪ ਰਾਜਾ ਚਤਰ ਸਿੰਘ ਵੀ ਲੜਿਆ ਸੀ।

੧੮੪੯ ਈ. ਵਿਚ ਪੰਜਾਬ 'ਤੇ ਅੰਗਰੇਜ਼ਾਂ ਨੇ ਪੂਰਾ ਕਬਜ਼ਾ ਕਰ ਕੇ ਆਪਣੇ ਨਵੇਂ ਕਾਨੂੰਨ ਲਾਗੂ ਕੀਤੇ। ਉਹਨਾਂ ਨੇ ਵਿੱਦਿਆ ਪ੍ਰਣਾਲੀ ਬਦਲੀ ਅਤੇ ਪੰਜਾਬ ਵਿਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ। ਉਸ ਸਮੇਂ ਦੇ ਸਿੱਖ ਆਗੂਆਂ ਦੇ ਮਨ ਵਿਚ ਇਸ ਤਰ੍ਹਾਂ ਦੇ ਵਿਚਾਰ ਆਏ ਕਿ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖ ਬੱਚਿਆਂ ਲਈ ਮਿਆਰੀ ਵਿੱਦਿਆ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਤਾਂ ਕਿ ਨਵੇਂ ਬਦਲੇ ਸਮਾਜਿਕ ਢਾਂਚੇ ਵਿਚ ਸਿੱਖ ਬੱਚੇ ਭਾਰਤ ਅਤੇ ਦੁਨੀਆਂ ਭਰ ਵਿਚ ਉੱਚੀਆਂ ਪਦਵੀਆਂ 'ਤੇ ਤਾਇਨਾਤ ਹੋ ਸਕਣ। ਸਿੱਖੀ ਦੇ ਪ੍ਰਚਾਰ ਅਤੇ

**ਆਨਰੇਰੀ ਸਕੱਤਰ, ਐਜੂਕੇਸ਼ਨ ਕਮੇਟੀ, ਚੀਫ਼ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ। ਮੋ: ੭੮੮੯੦੩੯੫੯੬*

ਸਿੱਖਿਆ ਦੇ ਉਦੇਸ਼ ਨਾਲ ਸਿੰਘ ਸਭਾ ਲਹਿਰ ਸ਼ੁਰੂ ਹੋਈ। ਦਿਲਚਸਪ ਗੱਲ ਇਹ ਹੈ ਕਿ ਇਸ ਸਿੰਘ ਸਭਾ ਲਹਿਰ ਅਤੇ ਉਸ ਤੋਂ ਬਾਅਦ ਇਸ ਵਿਚੋਂ ਹੀ ਸਥਾਪਿਤ ਹੋਏ ਚੀਫ਼ ਖ਼ਾਲਸਾ ਦੀਵਾਨ ਵਿਚ ਫਿਰ ਅਟਾਰੀਵਾਲਾ ਪਰਵਾਰ ਮੋਢੀਆਂ ਵਿਚ ਸੀ। ਸ. ਹਰਬੰਸ ਸਿੰਘ ਅਟਾਰੀ, ਸਰਦਾਰ ਸ਼ਾਮ ਸਿੰਘ ਦਾ ਪੋਤਰਾ ਸੀ ਅਤੇ ਉਸ ਨੇ ਸਿੰਘ ਸਭਾ ਲਹਿਰ ਨੂੰ ਮਜ਼ਬੂਤ ਕਰਨ ਅਤੇ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ।

ਅੰਗਰੇਜ਼ਾਂ ਵੱਲੋਂ ਪੰਜਾਬ ਦੇ ਕਬਜ਼ਾ ਕਰਨ ਦਾ ਸਿੱਖ ਕੌਮ ਵਿਚ ਵੱਡਾ ਰੋਸ ਸੀ। ਅੰਗਰੇਜ਼ਾਂ ਆਪਣੀ ਕੂਟਨੀਤੀ ਨਾਲ ਦੇਸ਼ ਵਿੱਚੋਂ ਅਨਪੜ੍ਹਤਾ ਤਾਂ ਦੂਰ ਕਰਨਾ ਚਾਹੁੰਦੇ ਸਨ ਪਰ ਉਹ ਭਾਰਤੀਆਂ ਨੂੰ ਆਪਣੇ ਮੰਤਵਾਂ ਲਈ ਵਰਤਣਾ ਚਾਹੁੰਦੇ ਸਨ। ਉਸ ਵੇਲੇ ਤਕ ਵਿੱਦਿਆ ਸੰਬੰਧੀ ਕੋਈ ਨਿਯਮਤ ਢੰਗ ਦੀ ਪ੍ਰਣਾਲੀ ਨਹੀਂ ਸੀ ਨਾਂ ਹੀ ਕੋਈ ਸਾਂਝਾ ਸਿਲੇਬਸ ਸੀ ਜਿਸ ਨੂੰ ਸਾਰੇ ਪੰਜਾਬ ਵਿਚ ਪੜ੍ਹਿਆ ਜਾਂਦਾ। ਅੰਗਰੇਜ਼ਾਂ ਨੇ ਪਾਦਰੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਹਨਾਂ ਨੇ ਕੁਝ ਈਸਾਈ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਜਿਥੇ ਉਹ ਵਿੱਦਿਆ ਦੇਣ ਦੇ ਨਾਲ ਈਸਾਈ ਧਰਮ ਦਾ ਪ੍ਰਚਾਰ ਵੀ ਕਰਦੇ ਸੀ। ਸਿੱਖਿਆ ਫੈਲਾਉਣ ਲਈ ਅੰਗਰੇਜ਼ ਸਰਕਾਰ ਨੇ ਹੰਟਰ ਕਮੇਟੀ ਦਾ ਗਠਨ ਕੀਤਾ। ਹੰਟਰ ਕਮੇਟੀ ਨੇ ਇਹ ਰਿਪੋਰਟ ਦਿੱਤੀ ਕਿ ਵਧ ਰਹੀਆਂ ਵਿੱਦਿਅਕ ਲੋੜਾਂ ਨੂੰ ਪੂਰਾ ਕਰਨ ਲਈ ਹਿੰਦ-ਵਾਸੀਆਂ ਵੱਲੋਂ ਆਪੋ ਆਪਣੀਆਂ ਵਿੱਦਿਅਕ ਸੰਸਥਾਵਾਂ ਬਣਾਉਣਾ ਹੀ ਸਭ ਤਰੀਕਿਆਂ ਨਾਲੋਂ ਮਹੱਤਵਪੂਰਨ ਸਾਧਨ ਹੈ। ਪਰ ਵਿੱਦਿਆ ਦੇ ਵਧਣ ਦੀ ਇਸ ਇਜਾਜ਼ਤ ਦੇ ਨਾਲ ਉਹਨਾਂ ਨੇ ਬੜੇ ਢੰਗ ਨਾਲ ਇਨ੍ਹਾਂ ਸਕੂਲਾਂ ਵਿਚ ਪੜ੍ਹਾਇਆ ਜਾਣ ਵਾਲਾ ਸਿਲੇਬਸ ਅਤੇ ਵਿੱਦਿਆ ਦਾ ਨਿਰੀਖਣ ਕਰਨ ਦਾ ਅਧਿਕਾਰ ਸਰਕਾਰ ਨੇ ਆਪਣੇ ਕੋਲ ਰੱਖਿਆ।

ਅਸਲ ਵਿਚ ਉਸ ਵਕਤ ਸਿੱਖ ਕੌਮ ਦਾ ਭਵਿੱਖ ਬਹੁਤ ਧੁੰਦਲਾ ਸੀ। ੧੮੪੯ ਵਿਚ ਉਹਨਾਂ ਕੋਲੋਂ ਸਿੱਖ ਰਾਜ ਖੁੱਸਿਆ ਸੀ, ਅੰਗਰੇਜ਼, ਸਿੱਖਾਂ ਦੇ ਨਾ ਸਿਰਫ ਸਮਾਜਿਕ ਸਗੋਂ ਧਾਰਮਿਕ ਕੰਮਾਂ ਵਿਚ ਵੀ ਦਖ਼ਲ ਦੇ ਰਹੇ ਸਨ। ਸਿੱਖ ਆਪਣੇ ਮੂਲ ਕੇਂਦਰ ਤੋਂ ਟੁਟ ਰਹੇ ਸਨ ਅਤੇ ਉਹਨਾਂ ਦਾ ਵਿਸ਼ਵਾਸ ਕਮਜ਼ੋਰ ਹੋ ਰਿਹਾ ਸੀ। ਈਸਾਈ ਧਰਮ ਦੇ ਪ੍ਰਚਾਰ ਨਾਲ ਜਿਥੇ ਪਛੜੇ ਵਰਗਾਂ ਦੇ ਲੋਕ ਈਸਾਈ ਧਰਮ ਵਲ ਆਕ੍ਰਸ਼ਿਤ ਸਨ, ਉੱਥੇ ਉੱਚੀਆਂ ਜਾਤੀਆਂ ਦੇ ਵਰਗਾਂ 'ਤੇ ਵੀ ਇਸ ਦਾ ਪ੍ਰਭਾਵ ਸੀ। ਉਸ ਸਮੇਂ ਵਿਚ ਚਾਰ ਸਿੱਖ ਘਰਾਣਿਆਂ ਦੇ ਬੱਚਿਆਂ ਨੇ ਲਾਹੌਰ ਦੇ ਇਕ ਕਾਲਜ ਵਿਚ ਦਾਖ਼ਲਾ ਲੈਣਾ ਸੀ। ਉਹ ਦਾਖ਼ਲਾ ਲੈਣ ਦੇ ਯੋਗ ਵੀ ਸਨ ਪਰ ਪ੍ਰਬੰਧਕਾਂ ਨੇ ਉਹਨਾਂ ਬੱਚਿਆਂ ਦੇ ਦਾਖ਼ਲਾ ਲੈਣ ਲਈ ਉਹਨਾਂ ਦੇ ਕੇਸ ਕਟਵਾਉਣ ਦੀ ਸ਼ਰਤ ਲਾ ਦਿੱਤੀ ਜਿਸ ਕਰਕੇ ਉਹਨਾਂ ਨੇ ਮਜਬੂਰੀ ਵਿਚ ਇਹ ਫੈਸਲਾ ਵੀ ਲੈ ਲਿਆ। ਪਰ ਉਸ ਵਕਤ ਜਿਹੜੀ ਸਿੰਘ ਸਭਾ ਅੰਮ੍ਰਿਤਸਰ ਸਥਾਪਿਤ ਹੋਈ ਸੀ ਉਹਨਾਂ ਨੇ ਇਸ ਸੰਬੰਧੀ ਸਖਤ ਨੋਟਿਸ ਲਿਆ। ਉਹਨਾਂ ਚਾਰ ਬੱਚਿਆਂ ਦੇ ਨਾਮ ਸਨ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ।

ਸ. ਠਾਕਰ ਸਿੰਘ ਸੰਧਾਵਾਲੀਆ ਨੂੰ ਸ੍ਰੀ ਗੁਰੂ ਸਿੰਘ ਸਭਾ ਦਾ ਪਹਿਲਾ ਪ੍ਰਧਾਨ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਬਣਾਇਆ ਗਿਆ। ਦੂਸਰੀ ਤਰਫ ੧੮੭੯ ਈ. ਵਿਚ ਇਕ ਸਿੰਘ ਸਭਾ ਲਾਹੌਰ ਵਿਚ ਬਣਾਈ ਗਈ ਜਿਸ ਦੀ ਅਗਵਾਈ ਸ. ਗੁਰਮੁਖ ਸਿੰਘ ਕਰ ਰਹੇ ਸਨ।

ਇਨ੍ਹਾਂ ਦੋਵਾਂ ਸਿੰਘ ਸਭਾਵਾਂ ਦਾ ਮੁੱਖ ਉਦੇਸ਼ ਭਾਵੇਂ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖਿਆ

ਦਾ ਵਿਸਥਾਰ ਕਰਨਾ ਸੀ ਪਰ ਇਸ ਦੇ ਅਧੀਨ ਇਨ੍ਹਾਂ ਨੇ ਕੁਝ ਉਦੇਸ਼ਾਂ ਨੂੰ ਚੁਣਿਆ ਸੀ। ੧੮੮੦ ਈ. ਵਿਚ ਦੋਵਾਂ ਸਿੰਘ ਸਭਾਵਾਂ ਦੇ ਆਗੂਆਂ ਨੇ ਇਹ ਵਿਚਾਰ ਕੀਤੀ ਅਤੇ ਜਦੋਂ ਦੋਵਾਂ ਹੀ ਸਿੰਘ ਸਭਾਵਾਂ ਦੇ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖਿਆ ਦਾ ਵਿਸਥਾਰ ਕਰਨਾ ਹੈ ਤਾਂ ਇਨ੍ਹਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਲਈ ੧੮੮੦ ਈ. ਵਿਚ ਹੀ ਇੰਨਾਂ ਦੋਵਾਂ ਸਭਾਵਾਂ ਨੇ ਮਿਲ ਕੇ ਇਸ ਦੀ ਜਨਰਲ ਸਭਾ ਦੇ ਅਧੀਨ ਆਪਣੀ ਇਕ ਮੀਟਿੰਗ ਕੀਤੀ ਜਿਸ ਨੇ ਇਸ ਦੀ ਰੂਪ-ਰੇਖਾ ਤੇ ਨਿਯਮ ਅਤੇ ਉਪ-ਨਿਯਮ ਬਣਾਉਣ ਤੇ ਵਿਚਾਰ ਕੀਤੀ।

੧੮੮੩ ਈ. ਵਿਚ ਇਸ ਸਭਾ ਦਾ ਨਾ ਖਾਲਸਾ ਦੀਵਾਨ ਰੱਖਿਆ। ੧੮੮੬ ਈ. ਤਕ ਇਸ ਨੇ ਮਿਲ ਕੇ ਸ੍ਰੀ ਅੰਮ੍ਰਿਤਸਰ ਵਿਚ ਇਕ ਹਸਪਤਾਲ ਖੋਲ੍ਹਿਆ ਅਤੇ ਇਸ ਦੇ ਨਾਲ ਹੀ ਕੁਝ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਜਿਸ ਤਹਿਤ ਸ੍ਰੀ ਅੰਮ੍ਰਿਤਸਰ, ਸਿਆਲਕੋਟ ਅਤੇ ਲਾਹੌਰ ਵਿਚ ਸਕੂਲ ਖੋਲ੍ਹੇ। ਉਸ ਤੋਂ ਬਾਅਦ ਹੋਰ ਸ਼ਹਿਰਾਂ ਜਿਵੇਂ ਰਾਵਲਪਿੰਡੀ, ਫਿਰੋਜਪੁਰ, ਸ਼ਿਮਲਾ, ਜਲੰਧਰ, ਲੁਧਿਆਣਾ, ਕਪੂਰਥਲਾ, ਫਰੀਦਕੋਟ ਅਤੇ ਹੋਰ ਸ਼ਹਿਰਾਂ ਵਿਚ ਸਕੂਲ ਖੋਲ੍ਹੇ।

ਹੁਣ ਖਾਲਸਾ ਦੀਵਾਨ ਨੇ ਇਹ ਵਿਚਾਰ ਕੀਤੀ ਕਿ ਸਿੱਖ ਬੱਚਿਆਂ ਨੂੰ ਸਮੇਂ ਦੇ ਅਨੁਸਾਰ ਉਚੇਰੀ ਵਿੱਦਿਆ ਪ੍ਰਾਪਤ ਕਰਨੀ ਚਾਹੀਦੀ ਹੈ ਜਿਸ ਤੋਂ ਬਗੈਰ ਉਹ ਦੇਸ਼ ਅਤੇ ਵਿਦੇਸ਼ ਵਿਚ ਅੱਗੇ ਨਹੀਂ ਵਧ ਸਕਦੇ। ਇਸ ਲਈ ੧੮੮੩ ਈ. ਵਿਚ ਹੀ ਖ਼ਾਲਸਾ ਦੀਵਾਨ ਨੇ ਖ਼ਾਲਸਾ ਕਾਲਜ ਖੋਲ੍ਹਣ ਦੀ ਸਰਕਾਰ ਨੂੰ ਬੇਨਤੀ ਕੀਤੀ ਪਰ ੧੮੮੬ ਈ. ਵਿਚ ਖ਼ਾਲਸਾ ਦੀਵਾਨ ਵਿਚ ਮਤਭੇਦ ਹੋ ਗਏ ਅਤੇ ਖ਼ਾਲਸਾ ਦੀਵਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਪਰ ਦੋਵੇ ਹੀ ਦੀਵਾਨ ਖ਼ਾਲਸਾ ਕਾਲਜ ਖੋਲ੍ਹਣ ਦੀ ਮੰਗ ਤੇ ਪੱਕੇ ਰਹੇ ਜਿਸ ਨੂੰ ਸਰਕਾਰ ਨੇ ਪ੍ਰਵਾਨ ਵੀ ਕਰ ਲਿਆ ਅਤੇ ਉਸ ਵਕਤ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ ਲਾਇਲ ਨੇ ੫ ਮਾਰਚ, ੧੮੯੨ ਈ. ਨੂੰ ਸ੍ਰੀ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੀ ਨੀਂਹ ਰੱਖੀ।

ਇਸ ਤੋਂ ਪਹਿਲਾਂ ਦੋਵਾਂ ਦੀਵਾਨਾਂ ਨੇ ਮਤਭੇਦ ਖਤਮ ਕਰ ਕੇ ੩੦ ਅਕਤੂਬਰ, ੧੯੦੨ ਈ. ਨੂੰ ਇਕ ਨਵੀਂ ਸੰਸਥਾ ਬਣਾਈ ਜਿਸ ਦਾ ਨਾਮ ਚੀਫ਼ ਖ਼ਾਲਸਾ ਦੀਵਾਨ ਰੱਖਿਆ ਅਤੇ ਇਸ ਸੰਸਥਾ ਨੇ ਪਹਿਲਾਂ ਤੋਂ ਨਿਰਧਾਰਤ ਹੋਏ ਉਦੇਸ਼ਾਂ ਦੀ ਪ੍ਰਾਪਤੀ ਲਈ ਆਪਣਾ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ ਇਨ੍ਹਾਂ ਨਵੇਂ ਮੋਢੀਆਂ ਵਿਚ ਪੰਜ ਨਾਂ ਬਹੁਤ ਮਹੱਤਵਪੂਰਨ ਹਨ, ਉਹ ਸਨ—ਪੰਥ ਰਤਨ ਭਾਈ ਅਰਜਨ ਸਿੰਘ ਜੀ ਬਾਗੜੀਆਂ, ਭਾਈ ਵੀਰ ਸਿੰਘ ਜੀ, ਸ. ਸੁੰਦਰ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ ਅਤੇ ਸ. ਸ਼ਾਮ ਸਿੰਘ ਅਟਾਰੀ ਦੇ ਪਰਵਾਰ ਦੇ ਸ. ਹਰਬੰਸ ਸਿੰਘ ਅਟਾਰੀ। ਇਸ ਕਮੇਟੀ ਨੇ ਚੀਫ਼ ਖ਼ਾਲਸਾ ਦੀਵਾਨ ਦੇ ਨਿਯਮ ਅਤੇ ਉਪ-ਨਿਯਮ ਬਣਾਏ ਅਤੇ ਤੇਜ਼ੀ ਨਾਲ ਸਿੱਖਿਆ ਦੇ ਪ੍ਰਸਾਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ੧੯੦੪ ਈ. ਵਿਚ ਸ੍ਰੀ ਅੰਮ੍ਰਿਤਸਰ ਵਿਚ ਸੈਂਟਰਲ ਖ਼ਾਲਸਾ ਯਤੀਮਖਾਨਾ ਬਣਾਇਆ ਗਿਆ ਜਿਸ ਵਿਚ ਲੋੜਵੰਦ ਬੱਚਿਆਂ ਦੀ ਵਿੱਦਿਆ ਅਤੇ ਰਿਹਾਇਸ਼ ਤੋਂ ਇਲਾਵਾ ਉਹਨਾਂ ਨੂੰ ਪੇਸ਼ੇਵਾਰ ਸਿੱਖਿਆ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ। ਭਾਈ ਵੀਰ ਸਿੰਘ ਦੀਆਂ ਲਿਖਤਾਂ, ਖ਼ਾਲਸਾ ਸਮਾਚਾਰ ਅਤੇ ਟ੍ਰੈਕਟ ਛਾਪਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਿਚ ਵੱਡਾ ਵਾਧਾ ਹੋਇਆ।

ਸੰਨ ੧੯੦੦ ਤੋਂ ਬਾਅਦ ਮੁਸਲਿਮ ਸਮਾਜ ਵਿੱਦਿਆ ਦੇ ਖੇਤਰ ਵਿਚ ਬਹੁਤ ਅੱਗੇ ਵਧ ਰਿਹਾ ਸੀ। ਦਸੰਬਰ ੧੯੦੭ ਵਿਚ ਸਰ ਸੱਯਦ ਅਹਿਮਦ ਦੀ ਅਗਵਾਈ ਅਧੀਨ ਇਕ

ਮੁਸਲਿਮ ਐਜੂਕੇਸ਼ਨਲ ਕਾਨਫ਼੍ਰੰਸ ਕਰਾਚੀ ਵਿਚ ਹੋ ਰਹੀ ਸੀ। ਉਹਨਾਂ ਦਿਨਾਂ ਵਿਚ ਸ. ਹਰਬੰਸ ਸਿੰਘ ਅਟਾਰੀ ਅਤੇ ਸ. ਸੁੰਦਰ ਸਿੰਘ ਮਜੀਠੀਆ ਕਰਾਚੀ ਧਰਮ ਪ੍ਰਚਾਰ ਦੀ ਖਾਤਰ ਗਏ ਹੋਏ ਸਨ। ਉਹਨਾਂ ਨੇ ਵੀ ਉਸ ਕਾਨਫ਼੍ਰੰਸ ਵਿਚ ਹਿੱਸਾ ਲਿਆ ਅਤੇ ਉਹਨਾਂ ਦੀ ਕਾਰਗੁਜ਼ਾਰੀ ਵੇਖ ਕੇ ਉਹ ਉਸ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ੧੯੦੮ ਈ. ਵਿਚ ਗੁਜਰਾਂਵਾਲਾ ਵਿਖੇ ਪਹਿਲੀ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਕਰਨ ਦਾ ਫੈਸਲਾ ਕੀਤਾ ਅਤੇ ਬੜੀ ਸਫ਼ਲਤਾ ਨਾਲ ਉਸ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਦੇ ਅਧੀਨ ਆਯੋਜਿਤ ਕੀਤਾ ਜਿਸ ਵਿਚ ਸਿੱਖ ਕੌਮ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਅਤੇ ਖਾਸ ਤੌਰ ਤੇ ਵਿੱਦਿਆ ਦੇ ਵਿਸਥਾਰ ਸੰਬੰਧੀ ਵਿਚਾਰਾਂ ਹੋਈਆਂ। ਇਸ ਕਾਨਫ਼ਰੰਸ ਵਿਚ ਨਵੀਆਂ ਵਿੱਦਿਅਕ ਸੰਸਥਾਵਾਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਪਹਿਲਾਂ ਹੀ ੯ ਸੰਸਥਾਵਾਂ ਚਲਦੀਆਂ ਸਨ। ਇਸ ਐਜੂਕੇਸ਼ਨਲ ਕਾਨਫ਼ਰੰਸ ਨੇ ਵਿੱਦਿਆ ਦੇ ਖੇਤਰ ਨੂੰ ਵਧਾਉਣ ਲਈ ਇਕ ਰੂਪ-ਰੇਖਾ ਤਿਆਰ ਕੀਤੀ।

ਦੇਸ਼ ਦੀ ਵੰਡ ਤਕ ੩੩ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਆਯੋਜਿਤ ਕੀਤੀਆਂ ਗਈਆਂ। ੧੯੪੭ ਈ. ਤਕ ਚੀਫ਼ ਖ਼ਾਲਸਾ ਦੀਵਾਨ ਨੇ ਕੋਈ ੬੦੦ ਵਿੱਦਿਅਕ ਸੰਸਥਾਵਾਂ ਖੋਲ੍ਹ ਦਿੱਤੀਆਂ ਸਨ। ਸਿੰਘ ਸਭਾ ਨੇ ਜਿਹੜੇ ਉਦੇਸ਼ ਉਲੀਕੇ ਸਨ ਉਹਨਾਂ ਦੀਆਂ ਪ੍ਰਾਪਤੀਆਂ ਚੀਫ਼ ਖਾਲਸਾ ਦੀਵਾਨ ਵੱਲੋਂ ਕੀਤੀਆਂ ਜਾ ਰਹੀਆਂ ਸਨ। ਉਹਨਾਂ ਪ੍ਰਾਪਤੀਆਂ ਵਿਚ ਰੇਲਵੇ ਸਟੇਸ਼ਨਾਂ ਤੇ ਬੱਸ ਸਟੇਸ਼ਨਾਂ ਦੇ ਨਾਮ ਅਤੇ ਟਿਕਟਾਂ ਤੇ ਪੰਜਾਬੀ ਵਿਚ ਲਿਖਵਾਉਣਾਂ, ਸਰਕਾਰੀ ਸਕੂਲਾਂ ਵਿਚ ਪੜ੍ਹਾਈ ਨੂੰ ਪੰਜਾਬੀ ਲਿਪੀ ਵਿਚ ਕਰਵਾਉਣਾ ਸਿੱਖ ਸਕੂਲਾਂ ਵਿਚ ਅੰਮ੍ਰਿਤ ਪ੍ਰਚਾਰ ਕਰਨਾ, ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਰੀਸਰਚ ਵਿਭਾਗ ਖੋਲਣਾ, ਛੋਟੀ ਉਮਰ ਦੇ ਵਿਆਹਾਂ ਤੇ ਰੋਕ, ਵਿਧਵਾ ਵਿਆਹ ਸਬੰਧੀ ਚੇਤਨਾ ਕਿਸਾਨਾਂ ਨੂੰ ਅਗਵਾਈ ਦੇਣ ਲਈ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਖੇਤੀਬਾੜੀ ਕਾਲਜ ਖੋਲਣਾ ਆਦਿ ਸਨ।

ਸਿੰਘ ਸਭਾ ਲਹਿਰ ਨੇ ਪਿੰਡਾਂ ਵਿਚ ਧਰਮ ਪ੍ਰਚਾਰ ਲਈ ਅਗਵਾਈ ਕੀਤੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਧਾਰਮਿਕ ਸਥਾਨਾਂ ਨੂੰ ਮਹੰਤਾਂ ਦੇ ਕਬਜ਼ਿਆਂ ਤੋਂ ਮੁਕਤ ਕਰਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਿਸ ਲਈ ਵੱਡੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਇਸ ਨੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਕਈ ਮੋਰਚੇ ਲਾਏ ਜਿਨ੍ਹਾਂ ਵਿਚ ਮੁੱਖ ਹਨ— ਚਾਬੀਆਂ ਦਾ ਮੋਰਚਾ, ਗੁਰੂ ਕਾ ਬਾਗ ਮੋਰਚਾ, ਜੈਤੋ ਦਾ ਮੋਰਚਾ ਆਦਿ।

ਸੰਖੇਪ ਵਿਚ ਸਿੱਖ ਰਾਜ ਦੇ ਜਾਣ ਤੋਂ ਬਾਅਦ ਸਿੰਘ ਸਭਾ ਲਹਿਰ ਦੇ ਵਿੱਦਿਆ ਦੇ ਖੇਤਰ, ਧਾਰਮਿਕ ਸੁਧਾਰ, ਗੁਰਮੁਖੀ ਲਿਪੀ ਵਿਚ ਵਿੱਦਿਆ, ਸਿਹਤ ਦੇ ਖੇਤਰ, ਵਾਤਾਵਰਣ, ਖੇਡਾਂ, ਗਰੀਬ ਬੱਚਿਆਂ ਦੀ ਸਹੂਲਤ, ਉਚੇਰੀ ਵਿੱਦਿਆ ਲਈ ਮਾਲੀ ਮਦਦ ਅਤੇ ਸਿੱਖ ਬੱਚਿਆਂ ਨੂੰ ਅੰਤਰਰਾਸ਼ਟਰੀ ਮੁਕਾਬਲੇ ਦੇ ਯੋਗ ਬਣਨ ਲਈ ਬਹੁਤ ਸ਼ਲਾਘਾ ਯੋਗ ਕੰਮ ਕੀਤੇ ਹਨ। ■

# ਸਿੰਘ ਸਭਾ ਲਹਿਰ ਦਾ ਯੋਗਦਾਨ

*-ਡਾ. ਪਰਮਵੀਰ ਸਿੰਘ**

ਸਿੰਘ ਸਭਾਵਾਂ ਦੀ ਸਿੱਖਾਂ ਦੇ ਮਨਾਂ ਵਿਚ ਪੈਦਾ ਹੋਈ ਸਥਾਪਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿੱਖਾਂ ਵਿਚ ਸੁਧਾਰ ਲਿਆਉਣ ਲਈ ਆਮ ਲੋਕ ਇਨ੍ਹਾਂ ਤੋਂ ਬਹੁਤ ਆਸਵੰਦ ਹੋ ਗਏ ਸਨ। ਗੁਰੂ ਆਸ਼ੇ ਦੀ ਚੜ੍ਹਦੀ ਕਲਾ ਅਤੇ ਪੰਥਕ ਭਾਵਨਾ ਅਧੀਨ ਸਿੰਘ ਸਭਾਵਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਹੋਰ ਵਧੇਰੇ ਸੁਚਾਰੂ ਰੂਪ ਪ੍ਰਦਾਨ ਕਰਨ ਲਈ ਉਹ ਨਿਰੰਤਰ ਸੁਝਾਅ ਦੇਣ ਲੱਗੇ ਸਨ ਜਿਵੇਂ :

**੧.** ਜਗ੍ਹਾ-ਜਗ੍ਹਾ ਨਗਰਾਂ ਵਿਚ ਸਿੰਘ ਸਭਾ ਕਾਇਮ ਕੀਤੀਆਂ ਜਾਨ।

**੨.** ਸਿੰਘ ਸਭਾ ਦੇ ਹਰ ਇਕ ਸਹਾਇਕ ਧਰਮ ਵਿਚ ਪੱਕੇ ਅਤੇ ਸ਼ਿਸ਼ਟਾਚਾਰੀ ਹੋਵਨ ਅਤੇ ਧਰਮ ਦਾ ਕੰਮ ਕਰਨਾ ਅਪਨਾ ਕਰਤਵ ਸਮਝਣ।

**੩.** ਸੱਚੇ ਧਾਰਮਕ ਉਪਦੇਸ਼ਕ ਨਗਰਾਂ ਵਿਚ ਗੁਰਬਾਣੀ ਦਾ ਪ੍ਰਚਾਰ ਕਰਨ ਅਤੇ ਨਗਰਾਂ ਵਿਚ ਅੰਮ੍ਰਿਤ ਦਾ ਪ੍ਰਚਾਰ ਹੋਵੇ।

**੪.** ਸਾਰੇ ਗੁਰੂ-ਘਰ ਦੇ ਸਾਧੂ ਬਿਹੰਗਮ ਨਿਹੰਗ ਸਿੰਘ ਅਤੇ ਗੁਰੰਸ (ਗੁਰੂ-ਅੰਸ਼) ਦੇ ਸਾਹਿਬਜ਼ਾਦੇ ਅਪਨੇ ਗੁਰੂ ਅਤੇ ਪਿਤਾ ਪਿਤਾਮਾ ਦੇ ਧਰਮ ਸੰਸਾਰ ਪਰ ਫੈਲਾਉਣਾ ਅਪਨਾ ਮੁਖ੍ਯ ਧਰਮ ਸਮਝਣ।

**੫.** ਹਰ ਇਕ ਪੁਰਖ ਜੋ ਅਪਨੇ ਤਾਈਂ ਪੰਥ ਦੀ ਸੇਵਾ ਕਰਨ ਵਾਲਾ ਦੱਸਦਾ ਹੈ ਸੋ ਮਾਨ ਵਡਾਈ ਈਰਖਾ ਮਤਸਰ ਛੱਡ ਕੇ ਸੱਚੇ ਉਪਦੇਸ਼ ਕਰੇ ਅਰ ਨਿਰਭੈ ਰਹੇ।

**੬.** ਜੋ ਪੰਥ ਦਾ ਲੀਡਰ ਕਹਾ ਕੇ ਅਨਮਤੀ ਗੁਲਾਮੀ ਕਰੇ ਅਤੇ ਗੁਰਮਤ ਵਿਰੁੱਧ ਸਿੱਖ੍ਯਾ ਦੇਵੇ ਉਸਦਾ ਤ੍ਰਿਸਕਾਰ ਕੀਤਾ ਜਾਏ।

**੭.** ਹਰ ਇਕ ਜਗ੍ਹਾ ਪਰ ਗੁਰ ਰੀਤੀ ਦਾ ਪ੍ਰਚਾਰ ਅਤੇ ਅਨਮਤੀ ਮਰਯਾਦਾ ਤੇ ਇਨਕਾਰ ਹੋਣ ਲੱਗ ਜਾਏ।

**੮.** ਹਰ ਇਕ ਸਭਾ ਇਕ ਉਪਦੇਸ਼ਕ ਰੱਖੇ ਜੋ ਉਸ ਦੇ ਜ਼ਿਲੇ ਵਿਚ ਫਿਰੇ।

੯. ਪੰਜਾਬ ਦੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਯਤਨ ਹੋਵੇ ਅਰ ਹਰ ਇਕ ਸਿੱਖ ਦਾ ਪੁੱਤਰ ਮਿਡਲ ਅਤੇ ਐਂਟਰੰਸ ਵਿਚ ਪੰਜਾਬੀ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ।

**੧੦.** ਖਾਲਸਾ ਪੰਥ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਪ੍ਰਤਿਸ਼ਟਤ ਸਿੰਘਾਂ ਦਾ ਇਕ ਝੁੰਡ ਹੋਵੇ ਜੋ ਪੰਥ ਅਤੇ ਗਵਰਨਮਿੰਟ ਦੇ ਵਿਚਕਾਰ ਪਰਸਪਰ ਪ੍ਰੇਮ ਅਤੇ ਰਾਜ ਭਗਤੀ ਦਾ ਵਰਧਕ ਹੋਵੇ।

**੧੧.** ਨਗਰਾਂ ਦੀਆਂ ਧਰਮਸ਼ਾਲਾਂ ਵਿਚ ਭਾਈ ਧਰਮਾਤਮਾਂ ਹੋਨ ਜੋ ਦੋ ਵੇਲੇ ਸ੍ਰੀ

** ਸਿੱਖ ਵਿਸ਼ਵਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ: ੯੮੭੨੦-੭੪੩੨੨*

ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਨਿੱਤਨੇਮ ਦਾ ਪ੍ਰਚਾਰ ਕਰਨ ਅਤੇ ਨਗਰਾਂ ਦੇ ਲੋਗ ਪਹਿਲੇ ਪਹਿਲ ਅਪਨੇ ਬੱਚੇ ਨੂੰ ਧਰਮਸਾਲਾ ਵਿਚ ਗੁਰਮੁਖੀ ਪੜ੍ਹਨ ਲਈ ਭੇਜਨ।[੧]

ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਨੇ ਸਿੱਖਾਂ ਦੀਆਂ ਸਦਾਚਾਰਕ ਕਦਰਾਂ-ਕੀਮਤਾਂ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ੧੧ ਅਪ੍ਰੈਲ, ੧੮੮੦ ਨੂੰ ਇਨ੍ਹਾਂ ਦੋਵੇਂ ਸਭਾਵਾਂ ਨੇ ਇਕ ਪਲੇਟਫਾਰਮ 'ਤੇ ਇਕੱਤਰ ਹੋ ਕੇ ਇਕ ਨਵਾਂ ਨਾਂ 'ਸ੍ਰੀ ਗੁਰੂ ਸਿੰਘ ਸਭਾ ਜਨਰਲ' ਰੱਖ ਲਿਆ ਸੀ ਪਰ ਤਿੰਨ ਸਾਲ ਬਾਅਦ ਇਹ ਨਾਂ ਬਦਲ ਕੇ 'ਖ਼ਾਲਸਾ ਦੀਵਾਨ' ਰੱਖਿਆ ਗਿਆ ਜਿਸ ਨਾਲ ਸ਼ੁਰੂ ਵਿਚ ੩੬ ਸਿੰਘ ਸਭਾਵਾਂ ਜੁੜੀਆਂ ਦੱਸੀਆਂ ਜਾਂਦੀਆਂ ਹਨ। ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਅਤੇ ਫ਼ਰੀਦਕੋਟ ਦਾ ਮਹਾਰਾਜਾ ਬਿਕਰਮ ਸਿੰਘ ਇਸ ਦੇ ਸਰਪ੍ਰਸਤ ਸਨ। ਬਾਬਾ ਖੇਮ ਸਿੰਘ ਬੇਦੀ ਇਸ ਦੇ ਪ੍ਰਧਾਨ ਅਤੇ ਭਾਈ ਗੁਰਮੁਖ ਸਿੰਘ ਮੁੱਖ ਸਕੱਤਰ ਸਨ। ਕੁਝ ਸਮੇਂ ਪਿੱਛੋਂ ਦੋ ਧਰਮ ਸਕੱਤਰ, ਦੋ ਪ੍ਰੈਸ ਸਕੱਤਰ, ਦੋ ਵਿੱਦਿਆ ਸਕੱਤਰ, ਦੋ ਖ਼ਜ਼ਾਨਚੀ, ਦੋ ਰਿਆਸਤਾਂ ਨਾਲ ਲਿਖਤ ਪੜ੍ਹਤ ਕਰਨ ਵਾਲੇ ਅਤੇ ਦੋ ਚੀਫ਼ ਸਕੱਤਰ ਹੋਰ ਇਸ ਵਿਚ ਸ਼ਾਮਲ ਕੀਤੇ ਗਏ। ਦੋਵੇਂ ਸਭਾਵਾਂ ਵਿੱਚੋਂ ਇਕ-ਇਕ ਜ਼ਿੰਮੇਵਾਰ ਲਿਆ ਗਿਆ ਸੀ।[੨] ਇਕ ਸਾਲ ਸਭ ਕੁਝ ਠੀਕ ਚੱਲਦਾ ਰਿਹਾ ਪਰ ਅਗਲੇ ਸਾਲ ਅਪ੍ਰੈਲ ੧੮੮੪ ਵਿਚ ਹੋਈ ਮੀਟਿੰਗ ਦੌਰਾਨ ਦੋਵੇਂ ਸਭਾਵਾਂ ਵਿਚ ਤਿੱਖੇ ਮੱਤਭੇਦ ਸਾਹਮਣੇ ਆ ਗਏ ਸਨ ਜਿਨ੍ਹਾਂ ਦੇ ਪ੍ਰਮੁੱਖ ਕਾਰਨ ਇਹ ਦੱਸੇ ਜਾਂਦੇ ਹਨ:

**੧.** ਸਿੰਘ ਸਭਾ, ਲਾਹੌਰ ਨੂੰ ਬਾਬਾ ਖੇਮ ਸਿੰਘ ਬੇਦੀ 'ਤੇ ਇਹ ਇਤਰਾਜ਼ ਸੀ ਕਿ ਇਕ ਤਾਂ ਉਹ ਸੰਗਤ ਵਿਚ ਗਦੈਲਾ ਲਗਾ ਕੇ ਬੈਠਦਾ ਹੈ ਅਤੇ ਦੂਜਾ ਉਸ ਨੇ ਸਹਿਜਧਾਰੀਆਂ ਨੂੰ ਨਾਲ ਜੋੜਨ ਲਈ ਆਪਣੀ ਰਾਵਲਪਿੰਡੀ 'ਸਿੰਘ ਸਭਾ' ਦਾ ਨਾਂ ਬਦਲ ਕੇ 'ਸਿੱਖ ਸਿੰਘ ਸਭਾ' ਰੱਖ ਲਿਆ ਹੈ। ਅਜਿਹੇ ਬਹੁਤ ਹੋਰ ਕਈ ਮੱਤਭੇਦ ਉੱਭਰ ਕੇ ਸਾਹਮਣੇ ਆਉਣ ਲੱਗੇ ਜਿਨ੍ਹਾਂ ਨੇ ਦੋਵੇਂ ਦੀਵਾਨਾਂ ਨੂੰ ਇਕ ਦੂਜੇ ਤੋਂ ਦੂਰ ਕਰ ਦਿੱਤਾ ਸੀ।

**੨.** ਖ਼ਾਲਸਾ ਦੀਵਾਨ ਦੇ ਸਰਪ੍ਰਸਤ ਮਹਾਰਾਜਾ ਬਿਕਰਮ ਸਿੰਘ ਦੇ ਇਕ ਮੁਲਾਜ਼ਮ ਬਾਵਾ ਨਿਹਾਲ ਸਿੰਘ ਨੇ ਖ਼ੁਰਸ਼ੀਦ ਖ਼ਾਲਸਾ ਸਿਰਲੇਖ ਅਧੀਨ ੧੮੮੫ ਈ. ਵਿਚ ਇਕ ਕਿਤਾਬ ਲਿਖੀ ਜਿਸ ਵਿਚ ਅੰਗਰੇਜ਼ਾਂ ਵੱਲੋਂ ਜਲਾਵਤਨ ਕੀਤੇ ਗਏ ਮਹਾਰਾਜਾ ਦਲੀਪ ਸਿੰਘ ਦੀ ਪ੍ਰਸੰਸਾ ਕੀਤੀ ਗਈ ਸੀ ਜਿਸ ਨੇ ਸਿੰਘ ਸਭਾ, ਲਾਹੌਰ ਦੇ ਮਨ ਵਿਚ ਵਿਰੋਧ ਦੀ ਭਾਵਨਾ ਪ੍ਰਗਟ ਕਰ ਦਿੱਤੀ ਸੀ। ਇਹ ਗੱਲ ਅੰਗਰੇਜ਼ ਸਰਕਾਰ ਤਕ ਵੀ ਪੁੱਜ ਗਈ ਸੀ ਅਤੇ ਸਿੰਘ ਸਭਾ, ਲਾਹੌਰ ਕਿਸੇ ਵੀ ਹਾਲਤ ਵਿਚ ਅੰਗਰੇਜ਼ਾਂ ਦੀ ਮੁਖ਼ਾਲਫ਼ਤ ਨਹੀਂ ਚਾਹੁੰਦੀਆਂ ਸਨ। ਸਿੰਘ ਸਭਾ, ਲਾਹੌਰ ਨਾਲ ਸੰਬੰਧਿਤ ਸ਼ਖ਼ਸੀਅਤਾਂ ਦੇ ਮਨ ਵਿਚ ਗੁੱਸਾ ਉਸ ਵੇਲੇ ਹੋਰ ਵਧੇਰੇ ਭੜਕ ਗਿਆ ਜਦੋਂ ਇਸੇ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਹਾਰਾਜਾ ਦਲੀਪ ਸਿੰਘ ਦੀ ਤਸਵੀਰ ਰੱਖ ਦਿੱਤੀ ਗਈ ਸੀ। ਅਕਤੂਬਰ ੧੮੮੫ ਵਿਚ ਖ਼ਾਲਸਾ ਦੀਵਾਨ, ਲਾਹੌਰ ਦੇ ਸਕੱਤਰ ਭਾਈ ਗੁਰਮੁਖ ਸਿੰਘ ਨੇ ਇਕ ਪੱਤਰ ਜਾਰੀ ਕਰਦੇ ਹੋਏ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਕਿਤਾਬ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਲੇਖਕ

ਅਤੇ ਪ੍ਰਕਾਸ਼ਕ 'ਤੇ ਸੁੱਟ ਦਿੱਤੀ।[੩]

ਸ੍ਰੀ ਅੰਮ੍ਰਿਤਸਰ ਅਤੇ ਲਾਹੌਰ ਦੇ ਖ਼ਾਲਸਾ ਦੀਵਾਨਾਂ ਵਿਚ ਬਹੁਤ ਵੱਡੇ ਪੱਧਰ 'ਤੇ ਵਿਰੋਧ ਪੈਦਾ ਹੋ ਗਿਆ ਜਿਸ ਕਰਕੇ ਇਨ੍ਹਾਂ ਦਾ ਅਲੱਗ ਹੋਣਾ ਲਗਪਗ ਨਿਸਚਿਤ ਸੀ। ਸਿੰਘ ਸਭਾ, ਲਾਹੌਰ ਨੇ ਆਪਣਾ ਵੱਖਰਾ ਖ਼ਾਲਸਾ ਦੀਵਾਨ ਬਣਾ ਕੇ ਉਸ ਨਾਲ ਸਿੰਘ ਸਭਾਵਾਂ ਜੋੜਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ੩੬ ਵਿੱਚੋਂ ੩੦ ਸਭਾਵਾਂ ਦਾ ਝੁਕਾਅ ਇਸੇ ਸਭਾ ਵੱਲ ਹੋ ਗਿਆ ਸੀ। ਭਾਵੇਂ ਕਿ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ ਵੱਖਰੇ ਤੌਰ 'ਤੇ ਕੰਮ ਕਰਨ ਲੱਗਾ ਸੀ ਪਰ ਦੋਵੇਂ ਦੀਵਾਨਾਂ ਦਾ ਇਕੋ ਆਸ਼ਾ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਵਿੱਦਿਆ ਦਾ ਪ੍ਰਸਾਰ ਸੀ। ਇਸ ਲਈ ਦੋਵੇਂ ਦੀਵਾਨ ਚੀਫ਼ ਖ਼ਾਲਸਾ ਦੀਵਾਨ ਦੇ ਰੂਪ ਵਿਚ ੩੦ ਅਕਤੂਬਰ, ੧੯੦੨ ਨੂੰ ਦੀਵਾਲੀ ਵਾਲੇ ਦਿਨ ਭਾਈ ਅਰਜਨ ਸਿੰਘ ਬਾਗੜੀਆਂ ਦੀ ਅਗਵਾਈ ਵਿਚ ਫਿਰ ਇਕੱਠੇ ਹੋ ਗਏ ਸਨ।

**ਉਦੇਸ਼ਾਂ ਦੀ ਪੂਰਤੀ ਲਈ ਯਤਨ:** ਸਿੱਖੀ ਪ੍ਰਚਾਰ ਅਤੇ ਨੌਜਵਾਨਾਂ ਨੂੰ ਵਿੱਦਿਆ ਨਾਲ ਜੋੜਨ ਲਈ ਸਿੰਘ ਸਭਾਵਾਂ ਨੇ ਹਰ ਇਕ ਢੰਗ-ਤਰੀਕਾ ਵਰਤਣਾ ਸ਼ੁਰੂ ਕਰ ਦਿੱਤਾ ਸੀ ਜਿਹੜਾ ਕਿ ਉਨ੍ਹਾਂ ਦੇ ਉਦੇਸ਼ ਦੀ ਪੂਰਤੀ ਵਿਚ ਸਹਾਈ ਸੀ। ਇਸ ਕਾਰਜ ਲਈ ਇਨ੍ਹਾਂ ਨੇ ਉਨ੍ਹਾਂ ਪ੍ਰਚਾਰ ਸਾਧਨਾਂ ਦੀ ਵਰਤੋਂ ਪ੍ਰਮੁੱਖਤਾ ਨਾਲ ਕੀਤੀ ਜਿਹੜੇ ਕਿ ਆਮ ਲੋਕਾਂ ਵਿਚ ਪ੍ਰਭਾਵ ਪਾ ਸਕਦੇ ਸਨ। ਉਨ੍ਹਾਂ ਵਿੱਚੋਂ ਕੁਝ ਇਕ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ :

**ਸਿੰਘ ਸਭਾਵਾਂ ਦੀ ਸਥਾਪਨਾ:** ਲਾਹੌਰ ਸਿੰਘ ਸਭਾ ਦੀ ਸਥਾਪਨਾ ਤੋਂ ਬਾਅਦ ਕਈ ਛੋਟੇ-ਵੱਡੇ ਨਗਰਾਂ ਵਿਚ ਸਿੰਘ ਸਭਾਵਾਂ ਦੀ ਸਥਾਪਨਾ ਅਰੰਭ ਹੋਈ ਅਤੇ ਦੇਸ਼-ਵਿਦੇਸ਼ ਵਿਚ ਸਥਾਪਿਤ ਹੋਈਆਂ ਸਭਾਵਾਂ ਵੱਲੋਂ ਕੀਤੇ ਜਾਣ ਵਾਲੇ ਕਾਰਜ ਸਾਹਮਣੇ ਆਉਣ ਲੱਗੇ। ਸਿੱਖਾਂ ਨੂੰ ਵਹਿਮਾਂ-ਭਰਮਾਂ ਅਤੇ ਬ੍ਰਾਹਮਣੀ ਕਰਮਕਾਂਡਾਂ ਵਿੱਚੋਂ ਕੱਢਣ ਅਤੇ ਉਨ੍ਹਾਂ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਨਾ, ਗੁਰਬਾਣੀ ਦੀ ਸਹੀ ਵਿਆਖਿਆ ਕਰਨ, ਇਤਿਹਾਸ ਦੀਆਂ ਸਾਖੀਆਂ ਦੀ ਪੁਣ-ਛਾਣ ਕਰਕੇ ਉਨ੍ਹਾਂ ਦਾ ਗੁਰਮਤਿ ਅਨੁਸਾਰੀ ਦ੍ਰਿਸ਼ਟੀਕੋਣ ਪੈਦਾ ਕਰਨ ਵਿਚ ਇਹ ਸ਼ਲਾਘਾਯੋਗ ਕਾਰਜ ਕਰਨ ਲੱਗੀਆਂ ਸਨ। ਇਹ ਸਿੰਘ ਸਭਾਵਾਂ ਆਪਸ ਵਿਚ ਵੀ ਤਾਲਮੇਲ ਰੱਖਦੀਆਂ ਸਨ ਅਤੇ ਕਾਨਫਰੰਸਾਂ ਕਰਕੇ ਗੁਰਬਾਣੀ ਦੇ ਸਿਧਾਂਤਾਂ ਨੂੰ ਗੁਰੂ-ਆਸ਼ੇ ਅਨੁਸਾਰ ਪੇਸ਼ ਕਰਨ 'ਤੇ ਜ਼ੋਰ ਦਿੰਦੀਆਂ ਸਨ। ਇਨ੍ਹਾਂ ਦੁਆਰਾ ਕੀਤਾ ਜਾ ਰਿਹਾ ਸਿੱਖੀ ਪ੍ਰਚਾਰ ਬਹੁਤ ਤੇਜ਼ੀ ਨਾਲ ਆਮ ਲੋਕਾਂ ਦੇ ਮਨ 'ਤੇ ਅਸਰ ਪਾ ਰਿਹਾ ਸੀ ਜਿਸ ਕਰਕੇ ਭਾਰਤ ਦੇ ਲਗਪਗ ਹਰ ਵੱਡੇ ਨਗਰ ਵਿਚ ਸਿੰਘ ਸਭਾ ਦੇ ਨਾਂ 'ਤੇ ਗੁਰਦੁਆਰਾ ਸਾਹਿਬਾਨ ਦੇਖਣ ਨੂੰ ਮਿਲ ਜਾਂਦੇ ਹਨ। ਕਈ ਇਤਿਹਾਸਿਕ ਗੁਰਧਾਮਾਂ ਵਿਚ ਇਹਨਾਂ ਦੇ ਦਫ਼ਤਰ ਖੁੱਲਣ ਨਾਲ ਉਹਨਾਂ ਨੂੰ ਵੀ ਸਿੰਘ ਸਭਾ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਮਥੁਰਾ ਵਿਖੇ ਨੌਵੇਂ ਪਾਤਸ਼ਾਹ ਜੀ ਦੀ ਯਾਦ ਵਿਚ ਉਸਾਰੇ ਹੋਏ ਪ੍ਰਸਿੱਧ ਗੁਰਦੁਆਰਾ ਸਾਹਿਬ ਦੀ ਡਿਉੜ੍ਹੀ 'ਤੇ ਉਕਰੇ ਹੋਏ 'ਗੁਰਦੁਵਾਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਸਿੰਘ ਸਭਾ' ਨੂੰ ਇਸ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ।

ਭਾਈ ਗੁਰਮੁਖ ਸਿੰਘ ਨੇ ਨਵੰਬਰ ੧੮੮੮ ਈ. ਤਕ ਸਥਾਪਿਤ ਹੋਈਆਂ ਕੁਝ

ਸਿੰਘ ਸਭਾਵਾਂ ਦੀ ਇਹ ਸੂਚੀ ਦਿੱਤੀ ਹੈ: ਅਜਮੇਰ, ਅੰਬਾਲਾ, ਸਲੌਦੀ, ਸੱਖਰ, ਸਿਆਲਕੋਟ, ਸ਼ਿਮਲਾ, ਹੁਸ਼ਿਆਰਪੁਰ, ਕਾਲਕਾ, ਕੁਇਟਾ, ਖੰਨਾ, ਖਮਾਣੋ, ਚਮਕੌਰ ਸਾਹਿਬ, ਜਲੰਧਰ, ਤਰਨਤਾਰਨ, ਦਾਊਦਪੁਰ, ਨਰਦੇਈ, ਪਟਿਆਲਾ, ਫੀਰੋਜ਼ਪੁਰ, ਭਿੰਡਰਾਂ, ਮਘਿਆਨਾ, ਮੋਦੇ, ਰਾਜਪੁਰਾ, ਰੋਪੜ, ਲਾਹੌਰ, ਲਿਧੜਾਂ, ਲੁਦਿਹਾਣਾ।[੪] ਇਨ੍ਹਾਂ ਤੋਂ ਇਲਾਵਾ ਖਾਲਸਾ ਅਖਬਾਰ ਵੱਲੋਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤਕ ਸਥਾਪਿਤ ਹੋਈਆਂ ਸਿੰਘ ਸਭਾਵਾਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਵਿਚ ਉਕਤ ਤੋਂ ਇਲਾਵਾ ਇਹ ਸਭਾਵਾਂ ਸ਼ਾਮਲ ਹਨ – ਅਟਾਰੀ, ਅੰਬਾਲਾ ਕੈਂਟ, ਈਪੂ ਟਾਪੂ (ਮਲਾਇਆ), ਸਹਾਰਨਪੁਰ, ਸੰਗਰੂਰ, ਸਮਾਟਰਾ, ਸੈਦਪੁਰ, ਸ਼ੰਘਾਈ, ਹਰੀਪੁਰ, ਹਾਫ਼ਿਜ਼ਾਬਾਦ, ਹਾਂਗਕਾਂਗ, ਕਦੋਂ, ਕਪੂਰਥਲਾ, ਕਰਨਾਲ, ਕਲਕੱਤਾ, ਕਾਜਲਾ, ਕਾਦਿਰਾਬਾਦ, ਕਹੂਟਾ, ਕੋਹਾਟ, ਗੁਜ਼ਰਾਂਵਾਲਾ, ਘਨੌਰ, ਚਨਾਰਥਲ, ਜਾਮਨੀਪੁਰ, ਜੇਹਲਮ, ਜੱਲੋਪੁਰ ਖੇੜਾ, ਝਾਂਸੀ, ਡਿੰਗਾ, ਤਿਸਕਾ, ਦਾਊਂ (ਸਾਹਿਬਜ਼ਾਦਾ ਅਜੀਤ ਸਿੰਘ ਨਗਰ), ਦੇਹਰਾਦੂਨ, ਧਮਿਆਲ, ਧਾਰੀਵਾਲ, ਪਿਸ਼ਾਵਰ, ਪੰਜੋਖਰਾ, ਪੁੰਛ, ਬਠਿੰਡਾ, ਬਰਨਾਲੀ (ਗੁਜਰਾਤ), ਬਾਹੋਵਾਲ, ਬਾਗੜੀਆਂ, ਬੰਗਾ, ਬੁਤਾਲਾ, ਬੁਲ ਬੁਲ ਪੜੀ (ਜੇਹਲਮ), ਭਸੌੜ, ਮਸੂਰੀ, ਮੁਕਤਸਰ, ਰਟੈਂਡਾ (ਨਵਾਂ ਸ਼ਹਿਰ), ਰੰਗੂਨ, ਰਾਵਲਪਿੰਡੀ, ਲੋਰਾ ਲਾਈ (ਸਰਹੱਦੀ ਖੇਤਰ), ਵਿਛੋਆ ਆਦਿ। ਇਨ੍ਹਾਂ ਤੋਂ ਇਲਾਵਾ ਖਾਲਸਾ ਜਥਾ ਲੰਡਨ, ਧਰਮ ਪ੍ਰਚਾਰਕ ਸਭਾ, ਗੁਰਮਤਿ ਗ੍ਰੰਥ ਪ੍ਰਚਾਰਕ ਸਭਾ, ਖਾਲਸਾ ਭੁਜੰਗੀ ਸਭਾ, ਗੁਰਮਤ ਗ੍ਰੰਥ ਸੁਧਾਰਕ ਕਮੇਟੀ, ਖਾਲਸਾ ਬਰਾਦਰੀ, ਸ੍ਰੀ ਅੰਮ੍ਰਿਤਸਰ ਆਦਿ ਸਭਾਵਾਂ ਵੀ ਹੋਂਦ ਵਿਚ ਆ ਗਈਆਂ ਸਨ ਜਿਹੜੀਆਂ ਕਿ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਲੱਗੀਆਂ ਸਨ।

**ਗੁਰਧਾਮਾਂ ਦੀ ਸਥਾਪਨਾ:** ਸਿੰਘ ਸਭਾਵਾਂ ਦੁਆਰਾ ਸਥਾਪਿਤ ਕੀਤੇ ਗੁਰਧਾਮ ਲਗਪਗ ਹਰ ਵੱਡੇ-ਛੋਟੇ ਨਗਰ ਵਿਚ ਦੇਖਣ ਨੂੰ ਮਿਲ ਜਾਂਦੇ ਹਨ। ਭਾਵੇਂ ਕਿ ਇਨ੍ਹਾਂ ਦਾ ਉਦੇਸ਼ ਸਿੱਖਾਂ ਵਿਚ ਆਏ ਨਿਘਾਰ ਨੂੰ ਰੋਕਣਾ ਅਤੇ ਉਨ੍ਹਾਂ ਨੂੰ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਲਈ ਪ੍ਰੇਰਿਤ ਕਰਨਾ ਸੀ ਅਤੇ ਇਨ੍ਹਾਂ ਨੇ ਇਸ ਦਿਸ਼ਾ ਵਿਚ ਕਾਰਜ ਕਰਨ ਲਈ ਗੁਰਧਾਮਾਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇਤਿਹਾਸਿਕ ਗੁਰਧਾਮਾਂ ’ਤੇ ਮਹੰਤ ਸੇਵਾਦਾਰ ਸਨ ਅਤੇ ਉਨ੍ਹਾਂ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸਿੱਖਿਆ ਸਿੱਖੀ ਸਿਧਾਂਤਾਂ ਤੋਂ ਦੂਰ ਲੈ ਜਾਂਦੀ ਸੀ। ਗੁਰਮਤਿ ਆਸ਼ੇ ਅਨੁਸਾਰ ਆਧੁਨਿਕ ਵਿੱਦਿਆ ਪ੍ਰਦਾਨ ਕਰਨ ਦੀ ਰੁਚੀ ਰੱਖਣ ਵਾਲੀ ਸਿੰਘ ਸਭਾ ਦੀ ਕਾਰਜਸ਼ੈਲੀ ਦਾ ਮਹੰਤ ਵਿਰੋਧ ਕਰਨ ਲੱਗੇ ਸਨ। ਸਿੰਘ ਸਭਾ ਦੇ ਆਗੂਆਂ ਨੇ ਟਕਰਾਉ ਪੈਦਾ ਕਰਨ ਦੀ ਬਜਾਏ ਨਵੇਂ ਗੁਰਧਾਮਾਂ ਦੀ ਉਸਾਰੀ ਦਾ ਕਾਰਜ ਅਰੰਭ ਕਰ ਦਿੱਤਾ ਸੀ ਜਿਹੜੇ ਕਿ ‘ਸਿੰਘ ਸਭਾ ਗੁਰਦੁਆਰਾ’ ਦੇ ਨਾਂ ਹੇਠ ਪ੍ਰਸਿੱਧੀ ਪ੍ਰਾਪਤ ਕਰ ਗਏ ਸਨ। ਇਨ੍ਹਾਂ ਸਿੰਘ ਸਭਾ ਗੁਰਧਾਮਾਂ ਵਿਚ ਗ੍ਰੰਥੀ, ਰਾਗੀ, ਪ੍ਰਚਾਰਕ ਰੱਖੇ ਗਏ ਜਿਹੜੇ ਕਿ ਗੁਰਦੁਆਰਾ ਸਾਹਿਬਾਨ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਵਿਸ਼ੇਸ਼ ਦੀਵਾਨ ਲਗਾ ਕੇ ਇਲਾਕੇ ਦੀ ਸੰਗਤ ਨੂੰ ਸਿੰਘ ਸਭਾ ਦੇ ਉਦੇਸ਼ਾਂ ਨਾਲ ਜੋੜਨ ਦਾ ਕਾਰਜ ਕਰਦੇ ਸਨ।

**ਵਿੱਦਿਅਕ ਅਦਾਰਿਆਂ ਦੀ ਸਥਾਪਨਾ:** ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ

ਵਿਭਿੰਨ ਪਿੰਡਾਂ ਅਤੇ ਨਗਰਾਂ ਵਿਖੇ ਸਕੂਲਾਂ ਦੀ ਸਥਾਪਨਾ ਕੀਤੀ ਗਈ। ਪਹਿਲਾ ਸਕੂਲ ਉਸ ਵੇਲੇ ਦੇ ਸੁਚੱਜੇ ਲਿਖਾਰੀ ਲਾਲਾ ਬਿਹਾਰੀ ਲਾਲ ਪੁਰੀ ਦੀ ਸਹਾਇਤਾ ਨਾਲ ਸ਼ੁਰੂ ਕੀਤਾ ਗਿਆ ਜਿੱਥੇ ਵਿਦਿਆਰਥੀਆਂ ਨੂੰ ਪੰਜਾਬੀ ਬੋਲੀ ਵਿਚ ਵਿੱਦਿਆ ਦਿੱਤੀ ਜਾਣ ਲੱਗੀ।[੫] ਇਨ੍ਹਾਂ ਵਿੱਦਿਅਕ ਅਦਾਰਿਆਂ ਦਾ ਉਦੇਸ਼ ਸਰਕਾਰ ਦੁਆਰਾ ਨਿਰਧਾਰਿਤ ਪਾਠ-ਕ੍ਰਮ ਅਨੁਸਾਰ ਵਿੱਦਿਆ ਪ੍ਰਦਾਨ ਕਰਨਾ ਸੀ। ਇਨ੍ਹਾਂ ਸਕੂਲਾਂ ਰਾਹੀਂ ਵਡੇਰੀ ਉਮਰ ਦੇ ਲੋਕਾਂ ਨੂੰ ਪੰਜਾਬੀ ਪੜ੍ਹਾਉਣ ਅਤੇ ਸਿਖਾਉਣ ਦਾ ਕਾਰਜ ਵੀ ਅਰੰਭਿਆ ਗਿਆ ਤਾਂ ਕਿ ਉਹ ਅਖ਼ਬਾਰਾਂ ਅਤੇ ਕਿਤਾਬਾਂ ਪੜ੍ਹਨ ਦੇ ਸਮਰੱਥ ਹੋ ਸਕਣ। ਸਿੰਘ ਸਭਾਵਾਂ ਵੱਲੋਂ ਵਿਭਿੰਨ ਨਗਰਾਂ ਵਿਚ ਜਾ ਕੇ ਗੁਰਮਤਿ ਸਮਾਗਮ, ਜਲਸੇ ਆਦਿ ਕੀਤੇ ਜਾਂਦੇ ਅਤੇ ਇਲਾਕੇ ਵਿਚ ਸਕੂਲ ਖੋਲਣ ਲਈ ਮਾਇਆ ਇਕੱਤਰ ਕੀਤੀ ਜਾਂਦੀ ਸੀ।[੬] ਸਿੱਖ ਰਾਜਿਆਂ, ਮਹਾਰਾਜਿਆਂ, ਰਈਸਾਂ, ਸਰਦਾਰਾਂ ਆਦਿ ਨੇ ਵਿੱਦਿਅਕ ਅਦਾਰੇ ਖੋਲਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਨ੍ਹਾਂ ਵਿੱਚੋਂ ਬਾਬਾ ਖੇਮ ਸਿੰਘ ਬੇਦੀ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ ਜਿਸ ਦੇ ਯਤਨਾਂ ਸਦਕਾ ਰਾਵਲਪਿੰਡੀ, ਪੋਠੋਹਾਰ, ਗੁਜਰਾਤ ਆਦਿ ਇਲਾਕਿਆਂ ਵਿਚ ੫-੬ ਸਕੂਲ ਖੋਲੇ ਗਏ ਸਨ।[੭] ਇਨ੍ਹਾਂ ਨੇ ਲੜਕੀਆਂ ਨੂੰ ਵਿੱਦਿਆ ਪ੍ਰਦਾਨ ਕਰਨ ਲਈ ਵੀ ਵੱਖਰੇ ਸਕੂਲਾਂ ਦੀ ਸਥਾਪਨਾ 'ਤੇ ਜ਼ੋਰ ਦਿੱਤਾ ਸੀ ਜਿਸ ਕਰਕੇ ਇਨ੍ਹਾਂ ਨੂੰ ਲੜਕੀਆਂ ਦੀ ਸਿੱਖਿਆ ਦੇ ਮੋਢੀ ਵੀ ਕਿਹਾ ਜਾਂਦਾ ਹੈ। ਉੱਚ-ਵਿੱਦਿਆ ਦੇ ਖੇਤਰ ਵਿਚ ਸਿੰਘ ਸਭਾ ਦੀ ਸਭ ਤੋਂ ਵੱਡੀ ਪ੍ਰਾਪਤੀ ੧੮੯੨ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦੀ ਸਥਾਪਤੀ ਸੀ। ਇਨ੍ਹਾਂ ਵਿੱਦਿਅਕ ਅਦਾਰਿਆਂ ਦਾ ਇਹ ਅਸਰ ਹੋਇਆ ਕਿ ਸਿੱਖਾਂ ਵਿਚ ਵਿੱਦਿਆ ਪ੍ਰਾਪਤ ਕਰਨ ਲਈ ਚੇਤਨਾ ਪੈਦਾ ਹੋਈ ਜਿਸ ਦੇ ਸਿੱਟੇ ਵਜੋਂ ੧੯੦੮ ਈ. ਵਿਚ ਸਿੱਖ ਵਿੱਦਿਅਕ ਕਾਨਫਰੰਸਾਂ ਅਰੰਭ ਹੋ ਗਈਆਂ ਸਨ।

**ਸਾਹਿਤ ਸਿਰਜਣਾ ਅਤੇ ਗੁਰਮੁਖੀ ਪ੍ਰਚਾਰ:** ਸਿੰਘ ਸਭਾਵਾਂ ਨੇ ਗੁਰਮੁਖੀ ਸਿਖਾਉਣ ਅਤੇ ਗੁਰਮੁਖੀ ਲਿਪੀ ਵਿਚ ਸਾਹਿਤ ਦੀ ਸਿਰਜਣਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਪੰਜਾਬ ਤੋਂ ਬਾਹਰ ਜਿਹੜੇ ਇਲਾਕਿਆਂ ਵਿਚ ਪੰਜਾਬੀ ਬੋਲਣ ਅਤੇ ਪੜ੍ਹਨ ਦਾ ਕੋਈ ਰੁਝਾਨ ਨਹੀਂ ਸੀ, ਸਿੰਘ ਸਭਾਵਾਂ ਦੀ ਸਥਾਪਨਾ ਨਾਲ ਇਸ ਦਿਸ਼ਾ ਵਿਚ ਮਹੱਤਵਪੂਰਨ ਕਾਰਜ ਅਰੰਭ ਹੋਇਆ। ਬਿਹਾਰ ਅਤੇ ਪੱਛਮੀ ਬੰਗਾਲ ਦੀ ਸਰਹੱਦ 'ਤੇ ਬਿਹਾਰ ਵਿਚ ਲੱਛਮੀਪੁਰ ਵਿਖੇ ਸਿੱਖ ਸੰਗਤ ਮੌਜੂਦ ਸੀ ਜਿੱਥੇ ਮੌਜੂਦ ਸਿੱਖ ਪਰਿਵਾਰਾਂ ਵਿੱਚੋਂ ਸਰਦਾਰ ਮੰਗਲ ਸਿੰਘ ਅਜਿਹੇ ਗੁਰਸਿੱਖ ਹੋਏ ਹਨ ਜਿਨ੍ਹਾਂ ਨੂੰ ਹਜ਼ੂਰ ਸਾਹਿਬ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਸੀ। ਸਮੇਂ ਦੇ ਨਾਲ ਇਨ੍ਹਾਂ ਪਰਿਵਾਰਾਂ 'ਤੇ ਸਥਾਨਿਕ ਪ੍ਰਭਾਵ ਪਿਆ ਤਾਂ ਇਨ੍ਹਾਂ ਵਿਚ ਪੰਜਾਬੀ ਬੋਲਣ ਅਤੇ ਪੜ੍ਹਨ ਦਾ ਰੁਝਾਨ ਬਹੁਤ ਹੀ ਘੱਟ ਗਿਆ ਸੀ। ਜਦੋਂ ਇੱਥੇ ਸਿੰਘ ਸਭਾ ਦੀ ਸਥਾਪਨਾ ਹੋਈ ਤਾਂ ਇਨ੍ਹਾਂ ਦੇ ਮਨ ਵਿਚ ਪੰਜਾਬੀ ਸਿੱਖਣ ਦਾ ਪ੍ਰੇਮ ਫਿਰ ਪੈਦਾ ਹੋ ਗਿਆ ਸੀ। ਇਸ ਸੰਬੰਧੀ ਇਸ ਇਲਾਕੇ ਦੀ ਸੰਗਤ ਵੱਲੋਂ ੧੮੯੯ ਈ. ਵਿਚ ਲਿਖੀ ਇਕ ਚਿੱਠੀ ਵਿਚ ਮਹੱਤਵਪੂਰਨ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ :

ਸ੍ਰੀ ਯੁਤ ਭਾਈ ਕੁੰਜ ਲਾਲ ਸਿੰਘ ਜੀ ਵਾ ਸ੍ਰੀ ਤਿਲਕ ਸਿੰਘ ਵਾ ਸ੍ਰੀ ਬਾਵਨ ਸਿੰਘ

ਵਾ ਸ੍ਰੀ ਦੌਲਤ ਸਿੰਘ ਵਾ ਕਾਕੂ ਸਿੰਘ ਜੀ ਭਗਤ ਆਦਿਕ ਲਛਮੀਪੁਰ ਨਿਵਾਸੀ ਜਿਲਾ ਪੂਰਨੀਆਂ ਹਾਤਾ ਬੰਗਾਲ ਦੀ ਪਤ੍ਰਿਕਾ ਸਮੇਤ ੨੫/- ਮਨੀਆਡਰ ਦੇ ਸ੍ਰੀ ਗੁਰ ਸਿੰਘ ਸਭਾ ਅੰਮ੍ਰਿਤਸਰ ਵਿਚ ਆਈ ਕਿ ਲਛਮੀਪੁਰ ਦੇ ਵਿਚ ਸਿੰਘ ਸਭਾ ਕਾਇਮ ਕੀਤੀ ਗਈ ਹੈ॥ ਔਰ ਇਸ ਸਭਾ ਮੇ ਸ੍ਰਿੀ ਗੁਰੂ ਗ੍ਰੰਥ ਸਾਹਿਬ ਜੀ ਕਾ ਭੋਗ ਪਾਇਆ ਹੈ।... ਪਹਿਲੇ ਸੇ ਦੋ ਲੜਕਾ ਹੀ ਗੁਰਮੁਖੀ ਪੜਤਾ ਸੀ ਸੋ ਅਬ ਕਾਮਯਾਬ ਹੋ ਚੂਕਾ ਹੈ, ਜੋ ਏ ਲੋਗ ਬਡਾ ਪ੍ਰੇਮ ਸੇ ਸੰਗਤ ਕਾ ਪਾਠ ਪੂਜਾ ਕਰਤੇ ਹੈ ਜੀ॥ ਅਗੇ ਗੁਰਮੁਖੀ ਇਥੇ ਕੋਈ ਨਹੀ ਪੜਦਾ ਸੀ ਸੋ ਅਬ ਗੁਰੂ ਜੀ ਕੀ ਮੇਹਰਬਾਨੀ ਸੇ ਅਗਿਆਨ ਅੰਧੇਰ ਦੂਰ ਹੋਨੇ ਚਲਾ॥[੮]

ਪੰਜਾਬੀ ਮਾਧਿਅਮ ਰਾਹੀਂ ਸਮਕਾਲੀ ਗਿਆਨ ਦੇ ਪ੍ਰਚਾਰ ਵਿਚ ਸਿੰਘ ਸਭਾ ਲਹਿਰ ਨੇ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਇਸ ਉਦੇਸ਼ ਦੀ ਪੂਰਤੀ ਲਈ ਅਖ਼ਬਾਰਾਂ, ਰਸਾਲਿਆਂ, ਪੈਂਫਲਿਟਾਂ ਅਤੇ ਪੁਸਤਕਾਂ ਦਾ ਸਹਾਰਾ ਲਿਆ ਗਿਆ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਸਭ ਤੋਂ ਪਹਿਲਾਂ ਜੋ ਗੁਰਮੁਖੀ ਅਖ਼ਬਾਰ ਮਿਲਿਆ ਉਸ ਦਾ ਨਾਂ ਸ੍ਰੀ ਦਰਬਾਰ ਸਾਹਿਬ ਸੀ ਤੇ ਇਹ ਅਖ਼ਬਾਰ ਸੰਨ ੧੮੬੬ ਈ. ਵਿਚ ਅੰਮ੍ਰਿਤਸਰੋਂ ਨਿਕਲਿਆ ਸੀ। ਅਸਲ ਵਿਚ ਪੰਜਾਬੀ ਪੱਤਰ ਕਲਾ ਦਾ ਇਤਿਹਾਸ ਸਿੰਘ ਸਭਾ ਲਹਿਰ ਦੇ ਸਮੇਂ ੧੮੭੩ ਤੋਂ ਸ਼ੁਰੂ ਹੁੰਦਾ ਹੈ ਜਿਨ੍ਹਾਂ ਵਿੱਚੋਂ ਗੁਰਮੁਖੀ ਅਖਬਾਰ, ਖ਼ਾਲਾਸਾ ਅਖਬਾਰ, ਭਾਰਤ ਸੁਧਾਰ, ਆਫਤਾਬਿ ਪੰਜਾਬ, ਸੁਧਾਰਕ ਤੇ ਖਾਲਸਾ ਸਮਾਚਾਰ ਪ੍ਰਸਿੱਧ ਹਨ। ਇਸ ਤੋਂ ਪਿੱਛੋਂ ੧੯੦੧ ਤੋਂ ੧੯੧੯ ਤਕ ਦੂਜਾ ਸਮਾਂ, ੧੯੨੦ ਤੋਂ ੧੯੩੫ ਤਕ ਤੀਜਾ ਸਮਾਂ, ੧੯੩੬ ਤੋਂ ੧੯੪੭ ਤਕ ਚੌਥਾ ਸਮਾਂ ਤੇ ੧੯੪੭ ਦੇ ਅੱਧੇ ਅਗਸਤ ਤੋਂ ਹੁਣ ਤਕ ਪੰਜਾਬੀ ਪੱਤਰ ਕਲਾ ਦਾ ਵਰਤਮਾਨ ਕਾਲ ਹੈ। ੭੭ ਸਾਲਾਂ ਦੇ ਇਸ ਸਮੇਂ ਵਿਚ ਪੰਜਾਬੀ ਬੋਲੀ ਦੇ ਜੋ ਸਮਾਚਾਰ ਪੱਤਰ ਤੇ ਰਸਾਲੇ ਛਪਦੇ ਰਹੇ ਹਨ, ਉਹਨਾਂ ਦੀ ਗਿਣਤੀ ੩੮੦ ਤਕ ਜਾ ਪਹੁੰਚੀ ਹੈ।[੯]

ਇਸ ਸੰਬੰਧੀ ਵਿਚ ਹੋਰ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਮੇਜਰ ਗੁਰਮੁਖ ਸਿੰਘ ਦੱਸਦੇ ਹਨ ਕਿ ਸਿੰਘ ਸਭਾ ਦੀ ਕਾਇਮੀ ਤੋਂ ਬਾਅਦ ਪਹਿਲਾ ਸਿੱਖ ਅਖ਼ਬਾਰ ਅਕਾਲ ਪ੍ਰਕਾਸ਼ ਜੂਨ ੧੮੭੬ ਵਿਚ ਪ੍ਰਕਾਸ਼ਿਤ ਹੋਇਆ। ਸਿੰਘ ਸਭਾ ਦੇ ਗੁਰਮੁਖੀ ਅਖ਼ਬਾਰ ਦਾ ਪਹਿਲਾ ਪਰਚਾ ਪ੍ਰੋਫ਼ੈਸਰ ਗੁਰਮੁਖ ਸਿੰਘ ਦੇ ਸੰਪਾਦਨ ਹੇਠ ੧੦ ਨਵੰਬਰ, ੧੮੮੦ ਈ. ਨੂੰ ਨਿਕਲਿਆ। ਖਾਲਸਾ ਦੀਵਾਨ ਲਾਹੌਰ ਦਾ ਪ੍ਰਸਿੱਧ ਖ਼ਾਲਸਾ ਅਖਬਾਰ ੧੩ ਜੂਨ, ੧੮੮੬ ਈ. ਤੋਂ ਨਿਕਲਣਾ ਸ਼ੁਰੂ ਹੋਇਆ ਜਿਸ ਦੇ ਸੰਪਾਦਕ ਗਿਆਨੀ ਦਿੱਤ ਸਿੰਘ ਸਨ। ਖ਼ਾਲਸਾ ਗਜ਼ਟ ੧੮੮੬, ਸ੍ਰੀ ਗੁਰੂ ਸਿੰਘ ਸਭਾ ਗਜ਼ਟ ਅਗਸਤ ੧੮੯੩ ਅਤੇ ਖ਼ਾਲਸਾ ਧਰਮ ਪ੍ਰਚਾਰਕ ਮਈ ੧੮੯੪ ਵਿਚ ਨਿਕਲਣ ਲੱਗੇ। ਭਾਈ ਵੀਰ ਸਿੰਘ ਦੁਆਰਾ ਖ਼ਾਲਸਾ ਸਮਾਚਾਰ ੨੫ ਨਵੰਬਰ, ੧੮੯੯ ਈ. ਨੂੰ ਸ਼ੁਰੂ ਕੀਤਾ ਗਿਆ। ਭਗਤ ਲਕਸ਼ਮਣ ਸਿੰਘ ਨੇ ਲਾਹੌਰ ਤੋਂ ਅੰਗਰੇਜ਼ੀ ਅਖ਼ਬਾਰ ਦੀ ਖ਼ਾਲਸਾ ੪ ਜਨਵਰੀ, ੧੮੯੯ ਈ. ਨੂੰ ਕੱਢਿਆ। ਰਸਾਲਿਆਂ ਵਿਚ ਅੰਮ੍ਰਿਤਸਰ ਦਾ ਸ੍ਰੀ ਗੁਰਮਤ ਪ੍ਰਕਾਸ਼ਕ ੧੮੮੫ ਵਿਚ, ਲਾਹੌਰ ਦੀਵਾਨ ਦਾ ਸੁਧਾਰਕ ੧੮੮੬ ਵਿਚ ਅਤੇ ਕਪੂਰਥਲੇ ਤੋਂ ਨਾਨਕ ਪ੍ਰਕਾਸ਼ ੧੮੮੮ ਵਿਚ ਨਿਕਲਿਆ। ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਸਿੱਖ ਧਰਮ ਨਾਲ ਸੰਬੰਧਿਤ

ਵਿਭਿੰਨ ਵਿਸ਼ਿਆਂ 'ਤੇ ਲਗਪਗ ੫੦੦ ਟ੍ਰੈਕਟ ਪ੍ਰਕਾਸ਼ਿਤ ਕੀਤੇ ਸਨ। ਪੁਸਤਕਾਂ ਵਿਚ ਪੰਡਤ ਤਾਰਾ ਸਿੰਘ ਨਰੋਤਮ ਦੀਆਂ ਸ੍ਰੀ ਗੁਰੁਮਤ ਨਿਰਣਯ ਸਾਗਰ ਅਤੇ ਸ੍ਰੀ ਗੁਰੁ ਤੀਰਥ ਸੰਗ੍ਰਹਿ; ਗਿਆਨੀ ਗਿਆਨ ਸਿੰਘ ਦੀਆਂ ਸ੍ਰੀ ਗੁਰੁ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖ਼ਾਲਸਾ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਹਮ ਹਿੰਦੂ ਨਹੀਂ ਸ਼ਾਮਲ ਹਨ।[੧੦]

ਸਾਹਿਤ ਰਚਨਾ ਦੇ ਇਨ੍ਹਾਂ ਵਿਭਿੰਨ ਸਰੋਤਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਭੂਮਿਕਾ ਅਖ਼ਬਾਰਾਂ ਨੇ ਨਿਭਾਈ ਜਿਨ੍ਹਾਂ ਵਿਚ ਥਾਂ-ਥਾਂ ਹੋਣ ਵਾਲੇ ਗੁਰਮਤਿ ਸਮਾਗਮਾਂ, ਵਿਰੋਧੀਆਂ ਦੇ ਹਮਲਿਆਂ ਦਾ ਜੁਆਬ, ਗੁਰਮਤਿ ਸਿਧਾਂਤ ਦਾ ਸ਼ੁੱਧ ਸਰੂਪ ਅਤੇ ਸਿੱਖ ਧਰਮ ਨਾਲ ਸੰਬੰਧਿਤ ਸਾਹਿਤ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਪਾਠਕਾਂ ਤਕ ਪੁੱਜਦਾ ਸੀ। ਜਿਸ ਤੋਂ ਨਵੀਂ ਊਰਜਾ ਪ੍ਰਾਪਤ ਕਰ ਕੇ ਸਥਾਨਿਕ ਸਭਾਵਾਂ ਦੇ ਨੌਜਵਾਨ ਵਿਰੋਧੀਆਂ ਵੱਲੋਂ ਫੈਲਾਏ ਜਾ ਰਹੇ ਭਰਮ ਜਾਲ ਦਾ ਪਰਦਾ ਦੂਰ ਕਰ ਰਹੇ ਸਨ।

**ਤਸਵੀਰਾਂ ਰਾਹੀਂ ਪ੍ਰਚਾਰ:** ਤਸਵੀਰਾਂ ਰਾਹੀਂ ਸਿੱਖੀ ਪ੍ਰਚਾਰ ਦਾ ਇਹ ਨਵਾਂ ਢੰਗ ਸੀ ਜਿਸ ਨੇ ਬੱਚਿਆਂ ਅਤੇ ਨੌਜਵਾਨਾਂ ਦੇ ਮਨ ਵਿਚ ਤਸਵੀਰਾਂ ਦੇ ਪਿਛੋਕੜ ਨੂੰ ਜਾਣਨ ਦੀ ਰੁਚੀ ਪੈਦਾ ਕੀਤੀ ਸੀ। ਇਸ ਦੇ ਨਾਲ ਹੀ ਇਨ੍ਹਾਂ ਤਸਵੀਰਾਂ ਰਾਹੀਂ ਪੁਰਾਤਨ ਸਮੇਂ ਅਤੇ ਤਤਕਾਲੀ ਸਮੇਂ ਵਿਚ ਫ਼ਰਕ ਸਮਝਾਉਣ ਵਿਚ ਸਹਾਇਤਾ ਕੀਤੀ ਸੀ ਜਿਵੇਂ ਪੁਰਾਤਨ ਸਮੇਂ ਦੀ ਇਕ ਅਜਿਹੀ ਤਸਵੀਰ ਆਮ ਲੋਕਾਂ ਨੂੰ ਦਿਖਾਈ ਜਿਸ ਵਿਚ ਦੱਸਿਆ ਗਿਆ ਸੀ ਕਿ ਪਹਿਲਾਂ ਮਨੁੱਖ ਜਟਾਜੂਟ ਰਹਿੰਦੇ ਸਨ ਅਤੇ ਹੁਣ ਇਸ ਤਰ੍ਹਾਂ ਕੇਸ ਸਵਾਰ ਕੇ ਰੱਖਦੇ ਹਨ। ਤਸਵੀਰਾਂ ਰਾਹੀਂ ਵਿਖਿਆਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪਹਿਲੇ ਪਹਿਲ ਤਸਵੀਰਾਂ ਵਾਲਾ ਵਿਖਿਆਨ ਨਹੀਂ ਹੁੰਦਾ ਸੀ ਪਰ ਭਾਈ ਗੁਰਮੁਖ ਸਿੰਘ ਨੇ ਇਹ ਰੀਤ ਅਰੰਭ ਕਰਦੇ ਹੋਏ ਤਸਵੀਰਾਂ ਬਣਾ ਕੇ ਵਿਖਿਆਨ ਦੇਣੇ ਸ਼ੁਰੂ ਕੀਤੇ ਸਨ। ਉਸ ਤੋਂ ਪਿੱਛੋਂ ਭਾਈ ਬਸੰਤ ਸਿੰਘ ਸਾਹਿਬ ਨੇ ਵੀ ਉਸੇ ਤਰ੍ਹਾਂ ਤਸਵੀਰਾਂ ਬਣਾ ਕੇ ਵਿਖਿਆਨ ਦੇਣੇ ਅਰੰਭ ਕੀਤੇ। ਜਿਸ ਤੋਂ ਪਿੱਛੋਂ ਹੁਣ ਤੀਸਰੇ ਭਾਈ ਲਛਮਣ ਸਿੰਘ ਜੀ ਵੀ ਇਸੇ ਰਸਤੇ ਆਪਣੇ ਭਰਾਵਾਂ ਨੂੰ ਸਮਝਾਉਣ ਲੱਗ ਪਏ ਹਨ।[੧੧]

**ਉੱਚ-ਵਿੱਦਿਆ ਪ੍ਰਾਪਤ ਵਿਦਿਆਰਥੀਆਂ ਲਈ ਪਾਰਟੀਆਂ:** ਸਿੰਘ ਸਭਾ ਲਹਿਰ ਦੀ ਪ੍ਰਸਿੱਧੀ ਦਾ ਵੱਡਾ ਕਾਰਨ ਸੀ ਕਿ ਇਹ ਨੌਜਵਾਨਾਂ ਨੂੰ ਪੱਛਮੀ ਵਿੱਦਿਆ ਅਤੇ ਵਿਰਾਸਤ ਨਾਲ ਜੋੜਨ ਵਿਚ ਮਹੱਤਵਪੂਰਨ ਕਾਰਜ ਕਰ ਰਹੀ ਸੀ। ਇਸ ਨਾਲ ਇਕ ਪਾਸੇ ਨੌਕਰੀ ਮਿਲਣ ਦੀ ਆਸ ਬੱਝ ਜਾਂਦੀ ਸੀ ਅਤੇ ਦੂਜੇ ਪਾਸੇ ਆਪਣੇ ਵਡੇਰਿਆਂ ਦੇ ਧਰਮ ਵਿਚ ਆਸਥਾ ਪ੍ਰਪੱਕ ਹੁੰਦੀ ਸੀ। ਨੌਜਵਾਨਾਂ ਨੂੰ ਵਿੱਦਿਆ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਡੇ ਸਮਾਗਮ ਕੀਤੇ ਜਾਂਦੇ ਸਨ ਜਿਨ੍ਹਾਂ ਵਿਚ ਵਿਦਿਆਰਥੀ ਅਤੇ ਇਲਾਕੇ ਦੇ ਵੱਡੀ ਗਿਣਤੀ ਸਿੱਖ ਹਾਜ਼ਰੀਆਂ ਭਰਦੇ ਸਨ। ਜਦੋਂ ਕੋਈ ਨੌਜਵਾਨ ਬੀ.ਏ. ਪੱਧਰ ਦੀ ਪ੍ਰੀਖਿਆ ਪਾਸ ਕਰਦਾ ਸੀ ਤਾਂ ਉਸ ਦੇ ਸਨਮਾਨ ਵਿਚ ਪਾਰਟੀਆਂ ਕੀਤੀਆਂ ਜਾਂਦੀਆਂ ਸਨ ਤਾਂ ਕਿ ਵਿੱਦਿਆ ਪ੍ਰਾਪਤੀ ਦੀ ਚੇਟਕ ਹੋਰਨਾਂ ਨੌਜਵਾਨਾਂ ਵਿਚ ਵੀ ਜ਼ੋਰ ਫੜ ਲਵੇ। ਖਾਲਸਾ ਅਖਬਾਰ ਵਿਚ ਇਕ ਪਾਰਟੀ ਦਾ ਪ੍ਰਮੁੱਖਤਾ ਨਾਲ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਕਿ "ਸਨਿਚਰਵਾਰ ਨੂੰ ਸੰਧਿਆ ਦੇ ਛੇ ਬਜੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਜੋ

ਈਵਨਿੰਗ ਪਾਰਟੀ ਉਨਾਂ ਵਿਦਿਆਰਥੀਆਂ ਦੇ ਪਾਸ ਹੋਣੇ ਪਰ ਕੀਤੀ ਸੀ ਜੋ ਇਸ ਸਾਲ ਬੀ.ਏ. ਦੇ ਇਮਤਿਹਾਨ ਵਿਚ ਪਾਸ ਹੋਏ ਹਨ। ਸੋ ਸਿਖਯਾ ਸਭਾ ਹਾਲ ਵਿਚ ਵਡੀ ਧੂਮ ਧਾਮ ਦੇ ਨਾਲ ਹੋਈ ਜਿਸ ਵਿਚ ਰਾਜ ਕੁਮਾਰ ਕਾਲਜ ਦੇ ਸੰਪੂਰਨ ਰਾਜ ਕੁਮਾਰ, ਸ਼ਹਿਰ ਲਾਹੌਰ ਦੇ ਸਾਰੇ ਰਈਸ ਅਤੇ ਸਾਰੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਇਕੱਤ੍ਰ ਹੋਏ।"[੧੨] ਅਜਿਹੀਆਂ ਪਾਰਟੀਆਂ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਵਿੱਦਿਆ ਦੇ ਮਹੱਤਵ ਅਤੇ ਸੁਚੱਜੀ ਜੀਵਨਜਾਚ ਸੰਬੰਧੀ ਭਾਸ਼ਣ ਦਿੱਤੇ ਜਾਂਦੇ ਸਨ, ਸ਼ਾਮਲ ਹੋਏ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨ ਵਾਲੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਅਤੇ ਬਾਅਦ ਵਿਚ ਲੰਗਰ ਵਰਤਾਇਆ ਜਾਂਦਾ ਸੀ। ਇਹ ਅਕਾਦਮਿਕ ਪਾਰਟੀਆਂ ਇਕ ਤਰ੍ਹਾਂ ਨਾਲ 'ਸੰਗਤੀ ਕਾਨਵੋਕੇਸ਼ਨ' ਵਾਲਾ ਕਾਰਜ ਕਰਦੀਆਂ ਸਨ ਜਿਹੜੀਆਂ ਕਿ ਪਾਸ ਹੋਏ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਪਿੰਡ-ਵਾਸੀਆਂ ਲਈ ਮਾਣ ਪੈਦਾ ਕਰਨ ਦਾ ਕਾਰਜ ਕਰਦੀਆਂ ਸਨ।

ਸਿੰਘ ਸਭਾ ਦੀ ਸਥਾਪਤੀ ਨੂੰ ਸਿੱਖ ਗੌਰਵਤਾ ਨਾਲ ਦੇਖਦੇ ਰਹੇ ਅਤੇ ਜਦੋਂ ਕੋਈ ਦਿਨ ਸਿੰਘ ਸਭਾ ਜਾਂ ਇਸ ਦੇ ਆਗੂਆਂ ਨਾਲ ਸੰਬੰਧਿਤ ਹੁੰਦਾ ਹੈ ਤਾਂ ਸਭ ਦੇ ਮਨ ਵਿਚ ਗੁਰਮਤਿ ਸਿਧਾਂਤਾਂ ਦੀ ਸ਼ੁੱਧਤਾ ਲਈ ਕਾਰਜਸ਼ੀਲ ਹੋਈ ਇਸ ਸਭਾ ਪ੍ਰਤੀ ਉਸਾਰੂ ਸੰਵੇਦਨਾ ਦੇਖਣ ਨੂੰ ਮਿਲਦੀ ਹੈ। ੧੯੭੩ ਈ. ਵਿਚ ਇਸ ਸਿੰਘ ਸਭਾ ਦੀ ਸ਼ਤਾਬਦੀ ਮਨਾਈ ਗਈ। ਸਮੁੱਚੇ ਸਿੱਖ ਜਗਤ ਵਿਚ ਇਸ ਨੂੰ ਇਕ ਵੱਡੇ ਮੀਲ ਪੱਥਰ ਵਾਂਗ ਦੇਖਿਆ ਗਿਆ। ਸਭ ਦੇ ਮਨ ਵਿਚ ਉਹੀ ਭਾਵਨਾ ਪੁਨਰ-ਵਿਕਸਿਤ ਹੋਣ ਲੱਗੀ ਜਿਹੜੀ ਕਿ ਇਸ ਦੇ ਅਰੰਭ ਵਿਚ ਦੇਖਣ ਨੂੰ ਮਿਲਦੀ ਹੈ। ਇਸ ਸਭਾ ਦੀ ਸ਼ਤਾਬਦੀ ਮਨਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦਾ ਨਾਂ 'ਸਿੰਘ ਸਭਾ ਸ਼ਤਾਬਦੀ ਕਮੇਟੀ' ਰੱਖਿਆ ਗਿਆ। ਇਸ ਸਭਾ ਦੀ ਪਹਿਲੀ ਮੀਟਿੰਗ ੨੩ ਮਾਰਚ, ੧੯੭੩ ਈ. ਨੂੰ ਹੋਈ ਜਿਸ ਵਿਚ ਹੇਠ ਲਿਖੇ ਮਤੇ ਪਾਸ ਕਰਦੇ ਹੋਏ ਸੰਗਤ ਨੂੰ ਅਪੀਲ ਕੀਤੀ ਗਈ ਸੀ ਕਿ ਇਹਨਾਂ ਨੁਕਤਿਆਂ ਦੀ ਰੋਸ਼ਨੀ ਵਿਚ ਸਿੰਘ ਸਭਾ ਦੀ ਸ਼ਤਾਬਦੀ ਮਨਾਉਣ ਲਈ ਯਤਨ ਕੀਤੇ ਜਾਣ :

**੧.** ਹਰ ਪਿੰਡ, ਨਗਰ ਤੇ ਕਸਬੇ ਵਿਚ ਸਿੰਘ ਸਭਾਵਾਂ ਕਾਇਮ ਕੀਤੀਆਂ ਜਾਣ।

**੨.** ਹਰੇਕ ਸਿੰਘ ਸਭਾ ਆਪਣਾ ਇਕ ਸਾਲਾਨਾ ਜੋੜ ਮੇਲ ਕਰਨ ਦਾ ਫੈਸਲਾ ਕਰੇ।

**੩.** ਹਰੇਕ ਸਿੰਘ ਸਭਾ ਵਿਚ ਹਰ ਰੋਜ਼ ਸਿੱਖ ਇਤਿਹਾਸ ਦਾ ਪਠਨ ਪਾਠ ਹੋਵੇ।

**੪.** ਹਰੇਕ ਦੇਸ ਪ੍ਰਦੇਸ਼ ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਕਾਇਮ ਕੀਤੀ ਜਾਵੇ।

**੫.** ਪੰਜਾਬ ਦੇ ਹਰੇਕ ਜ਼ਿਲੇ ਵਿਚ ਜ਼ਿਲਾ ਸ਼ਤਾਬਦੀ ਕਮੇਟੀਆਂ ਕਾਇਮ ਕੀਤੀਆਂ ਜਾਣ।

**੬.** ਸਕੂਲਾਂ ਤੇ ਕਾਲਜਾਂ ਵਿਚ ਸਿੱਖੀ ਬਾਰੇ ਵਿਦਵਾਨਾਂ ਦੇ ਭਾਸ਼ਨਾਂ ਦੀ ਲੜੀ ਜਾਰੀ ਕੀਤੀ ਜਾਵੇ।

**੭.** ਸਕੂਲਾਂ ਤੇ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਬਾਣੀ ਦੇ ਪਾਠ,

ਸ਼ਬਦ ਗਾਇਨ, ਬਾਣੀ ਕੰਠਾਗਰ ਅਤੇ ਸਿੱਖੀ ਬਾਰੇ ਭਾਸ਼ਨਾਂ ਦੀ ਯੋਗਤਾ ਲਈ ਇਨਾਮ ਰਖੇ ਜਾਣ।

**੮.** ਵਾਧੂ ਰਸਮਾਂ, ਭੰਗੜਾ, ਜੈ ਮਾਲਾ, ਪਿੰਡ ਪੱਤਲ, ਫੂਹੜੀ ਆਦਿ ਬ੍ਰਾਹਮਣੀ ਰੀਤਾਂ ਤੋਂ ਬਚਿਆ ਜਾਵੇ।

**੯.** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਦੀ ਪੂਜਾ ਤੇ ਪੈਰੀਂ ਹੱਥ ਨਾ ਲਗਾਏ ਜਾਣ।

**੧੦.** ਸਮੂਹ ਗੁਰਦੁਆਰਿਆਂ ਤੇ ਸਿੱਖ ਸੰਸਥਾਵਾਂ ਵਿਚ ਸਿੱਖ ਧਰਮ ਤੇ ਇਤਿਹਾਸ ਸਬੰਧੀ ਪੁਸਤਕਾਂ ਦੀਆਂ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣ।

**੧੧.** ਸਾਰੇ ਗੁਰਦੁਆਰਿਆਂ ਲਈ ਸ਼ਿਖਸ਼ਤ ਗ੍ਰੰਥੀਆਂ ਦੇ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤੇ ਤੇ ਕਰਾਏ ਜਾਣ।

**੧੨.** ਸਾਰੀਆਂ ਸਿੰਘ ਸਭਾਵਾਂ ਤੇ ਇਸ ਲਹਿਰ ਦੇ ਇਤਿਹਾਸ ਤੇ ਸੇਵਾ ਦਾ ਰਿਕਾਰਡ ਸੰਭਾਲਿਆ ਜਾਵੇ।

**੧੩.** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਗੁਰਿਆਈ ਪੁਰਬ' ਹਰ ਸਾਲ, ਹਰ ਥਾਂ ਧੂਮ ਧਾਮ ਨਾਲ ਮਨਾਇਆ ਜਾਇਆ ਕਰੇ।

**੧੪.** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਕਥਾ ਕੀਰਤਨ ਤੇ ਹੋਰ ਕਾਰਜ ਆਪ ਹੀ ਕੀਤੇ ਤੇ ਕਰਾਏ ਜਾਇਆ ਕਰਨ।

**੧੫.** ਸਿੱਖੀ ਸਰੂਪ - ਕੇਸ ਦਾੜ੍ਹੀ ਦੀ ਸੰਭਾਲ ਲਈ ਪ੍ਰੇਮ-ਮਈ ਲਹਿਰ ਚਲਾਈ ਜਾਵੇ ਅਤੇ ਖ਼ਾਲਸੇ ਦੇ ਵੱਖਰੇ ਵਜੂਦ ਦੇ ਵਿਕਾਸ ਬਾਰੇ ਚੇਤਨਤਾ ਜਾਗ੍ਰਤ ਕੀਤੀ ਜਾਵੇ।

**੧੬.** ਖ਼ਾਲਸਾ ਸਕੂਲਾਂ ਤੇ ਕਾਲਜਾਂ ਵਿਚ ਸ਼ਤਾਬਦੀ ਕਮੇਟੀ ਦੇ ਪ੍ਰੋਗਰਾਮ ਚਲਾਏ ਜਾਣ।

ਇਸ ਸਾਲ ਸਿੰਘ ਸਭਾ ਦਾ ੧੫੦-ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਵਿਭਿੰਨ ਸਿੰਘ ਸਭਾਵਾਂ ਅਤੇ ਸਿੱਖ ਸੰਸਥਾਵਾਂ ਇਸ ਨੂੰ ਮਨਾਉਣ ਲਈ ਯਤਨਸ਼ੀਲ ਹਨ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਨੂੰ ਪ੍ਰਮੁੱਖਤਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ਤਾਬਦੀ ਨੂੰ ਮਨਾਉਣ ਦੀ ਮੂਲ ਭਾਵਨਾ ਵੀ ਇਹੀ ਹੈ ਕਿ ਗੁਰਮਤਿ ਸਿਧਾਂਤ ਅਨੁਸਾਰ ਦਰਸਾਈਆਂ ਗਈਆਂ ਕਦਰਾਂ-ਕੀਮਤਾਂ ਵੱਲ ਵਾਪਸ ਪਰਤੀਏ ਅਤੇ ਇਕ ਆਦਰਸ਼ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਈਏ। ਇੱਕੀਵੀਂ ਸਦੀ ਵਿਚ ਇਸ ਲਹਿਰ ਨੂੰ ਯਾਦ ਕਰਨ ਦਾ ਵਧੇਰੇ ਮਹੱਤਵ ਇਸ ਕਰਕੇ ਵੀ ਹੈ ਕਿਉਂਕਿ ਸਮਾਜ ਦੇ ਮੌਜੂਦਾ ਵਿੱਦਿਅਕ ਢਾਂਚੇ ਅਤੇ ਸੰਸਥਾਵਾਂ ਵਿਚਲੀ ਸੇਵਾ ਨੂੰ ਕੇਵਲ ਰੁਜ਼ਗਾਰ ਦੀ ਦ੍ਰਿਸ਼ਟੀ ਤੋਂ ਦੇਖਿਆ ਜਾ ਰਿਹਾ ਹੈ ਜਿਸ ਵਿੱਚੋਂ ਸਦਾਚਾਰ ਮਨਫ਼ੀ ਹੈ। ਹਰ ਇਕ ਨੌਕਰੀ ਦਾ ਸ੍ਰੇਸ਼ਟ ਪੈਮਾਨਾ ਆਰਥਿਕਤਾ ਨੂੰ ਸਮਝਿਆ ਜਾ ਰਿਹਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਪ੍ਰਵਾਸ ਕਰ ਜਾਣ, ਆਰਥਿਕ ਉਦੇਸ਼ਾਂ ਦੀ ਪੂਰਤੀ ਲਈ ਅਯੋਗ ਢੰਗ ਲੱਭਣ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸੁਆਰਥਾਂ ਦੀ ਪੂਰਤੀ ਲਈ ਕੀਤੇ ਗਏ ਯਤਨ

ਨਿਸਚਿਤ ਰੂਪ ਵਿਚ ਕੁਝ ਅਜਿਹੀਆਂ ਸਮੱਸਿਆਵਾਂ ਨੂੰ ਜਨਮ ਦਿੰਦੇ ਹਨ ਜਿਹੜੇ ਕਿ ਆਦਰਸ਼ ਸਮਾਜ ਦੀ ਸਿਰਜਣਾ ਵਿਚ ਵੱਡੀ ਰੁਕਾਵਟ ਪੈਦਾ ਕਰਦੇ ਹਨ। ਇਸ ਸ਼ਤਾਬਦੀ ਨੂੰ ਮਨਾਉਂਦਿਆਂ ਹੇਠ ਲਿਖੇ ਕੁੱਝ ਨੁਕਤਿਆਂ ਪ੍ਰਤਿ ਧਿਆਨ ਦੇਣ ਦੀ ਲੋੜ ਮਹਿਸੂਸ ਹੁੰਦੀ ਹੈ :

**੧.** ਪਿਛਲੇ ੧੫੦ ਸਾਲ ਦੌਰਾਨ ਸਾਹਮਣੇ ਆਈਆਂ ਸਿੰਘ ਸਭਾਵਾਂ ਦਾ ਸਰਵੇਖਣ ਅਤੇ ਇਸ ਦੀ ਕਾਰਜਸ਼ੈਲੀ ਦਾ ਵਿਸ਼ਲੇਸ਼ਣ ਕਰਨਾ।

**੨.** ਸਿੰਘ ਸਭਾ ਦੁਆਰਾ ਰਚਿਤ ਸਾਹਿਤ ਵਿਭਿੰਨ ਭਾਸ਼ਾਵਾਂ ਵਿਚ ਅਨੁਵਾਦ ਅਤੇ ਪ੍ਰਕਾਸ਼ਿਤ ਕਰਨਾ।

**੩.** ਸਿੰਘ ਸਭਾ ਦੁਆਰਾ ਪਾਸ ਕੀਤੇ ਗਏ ਮਤਿਆਂ ਨੂੰ ਇਕੱਤਰ ਕਰਕੇ ਉਨ੍ਹਾਂ ਦਾ ਅਧਿਐਨ ਅਤੇ ਸੰਪਾਦਨ ਕਰਨਾ।

**੪.** ਸਿੱਖ ਸੰਗਤ ਨਾਲ ਸੰਪਰਕ ਅਤੇ ਤਾਲਮੇਲ ਪੈਦਾ ਕਰ ਕੇ ਉਨ੍ਹਾਂ ਨੂੰ ਗੁਰਮਤਿ ਸਿਧਾਂਤਾਂ ਪ੍ਰਤੀ ਜਾਗਰੂਕ ਕਰਨ ਲਈ ਯਤਨ ਕਰਨਾ।

**੫.** ਨੌਜਵਾਨਾਂ ਵਿਚ ਕਿੱਤਾ-ਮੁਖੀ ਵਿੱਦਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਯਤਨ ਕਰਨਾ।

**ਹਵਾਲੇ:**


੧. *ਖਾਲਸਾ ਅਖਬਾਰ*, ੨.੧੧.੧੯੦੦, ਪੰਨਾ ੫.

੨. S.S. Bhatia, Khurshid Khalsa, in The Encyclopaedia of Sikhism, vol. II ed. by Harbans Singh, pp. 503-04.

੩. ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ ੨੩.

੪. *ਖਾਲਸਾ ਅਖਬਾਰ*, ੧੭.੧੧.੧੮੮੮, ਪੰਨਾ ੮.

੫. ਹਰਮਿੰਦਰ ਸਿੰਘ ਬੇਦੀ, ਧਾਰਮਿਕ ਵਿਦਿਆ - ਅਜੋਕੀ ਲੋੜ, ਖਾਲਸਾ ਸਮਾਚਾਰ, ੧੦.੨.੧੯੯੪, ਪੰਨਾ ੫.

੬. ਸ੍ਰੀ ਗੁਰੂ ਸਿੰਘ ਸਭਾ ਤਰਨਤਾਰਨ ਦਾ ਸਲਾਨਾ ਜਲਸਾ ਹੋ ਗਯਾ, ਧੂਮ ਧਾਮ ਬਹੁਤ ਸੀ। ਦੂਰ ਦੂਰ ਥਾਵਾਂ ਤੋਂ ਮਹਾਤਮਾ ਜਨ ਆਏ ਅਰ ਵਖਯਾਨ ਦੇ ਗਏ, ਚੰਦਾ ਹੋਯਾ ਸਕੂਲ ਖੋਲਣ ਦਾ ਬੰਦੋਬਸਤ ਹੋ ਗਯਾ। *ਖਾਲਸਾ ਧਰਮ ਪ੍ਰਚਾਰਕ*, ੧.੬.੧੯੯੫, ਪੰਨਾ ੨.

੭. ੨੫ ਮਈ ਨੂੰ ਬੜਾ ਭਾਰੀ ਜਲਸਾ ਕਰਕੇ ਖਾਲਸਾ ਕਮੇਟੀ (ਸਿੰਘ ਸਭਾ) ਗੁਜਰਾਵਾਲਾ ਨੇ ਖਾਲਸਾ ਗਰਲਜ਼ ਸਕੂਲ (ਇਸਤ੍ਰੀ ਪਾਠਸ਼ਾਲਾ) ਦੇ ਖੋਲਨ ਦੀ ਰਸਮ ਕੀਤੀ। ਮੁਬਾਰਕ ਹੋ। *ਖਾਲਸਾ ਧਰਮ ਪ੍ਰਚਾਰਕ*, ੧.੬.੧੯੯੫, ਪੰਨਾ ੨.

੮. *ਸ੍ਰੀ ਗੁਰਮਤ ਪ੍ਰਕਾਸਕਾ*, ਜੇਠ ੧੯੪੬ (੧੮੮੯), ਪੰਨੇ ੩੩-੩੫.

੯. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਪੱਤਰ ਕਲਾ, *ਪੰਜਾਬੀ ਦੁਨੀਆ*, ਮਈ ੧੯੫੦, ਪੰਨਾ ੨੩.

੧੦. ਗੁਰਮੁਖ ਸਿੰਘ, ਸਿੰਘ ਸਭਾ ਲਹਿਰ, *ਨਾਨਕ ਪ੍ਰਕਾਸ਼ ਪਤ੍ਰਿਕਾ*, ਸਤੰਬਰ ੧੯੮੮, ਪੰਨੇ ੬੩-੬੪.

੧੧. *ਖਾਲਸਾ ਅਖਬਾਰ*, ੯.੬.੧੮੮੮, ਪੰਨਾ ੮.

੧੨. *ਖਾਲਸਾ ਅਖਬਾਰ*, ੧੮.੫.੧੮੮੯, ਪੰਨਾ ੧;

# ਸਿੰਘ ਸਭਾ ਲਹਿਰ ਦੇ ਡੇਢ ਸੌ ਸਾਲ

*-ਸ. ਜਗਮੋਹਨ ਸਿੰਘ ਕਲਕੱਤਾ**

ਮਹਾਨ ਕੌਮਾਂ ਆਪਣੇ ਵਿਚਾਰਾਂ, ਕਾਰਨਾਮਿਆਂ ਅਤੇ ਹੁਨਰ ਨਾਲ ਜਾਣੀਆਂ ਜਾਂਦੀਆਂ ਹਨ। ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਨੇ ਸਿੱਖਾਂ ਨੂੰ ਆਰਾਮ ਨਹੀਂ ਕਰਨ ਦਿੱਤਾ, ਚੁਣੌਤੀ ਹਮੇਸ਼ਾ ਬਣੀ ਰਹੀ। ਅਜਿਹੀ ਹੀ ਗਾਥਾ ਹੈ 'ਸਿੰਘ ਸਭਾ ਲਹਿਰ' ਦੀ। ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਪਿਛਲੀ-ਝਾਤ ਮਾਰਨੀ ਜ਼ਰੂਰੀ ਹੈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਾਰੀ ਅਠਾਰ੍ਹਵੀਂ ਸਦੀ ਸਿੱਖਾਂ ਲਈ ਭਾਰੀ ਜਦੋ-ਜਹਿਦ, ਲਾਸਾਨੀ ਕੁਰਬਾਨੀ, ਆਪਣੀ ਹੋਂਦ ਤੇ ਸਵੈਮਾਣ ਰੱਖਿਆ ਤੋਂ ਲੈਕੇ ਸਿੱਖ ਰਾਜ ਦੀ ਸਥਾਪਨਾ ਦਾ ਅਧਿਆਇ ਬਣ ਗਿਆ।

ਇਸ ਦੇ ਨਾਲ ਹੀ ਗੁਰੂ ਸਾਹਿਬਾਨਾਂ ਦੇ ਦੱਸੇ ਰਾਹ 'ਤੇ ਤੁਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵੀ ਲਗਾਤਾਰਤਾ ਰੱਖੀ ਤੇ ਭਾਰਤੀ ਉਪ ਮਹਾਦੀਪ ਤੋ ਲੈ ਕੇ ਵਿਦੇਸ਼ਾਂ ਤਕ ਗੁਰਮਤਿ ਦਾ ਕਈ ਗੁਣਾ ਵਾਧਾ ਹੋਇਆ। ਇਸ ਪ੍ਰਚਾਰ ਵਹੀਰ ਦੇ ਵਾਧੇ ਖਾਤਰ ਕਈ ਕਿਸਮ ਦੀਆਂ ਵਿਧੀਆਂ ਦਾ ਜ਼ਿਕਰ ਮਿਲਦਾ ਹੈ। ਉਨ੍ਹਾਂ ਵਿਚ ਮੁੱਖ ਤੌਰ 'ਤੇ ਗਿਆਨੀ, ਉਦਾਸੀ ਅਤੇ ਨਿਰਮਲਿਆਂ ਦੀ ਭੂਮਿਕਾ ਬਹੁਤ ਤਕੜੀ ਰਹੀ ਹੈ। ਇਨ੍ਹਾਂ ਨੇ 'ਵਾਹਿਗੁਰੂ' ਗੁਰ ਮੰਤ੍ਰ ਅਤੇ ਨਾਮ ਬਾਣੀ ਦੇ ਪ੍ਰਚਾਰ ਨੂੰ ਸਿਖਰ 'ਤੇ ਪਹੁੰਚਾਇਆ। ਗੁਰਮੁਖੀ ਦੀ ਸਿਖਲਾਈ ਕੋਨੇ-ਕੋਨੇ ਤਕ ਕਰਾਈ। ਹਰ ਥਾਂ ਗੁਰਦੁਆਰੇ ਤੇ ਧਰਮਸ਼ਾਲ ਦੇ ਰੂਪ ਵਿਚ ਸਿੱਖੀ ਦੇ ਕੇਂਦਰ ਸਥਾਪਿਤ ਕੀਤੇ।

ਗਿਆਨੀਆਂ ਨੇ ਜਿੱਥੇ ਪ੍ਰਚਾਰ ਦੀ ਸੇਵਾ ਦੱਬ ਕੇ ਕੀਤੀ, ਦੂਸਰੇ ਪਾਸੇ ਮਰਜੀਵੜੇ ਸਿੱਖਾਂ ਦੇ ਜਦੋ-ਜਹਿਦ ਦੀ ਯੋਗ ਅਗਵਾਈ ਵੀ ਕੀਤੀ ਤੇ ਕੁਰਬਾਨੀ ਵੀ ਦਿੱਤੀ।

ਉਦਾਸੀਆਂ ਨੇ ਭਾਰਤ ਉਪ ਮਹਾਦੀਪ ਦੇ ਸਾਰੀ ਲੋਕਾਈ ਦੇ ਦਿਲਾਂ ਅੰਦਰ ਗੁਰਬਾਣੀ ਪ੍ਰਤੀ ਸਤਿਕਾਰਤ ਭਾਵਨਾ ਪੈਦਾ ਕੀਤੀ।

ਨਿਰਮਲਿਆਂ ਨੇ ਵੀ ਆਪਣੇ-ਆਪ ਨੂੰ ਸੰਗਠਿਤ ਕਰਦੇ ਹੋਏ ਸਿੱਖ ਫ਼ਲਸਫ਼ੇ, ਸਾਹਿਤ ਅਤੇ ਇਤਿਹਾਸ ਨੂੰ ਇਕੱਠਾ ਕੀਤਾ। ਜਿਸ ਦਾ ਵੱਡ-ਅਕਾਰੀ ਸਵਰੂਪ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਸਾਫ਼ ਝਲਕਦਾ ਹੈ।

ਸਾਰੇ ਹੀ ਇਕ-ਦੂਜੇ ਦੇ ਪੂਰਕ ਬਣੇ ਤੇ ਸਮੇਂ-ਸਮੇਂ ਆਪਣੇ ਕੰਮਾਂ ਨੂੰ ਵੰਡ ਕੇ ਜ਼ਿੰਮੇਵਾਰੀ ਬਾਖੂਬੀ ਨਿਭਾਈ। ਇਨ੍ਹਾਂ ਦੀ ਸਮਰਪਣ ਵਾਲੀ ਭੂਮਿਕਾ ਕਾਰਨ ਹੀ ਵੱਡਾ ਸਿੱਖ ਰਾਜ ਸਥਾਪਿਤ ਕਰਨ ਦੀ ਪ੍ਰੇਰਨਾ ਮਿਲੀ, ਜਿਸ ਦੀਆਂ ਧੁੰਮਾਂ ਸਾਰੇ ਵਿਸ਼ਵ 'ਚ ਪੈਣ ਲੱਗ ਪਈਆਂ।

**ਇੰਚਾਰਜ (Hony) ਸਿੱਖ ਮਿਸ਼ਨ ਕਲਕੱਤਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।*
*#Gill Apartment, 13/3- Mall Road, Dum Dum, KolKata- 700080; M: +919831908912*

ਉਨ੍ਹੀਵੀਂ ਸਦੀ ਦੇ ਪੂਰਬਾਰਧ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਧਰਮ-ਨਿਰਪੱਖ, ਅਨੁਸ਼ਾਸਿਤ ਤੇ ਦ੍ਰਿਸ਼ਟਾਂਤਮੂਲਕ ਤਰੀਕੇ ਨਾਲ ਅਪਣਾ ਰਾਜ ਚਲਾਇਆ। ਸਿੱਖਾਂ ਦੇ ਮੁੱਖ ਧਾਰਮਿਕ ਅਸਥਾਨਾਂ ਦਾ ਵਿਕਾਸ ਅਤੇ ਨਵ-ਨਿਰਮਾਣ ਕਰਵਾਇਆ।

ਦੂਜੇ ਪਾਸੇ ਅੰਗਰੇਜ਼ੀ ਸਾਮਰਾਜ ਭਾਰਤ ਦੇ ਬਹੁਤ ਹਿੱਸੇ ਆਪਣੇ ਕੋਝੇ ਮਨਸੂਬੇ ਨਾਲ ਅਧੀਨ ਕਰਦਾ ਜਾ ਰਿਹਾ ਸੀ। ਉਨ੍ਹਾਂ ਦੀ ਮਾੜੀ ਨਜ਼ਰ ਖਾਲਸਾ ਰਾਜ 'ਤੇ ਬਣੀ ਰਹੀ, ਪਰ ਮਹਾਰਾਜਾ ਰਣਜੀਤ ਸਿੰਘ ਸਾਹਮਣੇ ਉਨ੍ਹਾਂ ਦੀ ਹਰਕਤ ਢਹਿ ਜਾਂਦੀ ਸੀ। ਮਹਾਰਾਜੇ ਦੇ ਅਕਾਲ ਚਲਾਣੇ ਮਗਰੋਂ ਅੰਗਰੇਜ਼ ਆਪਣੀ ਸਾਜ਼ਿਸ਼ ਵਿਚ ਕਾਮਯਾਬ ਹੋਣ ਲੱਗ ਪਏ। ਅੰਤ ੧੮੪੯ ਈ. ਵਿਚ ਉਹ ਪੂਰਨ ਤੌਰ 'ਤੇ ਸਫਲ ਹੋ ਗਏ।

ਅੰਗਰੇਜ਼ਾਂ ਨੇ ਆਪਣੀ ਪਾੜੋ ਤੇ ਰਾਜ ਕਰੋ ਵਾਲੀ ਨੀਤੀ ਤਹਿਤ ਸਿੱਖਾਂ ਨੂੰ ਗੁਰਬਾਣੀ, ਗੁਰਮੁਖੀ ਤੇ ਵਿਲੱਖਣ ਇਤਿਹਾਸ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਭਰਾਮਾਰੂ ਮਾਹੌਲ ਬਣਾਇਆ ਗਿਆ ਤੇ ਸਿੱਖ ਭਾਈਚਾਰਾ ਖੇਰੂੰ-ਖੇਰੂੰ ਹੁੰਦਾ ਗਿਆ। ਇਸ ਦੇ ਵਿਰੋਧ ਵਿਚ ਕਈ ਥਾਵਾਂ ਤੇ ਸਿੱਖਾਂ ਨੇ ਅਵਾਜ਼ ਚੁੱਕੀ, ਬਗਾਵਤ ਵੀ ਹੋਈ, ਪਰ ਉਸ ਬਸਤੀਵਾਦੀ ਸ਼ਕਤੀ ਨੇ ਇਸ ਨੂੰ ਕੁਝ ਹੱਦ ਤਕ ਰੋਕ ਲਿਆ।

ਦੇਸ਼ ਦੇ ਕੁਝ ਸਮਕਾਲੀ ਗ਼ੈਰ ਸਿੱਖਾਂ ਨੇ ਵੀ ਸਿੱਖੀ ਦੀ ਗ਼ਲਤ ਪਰਿਭਾਸ਼ਾ ਤਿਆਰ ਕਰਨ ਦੀ ਹਰਕਤ ਸ਼ੁਰੂ ਕਰ ਦਿੱਤੀ।

ਸਾਰੇ ਵਰਤਾਰੇ ਦਾ ਸਿੱਖ ਆਗੂਆਂ ਤੇ ਬੁੱਧੀਜੀਵੀਆਂ ਅੰਦਰ ਡੂੰਘਾ ਅਸਰ ਪਿਆ। ਇਸ ਹਲੂਣੇ ਨਾਲ ਵੱਖ-ਵੱਖ ਸੋਚ ਰੱਖਣ ਦੇ ਬਾਵਜੂਦ ਸਿਰ ਜੋੜ ਕੇ ਬੈਠਣ ਦਾ ਦੌਰ ਅਰੰਭ ਹੋਇਆ। ਸਾਰਿਆਂ ਨੇ ਮਹਿਸੂਸ ਕੀਤਾ ਕਿ ਸਤਿਕਾਰਤ ਗੁਰੂ ਸਾਹਿਬਾਨ ਨੇ ਪੰਥ ਨੂੰ ਆਪਣੇ ਪਰਵਾਰ ਤੇ ਬੱਚਿਆਂ ਤੋਂ ਕਿਤੇ ਉਪਰਲਾ ਦਰਜਾ ਦਿੱਤਾ ਸੀ। ਇਸ ਲਈ ਉਹ ਇਸ ਸਾਰੇ ਵਰਤਾਰੇ ਨੂੰ ਠੱਲ੍ਹਣ ਲਈ ਠੋਸ ਵਿਉਂਤਬੰਦੀ ਬਣਾਉਣ ਦੀ ਤਿਆਰੀ ਕਰਨ ਲੱਗੇ। ਇਨ੍ਹਾਂ ਵਿਚ ਸਿੱਖ ਰਿਆਸਤਾਂ ਦੇ ਰਾਜੇ, ਸਿੱਖ ਸਰਦਾਰ, ਰਈਸ ਤੇ ਬੁੱਧੀਜੀਵੀ, ਹੋਰ ਬਹੁਤ ਸਾਰੇ ਸਮੇਤ ਗੁਰੂ ਨਾਨਕ-ਨਾਮ ਲੇਵਾ ਅਤੇ ਸਹਿਜਧਾਰੀ ਸੰਗਤ ਦੀ ਸ਼ਮੂਲੀਅਤ ਵੀ ਸੀ।

ਸਿੱਖਾਂ ਦੇ ਅੰਦਰ ਪੁਨਰ-ਜਾਗਰਣ ਦਾ ਮਾਹੌਲ ਸਿਰਜਿਆ ਗਿਆ। ੧੮੭੩ ਈ. ਵਿਚ ਸਾਂਝਾ ਮੰਚ 'ਸਿੰਘ-ਸਭਾ' ਦੇ ਰੂਪ ਵਿਚ ਤਿਆਰ ਹੋਇਆ। ਇਸ ਸੰਘਰਸ਼ ਨੂੰ 'ਸਿੰਘ ਸਭਾ ਲਹਿਰ' ਵਜੋਂ ਜਾਣਿਆ ਜਾਂਦਾ ਹੈ।

'ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਸਿੰਘ ਸਭਾ' ਦੀ ਵਿਆਖਿਆ ਇਸ ਪ੍ਰਕਾਰ ਕੀਤੀ, "ਅਮ੍ਰਿਤਧਾਰੀ ਸਿੰਘਾਂ ਦਾ ਸੁਧਾਰਕ ਜਥਾ, ਜਿਸ ਦਾ ਮਨੋਰਥ ਸਿੱਖ ਧਰਮ ਅਤੇ ਸਿੱਖ ਸਮਾਜ ਵਿੱਚ ਆਪਈਆਂ ਕੁਰੀਤੀਆਂ ਦੂਰ ਕਰਕੇ ਸਿੱਖ ਧਰਮ ਦੀ ਅਸਲੀ ਮਰਜਾਦਾ ਨੂੰ ਕਾਇਮ ਕਰਨਾ ਹੈ। ਸਿੰਘ ਸਭਾ ਸਥਾਪਨਾ ੧੮੭੩ ਈ. ਵਿਚ ਹੋਈ। ਫੇਰ ਸਨ ੧੮੭੯ (ਸੰਮਤ ੧੯੩੬) ਵਿਚ ਲਾਹੌਰ ਵਿਚ ਸਿੰਘ ਸਭਾ ਬਣੀ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਸ. ਗੁਰਮੁਖ ਸਿੰਘ ਜੀ ਹੋਏ, ਇਨ੍ਹਾਂ ਸਿੰਘ ਸਭਾਵਾਂ ਦੇ ਉਪਦੇਸ਼ ਨਾਲ ਅਨੇਕ ਜ਼ਿਲਿਆਂ ਵਿਚ ਸਿੰਘ ਸਭਾਵਾਂ

ਬਣ ਗਈਆਂ ਅਰ ਸੰਨ ੧੯੮੮ ਲਾਹੌਰ ਖਾਲਸਾ ਦੀਵਾਨ ਦੀ ਸਥਾਪਨਾ ਹੋਈ। ਇਸ ਪਿੱਛੋਂ ਸ਼ਿਰੋਮਣੀ ਸਿੰਘਾਂ ਦੀ ਇਕਤ੍ਰਤਾ ਰਾਮਗੜ੍ਹੀਆਂ ਦੇ ਬੁੰਗੇ ਹੋਕੇ ਅਮ੍ਰਿਤਸਰ ਜੀ ਵਿਚ ਨਵੇਂ ਖਾਲਸਾ ਦੀਵਾਨ ਦੀ ਨਿਉਂ ਰੱਖੀ, ਜਿਸ ਦਾ ਨਾਉਂ ਚੀਫ਼(chief) ਖਾਲਸਾ ਦੀਵਾਨ ਹੋਇਆ। ਜਿਸ ਨੇ ਅਨੇਕ ਪੰਥ ਦੇ ਕਾਰਜ ਸਿੱਧ ਕੀਤੇ ਅਰ ਜਥਾ ਸ਼ਕਤਿ ਹੁਣ ਭੀ ਕਰ ਰਿਹਾ ਹੈ।"

ਬੇਸ਼ੱਕ ਬਾਅਦ ਵਿਚ ਵਖਰੇਵੇਂ ਉਭਰ ਕੇ ਆਏ, ਪਰ ਸਾਰਿਆਂ ਦੀ ਮੁੱਢਲੀ ਸੋਚ ਸਿੱਖੀ ਨੂੰ ਢਾਹ ਲਾਉਣ ਵਾਲਿਆਂ ਤੋਂ ਸਚੇਤ ਹੋਣਾ ਤੇ ਵਜੂਦ ਬਚਾਉਣ ਦਾ ਹੀ ਸੀ।

ਸਿੰਘ ਸਭਾ ਲਹਿਰ ਦੀ ਪੱਤਰਕਾਰੀ ਦਾ ਆਗਾਜ਼ 'ਗੁਰਮੁਖੀ ਅਖ਼ਬਾਰ' (੧੮੮੦), 'ਖਾਲਸਾ ਅਖ਼ਬਾਰ' (੧੮੮੩), 'ਸ੍ਰੀ ਗੁਰਮਤ ਪ੍ਰਕਾਸ਼' (ਮਹੀਨੇਵਾਰ ਰਸਾਲਾ, ੧੮੮੭) ਅਤੇ 'ਖਾਲਸਾ ਪ੍ਰੈਸ' ਦੇ ਲੱਗਣ ਨਾਲ ਹੋ ਚੁੱਕਾ ਸੀ।

ਇਸ ਲਹਿਰ ਤੋਂ ਪ੍ਰਭਾਵਿਤ, ਪਹਿਲੀ ਬਣੀ ਸੰਸਥਾਵਾਂ ਵਿੱਚੋਂ ਮੁੱਖ ਸੀ ਚੀਫ ਖਾਲਸਾ ਦੀਵਾਨ। ਇਸ ਨੇ ਬਹੁਤ ਇਨਕਲਾਬੀ ਕਾਰਜ ਕੀਤੇ ਖਾਸ ਕਰ ਵਿੱਦਿਅਕ ਖੇਤਰ ਵਿਚ। ਲੜਕੀਆਂ ਦੀ ਪੜ੍ਹਾਈ ਵਾਲੇ ਪਾਸੇ ਵਿਸ਼ੇਸ਼ ਤਵੱਜੋਂ ਦਿੱਤੀ ਗਈ। ਆਰਥਿਕ ਤਰੱਕੀ ਬਾਰੇ ਸੋਚਿਆ ਗਿਆ। ਇਸ ਸੰਸਥਾ ਦੀ ਪਾਲਿਸੀ ਸਰਕਾਰ ਨਾਲ ਮਿਲ ਕੇ ਚਲਣ ਦੀ ਸੀ ਤਾਂਕਿ ਇੰਨ੍ਹਾਂ ਦੇ ਸ਼ੁਰੂ ਕੀਤੇ ਸਮਾਜ ਦੇ ਲਾਹੇਵੰਦ ਕੰਮਾਂ 'ਚ ਕੋਈ ਰੁਕਾਵਟ ਨਾ ਪੈ ਸਕੇ।

ਪਰ ਬਰਤਾਨਵੀ ਹਕੂਮਤ ਨੇ ਹਮੇਸ਼ਾ ਵਾਂਗ ਦਮਨਕਾਰੀ ਨੀਤੀ ਤਹਿਤ ਆਮ ਲੋਕਾਂ 'ਤੇ ਤਸ਼ੱਦਦ ਢਾਹੁਣਾ ਜਾਰੀ ਰੱਖਿਆ। ਗੁਰੂ-ਘਰਾਂ ਵਿਚ ਆਪਣੇ ਦਲਾਲ ਕਿਸਮ ਦੇ ਲੋਕਾਂ ਨੂੰ ਸਰਪ੍ਰਸਤ ਬਣਾ ਕੇ ਮਕਸਦ ਪੂਰਾ ਕਰਦੇ ਰਹੇ। ਹੁਣ ਸਿਰ ਤੋਂ ਉੱਪਰ ਪਾਣੀ ਵਗਣ ਵਾਲੀ ਸਥਿਤੀ ਪੈਦਾ ਹੋ ਗਈ।

ਕੁਰਬਾਨੀ ਦਾ ਮਾਦਾ ਰੱਖਣ ਵਾਲੇ ਗੁਰਸਿੱਖ ਭਲਾ ਇਸ ਦਾ ਵਿਰੋਧ ਨਾ ਕਰਨ ਇਹ ਕਦੀ ਹੋ ਸਕਦਾ ਹੈ? ਇਨ੍ਹਾਂ ਮਹਾਨ ਯੋਧਿਆਂ ਨੇ ਡਟ ਕੇ ਬਗਾਵਤ ਦਾ ਆਗਾਜ਼ ਕਰਤਾ। ਅਕਾਲੀਆਂ ਦੀ ਅਗਵਾਈ ਹੇਠ ਵੱਡੇ ਅੰਦੋਲਨ ਵਿੱਢ ਲਏ।

'ਸਿੰਘ ਸਭਾ ਲਹਿਰ' ਦੀ ਕੜੀ ਵਿਚ ਹੀ ਦੋ ਸਿਰਮੌਰ ਪੰਥਕ ਜਮਾਤਾਂ ਹੋਂਦ 'ਚ ਆਈਆਂ। ਰਾਜਨੀਤਕ ਅਤੇ ਸਮਾਜਿਕ ਤੌਰ 'ਤੇ ਆਪਣੀ ਗੱਲ ਕਰਨ ਲਈ 'ਸ਼੍ਰੋਮਣੀ ਅਕਾਲੀ ਦਲ' ਅਤੇ ਧਾਰਮਿਕ ਖੇਤਰ ਵਿਚ ਸਾਰੇ ਗੁਰੂ-ਘਰ, ਸਿੱਖ ਸੰਸਥਾਵਾਂ ਨੂੰ ਯੋਜਨਾਬੱਧ ਤਰੀਕੇ ਨਾਲ ਸਾਂਭ-ਸੰਭਾਲ, ਨਾਲ ਹੀ ਸਿੱਖ ਫ਼ਲਸਫ਼ੇ, ਇਤਿਹਾਸ, ਮਰਯਾਦਾ, ਇਕਸਾਰਤਾ, ਧਾਰਮਿਕ ਸਮੱਸਿਆਵਾਂ ਦੇ ਹੱਲ, ਗੁਰਦਆਰਾ ਸਾਹਿਬਾਨ ਨੂੰ ਭ੍ਰਿਸ਼ਟ ਤੇ ਸਰਕਾਰੀ ਏਜੰਟਾਂ ਤੋ ਸੁਤੰਤਰ ਕਰਵਾਉਣਾ ਅਤੇ ਅਜਿਹੇ ਕੋਈ ਵੀ ਹੋਰ ਕਾਰਜ ਲਈ ਇਕ ਲੋਕ-ਤਾਂਤਰਿਕ ਸੰਸਥਾ 'ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ' ਬਣਾਈ ਗਈ। ਇਹ ਸਾਰੀ ਲੋਕਾਈ ਲਈ ਇਕ ਦ੍ਰਿਸ਼ਟਾਂਤਮੂਲਕ ਪ੍ਰਾਪਤੀ ਸੀ। ਇਹ ਮਹਾਨ ਸੰਸਥਾਵਾਂ ਸਿੱਖਾਂ ਲਈ ਰਾਹ-ਦਸੇਰਾ ਬਣ ਗਈਆਂ।

ਇਨ੍ਹਾਂ ਗੁਰੂ-ਘਰਾਂ ਨੂੰ ਅਜ਼ਾਦ ਕਰਵਾਉਣ ਦੇ ਨਾਲ-ਨਾਲ, ਸਿੱਖਾਂ ਅਤੇ ਹੋਰ ਦੇਸ਼-

ਵਾਸੀਆਂ ਦੇ ਉਪਰ ਸਰਕਾਰ ਵੱਲੋਂ ਚੱਲ ਰਹੀ ਵਧੀਕੀ ਦੇ ਬਰਖਿਲਾਫ਼ ਵੱਡੇ ਪੱਧਰ 'ਤੇ ਅਹਿੰਸਕ ਮੋਰਚੇ ਖੋਲ੍ਹ ਦਿੱਤੇ।

ਇਸ ਅੰਦੋਲਨ ਵਿਚ ਸਿੱਖਾਂ ਨੇ ਸਮੂਹਿਕ ਤੌਰ 'ਤੇ ਹਿੱਸਾ ਲਿਆ। ਸਰਕਾਰ ਨੇ ਬੜੇ ਬੇਰਹਮੀ ਨਾਲ ਸ਼ਾਂਤਮਈ ਅੰਦੋਲਨਕਾਰੀਆਂ ਉੱਪਰ ਗੋਲੀ ਚਲਾਈ, ਡੰਡੇ ਵਰ੍ਹਾਏ, ਅਣਮਨੁੱਖੀ ਤਸੀਹੇ ਦਿੱਤੇ। ਸਿੱਟੇ ਵਜੋਂ ਸੈਕੜੇ ਸਿੰਘ ਸ਼ਹੀਦ ਹੋਏ, ਹਜ਼ਾਰਾਂ ਜ਼ਖ਼ਮੀ ਅਤੇ ਬੇਸ਼ੁਮਾਰ ਕੈਦ ਕੀਤੇ ਗਏ। ਇਹ ਜ਼ੁਲਮ ਦਾ ਇੰਤਹਾ ਸੀ, ਸਾਮਰਾਜੀ ਦਰਿੰਦਗੀ ਦੇ ਵਿਰੋਧ ਵਿਚ ਸਾਰੇ ਪਾਸੇ ਅਵਾਜ਼ ਉੱਠਣ ਲੱਗੀ।

ਸਾਰੇ ਰਾਸ਼ਟਰੀ ਆਗੂ ਇਸ ਲੜਾਈ ਦਾ ਨਾ ਕੇਵਲ ਸਮਰਥਨ ਕੀਤਾ ਬਲਕਿ ਇਨ੍ਹਾਂ ਮੋਰਚਿਆਂ 'ਚ ਸ਼ਾਮਲ ਹੋ ਕੇ ਅਪਣੀ ਭਾਗੀਦਾਰੀ ਵੀ ਦਿਖਾਈ। ਅਕਾਲੀਆਂ ਅੱਗੇ ਸਰਕਾਰ ਨੂੰ ਗੋਡੇ ਟੇਕਣੇ ਪਏ ਤੇ ਅਪਣੇ ਹੱਕ ਲਏ। ਮਹਾਤਮਾ ਗਾਂਧੀ ਨੇ ਵੀ ਇਸ ਨੂੰ ਦੇਸ਼ ਅਜ਼ਾਦ ਕਰਵਾਉਣ ਲਈ ਪਹਿਲਾ ਅਹਿੰਸਕ ਅੰਦੋਲਨ ਮੰਨਿਆ। ਇਸ ਦੇ ਨਾਲ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਅਤੇ ਹੋਰ ਬਥੇਰੇ ਜਦੋ-ਜਹਿਦ ਵੀ ਸਿੰਘ ਸਭਾ ਲਹਿਰ ਦੇ ਵੱਡ-ਅਕਾਰੀ ਰੂਪ ਦਾ ਹੀ ਹਿੱਸਾ ਹੈ।

'ਸਿੰਘ ਸਭਾ ਲਹਿਰ' ਦਾ ਸ਼ੁਰੂਆਤੀ ਦੌਰ ਤੋਂ ਹੀ ਸਿੱਖਾਂ ਦੇ ਮਨਾਂ ਅੰਦਰ ਵੱਡਾ ਅਸਰ ਪੈਣ ਲੱਗ ਪਿਆ। ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ ਵਿਚ ਵੀ ਸਿੰਘ ਸਭਾ ਅਤੇ ਖਾਲਸਾ ਦੀਵਾਨ ਦੇ ਨਾਮ ਹੇਠ ਅਣਗਿਣਤ ਗੁਰਦੁਆਰਾ ਸਾਹਿਬਾਨ ਤੇ ਹੋਰ ਸੰਸਥਾਵਾਂ ਬਣੀਆਂ।

ਹੁਣ ਆਪਾਂ ਸਾਰੇ ਸੁਨਹਿਰੇ ਅੱਖਰ ਵਿਚ ਲਿਖੇ 'ਸਿੰਘ ਸਭਾ ਲਹਿਰ' ਦੇ ਗੌਰਵਮਈ ਇਤਿਹਾਸ ਦੇ ਅਧਿਆਇ ਦਾ ਡੇਢ ਸੌ ਸਾਲਾ ਸਥਾਪਨ ਵਰ੍ਹਾ ਸਾਡੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਯੋਗ ਅਗਵਾਈ ਹੇਠ ਮਨਾ ਰਹੇ ਹਾਂ।

ਆਓ, ਆਪਾਂ ਸਾਰੇ ਸ਼ਾਨਾਂਮੱਤੇ ਇਤਿਹਾਸ ਨੂੰ ਯਾਦ ਕਰਦਿਆਂ ਉਨ੍ਹਾਂ ਰਵਾਇਤਾਂ ਤੇ ਉਸ ਵਕਤ ਵਾਂਗ ਰਲਮਿਲ ਕੇ ਵਖਰੇਵਿਆਂ ਨੂੰ ਪਾਸੇ ਰੱਖਦੇ ਹੋਏ ਪਹਿਰਾ ਦੇਈਏ। ਅਪਣੇ ਅੰਦਰ ਉਸੇ ਸਮਰਪਣ, ਜਜ਼ਬੇ, ਲਗਨ ਤੇ ਮਹਿਕ ਨੂੰ ਚੇਤੇ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੁਨੇਹੇ ਨੂੰ ਸਾਰੀ ਮਾਨਵਤਾ ਵਿਚ ਪਹੁੰਚਾਉਣ ਦੇ ਆਪਣੇ ਮੁਢਲੇ ਫ਼ਰਜ਼ ਨੂੰ ਸਮਝੀਏ।

ਸਾਨੂੰ ਖਿੰਡੀਆਂ ਹੋਈਆਂ ਸ਼ਕਤੀਆਂ ਨੂੰ ਮੁੜ ਇਕੱਠਿਆਂ ਕਰ ਕੇ ਵੱਡੀ ਤਾਕਤ ਬਣਾਉਣ ਦੀ ਲੋੜ ਹੈ। ਇਸ ਲਹਿਰ ਦੇ ਸਮੇਂ ਦੀ ਲੰਬਾਈ ਦੇ ਨਾਲ-ਨਾਲ ਡੂੰਘਾਈ ਦੀ ਮਿਣਤੀ ਵੀ ਕਰ ਲੈਣ ਦੀ ਜ਼ਰੂਰਤ ਹੈ। ਬੜੇ ਜਦੋ-ਜਹਿਦ ਵਿੱਚੋਂ ਉਭਰੀ ਆਪਣੀ ਨੁਮਾਇੰਦਾ ਜਥੇਬੰਦੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੂੰ ਹੋਰ ਮਜ਼ਬੂਤ ਬਣਾਈਏ।

■

# ਸਿੰਘ ਸਭਾ ਲਹਿਰ ਦੇ ਸੱਤ ਸਿਤਾਰੇ

*-ਪ੍ਰੋ. ਪਿਆਰਾ ਸਿੰਘ ਪਦਮ**

ਸਿੰਘ ਸਭਾ ਲਹਿਰ ਪੰਜਾਬ ਦੀ ਸਾਂਸਕ੍ਰਿਤਿਕ ਤੇ ਆਤਮਕ ਚੇਤਨਾ ਦੀ ਲਹਿਰ ਸੀ, ਜਿਸ ਨੇ ਇਥੋਂ ਦੇ ਨਿਵਾਸੀਆਂ ਨੂੰ ਆਪਣੇ ਵਿਸ਼ਵਾਸ, ਰੀਤੀਰਸਮ, ਵਿੱਦਿਆ, ਕਲਾ ਅਤੇ ਜੀਵਨ ਨੂੰ ਨਿਰਮਲ ਤੇ ਨਰੋਆ ਰੱਖਣ ਅਤੇ ਪ੍ਰਫੁੱਲਤ ਕਰਨ ਦਾ ਉਪਰਾਲਾ ਕੀਤਾ । ਇਸ ਤੋਂ ਪਹਿਲਾਂ ਉੱਠੀ ਨਾਮਧਾਰੀ ਲਹਿਰ (੧੮੬੨-੭੨) ਭਾਵੇਂ ਧਾਰਮਿਕ ਜਾਗ੍ਰਿਤੀ ਦਾ ਚੰਗਾ ਜਤਨ ਸੀ ਪਰ ਉਸ ਦੇ ਅਪਰਿਪੱਕ ਅਵਸਥਾ ਵਿਚ ਬਣੇ ਰਾਜਸੀ ਰੁਖ ਨੇ ਤੇ ਨਵੇਂ ਵਿੱਦਿਅਕ ਢੰਗਾਂ ਨਾਲ ਸਾਂਝ ਨਾ ਪਾਉਣ ਦੇ ਫ਼ੈਸਲੇ ਨੇ, ਆਪਣੇ ਆਪ ਕਈ ਰੁਕਾਵਟਾਂ ਖੜੀਆਂ ਕਰ ਲਈਆਂ ਤੇ ਇਸ ਦਾ ਪ੍ਰਤੀਕਰਮ ਇਤਨਾ ਪ੍ਰਚੰਡ ਹੋਇਆ ਕਿ ਸਿੰਘ ਸਭਾ ਲਹਿਰ ਨੂੰ ਰਾਜਸੀ ਸਰਗਰਮੀ ਤੋਂ ਬਚ ਕੇ ਚੱਲਣ ਦਾ ਪ੍ਰਣ ਲੈਣਾ ਪਿਆ।

ਕਿਸੇ ਲਹਿਰ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਉਸ ਦੇ ਆਦਰਸ਼ ਲੋਕਾਂ ਲਈ ਆਕਰਸ਼ਕ ਅਤੇ ਲਾਭਵੰਦੇ ਹੋਣ ਤੇ ਦੂਜੇ ਉਸ ਦੇ ਸੰਚਾਲਕ ਹਰ ਤਰ੍ਹਾਂ ਸੁਯੋਗ ਤੇ ਸੰਪੰਨ ਹੋਣ। ਲਹਿਰ ਨੂੰ ਯੋਜਨਾਬੱਧ ਕਰਨ ਲਈ ਜਿਥੇ ਤੀਖਣ ਸੂਝਬੂਝ ਤੇ ਸਾਹਸ ਦੀ ਲੋੜ, ਉਥੇ ਸੰਗਠਨ ਤੇ ਮਾਇਕ ਸ਼ਕਤੀ ਦੀ ਦਰਕਾਰ ਤਾਂ ਹੀ ਕੋਈ ਚੇਤਨਾ ਜਥੇਬੰਦ ਹੋ ਕੇ ਸਮਾਜਕ ਕ੍ਰਾਂਤੀ ਦਾ ਰੂਪ ਧਾਰਦੀ। ਸਿੰਘ ਸਭਾ ਲਹਿਰ ਵਿਚ ਪੜ੍ਹੇ-ਲਿਖੇ ਤੇ ਜਨਸਾਧਾਰਣ, ਅਮੀਰ ਤੇ ਗ਼ਰੀਬ ਸਿੱਖਾਂ ਨੇ ਰਲ ਕੇ ਹਿੱਸਾ ਪਾਇਆ। ਜਿਥੇ ਵਿਦਵਾਨ ਸਿੱਖਾਂ ਨੇ ਆਪਣੇ ਫ਼ਰਜ਼ ਨੂੰ ਪਛਾਣਿਆ, ਉਥੇ ਉਤਸ਼ਾਹੀ ਦਾਨੀਆਂ ਨੇ ਵੀ ਪੂਰਾ ਸਹਿਯੋਗ ਦਿੱਤਾ। ਇਨ੍ਹਾਂ ਵਿੱਚੋਂ ਪ੍ਰਮੁੱਖ ਨੇਤਾਵਾਂ ਦੇ ਜੀਵਨ, ਸੰਖੇਪ ਵਿਚ ਪੇਸ਼ ਕੀਤੇ ਜਾਂਦੇ ਹਨ :

### (੧) ਸ. ਠਾਕੁਰ ਸਿੰਘ ਸੰਧਾਵਾਲੀਆ

ਸੰਧਾਵਾਲੀਏ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਭਾਈਚਾਰੇ 'ਚੋਂ ਸਨ। ਸਰਦਾਰ ਠਾਕੁਰ ਸਿੰਘ ਦਾ ਜਨਮ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਦੇ ਘਰ ੧੮੩੭ ਈ. ਨੂੰ ਹੋਇਆ। ਸਰਦਾਰ ਲਹਿਣਾ ਸਿੰਘ ਖ਼ਾਲਸਾ ਦਰਬਾਰ ਵੱਲੋਂ 'ਉਜਲ ਦੀਦਾਰ, ਨਿਰਮਲ ਬੁੱਧੀ, ਸਰਦਾਰ ਬਾਵਕਾਰ, ਬਹਾਦਰ' ਕਹਿ ਕੇ ਸਨਮਾਨਿਆ ਜਾਂਦਾ ਸੀ ਪਰੰਤੂ ਡੋਗਰਿਆਂ ਤੇ ਅੰਗਰੇਜ਼ਾਂ ਦੀ ਕੁਟਲਨੀਤੀ ਦਾ ਸ਼ਿਕਾਰ ਹੋ ਕੇ ਉਸ ਨੇ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਸ਼ਹਿਜ਼ਾਦੇ ਨੂੰ ਹੱਥੀਂ ਕਤਲ ਕਰ ਕੇ ਰਾਜਹੱਤਿਆ ਦਾ ਕਲੰਕ ਆਪਣੇ ਮੱਥੇ 'ਤੇ ਲਾ ਲਿਆ ਸੀ, ਜਿਸ ਨੂੰ ਉਸ ਦੇ ਲਾਇਕ ਪੁੱਤਰ ਠਾਕੁਰ ਸਿੰਘ ਨੇ ਧੋਣ ਦਾ ਪੂਰਾਪੂਰਾ ਜਤਨ ਕੀਤਾ। ਪਹਿਲੇ ਠਾਕੁਰ ਸਿੰਘ ਅੰਮ੍ਰਿਤਸਰ ਦਾ ਅਸਿਸਟੈਂਟ ਕਮਿਸ਼ਨਰ ਸੀ, ਪਰੰਤੂ ਗ਼ੈਰਤਮੰਦ ਸਰਦਾਰ ਹੋਣ ਕਰਕੇ ਅੰਗਰੇਜ਼ ਅਧੀਨ ਬਹੁਤਾ ਚਿਰ ਤਕ ਨਾ ਟਿਕ ਸਕਿਆ। ਉਹ ਸਿੱਖ ਸਮਾਜ ਵਿਚ ਸੁਧਾਰ ਚਾਹੁੰਦਾ ਸੀ, ਸਿੱਖ ਰਾਜ ਚਾਹੁੰਦਾ ਸੀ, ਇਸੇ

*ਗੁਰਪੁਰਵਾਸੀ

ਲਈ ਉਸ ਨੇ ੧੫ ਸਾਵਣ, ੧੯੩੦ ਬਿਕ੍ਰਮੀ, ਮੁਤਾਬਕ ੨੯ ਜੁਲਾਈ, ੧੮੭੩ ਵਿਚ ਬੁੰਗਾ ਮਜੀਠੀਆ ਅੰਮ੍ਰਿਤਸਰ ਵਿਖੇ ਚੋਣਵੇਂ ਸਿੱਖਾਂ ਦੀ ਇਕੱਤਰਤਾ ਬੁਲਾ ਕੇ ਪਹਿਲੀ ਸਿੰਘ ਸਭਾ ਸਥਾਪਤ ਕੀਤੀ, ਜਿਸ ਦਾ ਪ੍ਰਧਾਨ ਉਸ ਨੂੰ ਥਾਪਿਆ ਗਿਆ ਅਤੇ ਗਿਆਨੀ ਸਰਦੂਲ ਸਿੰਘ ਸਕੱਤਰ ਬਣੇ। ਸਭਾ ਦਾ ਮੁੱਖ ਕੰਮ ਕੁਰੀਤੀਆਂ ਦੂਰ ਕਰ ਕੇ ਗੁਰਮਰਿਆਦਾ ਪ੍ਰਚਾਰਨਾ ਤੇ ਸਿੱਖ ਸੰਗਠਨ ਪੈਦਾ ਕਰਨਾ ਸੀ, ਪਰੰਤੂ ਹਾਲਾਤ ਨੇ ਸ. ਠਾਕੁਰ ਸਿੰਘ ਨੂੰ ਇਕਦਮ ਰਾਜਨੀਤਿਕ ਸਰਗਰਮੀ ਵੱਲ ਲਾ ਦਿੱਤਾ। ਆਪ ਕੁਝ ਚਿਰ ੧੮੮੩ ਈ. ਵਿਚ ਬਣੇ ਖ਼ਾਲਸਾ ਦੀਵਾਨ ਦੇ ਪ੍ਰਧਾਨ ਵੀ ਰਹੇ ਪਰ ਸਭ ਕੁਝ ਛੱਡਛਡਾ ਕੇ ੧੮੮੪ ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਵਲੈਤ ਚਲੇ ਗਏ ਤੇ ਉਥੇ ਕਈ ਮਹੀਨੇ ਰਹੇ। ਇਸ ਸੰਗਤ ਦਾ ਸਿੱਟਾ ਸੀ ਕਿ ਦਲੀਪ ਸਿੰਘ ਦੇ ਦਿਲ ਅੰਦਰ ਆਪਣੇ ਗਵਾਚੇ ਧਰਮ ਤੇ ਰਾਜ ਦੋਹਾਂ ਲਈ ਉਤਸ਼ਾਹ ਜਾਗਿਆ। ਠਾਕੁਰ ਸਿੰਘ ਨੇ ਦੇਸ਼ ਵਾਪਸ ਆ ਕੇ ਸਿੱਖ ਰਿਆਸਤਾਂ ਤੇ ਰਾਜਪੂਤ ਰਾਜਿਆਂ ਨਾਲ ਸੰਬੰਧ ਸਥਾਪਤ ਕੀਤੇ ਤਾਂ ਕਿ ਦਲੀਪ ਸਿੰਘ ਨੂੰ ਸਨਮਾਨ ਨਾਲ ਦੇਸ਼ ਵਾਪਸ ਲਿਆਂਦਾ ਜਾਏ। ਇਹਨਾਂ ਈਵਨਜ਼ ਬੈਲ ਦੀ ਕਿਤਾਬ 'ਅਨੇਕਸੇਸ਼ਨ ਆਫ਼ ਦੀ ਪੰਜਾਬ' ਦਾ ਪੰਜਾਬੀ ਤਰਜਮਾ ਛਾਪ ਕੇ ਸਿੱਖਾਂ ਵਿਚ ਵੰਡਿਆ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਅੰਗਰੇਜ਼ਾਂ ਨੇ ਦਲੀਪ ਸਿੰਘ ਨਾਲ ਕਿੰਨਾ ਅਨਿਆਂ ਕੀਤਾ ਤੇ ਉਸ ਦਾ ਜਾਇਦਾਦੀ ਹੱਕ ਕਿਤਨਾ?

ਇਸ ਸਮੇਂ ਸਿੱਖ ਨੇਤਾ ਦੋ ਵਿਚਾਰ ਰੱਖਦੇ ਸਨ, ਕੁਝ ਮਹਾਰਾਜਾ ਦਲੀਪ ਸਿੰਘ ਦੇ ਆਉਣ ਦੇ ਹੱਕ ਵਿਚ ਸਨ ਤੇ ਕੁਝ ਵਧੇਰੇ ਅੰਗਰੇਜ਼ਪੱਖੀ ਆਉਣ ਦਾ ਵਿਰੋਧ ਕਰਦੇ ਸਨ।

ਸਿੱਖ ਸੰਗਤਾਂ ਵਿਚ ਸੌ ਸਾਖੀ ਦਾ ਪ੍ਰਚਾਰ ਸੀ, ਕੂਕੇ ਪੱਕੀ ਆਸ ਰੱਖਦੇ ਸਨ ਕਿ ਸਿੱਖ ਰਾਜ ਮੁੜ ਆਉਣ ਵਾਲਾ। ਮਹਾਰਾਜਾ ਦਲੀਪ ਸਿੰਘ ਨੇ ੧੮੮੬ ਈ. ਵਿਚ ਵਾਪਸ ਪੰਜਾਬ ਆਉਣ ਦੀ ਵਿਤ ਵੀ ਬਣਾਈ ਲੇਕਿਨ ਅੰਗਰੇਜ਼ਾਂ ਨੇ ਉਸ ਨੂੰ ਅਦਨ ਹੀ ਰੋਕ ਦਿੱਤਾ। ੨੫ ਮਈ, ੧੮੮੬ ਈ. ਨੂੰ ਉਥੇ ਦਲੀਪ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਅੰਗਰੇਜ਼ ਬਹੁਤ ਔਖੇ ਸਨ ਕਿ ਸ਼ਾਇਦ ਠਾਕੁਰ ਸਿੰਘ ਰੂਸ ਰਵਾਨਾ ਹੋ ਗਿਆ, ਹੁਣ ਹੱਥ ਨਹੀਂ ਆਏਗਾ। ਪਰ ਉਹ ਅਛੋਪਲੇ ਹੀ ਜਨਵਰੀ, ੧੮੮੭ ਈ. ਨੂੰ ਪਾਂਡੀਚਰੀ ਚਲਿਆ ਗਿਆ। ਇਥੇ ਫ਼ਰਾਂਸੀਸੀਆਂ ਨੇ ਪੂਰੀ ਮਦਦ ਕੀਤੀ। ਮਹਾਰਾਜਾ ਦਲੀਪ ਸਿੰਘ ਨੇ ਪੱਤਰ ਰਾਹੀਂ ਆਪ ਨੂੰ ਆਪਣਾ ਪ੍ਰਧਾਨ ਮੰਤਰੀ ਨਿਯਤ ਕੀਤਾ ਤੇ ਆਪਣੀ ਮੋਹਰ ਭੇਜੀ ਤਾਂ ਕਿ ਉਹ ਜਿਵੇਂ ਚਾਹੇ ਉਸ ਦੀ ਵਰਤੋਂ ਕਰ ਸਕੇ। ਇਸ ਸਮੇਂ ਹਾਲਤ ਬੜੀ ਹੀ ਆਸ ਬੰਨ੍ਹਾਊ ਸੀ। ਠਾਕੁਰ ਸਿੰਘ ਦੀ ਰਾਜਨੀਤਿਕ ਸੂਝਬੂਝ ਤੇ ਸਰਗਰਮੀ ਦਾ ਸਿੱਟਾ ਸੀ ਕਿ ਉਸ ਨੇ ਪਾਂਡੀਚਰੀ ਬੈਠਿਆਂ ਦੇਸ਼ ਭਰ ਦੇ ਕ੍ਰਾਂਤੀਕਾਰੀਆਂ ਨਾਲ ਪੂਰੇ ਸੰਬੰਧ ਸਥਾਪਿਤ ਕਰ ਲਏ ਸਨ। ਰੂਸ, ਨੇਪਾਲ, ਬਰਮਾ, ਦਰਾਬਾਦ, ਪੁਣਛ, ਬੰਗਾਲ ਆਦਿ ਵਿਚ ਉਸ ਦੇ ਆਪਣੇ ਮਿਸ਼ਨ ਕੰਮ ਕਰਦੇ ਸਨ। ਜਦ ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਆਉਣ ਨਾ ਦਿੱਤਾ ਤਾਂ ਠਾਕੁਰ ਸਿੰਘ ਨੇ ਦੁਬਾਰਾ ਫ਼ਰਾਂਸੀਸੀ ਸਟੀਮਰ ਰਾਹੀਂ ਵਲੈਤ ਜਾਣ ਦਾ ਖ਼ਿਆਲ ਬਣਾਇਆ। ਪਰੰਤੂ ਉਮਰ ਨੇ ਸਾਥ ਨਾ ਦਿੱਤਾ ਤੇ ਉਹ ਅਚਾਨਕ ਬੀਮਾਰ ਹੋ ਕੇ ੧੮ ਅਗਸਤ, ੧੮੮੭ ਈ. ਨੂੰ ਚਲਾਣਾ ਕਰ ਗਿਆ।

## (੨) ਪ੍ਰੋ. ਗੁਰਮੁਖ ਸਿੰਘ

ਆਪ ਦਾ ਜਨਮ ਪਿੰਡ ਚੰਧੜਾਂ, ਜ਼ਿਲ੍ਹਾ ਗੁੱਜਰਾਂਵਾਲੇ ਦੇ ਵਸਨੀਕ ਇਕ ਗ਼ਰੀਬ ਕਿਰਤੀ ਸਿੱਖ (ਚੰਧੜ ਜੱਟ) ਵਸਾਵਾ ਸਿੰਘ ਦੇ ਘਰ ੧੮੪੯ ਈ· ਨੂੰ ਹੋਇਆ। ਆਪ ਦੇ ਪਿਤਾ ਕਪੂਰਥਲੇ ਰਾਜਾ ਨਿਹਾਲ ਸਿੰਘ ਪਾਸ ਲਾਂਗਰੀ ਸਨ, ਇਸ ਕਰਕੇ ਮੁੱਢਲੀ ਵਿੱਦਿਆ ਇਥੇ ਪੜ੍ਹੀ। ਬੀ.ਏ. ਦੀ ਪੜ੍ਹਾਈ ਲਾਹੌਰ ਕੀਤੀ ਤੇ ਕੰਵਰ ਬਿਕਰਮ ਸਿੰਘ ਆਪ ਦੀ ਸਦਾ ਸਹਾਇਤਾ ਕਰਦੇ ਰਹੇ। ਉਪਰੰਤ ੧੮੭੭ ਵਿਚ ਓਰੀਐਂਟਲ ਕਾਲਜ, ਲਾਹੌਰ ਵਿਚ ਅਸਿਸਟੈਂਟ ਪ੍ਰੋਫ਼ੈਸਰ ਲੱਗ ਗਏ। ਆਪ ਹਿਸਾਬ, ਫ਼ਿਲਾਸਫ਼ੀ ਤੇ ਪੰਜਾਬੀ ਪੜ੍ਹਾਂਦੇ ਸਨ। ਜਦੋਂ ਅੰਮ੍ਰਿਤਸਰ ਸਿੰਘ ਸਭਾ ਤੋਂ ਪ੍ਰੇਰਿਤ ਹੋ ਕੇ ੧੨ ਨਵੰਬਰ, ੧੮੭੯ ਈ. ਨੂੰ ਲਾਹੌਰ ਵਿਚ ਸਿੰਘ ਸਭਾ ਸਥਾਪਿਤ ਹੋਈ ਤਾਂ ਇਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਪ੍ਰੋ· ਗੁਰਮੁਖ ਸਿੰਘ ਨਿਯਤ ਹੋਏ। ਇਹ ਵਿਦਵਾਨ ਸੱਜਣ ਸਨ, ਇਹਨਾਂ ਗੁਰਮੁਖੀ ਅਖ਼ਬਾਰ ਤੇ 'ਵਿਦਿਆਰਕਾ' (੧੮੮੦) ਮਾਸਿਕਪੱਤਰ ਜਾਰੀ ਕਰ ਕੇ ਗੁਰਮਤਿ ਸਿਧਾਂਤਾਂ ਬਾਰੇ ਲੇਖ ਲਿਖਣੇ ਸ਼ੁਰੂ ਕੀਤੇ। ਇਸ ਸਮੇਂ ਸਰਦਾਰ ਜਵਾਹਰ ਸਿੰਘ ਸਰਬਹਿੰਦ ਆਰੀਆ ਪਰਉਪਕਾਰੀ ਸਭਾ ਦੇ ਮੀਤ ਪ੍ਰਧਾਨ ਸਨ ਤੇ ਭਾਈ ਦਿੱਤ ਸਿੰਘ ਤੇ ਭਾਈ ਮੱਈਆ ਸਿੰਘ ਆਰੀਆ ਸਮਾਜ ਦੇ ਮੈਂਬਰ ਸਨ, ਪਰੰਤੂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਪ੍ਰੋ. ਗੁਰਮੁਖ ਸਿੰਘ ਜੀ ਨੇ ਬੜੀ ਹੀ ਦਾਨਾਈ ਨਾਲ ਇਹਨਾਂ ਸਾਰਿਆਂ ਨੂੰ ਸਿੰਘ ਸਭਾ ਲਹਿਰ ਨਾਲ ਜੋੜਿਆ।

ਫਿਰ ਇਹ ਸਿਹਰਾ ਵੀ ਪ੍ਰੋਫ਼ੈਸਰ ਸਾਹਿਬ ਨੂੰ ਹੀ ਪ੍ਰਾਪਤ  ਕਿ ਆਪ ਨੇ ਨੌਕਰੀ ਵਿਚੋਂ ਵਿਹਲ ਕੱਢ ਕੇ ਥਾਂ-ਥਾਂ ਸਿੰਘ ਸਭਾਵਾਂ ਕਾਇਮ ਕੀਤੀਆਂ ਤੇ ਵਿਰੋਧੀਆਂ ਦੇ ਇਤਰਾਜ਼ਾਂ ਦਾ ਜਵਾਬ ਦਿੱਤਾ। ਇਹਨਾਂ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਬਣਾਉਣ ਲਈ ੧੮੮੩ ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਸਾਜਿਆ ਗਿਆ, ਜਿਸ ਦੇ ਪ੍ਰਧਾਨ ਬਾਬਾ ਖੇਮ ਸਿੰਘ ਬੇਦੀ ਅਤੇ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਬਣੇ। ਪ੍ਰੋ. ਗੁਰਮੁਖ ਸਿੰਘ ਕ੍ਰਾਂਤੀਕਾਰੀ ਸੁਧਾਰਕ ਸਨ, ਪਰੰਤੂ ਬੇਦੀ ਸਾਹਿਬ ਪੁਰਾਣੀਆਂ ਮਾਨਤਾਵਾਂ ਛੱਡਣ ਲਈ ਤਿਆਰ ਨਹੀਂ ਸਨ, ਇਸ ਕਰਕੇ ਮੱਤਭੇਦ ਵਧ ਗਿਆ ਤੇ ਪ੍ਰੋਫ਼ੈਸਰ ਸਾਹਿਬ ਦੀਵਾਨ ਤੋਂ ਵੱਖ ਹੋ ਗਏ। ਉਹਨਾਂ ਫਿਰ ਹਿੰਮਤ ਕਰ ਕੇ ੧੮੮੬ ਈ. ਵਿਚ ਖ਼ਾਲਸਾ ਦੀਵਾਨ, ਲਾਹੌਰ ਬਣਾਇਆ, ਜਿਸ ਦੇ ਪ੍ਰਧਾਨ ਸਰ ਅਤਰ ਸਿੰਘ ਭਦੌੜੀਏ ਸਨ ਤੇ ਚੀਫ਼ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ। ਆਪ ਨੇ ਹੁਣ ਇਥੋਂ 'ਸੁਧਾਚਾਰਕ' (੧੮੮੮ ਈ.) ਰਸਾਲਾ ਸ਼ੁਰੂ ਕੀਤਾ ਜਿਸ ਵਿਚ ਹਿੰਦੂ ਭਰਮਾਂਕਰਮਾਂ ਦਾ ਸਪੱਸ਼ਟ ਖੰਡਨ ਕੀਤਾ ਹੁੰਦਾ ਅਤੇ ਪੁਜਾਰੀ ਸੰਤਾਂਮਹੰਤਾਂ ਦੇ ਪਰਪੰਚ ਦਾ ਵੀ ਪਰਦਾ ਲਾਹਿਆ ਜਾਂਦਾ। ਇਸ ਭਰਮਖੰਡਨ ਤੇ ਭੇਖਵਿਰੋਧੀ ਪ੍ਰਚਾਰ ਦਾ ਇਤਨਾ ਅਸਰ ਹੋਇਆ ਕਿ ਸਭ ਪਿਛਾਂਹਖਿੱਚੂ ਲੋਕ ਪ੍ਰੋ. ਗੁਰਮੁਖ ਸਿੰਘ ਜੀ ਦੇ ਵਿਰੋਧੀ ਹੋ ਗਏ। ਤਖ਼ਤ ਤੋਂ ਆਪ ਨੂੰ 'ਤਨਖ਼ਾਹੀਆ' ਕਰਾਰ ਦਿੱਤਾ ਗਿਆ ਤੇ ਅਕਾਲ ਤਖ਼ਤ ਤੋਂ ਉਚੇਚਾ ਹੁਕਮਨਾਮਾ ਜਾਰੀ ਹੋਇਆ:

"ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ, ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ, ਵੁਹ ਭੀ ਬੇਮੁਖ ਔਰ ਲਾਇਕ ਤਨਖ਼ਾਹ ਪੰਥ ਕੇ ਸਮਝਾ ਜਾਵੇਗਾ।"

(ਸਤੰਬਰ ੧੯੯੫ 'ਚ ਗੁਰੂ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ

ਹੁਕਮਨਾਮੇ ਅਨੁਸਾਰ ਪ੍ਰੋ. ਗੁਰਮੁਖ ਸਿੰਘ 'ਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਗਿਆ-ਸੰਪਾਦਕ)

ਬਾਵਜੂਦ ਅਜਿਹੀਆਂ ਵਿਰੋਧਤਾਈਆਂ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਸੱਚ ਤੇ ਨਿਆਂ ਲਈ ਜੂਝਦੇ ਰਹੇ ਤੇ ਬਹੁਤੀਆਂ ਸਿੰਘ ਸਭਾਵਾਂ ਖ਼ਾਲਸਾ ਦੀਵਾਨ, ਲਾਹੌਰ ਨਾਲ ਹੀ ਸੰਬੰਧਿਤ ਰਹੀਆਂ। ਅੰਮ੍ਰਿਤਸਰ ਦੀਵਾਨ ਨਾਲ ਕੇਵਲ ਤਿੰਨ ਸਭਾਵਾਂ (ਅੰਮ੍ਰਿਤਸਰ, ਫ਼ਰੀਦਕੋਟ ਤੇ ਰਾਵਲਪਿੰਡੀ) ਹੀ ਸਨ ।

ਆਪ ਨੇ ਸਿੱਖਾਂ ਦੀ ਵਿੱਦਿਅਕ ਉੱਨਤੀ ਲਈ ਕਈ ਜਤਨ ਕੀਤੇ। ਲਾਹੌਰ ਗੁਰੂ ਗੋਬਿੰਦ ਸਿੰਘ ਖ਼ਾਲਸਾ ਬੋਰਡਿੰਗ ਹਾਊਸ ਬਣਵਾਇਆ, ਖ਼ਾਲਸਾ ਕਾਲਜ ਅੰਮ੍ਰਿਤਸਰ ਦੀਆਂ ਬੁਨਿਆਦਾਂ ਰੱਖੀਆਂ, ਪੰਜਾਬੀ ਪ੍ਰਚਾਰ ਲਈ ਕਈ ਅਖ਼ਬਾਰ ਤੇ ਰਸਾਲੇ ਜਾਰੀ ਕੀਤੇ, ਸਿੱਖ ਇਤਿਹਾਸ ਦੀਆਂ ਅਸ਼ੁੱਧ ਲਿਖਤਾਂ ਨੂੰ ਖੋਜ ਰਾਹੀਂ ਸੋਧ ਕੇ ਪੇਸ਼ ਕਰਨ ਦਾ ਮੁੱਢ ਬੰਨ੍ਹਿਆ।

ਇਸ ਤਰ੍ਹਾਂ ਸਰਬਪੱਖੀ ਵਿਕਾਸ ਲਈ ਇਤਨੀ ਘਾਲ ਘਾਲਣ ਵਾਲੇ ਪ੍ਰੋ. ਗੁਰਮੁਖ ਸਿੰਘ ਜੀ ਨੂੰ ਸਹਿਜੇ ਹੀ ਸਿੰਘ ਸਭਾ ਲਹਿਰ ਦਾ ਬਾਨੀ ਕਿਹਾ ਜਾ ਸਕਦਾ।

ਆਪ ਦਾ ਦੇਹਾਂਤ ੨੪ ਸਤੰਬਰ, ੧੮੯੮ ਈ. ਨੂੰ ਕੰਢਾ ਘਾਟ (ਰਿਆਸਤ ਪਟਿਆਲਾ) ਵਿਚ ਹੋਇਆ।

**(੩) ਗਿਆਨੀ ਦਿੱਤ ਸਿੰਘ**

ਆਪ ਦਾ ਪਹਿਲਾ ਨਾਮ ਦਿੱਤਾ ਰਾਮ ਸੀ । ਆਪ ਦਾ ਜਨਮ ਪਿੰਡ ਨੰਦਪੁਰ ਕਲੌੜ (ਰਿਆਸਤ ਪਟਿਆਲਾ) ਵਿਚ ਸ. ਦੀਵਾਨ ਸਿੰਘ ਰਵਿਦਾਸੀਏ ਦੇ ਘਰ ੧੮੫੩ ਈ. ਨੂੰ ਹੋਇਆ। ਮੁੱਢਲੀ ਵਿੱਦਿਆ ਸੰਤ ਗੁਰਬਖ਼ਸ਼ ਸਿੰਘ ਪਿੰਡ ਤਿਉੜ ਵਾਲਿਆਂ ਪਾਸੋਂ ਪੜ੍ਹੀ ਤੇ ਫਿਰ ਕਾਫ਼ੀ ਅਰਸਾ ਗੁਲਾਬਦਾਸੀਆਂ ਦੇ ਡੇਰੇ ਸੰਤ ਦੇਸਾ ਸਿੰਘ ਪਾਸ ਚੱਠਿਆਂ ਵਾਲੇ (ਜ਼ਿਲ੍ਹਾ ਲਾਹੌਰ) ਰਹੇ। ਪਹਿਲੇ ਗੁਲਾਬਦਾਸੀ ਸਾਧੂ ਬਣ ਕੇ ਪ੍ਰਚਾਰ ਕਰਦੇ ਰਹੇ, ਫਿਰ ਆਰੀਆ ਸਮਾਜ ਦੀਆਂ ਸੁਧਾਰਕ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਭਾਈ ਜਵਾਹਰ ਸਿੰਘ ਲਾਹੌਰ ਆਰੀਆ ਸਮਾਜ ਦੇ ਸਕੱਤਰ ਸਨ ਤੇ ਭਾਈ ਦਿੱਤਾ ਰਾਮ ਪੁਰਾਣੇ ਮਿੱਤਰ ਹੋਣ ਨਾਤੇ ਲਾਹੌਰ ਇਹਨਾਂ ਪਾਸ ਆਂਦੇ-ਜਾਂਦੇ ਰਹਿੰਦੇ ਸਨ। ਦਿੱਤਾ ਰਾਮ ਨੇ ਪਹਿਲੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਤੇ ਫਿਰ ਉਥੇ ਹੀ ਓਰੀਐਂਟਲ ਕਾਲਜ ਵਿਚ ਅਧਿਆਪਕ ਲੱਗ ਗਏ।

ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਦਾ ਸਿੱਟਾ ਸੀ ਕਿ ਇਹ ਸਿੰਘ ਸਭਾ ਲਹਿਰ ਵੱਲ ਆ ਗਏ ਤੇ ਪ੍ਰੋਫ਼ੈਸਰ ਸਾਹਿਬ ਦੀ ਸੱਜੀ ਬਾਂਹ ਬਣੇ। ਗਿਆਨੀ ਦਿੱਤ ਸਿੰਘ ਚੂੰਕਿ ਪਹਿਲਾਂ ਆਰੀਆ ਸਮਾਜ ਵਿਚ ਰਹੇ ਸਨ, ਇਸ ਕਰਕੇ ਉਸ ਦੀਆਂ ਅੰਦਰਲੀਆਂ ਊਣਤਾਈਆਂ ਤੋਂ ਜਾਣੂ ਸਨ ਤੇ ਉਹਨਾਂ ਦੇ ਨਿੰਦਕ ਰਵੱਈਏ ਦੇ ਵਿਰੋਧੀ ਸਨ, ਇਸ ਲਈ ਗਿਆਨੀ ਜੀ ਨੇ ਤਕਰੀਰ ਤੇ ਤਹਿਰੀਰ ਰਾਹੀਂ ਆਰੀਆ ਸਮਾਜ ਦੇ ਖ਼ੂਬ ਪੜਛੇ ਲਾਹੇ ਤੇ ਭਰਮਾਂਕਰਮਾਂ ਦਾ ਜ਼ੋਰਸ਼ੋਰ ਨਾਲ ਖੰਡਨ ਕੀਤਾ। ਦੋ-ਤਿੰਨ ਵਾਰ ਆਪ ਨੇ ਸਾਧੂ ਦਯਾਨੰਦ ਨਾਲ ਬਹਿਸ ਕੀਤੀ ਤੇ ਉਸ ਨੂੰ ਸਦਾ ਨਿਰੁੱਤਰ ਕੀਤਾ। ਆਪ ਜਿਥੇ ਚੰਗੇ ਵਕਤਾ ਤੇ ਮੁਬਾਹਿਸ ਸਨ, ਉਥੇ ਲਿਖਾਰੀ ਵੀ ਧੜੱਲੇਦਾਰ ਸਨ। ਕੰਵਰ ਬਿਕਰਮ ਸਿੰਘ

ਰਈਸ, ਜਲੰਧਰ ਨੇ ੧੮੮੫ ਈ. ਵਿਚ ਖ਼ਾਲਸਾ ਪ੍ਰੈੱਸ ਲਾ ਦਿੱਤਾ ਤੇ ੧੮੮੬ ਈ. ਵਿਚ 'ਗੁਰਮੁਖੀ ਖ਼ਾਲਸਾ ਅਖ਼ਬਾਰ' ਚਾਲੂ ਹੋਇਆ। ਗਿਆਨੀ ਦਿੱਤ ਸਿੰਘ ਜੀ ਇਸ ਦੇ ਐਡੀਟਰ ਬਣੇ। ਆਪ ਨੇ ਇਕ 'ਸੁਪਨ ਨਾਟਕ' ਲਿਖਿਆ। ਜਿਸ ਵਿਚ ਕਈ ਸਿੱਖ ਪੋਪਾਂ ਦਾ ਮਖ਼ੌਲ ਉਡਾਇਆ ਹੋਇਆ ਸੀ। ਇਸ 'ਤੇ ਮੁਕੱਦਮਾ ਚੱਲਦਾ ਰਿਹਾ ਪਰ ਅੰਤ ਗਿਆਨੀ ਜੀ ਬਰੀ ਹੋ ਗਏ।

ਪ੍ਰੈੱਸ ਬੰਦ ਹੋ ਚੁੱਕਾ ਸੀ, ਦੁਬਾਰਾ ਮਹਾਰਾਜਾ ਹੀਰਾ ਸਿੰਘ ਨਾਭਾ ਦੀ ਮਦਦ ਨਾਲ ਮਈ, ੧੮੯੩ ਈ. ਤੋਂ 'ਖ਼ਾਲਸਾ ਅਖ਼ਬਾਰ' ਚਾਲੂ ਹੋਇਆ ਤੇ ਲਗਾਤਾਰ ਅੱਠ ਵਰ੍ਹੇ ਗਿਆਨੀ ਜੀ ਫਿਰ ਜ਼ੋਰਸ਼ੋਰ ਨਾਲ ਕਲਮ ਚਲਾ ਕੇ ਭਰਮਾਂ, ਵਹਿਮਾਂ, ਪਖੰਡਾਂ ਤੇ ਭੇਖਾਂ ਦਾ ਸਫ਼ਾਇਆ ਕਰਦੇ ਰਹੇ। ਦੋ ਦਰਜਨ ਤੋਂ ਉੱਤੇ ਪੁਸਤਕਾਂ ਲਿਖੀਆਂ। ਗਿਆਨੀ ਜੀ ਦਾ ਦੇਹਾਂਤ ੬ ਸਤੰਬਰ, ੧੯੦੧ ਨੂੰ ਹੋਇਆ।

*ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉੱਠੇ,*
*ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।*
*ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,*
*ਅੱਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।*
*ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,*
*ਆਈ ਅੱਜ ਯਾਦ ਉਸ ਸਿੰਘ ਸਭਾ ਬਾਨੀ ਦੀ।*
*ਭਾਵੇਂ ਉਹਦੀ ਪਾਈ ਨਾ ਕਦਰ ਪੂਰੀ ਪੰਥ ਨੇ ,*
ਭਾਸੇ ਅੱਜ ਲੋੜ ਫੇਰ ਦਿੱਤ ਸਿੰਘ ਗਿਆਨੀ ਦੀ।

**(੪) ਭਾਈ ਜਵਾਹਰ ਸਿੰਘ**

ਆਪ ਦਾ ਜਨਮ ਗੁੱਜਰਾਂਵਾਲੀਏ ਸਰਦਾਰ ਆਤਮਾ ਸਿੰਘ ਦੇ ਘਰ ੧੮੫੯ ਈ. ਨੂੰ ਹੋਇਆ। ਵਿੱਦਿਆ ਪ੍ਰਾਪਤ ਕਰਨ ਉਪਰੰਤ ਕੁਝ ਸਮਾਂ ਗੁਲਾਬਦਾਸੀਆਂ ਦੀ ਸੰਗਤ ਵਿਚ ਰਹੇ, ਫਿਰ ਰੇਲਵੇ ਵਿਚ ਨੌਕਰੀ ਕਰ ਲਈ। ਇਸ ਸਮੇਂ ਲਾਹੌਰ ਆਰੀਆ ਸਮਾਜ ਦਾ ਤਕੜਾ ਪ੍ਰਚਾਰ ਸੀ। ਆਪ ਵਿਦਵਾਨ ਨੌਜੁਆਨ ਸਨ। ਇਸ ਕਰਕੇ ਆਪ ਨੂੰ ੧੮੭੮ ਈ. ਵਿਚ ਆਰੀਆ ਸਮਾਜ ਲਾਹੌਰ ਦਾ ਸਕੱਤਰ ਥਾਪਿਆ ਗਿਆ ਤੇ ਸਾਧੂ ਦਯਾਨੰਦ ਆਪ 'ਤੇ ਬਹੁਤ ਭਰੋਸਾ ਕਰਦੇ ਸਨ। ਫਿਰ ਆਪ ਸਰਬਹਿੰਦ ਆਰੀਆ ਪਰਉਪਕਾਰੀ ਸਭਾ ਦੇ ਮੀਤ ਪ੍ਰਧਾਨ ਵੀ ਰਹੇ। ੧੮੮੩ ਈ. ਵਿਚ ਆਰੀਆ ਕਾਲਜ ਬਣਾਉਣ ਦੀ ਵਿਤ ਬਣੀ ਤਾਂ ਆਪ ਇਸ ਕਮੇਟੀ ਦੇ ਸਕੱਤਰ ਬਣਾਏ ਗਏ। ੧੮੮੨ ਵਿਚ ਆਪ ਨੇ ਲਾਅ ਕੋਰਸ ਵੀ ਪਾਸ ਕਰ ਲਿਆ ਸੀ, ਹੌਲੀਹੌਲੀ ਤਰੱਕੀ ਕਰਦੇ ੧੮੮੬ ਈ. ਵਿਚ ਰੇਲਵੇ ਦੇ ਮੈਨੇਜਰ ਲੱਗ ਗਏ ਤੇ ਫਿਰ ਸੁਪ੍ਰਿੰਟੈਂਡੈਂਟ। ਇਸ ਸਮੇਂ ਲਾਹੌਰ ਸਿੰਘ ਸਭਾ ਲਹਿਰ ਦੀ ਸਰਗਰਮੀ ਦਾ ਕੇਂਦਰ ਸੀ ਤੇ ਇਸ ਵਿਚ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜਿਹੇ ਸਿਆਣੇ ਮੋਢੀ ਕਾਰਕੁਨ ਸਨ, ਇਸ ਕਰਕੇ ਇਹਨਾਂ ਦੀ ਪ੍ਰੇਰਨਾ ਨਾਲ ਭਾਈ ਜਵਾਹਰ ਸਿੰਘ ਕਪੂਰ ਵੀ ਇਧਰ ਆ ਗਏ।

ਆਪ ਦੀ ਵਿੱਦਿਅਕ ਯੋਗਤਾ ਤੇ ਸੂਝਬੂਝ ਦੀ ਸਰਕਾਰੇਦਰਬਾਰੇ ਵੀ ਚੰਗੀ ਕਦਰ

ਸੀ। ੧੮੮੫ ਈ. ਵਿਚ 'ਅੰਜੁਮਨਿਪੰਜਾਬ' ਦੇ ਫੈਲੋ ਬਣਾਏ ਗਏ। ੧੮੮੯ ਈ. ਵਿਚ ਉਹਨਾਂ ਦੀਆਂ ਦੋ-ਤਿੰਨ ਕਿਤਾਬਾਂ ਵੀ ਛਪੀਆਂ। ਇਕ ਵਾਰ ਰੇਲਵੇ ਵਾਲਿਆਂ ਸੱਖਰ ਦਾ ਪੁਲ ਖੋਲ੍ਹਣ ਦੀ ਰਸਮ ਸਮੇਂ ਜੰਦਰੇ 'ਤੇ ਉਕਰਨ ਲਈ ਇਕ ਛੋਟੀ ਜਿਹੀ ਫ਼ਾਰਸੀ ਨਜ਼ਮ ਦੀ ਮੰਗ ਕੀਤੀ ਤਾਂ ਇਹ ਨਜ਼ਮ ਸ· ਜਵਾਹਰ ਸਿੰਘ ਜੀ ਦੀ ਹੀ ਲਿਖੀ ਚੁਣੀ ਗਈ ਸੀ। ਇਸ ਤਰ੍ਹਾਂ ਉਹ ਫ਼ਾਰਸੀ, ਉਰਦੂ, ਅੰਗਰੇਜ਼ੀ ਵਿਚ ਅੱਛਾ ਲਿਖ ਸਕਦੇ ਸਨ ਤੇ ਸਿੱਖ ਕੌਮ ਦੀ ਵਿੱਦਿਅਕ ਤਰੱਕੀ ਲਈ ਜਤਨ ਕਰਦੇ ਰਹਿੰਦੇ ਸਨ। ਜਦ ੧੮੯੨ ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਬਣਨ ਲੱਗਾ ਤਾਂ ਆਪ ਕਾਲਜ ਕੌਂਸਲ ਦੇ ਆਨਰੇਰੀ ਸਕੱਤਰ ਥਾਪੇ ਗਏ ਤੇ ਇਹ ਸੇਵਾ ਆਪ ਨੇ ੧੯੦੬ ਈ. ਤਕ ਨਿਭਾਈ। ੧੮੯੭ ਈ. ਵਿਚ ਆਪ ਲਿਟਰੇਰੀ ਸੁਸਾਇਟੀ, ਕਲਕੱਤਾ ਦੇ ਮੈਂਬਰ ਬਣੇ, ੧੮੯੯ ਈ. ਵਿਚ ਪੰਜਾਬ ਟੈਕਸਟ ਬੁਕ ਕਮੇਟੀ ਦੇ ਮੈਂਬਰ। ੧੯੦੪ ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਫੈਲੋ ਨਿਯਤ ਹੋਏ। ੧੪ ਮਈ, ੧੯੧੦ ਈ. ਨੂੰ ਦੇਹਾਂਤ ਹੋਇਆ।

**(੫) ਸਰ ਅਤਰ ਸਿੰਘ ਭਦੌੜ**

ਆਪ ਦਾ ਜਨਮ ਰਈਸ ਘਰਾਣੇ ਵਿਚ ਸ. ਖੜਕ ਸਿੰਘ ਜੀ ਦੇ ਘਰ ੧੮੩੩ ਈ. ਨੂੰ ਨਗਰ ਭਦੌੜ, ਰਿਆਸਤ ਪਟਿਆਲਾ ਵਿਚ ਹੋਇਆ। ਆਪ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ ਤੇ ਪੰਜਾਬ ਸਰਕਾਰ ਨੇ ਆਪ ਨੂੰ 'ਮਹਾਂ ਮਹੋਪਧਿਆਇ' ਤੇ 'ਫ਼ਜ਼ਲਉਲਫੁਜ਼ਲਾ' ਆਦਿ ਉਪਾਧੀਆਂ ਨਾਲ ਸਨਮਾਨਿਤ ਕੀਤਾ ਹੋਇਆ ਸੀ । ੧੮੬੯ ਈ. ਵਿਚ ਆਪ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਦੇ ਮੈਂਬਰ ਅਤੇ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸੈਨੇਟ ਦੇ ਮੈਂਬਰ ਵੀ ਰਹੇ। ੧੮੮੦ ਈ. ਵਿਚ ਆਪ ਨੂੰ ਬਰਤਾਨਵੀ ਸਰਕਾਰ ਨੇ ਸੀ.ਐਸ.ਆਈ. ਦਾ ਤੇ ੧੮੮੮ ਈ. ਵਿਚ ਕੇ.ਸੀ.ਐਸ. ਦਾ ਖ਼ਿਤਾਬ ਦਿੱਤਾ। ਜਿਥੇ ਠਾਕਰ ਸਿੰਘ ਸੰਧਾਵਾਲੀਆ ਸਖ਼ਤ ਅੰਗਰੇਜ਼ ਵਿਰੋਧੀ ਸਨ, ਉਥੇ ਸਰ ਅਤਰ ਸਿੰਘ ਪੱਕੇ ਅੰਗਰੇਜ਼ ਪ੍ਰਸਤ ਸਨ।

ਜਦੋਂ ਸਿੰਘ ਸਭਾ ਲਹਿਰ ਚੱਲੀ ਤਾਂ ਆਪ ਨੇ ਸਿੱਖਾਂ ਦੀ ਤਰੱਕੀ ਲਈ ਪੂਰੇਪੂਰੇ ਜਤਨ ਕੀਤੇ। ੧੮੮੬ ਈ. ਵਿਚ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਹੋਈ ਤਾਂ ਆਪ ਨੂੰ ਇਸ ਦਾ ਪ੍ਰਧਾਨ ਰੱਖਿਆ ਗਿਆ ਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਬਣੇ। ਆਪ ਦੀ ਸੂਝਬੂਝ ਭਰੀ ਅਗਵਾਈ ਦਾ ਸਿੱਟਾ ਸੀ ਕਿ ਇਹ ਦੀਵਾਨ ਪੰਥ ਵਿਚ ਵਧੇਰੇ ਸਤਿਕਾਰਿਆ ਗਿਆ ਤੇ ਸੌ ਤੋਂ ਉੱਤੇ ਸਿੰਘ ਸਭਾਵਾਂ ਇਸੇ ਨਾਲ ਸੰਬੰਧਤ ਹੋਈਆਂ। ਖ਼ਾਲਸਾ ਪ੍ਰੈੱਸ ਚਲਾਉਣ ਤੇ ਖ਼ਾਲਸਾ ਕਾਲਜ ਬਣਾਉਣ ਲਈ ਆਪ ਨੇ ਮੋਹਰੀ ਜਤਨ ਕੀਤੇ ਕਿਕਿ ਖ਼ਾਲਸਾ ਕੌਂਸਲ ਦਾ ਪ੍ਰਧਾਨ ਸਦਾ ਅੰਗਰੇਜ਼ ਅਫ਼ਸਰ ਹੀ ਹੁੰਦਾ ਸੀ, ਇਸ ਕਰਕੇ ਆਪ ਹਮੇਸ਼ਾ ਮੀਤ ਪ੍ਰਧਾਨ ਥਾਪੇ ਜਾਂਦੇ ਤੇ ਖ਼ਾਲਸਾ ਕਾਲਜ ਦੀ ਧਾਰਮਿਕ ਕਮੇਟੀ ਦੇ ਸਦਾ ਪ੍ਰਧਾਨ ਰਹਿੰਦੇ। ਆਪ ਵਿਦਵਾਨ ਲੇਖਕ ਸਨ ਤੇ ਸਭ ਤੋਂ ਪਹਿਲਾਂ ਆਪ ਨੇ ਹੀ ਅੰਗਰੇਜ਼ੀ ਵਿਚ ਸਿੱਖਾਂ ਬਾਰੇ ਦੋ-ਤਿੰਨ ਪੁਸਤਕਾਂ ਲਿਖੀਆਂ ਤੇ ਉਰਦੂ ਵਿਚ ਜਪੁਜੀ ਦਾ ਟੀਕਾ ਕੀਤਾ ਤੇ 'ਤ੍ਵਾਰੀਖ਼ ਸਿੱਧੂ ਬੈਰਾੜਾਂ ਵ ਖ਼ਾਨਦਾਨ ਫੂਲ' ਲਿਖੀ। ਆਪ ਦੀ ਨਿੱਜੀ ਲਾਇਬ੍ਰੇਰੀ ਬੜੀ ਵੱਡੀ ਸੀ, ਪੰਜਾਬ ਪਬਲਿਕ

ਲਾਇਬ੍ਰੇਰੀ, ਲਾਹੌਰ ਦੀਆਂ ਕਾਫ਼ੀ ਪੁਸਤਕਾਂ ਤੇ ਖਰੜੇ ਆਪ ਦੇ ਦਾਨ ਦਾ ਫਲ ਹਨ। ਚੂੰਕਿ ਆਪ ਦੀ ਪੋਤਰੀ ਸ. ਸੁੰਦਰ ਸਿੰਘ ਮਜੀਠੀਆ ਨਾਲ ਵਿਆਹੀ ਗਈ, ਇਸ ਕਰਕੇ ਆਪ ਨੇ ਸ. ਸੁੰਦਰ ਸਿੰਘ ਨੂੰ ਵੀ ਪੰਥਕ ਕਾਰਜਾਂ ਦੀ ਗੁੜ੍ਹਤੀ ਦਿੱਤੀ ਤੇ ਉਹ ਇਸੇ ਪਾਸ ਲੱਗੇ ਰਹੇ। ਦੇਹਾਂਤ ੧੦ ਜੂਨ, ੧੮੯੬ ਈ. ਨੂੰ ਹੋਇਆ ।

**(੬) ਬਾਬਾ ਖੇਮ ਸਿੰਘ (ਬੇਦੀ)**

ਆਪ ਦਾ ਜਨਮ ਸ. ਅਤਰ ਸਿੰਘ ਜੀ ਦੇ ਘਰ ਊਨਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ੧੮੩੨ ਈ. ਨੂੰ ਹੋਇਆ। ਆਪ ਦਾ ਘਰਾਣਾ ਮੁੱਢ ਤੋਂ ਹੀ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਸੀ। ਇਸ ਕਰਕੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਸਮੇਂ ਆਪ ਦੀ ਜਾਗੀਰ ਜ਼ਬਤ ਨਹੀਂ ਹੋਈ, ਸਗੋਂ ੧੮੫੭ ਈ. ਦੇ ਗ਼ਦਰ ਸਮੇਂ ਕਈ ਜ਼ਰੂਰੀ ਸੇਵਾਵਾਂ ਕਾਰਣ ਆਪ ਨੂੰ ਹੋਰ ਜਾਗੀਰ ਤੇ ਮਿੰਟਗੁਮਰੀ ਵੱਲ ਮੁਰੱਬੇ ਮਿਲੇ। ਇਸ ਕਰਕੇ ਆਪ ਚੰਗੇ ਤਕੜੇ ਅਮੀਰ ਸਨ ਤੇ ਸਿੱਖੀ ਪ੍ਰਚਾਰ ਲਈ ਵੀ ਡੂੰਘੀ ਲਗਨ ਰੱਖਦੇ ਸਨ।

ਸਿੰਘ ਸਭਾ ਲਹਿਰ ਦਾ ਮੁੱਢ ਬੰਨ੍ਹਣ ਵਾਲਿਆਂ ਵਿਚ ਆਪ ਮੋਹਰੀ ਸਨ ਤੇ ਗੁਰੂਅੰਸ਼ ਹੋਣ ਨਾਤੇ ਆਪ ਦਾ ਸਿੱਖਾਂ ਵਿਚ ਸਤਿਕਾਰ ਵੀ ਸੀ। ੧੮੭੭ ਈ. ਵਿਚ ਆਪ ਮਿੰਟਗੁਮਰੀ ਆਨਰੇਰੀ ਮੈਜਿਸਟਰੇਟ ਰਹੇ, ਫਿਰ ਕੌਂਸਲ ਆਫ਼ ਸਟੇਟ ਦੇ ਵੀ ਮੈਂਬਰ ਨਾਮਜ਼ਦ ਕੀਤੇ ਗਏ। ੧੮੮੪ ਈ. ਵਿਚ ਸਿੱਖਾਂ ਨੇ ਲਾਹੌਰ ਬੇਦੀ ਸਾਹਿਬ ਨੂੰ ਐਡਰੈਸ ਦਿੱਤਾ ਤਾਂ ਬੇਦੀ ਸਾਹਿਬ ਕਹਿਣ ਲੱਗੇ ਕਿ ਮੈਂ ਸਾਰੇ ਸਿੱਖਾਂ ਦਾ ਗੁਰੂ ਹਾਂ। ਸਿੰਘ ਸਭਾਈ ਮੈਂਬਰਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਅਤੇ ਆਪ ਦਾ ਸਖ਼ਤ ਵਿਰੋਧ ਕੀਤਾ। ਭਾਵੇਂ ਸਿੱਖ ਆਪ ਦੀ ਇੱਜ਼ਤ ਕਰਦੇ ਸਨ, ਪਰ ਨਵੇਂ ਸੁਧਾਰਕ ਆਪ ਦੇ ਗੁਰੂਡੰਮ੍ਹ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। ੧੮੮੩ ਈ. ਵਿਚ ਆਪ ਨੂੰ ਅੰਮ੍ਰਿਤਸਰ ਖ਼ਾਲਸਾ ਦੀਵਾਨ ਦਾ ਪ੍ਰਧਾਨ ਵੀ ਬਣਾਇਆ ਗਿਆ ਪਰ ਇਸ ਮਤਭੇਦ ਕਰਕੇ ਹੀ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ ਦੇ ਵਿਰੋਧੀ ਹੋ ਗਏ ਤੇ ਇਹ ਦੀਵਾਨ ਛੇਤੀ ਮੱਧਮ ਪੈ ਗਿਆ।

ਬੇਦੀ ਸਾਹਿਬ ਨੇ ਪੋਠੋਹਾਰ ਵਿਚ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ ਤੇ ਥਾਂਥਾਂ ਲੜਕੀਆਂ ਨੂੰ ਪੜ੍ਹਾਉਣ ਲਈ ਸੈਂਕੜੇ ਪੰਜਾਬੀ ਪਾਠਸ਼ਾਲਾਵਾਂ ਖੁਲ੍ਹਵਾਈਆਂ। ਆਪ ਨੇ 'ਗੁਰਮਤਿ ਪ੍ਰਕਾਸ਼ਕ' ਪੱਤਰ ਵੀ ਜਾਰੀ ਕੀਤਾ ਸੀ। ਦੇਹਾਂਤ ੧੧ ਅਪ੍ਰੈਲ, ੧੯੦੫ ਈ. ਨੂੰ ਹੋਇਆ।

**(੭) ਭਾਈ ਕਾਨ੍ਹ ਸਿੰਘ ਨਾਭਾ**

ਆਪ ਦਾ ਜਨਮ ੧੮੬੧ ਈ. (੧੧ ਭਾਦੋਂ) ਨੂੰ ਬਾਬਾ ਨਰੈਣ ਸਿੰਘ ਜੀ ਦੇ ਘਰ ਨਾਭੇ ਲਾਗੇ ਪਿੰਡ ਛੋਟੇ ਬਨੇਰੇ ਹੋਇਆ, ਜਿਥੇ ਕਿ ਆਪ ਦੇ ਨਾਨਕੇ ਸਨ। ਆਪ ਦਾ ਪਿੰਡ ਪਿਥੋਕੇ ਤੇ ਰਿਹਾਇਸ਼ ਨਾਭੇ ਸੀ। ਮੁੱਢਲੀ ਵਿੱਦਿਆ ਭਾਈ ਬੀਰ ਸਿੰਘ ਜਲਾਲਕੇ ਤੇ ਭਾਈ ਜਵਾਹਰ ਸਿੰਘ ਆਦਿ ਤੋਂ ਪੜ੍ਹੀ। ਢਾਈ-ਤਿੰਨ ਸਾਲ ਲਾਹੌਰ, ਦਿੱਲੀ, ਲਖਨਊ ਆਦਿ ਥਾਵਾਂ 'ਤੇ ਫਿਰ ਕੇ ਫ਼ਾਰਸੀ ਤੇ ਅੰਗਰੇਜ਼ੀ ਦੀ ਤਾਲੀਮ ਹਾਸਲ ਕੀਤੀ। ੧੮੮੩ ਈ. ਵਿਚ ਲਾਹੌਰ ਪ੍ਰੋ. ਗੁਰਮੁਖ ਸਿੰਘ ਦੇ ਨਿਕਟ ਰਹਿ ਕੇ ਸਿੱਖ ਸਿਧਾਂਤਾਂ ਤੇ ਸਿੱਖ ਸਮੱਸਿਆਵਾਂ ਨੂੰ ਸਮਝਣ ਦਾ ਜਤਨ ਕੀਤਾ। ਮਹਾਰਾਜਾ ਹੀਰਾ ਸਿੰਘ ਦੀ ਪਾਰਖੂ ਅੱਖ ਨੇ ਆਪ ਨੂੰ ਆਪਣੀ ਨੌਕਰੀ ਵਿਚ ਲੈ ਲਿਆ ਤੇ ੧੮੮੮ ਈ. ਵਿਚ ਟਿੱਕਾ ਰਿਪੁਦਮਨ

ਸਿੰਘ ਦਾ ਟਿਊਟਰ ਲਾ ਦਿੱਤਾ। ਬਾਅਦ ਵਿਚ ਆਪ ਨਾਜ਼ਮ, ਜੱਜ ਤੇ ਵਜ਼ੀਰ ਦੇ ਅਹੁਦੇ ’ਤੇ ਵੀ ਕਾਫ਼ੀ ਅਰਸਾ ਰਹੇ।

ਸਿੰਘ ਸਭਾ ਲਹਿਰ ਦਾ ਜ਼ਮਾਨਾ ਸ਼ਾਸਤ੍ਰਾਰਥ ਦਾ ਸੀ, ਇਸ ਵਿਚ ਅਨਮਤ ਦੇ ਮੁਕਾਬਲੇ ਗੁਰਮਤਿ ਦਾ ਨਿਖੇੜਾ ਕਰਨਾ ਸੂਝਵਾਨ ਵਿਦਵਾਨਾਂ ਦਾ ਕੰਮ ਸੀ। ਭਾਈ ਕਾਨ੍ਹ ਸਿੰਘ ਗੁਰਮਤਿ ਸਾਹਿਤ ਦੇ ਵਿਦਵਾਨ ਪੰਡਤ ਸਨ। ਆਪ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਸਿੱਖ ਸਿਧਾਂਤ ਬਾਰੇ ਤਿੰਨ ਵਿਸ਼ੇਸ਼ ਗ੍ਰੰਥ ਲਿਖੇ :

੧੮੯੭ ਵਿਚ ‘ਹਮ ਹਿੰਦੂ ਨਹੀਂ’

੧੮੯੮ ਵਿਚ ‘ਗੁਰਮਤਿ ਪ੍ਰਭਾਕਰ’ ਤੇ

‘ਗੁਰਮਤਿ ਸੁਧਾਕਰ’ ਗ੍ਰੰਥ ਪ੍ਰਕਾਸ਼ਤ ਹੋਏ ।

‘ਹਮ ਹਿੰਦੂ ਨਹੀਂ’ ਪੁਸਤਕ ਪ੍ਰਕਾਸ਼ਤ ਹੋਣ ’ਤੇ ਬੜਾ ਰੌਲਾ ਮੱਚਿਆ, ਜੇ ਸੱਚ ਪੁੱਛੋ ਤਾਂ ਸਾਰੀ ਸਿੰਘ ਸਭਾ ਲਹਿਰ ਦੀ ਘਾਲ ਦਾ ਸਿੱਟਾ ਇਹੋ ਯਕੀਨ ਸੀ ਕਿ ਸਿੱਖ ਧਰਮ ਇਕ ਨਿਆਰਾ ਪੰਥ, ਇਹ ਹਿੰਦੂ ਨਹੀਂ।

ਮਹਾਰਾਜਾ ਹੀਰਾ ਸਿੰਘ ਪਾਸ ਆਪ ਦੀ ਸ਼ਿਕਾਇਤ ਹੋਈ। ਮਹਾਰਾਜੇ ਨੇ ਵਲੈਤ ਦੇ ਪ੍ਰਸਿੱਧ ਕਾਨੂੰਨਦਾਨ ਮਿ. ਐਚ.ਏ. ਰਾਇਗਨ ਤੋਂ ਰਾਇ ਲਈ। ਉਸ ਨੇ ਲਿਖਿਆ ਕਿ ਇਸ ਵਿਚ ਕੋਈ ਵੀ ਕਾਨੂੰਨੀ ਤੌਰ 'ਤੇ ਨਾਜਾਇਜ਼ ਜਾਂ ਅਪਮਾਨ ਵਾਲੀ ਗੱਲ ਨਹੀਂ ਲਿਖੀ ਗਈ।

ਭਾਈ ਸਾਹਿਬ ਨੇ ਜਿਸ ਤਰਕ ਤੇ ਵਿਸ਼ਲੇਸ਼ਣ ਨਾਲ ਗੁਰਮਤਿ ਦਾ ਨਿਰਾਲਾਪਣ ਦਰਸਾਇਆ, ਉਹ ਆਪ ਜੈਸੇ ਸਕਾਲਰ ਦਾ ਹੀ ਕੰਮ ਸੀ। ਇਸ ਪਿੱਛੋਂ ਆਪ ਨੇ ‘ਗੁਰਛੰਦ ਦਿਵਾਕਰ’ (੧੯੨੧ ਈ.) ਤੇ ‘ਗੁਰਸ਼ਬਦਾਲੰਕਾਰ’ (੧੯੨੪ ਈ.) ਲਿਖ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਮਹੱਤਤਾ ਪ੍ਰਗਟਾਈ। ‘ਗੁਰਸ਼ਬਦ ਰਤਨਾਕਰ ਮਹਾਨ ਕੋਸ਼’ ਜੋ ਕਿ ਸਿੱਖ ਸਾਹਿਤ ਦਾ ਇਨਸਾਈਕਲੋਪੀਡੀਆ, ਆਪ ਦੀ ਲਾਸਾਨੀ ਰਚਨਾ ਜੋ ਕਿ ਵਿਦਵਾਨ ਖੋਜੀਆਂ ਦੇ ਸਦਾ ਕੰਮ ਆਦੀ ਰਹੇਗੀ।

ਭਾਈ ਕਾਨ੍ਹ ਸਿੰਘ ਜੀ ਦਾ ਇਕ ਹੋਰ ਕਾਰਨਾਮਾ ਵਿਸ਼ੇਸ਼ ਧਿਆਨ ਯੋਗ। ਮਿ. ਮੈਕਾਲਿਫ਼ (੧੮੩੭-੧੯੧੩ ਈ.) ਜੈਸੇ ਪੱਛਮੀ ਵਿਦਵਾਨ ਨੂੰ ਗੁਰਮਤਿ ਵਿੱਦਿਆ ਵਿਚ ਸੁਸਿੱਖਿਅਤ ਕਰ ਕੇ ‘ਸਿੱਖ ਰਿਲੀਜਨ’ ਜਿਹੀ ਉੱਤਮ ਪੁਸਤਕ ਲਿਖਾਉਣਾ ਆਪ ਦੀ ਇਕ ਮਹਾਨ ਪ੍ਰਾਪਤੀ। ਆਪ ਨੇ ਤਿੰਨ ਸਾਲ ਵਲੈਤ ਰਹਿ ਕੇ ਇਸ ਪੁਸਤਕ ਦੇ ਪਰੂਫ਼ ਤਕ ਪੜ੍ਹੇ ਤੇ ਮੈਕਾਲਿਫ਼ ਨੇ ਅਹਿਸਾਨ ਵਜੋਂ ਇਸ ਗ੍ਰੰਥ ਦਾ ਕਾਪੀ ਰਾਈਟ ਹੀ ਆਪ ਨੂੰ ਸਮਰਪਣ ਕਰ ਦਿੱਤਾ।

ਇਸ ਕਲਮੀ ਸੇਵਾ ਤੋਂ ਬਿਨਾਂ ਖ਼ਾਲਸਾ ਕਾਲਜ ਬਣਾਉਣ ਵਿਚ ਆਪ ਨੇ ਤਕੜਾ ਹਿੱਸਾ ਪਾਇਆ। ਸਾਰੀਆਂ ਸਿੱਖ ਰਿਆਸਤਾਂ ਨੂੰ ਕੇ ੨੩ ਲੱਖ ਰੁਪਿਆ ਇਕੱਠਾ ਕੀਤਾ। ੧੮੯੩ ਈ. ਵਿਚ ਖ਼ਾਲਸਾ ਕਾਲਜ ਕੌਂਸਲ ਦੀ ਧਾਰਮਿਕ ਕਮੇਟੀ ਦੇ ਪ੍ਰਧਾਨ ਬਣੇ। ੧੯੧੧ ਈ. ਵਿਚ ਅਨੰਦ ਮੈਰਿਜ ਐਕਟ ਪਾਸ ਕਰਾਉਣ ਲਈ ਵਿਸ਼ੇਸ਼ ਉੱਦਮ ਕੀਤਾ। ਆਪ ਦਾ ਦੇਹਾਂਤ ੨੩ ਨਵੰਬਰ, ੧੯੩੮ ਈ. ਨੂੰ ਨਾਭੇ ਵਿਚ ਹੋਇਆ। ■

# ਸਿੰਘ ਸਭਾ ਲਹਿਰ ਵਿਚ ਇਸਤਰੀਆਂ ਦਾ ਯੋਗਦਾਨ

*-ਸ. ਜਸਬੀਰ ਸਿੰਘ**

ਉਨ੍ਹੀਵੀਂ ਸਦੀ ਦੇ ਅੱਧ ਤਕ ਪੰਜਾਬ ਅੰਗਰੇਜ਼ ਰਾਜ ਵਿਚ ਸ਼ਾਮਲ ਕੀਤਾ ਜਾ ਚੁੱਕਾ ਸੀ। ਕੁਝ ਸਮਾਂ ਬੀਤਣ 'ਤੇ ਪੰਥ ਦੇ ਵਿਦਵਾਨਾਂ ਅਤੇ ਆਗੂਆਂ ਨੇ ਇਹ ਮਹਿਸੂਸ ਕੀਤਾ ਕਿ ਸਿੱਖ ਰਾਜ ਦਾ ਖ਼ਾਤਮਾ ਸਿੱਖੀ ਆਨਸ਼ਾਨ ਨੂੰ ਧੱਕਾ ਲੱਗਣ ਦਾ ਬਹੁਤਾ ਕਾਰਨ ਇਹ ਵੀ ਸੀ ਕਿ ਆਪਣੇ ਆਪ ਨੂੰ ਗੁਰੂ ਕੇ ਸਿੱਖ ਅਖਵਾਉਣ ਵਾਲੇ ਸਤਿਗੁਰਾਂ ਦੇ ਰਸਤੇ ਤੋਂ ਉੱਕ ਗਏ ਸਨ। ਅਸੀਂ ਸਿੱਖੀ ਰਹਿਤ ਮਰਯਾਦਾ ਨੂੰ ਦਿਨੋਦਿਨ ਭੁੱਲ ਰਹੇ ਸਾਂ। ਗੁਰਮਤਿ ਤੇ ਗੁਰਮਰਯਾਦਾ ਨੂੰ ਛੱਡ ਕੇ ਮੁੜ ਪੁਰਾਣੇ ਸਨਾਤਨੀ ਧਰਮ ਨੂੰ ਗ੍ਰਹਿਣ ਕਰਦੇ ਜਾ ਰਹੇ ਸਾਂ। ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਸਿੱਖਾਂ ਦੇ ਵਿਦਵਾਨ ਤਬਕੇ ਨੇ ਮਹਿਸੂਸ ਕੀਤਾ ਕਿ ਪੰਥ ਦੇ ਸਮਾਜਿਕ ਤੇ ਧਾਰਮਿਕ ਖੇਤਰ ਵਿਚ ਰੀਫ਼ਾਰਮ ਕਰਨ ਦੀ ਲੋੜ ਅਤੇ ਸਿੱਖ ਆਵਾਮ ਨੂੰ ਖ਼ਾਸ ਕਰਕੇ ਸਿੱਖ ਨੌਜੁਆਨਾਂ ਨੂੰ ਸਾਵਧਾਨ ਕਰ ਕੇ ਮੁੜ ਸਿੱਖੀ ਮਾਰਗ 'ਤੇ ਲਿਆਉਣ ਦੀ ਸਖ਼ਤ ਲੋੜ।

ਸਿੱਖ ਵਿਦਵਾਨਾਂ ਵਿਚ ਆਈ ਜਾਗ੍ਰਤੀ ਦੇ ਫਲਸਰੂਪ ਸਿੰਘ ਸਭਾ ਲਹਿਰ ਵਜੂਦ ਵਿਚ ਆਈ ਅਤੇ ਤਕਰੀਬਨ ੧੨੫ ਸਾਲ ਪਹਿਲਾਂ ਸਿੱਖ ਵਿਦਵਾਨਾਂ ਦਾ ਇਕ ਇਕੱਠ ਬੁੰਗਾ ਮਜੀਠੀਆ ਵਿਚ ਸ. ਠਾਕਰ ਸਿੰਘ (ਸੰਧਾਵਾਲੀਏ) ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ, ਹੌਲੀ ਹੌਲੀ ਸਿੰਘ ਸਭਾ ਦੇ ਮੋਢੀਆਂ ਦੇ ਜਤਨਾਂ ਨਾਲ ਪੰਜਾਬ ਦੇ ਕਈ ਵੱਡੇ ਵੱਡੇ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ ਜਿਨ੍ਹਾਂ ਰਾਹੀਂ ਸਿੱਖ ਆਵਾਮ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰਾ ਕੇ ਤਿਆਰਬਰਤਿਆਰ ਹੋ ਕੇ ਸਿੱਖ ਧਰਮ ਅਤੇ ਰਹਿਤ ਮਰਯਾਦਾ ਵਿਚ ਦ੍ਰਿੜ੍ਹ ਹੋਣ ਦਾ ਉਪਦੇਸ਼ ਦਿੱਤਾ ਜਾਣ ਲੱਗਾ।

ਇਹ ਸਮਾਂ ਇਕ ਬੜਾ ਮੁਸ਼ਕਿਲ ਦਾ ਸਮਾਂ ਸੀ। ਇਕ ਪਾਸੇ ਤਾਂ ਕਾਫ਼ੀ ਲੰਮੇ ਸਮੇਂ ਤੋਂ ਸਿੱਖ ਆਵਾਮ ਪੁਰਾਣੇ ਸਨਾਤਨੀ ਧਰਮ ਦੇ ਗ਼ਲਬੇ ਵਿਚ ਫਸਿਆ ਹੋਇਆ ਸੀ, ਦੂਜੇ ਪਾਸੇ ਆਰੀਆ ਸਮਾਜੀ ਤਹਿਰੀਕ ਆਪਣੇ ਪੂਰੇ ਜੋਬਨ 'ਤੇ ਖ਼ਾਸ ਤੌਰ 'ਤੇ ਸਿੱਖ ਪੰਥ ਹੀ ਆਰੀਆ ਸਮਾਜੀ ਹਮਲੇ ਦਾ ਨਿਸ਼ਾਨਾ ਬਣ ਰਿਹਾ ਸੀ। ਪੰਥ ਦੇ ਕਈ ਪ੍ਰਮੁੱਖ ਘਰਾਣੇ ਆਰੀਆ ਸਮਾਜ ਦੀ ਗੋਦ ਵਿਚ ਜਾ ਰਹੇ ਸਨ। ਸਿੱਖ ਵਿਦਵਾਨਾਂ ਨੇ ਦਿਲ ਨਾ ਹਾਰਿਆ ਸਗੋਂ ਬੜੇ ਉਤਸ਼ਾਹ ਨਾਲ ਸਿੰਘ ਸਭਾ ਲਹਿਰ ਤੋਂ ਪ੍ਰਭਾਵਿਤ ਹੋਏ ਨੌਜਵਾਨਾਂ ਦੀ ਇਕ ਜ਼ਬਰਦਸਤ ਟੀਮ ਲੈ ਕੇ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਦਾ ਡਟ ਕੇ ਮੁਕਾਬਲਾ ਕੀਤਾ। ਥਾਂ ਥਾਂ 'ਤੇ ਜਲਸੇ ਦੀਵਾਨ ਕਰ ਕੇ, ਖ਼ੁਦ ਆਰੀਆ ਸਮਾਜੀਆਂ ਦੇ ਜਲਸਿਆਂ ਵਿਚ ਜਾ ਕੇ ਉਹਨਾਂ ਨਾਲ ਬਹਿਸਮੁਬਾਹਿਸਾ ਕਰ ਕੇ ਸਿੱਖ ਆਵਾਮ ਨੂੰ ਵੇਲੇ ਸਿਰ ਸਾਵਧਾਨ ਕੀਤਾ ਤੇ ਸਿੱਖੀ ਵਿਚ ਦ੍ਰਿੜ੍ਹ ਹੋਣ ਦਾ ਉਪਦੇਸ਼ ਦਿੱਤਾ। ਆਰੀਆ ਸਮਾਜੀਆਂ

** #੧੨੩੨, ਚੌਕ ਬਾਬਾ ਸਾਹਿਬ, ਗਲੀ ਭਾਈ ਜੈ ਸਿੰਘ ਹਕੀਮ, ਸ੍ਰੀ ਅੰਮ੍ਰਿਤਸਰ।*

ਅਤੇ ਸਨਾਤਨੀਆਂ ਨੇ ਤਾਂ ਸਿੱਖ ਆਵਾਮ ਵਿਚ ਆਈ ਇਸ ਜਾਗ੍ਰਿਤੀ ਦੀ ਵਿਰੋਧਤਾ ਕਰਨੀ ਹੀ ਸੀ, ਖ਼ੁਦ ਸਿੱਖਾਂ ਵਿਚ ਬਣੇ ਨਵੇਂ ਆਰੀਆ ਸਮਾਜੀ ਅਤੇ ਪਿਛਾਂਹਖਿੱਚੂ ਸਨਾਤਨੀ ਸਿੱਖ ਵੀ ਪਿੱਛੇ ਨਾ ਰਹੇ ਤੇ ਉਹਨਾਂ ਵੀ ਇਹਨਾਂ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਦਾ ਸਾਥ ਦਿੰਦੇ ਹੋਏ ਸਿੰਘ ਸਭੀਆਂ ਦੀ ਪੂਰੀ ਤਰ੍ਹਾਂ ਵਿਰੋਧਤਾ ਕੀਤੀ। ਇਥੇ ਹੀ ਬੱਸ ਨਹੀਂ, ਗਿਣਤੀ ਦੇ ਜਿਨ੍ਹਾਂ ਚੰਦ ਸਿੱਖ ਘਰਾਣਿਆਂ ਨੇ ਸ਼ੁਰੂ-ਸ਼ੁਰੂ ਵਿਚ ਆਪਣੇ ਸਾਰੇ ਗ਼ਮੀ-ਖ਼ੁਸ਼ੀ ਦੇ ਕਾਰਵਿਹਾਰ ਗੁਰਮਰਯਾਦਾ ਨਾਲ ਸ਼ੁਰੂ ਕੀਤੇ, ਉਹਨਾਂ ਦਾ ਸੋਸ਼ਲ ਬਾਈਕਾਟ ਕਰਨ ਤੋਂ ਸੰਕੋਚ ਨਾ ਕੀਤਾ। ਉਸ ਸਮੇਂ ਭਾਈ ਵੀਰ ਸਿੰਘ, ਭਾਈ ਹਰਨਾਮ ਸਿੰਘ ਹਕੀਮ, ਭਾਈ ਲਾਹੌਰਾ ਸਿੰਘ ਬੁੰਗੇਵਾਲ, ਭਾਈ ਤੇਜਾ ਸਿੰਘ, ਭਾਈ ਪਿਸ਼ੌਰਾ ਸਿੰਘ, ਸ. ਦੇਵਾ ਸਿੰਘ ਸਕੱਤਰ, ਸ. ਗੁਰਦਿੱਤ ਸਿੰਘ, ਸ. ਦੇਵਾ ਸਿੰਘ, ਚੌਧਰੀ ਜੀਵਨ ਸਿੰਘ, ਸ. ਸੋਹਨ ਸਿੰਘ ਨਾਜ਼ਮ, ਸ. ਪ੍ਰਤਾਪ ਸਿੰਘ ਕਸਤੂਰੀ ਵਾਲੇ, ਮਾਸਟਰ ਨੱਥਾ ਸਿੰਘ, ਸ. ਹਰੀ ਸਿੰਘ, ਸ. ਮਾਹਣਾ ਸਿੰਘ ਅਤੇ ਸ. ਸੁੰਦਰ ਸਿੰਘ ਆਦਿ ਸਿੱਖ ਨੌਜਵਾਨਾਂ ਨੇ ਇਸ ਲਹਿਰ ਨੂੰ ਚਲਾਉਣ ਲਈ ਤਨੋਂ-ਮਨੋਂ ਹੋ ਕੇ ਨਿਸ਼ਕਾਮ ਲਗਨ ਨਾਲ ਪੰਥਕ ਸੇਵਾ ਦਾ ਬੀੜਾ ਚੁੱਕਿਆ। ਇਹਨਾਂ ਦੀ ਅਗਵਾਈ ਸ. ਠਾਕਰ ਸਿੰਘ ਸੰਧਾਵਾਲੀਆ, ਡਾਕਟਰ ਚਰਨ ਸਿੰਘ, ਸ. ਸਾਧੂ ਸਿੰਘ ਧੂਪੀਆ, ਸ. ਸੁੰਦਰ ਸਿੰਘ ਮਜੀਠੀਆ, ਸ. ਹਰਬੰਸ ਸਿੰਘ ਅਟਾਰੀ ਵਾਲੇ, ਗਿਆਨੀ ਪ੍ਰਤਾਪ ਸਿੰਘ ਆਦਿ ਕਰ ਰਹੇ ਸਨ।

ਭਾਵੇਂ ਪੰਥ ਦੇ ਇਹਨਾਂ ਅਣਥੱਕ ਸੇਵਕਾਂ ਦੀ ਨਿਸ਼ਕਾਮ ਸੇਵਾ ਨੇ ਸਿੱਖ ਆਵਾਮ ਵਿਚ ਸੱਚਮੁੱਚ ਹੀ ਹੌਲੀ-ਹੌਲੀ ਇਕ ਜਾਗ੍ਰਿਤੀ ਪੈਦਾ ਕਰ ਦਿੱਤੀ, ਉਸ ਸਮੇਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀਆਂ ਪਰਕਰਮਾਂ ਵਿਚ ਠਾਕਰਾਂ ਦੀਆਂ ਮੂਰਤੀਆਂ ਰੱਖ ਕੇ ਉਹਨਾਂ ਦੀ ਪੂਜਾ ਹੁੰਦੀ, ਆਰਤੀਆਂ ਹੁੰਦੀਆਂ, ਜੋ ਅਕਾਲੀ ਲਹਿਰ ਸ਼ੁਰੂ ਹੋਣ ਤਕ ਜਾਰੀ ਰਹੀਆਂ। ਇਹ ਠਾਕਰਾਂ ਦੀ ਪੂਜਾ ਤੇ ਆਰਤੀਆਂ ਨਾ ਸਿਰਫ਼ ਹਿੰਦੂ ਇਸਤਰੀਆਂ ਹੀ ਕਰਦੀਆਂ, ਸਗੋਂ ਸਿੱਖ ਪਰਿਵਾਰਾਂ ਦੀਆਂ ਬੀਬੀਆਂ ਵੀ ਬਹੁਤ ਗਿਣਤੀ ਵਿਚ ਦੇਖਾਦੇਖੀ ਠਾਕਰਾਂ ਦੀ ਪੂਜਾ ਅਤੇ ਆਰਤੀਆਂ ਵਿਚ ਸ਼ਾਮਲ ਹੁੰਦੀਆਂ। ਗੁਰਬਾਣੀ ਨੂੰ ਵਿਸਾਰ ਕੇ ਭਜਨ ਤੇ ਗੀਤ ਗਾਂਦੀਆਂ।

ਕੱਤਕ ਦੇ ਸਾਰੇ ਮਹੀਨੇ ਵਿਚ ਖ਼ਾਸ ਤੌਰ 'ਤੇ ਪਰਕਰਮਾ ਵਿਚ ਐਸੇ ਮਨਮੱਤੀ ਕਰਮਕਾਂਡ ਕਰਨ ਵਾਲਿਆਂ ਦੀ ਚੋਖੀ ਭੀੜ ਹੁੰਦੀ ਸੀ। ਚੌੜੀਆਂ ਪੌੜੀਆਂ ਵਾਲੇ ਸਾਰੇ ਪਾਸੇ ਨੌਜਵਾਨ ਕੁੜੀਆਂ ਤੇ ਛੋਟੀਆਂ ਬੱਚੀਆਂ ਟੋਲੀਆਂ ਬੰਨ੍ਹ ਗੜਵੀਆਂ ਵਿਚ ਫੁੱਲ ਰੱਖ ਕੇ ਸਰੋਵਰ ਦੇ ਕੰਢੇ ਆਰਤੀ ਕਰਦੀਆਂ ਤੇ ਭਜਨ ਗਾਂਦੀਆਂ, ਪਰਕਰਮਾਂ ਦੀ ਘੰਟਾ ਘਰ ਵਾਲੀ ਬਾਹੀ ਵਿਚ ਕੁਝ ਐਸੀਆਂ ਬੀਬੀਆਂ ਦੀ ਚੋਖੀ ਭੀੜ ਲੱਗੀ ਹੁੰਦੀ ਸੀ, ਘੱਗਰੇ ਪਾਏ ਹੋਏ, ਲੰਬੇ-ਲੰਬੇ ਘੁੰਡ ਕੱਢੀ, ਥਾਲੀਆਂ ਫੜ ਕੇ ਆਰਤੀ ਕਰਦੀਆਂ ਤੇ ਇਹ ਭਜਨ ਗਾਂਦੀਆਂ, 'ਪਹਿਲੀ ਆਰਤੀ ਰਾਮ ਜੀ ਆਏ, ਰਾਧਕਾਂ ਪਿਆਰੀ ਨੇ ਸੀਸ ਗੁੰਦਾਏ'। ਸਤਿਗੁਰਾਂ ਨੇ ਸਿੱਖਾਂ ਨੂੰ ਮੂਰਤੀ ਪੂਜਾ ਤੋਂ ਵਰਜਿਤ ਕਰ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ ਪਰ ਸਿੱਖਾਂ ਦੇ ਸ਼੍ਰੋਮਣੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਪੱਥਰ ਦੀਆਂ ਮੂਰਤੀਆਂ ਰੱਖ ਕੇ ਠਾਕਰਾਂ ਦੀ ਪੂਜਾ ਘੋਰ ਮਨਮੱਤ ਸੀ। ਅੰਮ੍ਰਿਤਸਰ

ਸ਼ਹਿਰ ਦੇ ਉਪਰੋਕਤ ਸੱਜਣਾਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਹੋ ਰਹੀ ਇਸ ਕੁਰੀਤੀ ਨੂੰ ਮਹਿਸੂਸ ਕੀਤਾ। ਨੌਜਵਾਨ ਸਿੱਖ ਬੱਚੀਆਂ ਗੁਰਬਾਣੀ ਤੋਂ ਦੂਰ ਜਾ ਰਹੀਆਂ ਸਨ। ਸਿੱਖ ਵਿਦਵਾਨ ਇਸ ਹਾਲਤ ਵਿਚ ਸੁਧਾਰ ਕਰਨ ਦੀਆਂ ਵਿਤਾਂ ਸੋਚਣ ਲੱਗੇ। ਸ. ਸੁੰਦਰ ਸਿੰਘ ਮਜੀਠੀਆ ਅਤੇ ਸ. ਹਰਬੰਸ ਸਿੰਘ ਅਟਾਰੀ ਵਾਲਿਆਂ ਨੇ ਸ਼ਹਿਰ ਦੇ ਕੁਝ ਚੋਣਵੇਂ ਅਗਾਂਹਵਧੂ ਸੱਜਣਾਂ ਦੀ ਇਕ ਜ਼ਰੂਰੀ ਇਕੱਤਰਤਾ ਭਾਈ ਹਰਨਾਮ ਸਿੰਘ ਹਕੀਮ ਦੀ ਦੁਕਾਨ, ਚੌਂਕ ਬਾਬਾ ਸਾਹਿਬ ਵਿਖੇ ਬੁਲਾਈ ਜਿਸ ਵਿਚ ਇਹਨਾਂ ਸੱਜਣਾਂ ਤੋਂ ਇਲਾਵਾ ਭਾਈ ਮੁਰਾਰੀ ਸਿੰਘ, ਸ. ਦੇਵਾ ਸਿੰਘ ਸਕੱਤਰ, ਭਾਈ ਲਾਹੌਰਾ ਸਿੰਘ, ਸ. ਗੁਰਦਿੱਤ ਸਿੰਘ, ਸ. ਦੇਵਾ ਸਿੰਘ, ਭਾਈ ਵੀਰ ਸਿੰਘ, ਸ. ਸਾਧੂ ਸਿੰਘ ਧੂਪੀਆ, ਸ. ਪ੍ਰਤਾਪ ਸਿੰਘ ਕਸਤੂਰੀ ਵਾਲੇ, ਮਾਸਟਰ ਨੱਥਾ ਸਿੰਘ ਆਦਿ ਸ਼ਾਮਲ ਹੋਏ। ਕਾਫ਼ੀ ਵਿਚਾਰ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਕਿ ਬੀਬੀਆਂ ਦਾ ਇਕ ਕੀਰਤਨੀ ਜਥਾ ਕਾਇਮ ਕੀਤਾ ਜਾਵੇ, ਜੋ ਸ਼ਹਿਰ ਦੇ ਵੱਖ-ਵੱਖ ਮਹੱਲਿਆਂ ਵਿਚ ਵੀ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਦੀਵਾਨ ਸਜਾ ਕੇ ਕੀਰਤਨ ਕਰਨ ਤੇ ਸਿੱਖ ਬੀਬੀਆਂ ਨੂੰ ਪ੍ਰੇਰਨਾ ਕਰਨ ਕਿ ਉਹ ਇਨ੍ਹਾਂ ਦੀਵਾਨਾਂ ਵਿਚ ਸ਼ਾਮਲ ਹੋ ਕੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਨ। ਉਹਨਾਂ ਦਿਨਾਂ ਵਿਚ ਸਿੱਖ ਬੀਬੀਆਂ ਵਿਚ ਗੁਰਬਾਣੀ ਦਾ ਕੀਰਤਨ ਕਰਨ ਦਾ ਚਾਅ ਤੇ ਉੱਦਮ ਨਾ ਹੋਇਆਂ ਵਰਗਾ ਸੀ। ਇਕੱਲੀ-ਦੁਕੱਲੀ ਬੀਬੀ ਤਾਂ ਭਾਵੇਂ ਘਰ ਬੈਠ ਕੇ ਕੀਰਤਨ ਕਰ ਲੈਂਦੀ ਹੋਵੇ ਜਾਂ ਕਿਸੇ ਧਰਮਸਾਲਾ ਵਿਚ ਦੋ-ਚਾਰ ਬੀਬੀਆਂ ਤਾਂ ਭਾਵੇਂ ਰਲ ਕੇ ਕੁਝ ਕੀਰਤਨ ਦਾ ਪ੍ਰੋਗਰਾਮ ਬਣਾ ਲੈਂਦੀਆਂ ਹੋਣ, ਪਰ ਗੁਰਦੁਆਰਿਆਂ ਵਿਚ ਜਾਂ ਦੀਵਾਨਾਂ ਦੀਆਂ ਸਟੇਜਾਂ 'ਤੇ ਕੀਰਤਨ ਕਰਨ ਵਾਸਤੇ ਕੋਈ ਸਿੱਖ ਬੀਬੀਆਂ ਦਾ ਜਥਾ ਨਹੀਂ ਸੀ ਲੱਭਦਾ। ਜਦੋਂ ਤਕ ਕੋਈ ਕੀਰਤਨੀ ਜਥਾ ਕਾਇਮ ਨਾ ਕੀਤਾ ਜਾਂਦਾ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਹੋ ਰਹੀ ਇਸ ਮਨਮੱਤ ਦਾ ਮੁਕਾਬਲਾ ਨਹੀਂ ਸੀ ਕੀਤਾ ਜਾ ਸਕਦਾ ਤੇ ਨਾ ਹੀ ਸਿੱਖ ਬੀਬੀਆਂ ਨੂੰ ਨਿਰੋਲ ਗੁਰਬਾਣੀ ਦੇ ਕੀਰਤਨ ਵਾਸਤੇ ਪ੍ਰੇਰਨਾ ਕੀਤੀ ਜਾ ਸਕਦੀ ਸੀ, ਜ਼ਬਾਨੀ ਪ੍ਰਚਾਰ ਬੇਅਸਰ ਸੀ। ਲੋੜ ਸੀ ਅਮਲੀ ਤੌਰ 'ਤੇ ਕੁਝ ਕਰਨ ਦੀ। ਸੋ ਸ਼ਹਿਰ ਦੇ ਉਕਤ ਪਤਵੰਤਿਆਂ ਨੇ ਬੀਬੀ ਕਿਰਪਾ ਦੇਵੀ ਤੇ ਬੀਬੀ ਧਨ ਦੇਵੀ ਨੂੰ ਜੋ ਉਸ ਵੇਲੇ ਕੀਰਤਨ ਕਰਨ ਦਾ ਉੱਦਮ ਕਰ ਰਹੀਆਂ ਸਨ, ਨੂੰ ਪ੍ਰੇਰਨਾ ਕੀਤੀ ਕਿ ਉਹ ਇਸ ਕੰਮ ਵਿਚ ਇਨ੍ਹਾਂ ਦਾ ਹੱਥ ਵਟਾਉਣ ਤੇ ਕੁਝ ਹੋਰ ਸਿੱਖ ਬੀਬੀਆਂ ਨੂੰ ਨਾਲ ਲੈ ਕੇ ਇਕ ਚੰਗਾ ਕੀਰਤਨੀ ਜਥਾ ਕਾਇਮ ਕਰਨ। ਬੀਬੀ ਕਿਰਪਾ ਦੇਵੀ ਅਤੇ ਬੀਬੀ ਧਨ ਦੇਵੀ ਨੇ ਸੰਗਤਾਂ ਦੇ ਹੁਕਮ ਨੂੰ ਸਿਰਮੱਥੇ ’ਤੇ ਮੰਨ ਕੇ ਇਹ ਸੇਵਾ ਆਪਣੇ ਜ਼ੁੰਮੇ ਲਈ। ਪਰ ਉਸ ਵੇਲੇ ਪਿਛਾਂਹਖਿੱਚੂ ਸਨਾਤਨੀ ਸਿੱਖਾਂ ਦੀ ਵਿਰੋਧਤਾ ਕਰਕੇ ਖੁੱਲ੍ਹੇ ਤੌਰ ’ਤੇ ਸਟੇਜਾਂ ’ਤੇ ਆ ਕੇ ਤੇ ਕੀਰਤਨ ਕਰਨ ਲਈ ਸ਼ਹਿਰ ਦੇ ਪਤਵੰਤਿਆਂ ਦੇ ਘਰਾਂ ਦੀਆਂ ਬੀਬੀਆਂ ਘੱਟ ਹੀ ਹੌਸਲਾ ਕਰਦੀਆਂ ਸਨ, ਪਰ ਇਹਨਾਂ ਸਿੱਖ ਮੁਖੀਆਂ ਦੀ ਪ੍ਰੇਰਨਾ ਨਾਲ ਬੀਬੀ ਮਹਿੰਦਰ ਕੌਰ (ਧਰਮਪਤਨੀ ਭਾਈ ਹਰਨਾਮ ਸਿੰਘ ਹਕੀਮ), ਭਾਈ ਵੀਰ ਸਿੰਘ ਦੀ ਮਾਤਾ ਜੀ, ਬੀਬੀ ਮਥਰੋ ਜੀ (ਭਾਈ ਸਾਹਿਬ ਦੀ ਭੈਣ), ਬੀਬੀ ਧਨ ਦੇਵੀ ਡੇਰੇ ਵਾਲੀ, ਬੀਬੀ ਜੀਊਨ ਦੇਵੀ, ਬੀਬੀ ਈਸ਼ਰ ਕੌਰ (ਹਰਿਗੋਬਿੰਦ ਕੰਨਿਆ

ਪਾਠਸ਼ਾਲਾ ਵਾਲੀ), ਬੀਬੀ ਚੰਦ ਕੌਰ (ਧਰਮਪਤਨੀ ਸ. ਦੇਵਾ ਸਿੰਘ) ਬੀਬੀ ਮਾਲਨ, ਬੀਬੀ ਠਾਕਰ ਦੇਵੀ, ਬੀਬੀ ਆਤਮਾ ਦੇਵੀ, ਮਾਤਾ ਕੌਰਾਂ ਜੀ, ਬੀਬੀ ਸੰਤ ਸੇਵਾ ਕੌਰ, ਬੀਬੀ ਇੰਦਰ ਕੌਰ ਚੌਧਰਾਨੀ, ਬੀਬੀ ਟੇਕਾ ਦੇਵੀ ਨੇ ਬੀਬੀ ਕਿਰਪਾ ਦੇਵੀ ਤੇ ਬੀਬੀ ਧਨ ਦੇਵੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਇਕ ਸੁਚੱਜਾ ਕੀਰਤਨੀ ਜਥਾ ੧੯੦੪ ਈ. ਵਿਚ ਕਾਇਮ ਕਰ ਦਿੱਤਾ, ਜਿਸ ਦਾ ਨਾਮ ਬਾਅਦ ਵਿਚ 'ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ' ਰੱਖਿਆ ਗਿਆ। ਇਹ ਇਸਤਰੀ ਜਗਤ ਵਿਚ ਸਿੱਖ ਬੀਬੀਆਂ ਦਾ ਪਹਿਲਾ ਬਾਕਾਇਦਾ ਕੀਰਤਨੀ ਜਥਾ ਸੀ ਜਿਸ ਨੇ ਨਿਰੋਲ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਾਇਆ। ਇਸ ਜਥੇ ਨੇ ਸ਼ੁਰੂ-ਸ਼ੁਰੂ ਵਿਚ ਬੁੰਗਾ ਮਹਾਰਾਜਾ ਸ਼ੇਰ ਸਿੰਘ ਦੇ ਥੱਲੇ ਕੀਰਤਨ ਕਰਨਾ ਅਰੰਭ ਕੀਤਾ। ਇਸ ਸਭਾ ਦੇ ਉੱਦਮ ਨੇ ਉਪਰੋਕਤ ਸਿੱਖ ਮੁਖੀਆਂ ਦੇ ਸੁਪਨੇ ਨੂੰ ਪੂਰਾ ਕਰ ਦਿੱਤਾ ਤੇ ਜਿਸ ਆਸ਼ੇ ਨੂੰ ਲੈ ਕੇ ਉਹਨਾਂ ਨੇ ਸਿੱਖ ਬੀਬੀਆਂ ਦਾ ਇਹ ਕੀਰਤਨੀ ਜਥਾ ਕਾਇਮ ਕੀਤਾ ਸੀ, ਉਸ ਵਿਚ ਆਸ ਤੋਂ ਵੱਧ ਸਫਲਤਾ ਪ੍ਰਾਪਤ ਹੋਣ ਲੱਗ ਪਈ। ਸ਼ਹਿਰ ਵਿਚ ਇੱਕ-ਦੋ ਹੋਰ ਵੀ ਕੀਰਤਨੀ ਜਥੇ ਕਾਇਮ ਹੋ ਗਏ। ਇਸ ਦੇ ਨਾਲ ਹੀ ਸ਼ਹਿਰ ਵਿਚ ਸਿੱਖ ਕੰਨਿਆ ਪਾਠਸ਼ਾਲਾਵਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲਾਂ ਉਪਰੋਕਤ ਸੱਜਣਾਂ ਦੀ ਪ੍ਰੇਰਨਾ ਦੇ ਉੱਦਮ ਨਾਲ ਬੀਬੀ ਈਸ਼ਰ ਕੌਰ ਦੀ ਨਿਗਰਾਨੀ ਹੇਠ ਗੁਰਮਤਿ ਕੰਨਿਆ ਪਾਠਸ਼ਾਲਾ ਖੋਲ੍ਹੀ ਗਈ, ਫੇਰ ਸ੍ਰੀ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਖੁੱਲ੍ਹੀ। ਫੇਰ ਬੀਬੀ ਕੁਲਵੰਤ ਕੌਰ ਤੇ ਹੋਰ ਪਤਵੰਤਿਆਂ ਦੇ ਉੱਦਮ ਨਾਲ ਸ੍ਰੀ ਗੁਰੂ ਰਾਮਦਾਸ ਕੰਨਿਆ ਪਾਠਸ਼ਾਲਾ ਕਾਇਮ ਹੋਈ। ਫੇਰ ਸ੍ਰੀ ਗੁਰੂ ਹਰਿਕ੍ਰਿਸ਼ਨ ਕੰਨਿਆ ਪਾਠਸ਼ਾਲਾ ਬੀਬੀ ਮਥਰਾ ਦੇਵੀ ਦੀ ਅਗਵਾਈ ਹੇਠ ਕਾਇਮ ਹੋਈ। ਸ੍ਰੀ ਗੁਰੂ ਹਰਿਗੋਬਿੰਦ ਕੰਨਿਆ ਪਾਠਸ਼ਾਲਾ ਇਹਨਾਂ ਸਭ ਦੇ ਉੱਦਮ ਨਾਲ ਖੋਲ੍ਹੀ ਗਈ। ਉਪਰੋਕਤ ਸੱਜਣਾਂ ਅਤੇ ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ ਦੀ ਪ੍ਰੇਰਨਾ 'ਤੇ ਇਹਨਾਂ ਸਕੂਲਾਂ ਵਿਚ ਵੀ ਬੱਚੀਆਂ ਦੇ ਕੀਰਤਨੀ ਜਥੇ ਕਾਇਮ ਕੀਤੀ ਗਏ। ਸਕੂਲਾਂ ਦੀ ਡਿਊਟੀ ਲਗਾਈ ਗਈ ਕਿ ਉਹਨਾਂ ਦੇ ਕੀਰਤਨੀ ਜਥੇ ਵਾਰੋਵਾਰੀ ਨਾਲ ਹਰ ਐਤਵਾਰ ਨੂੰ ਆਸਾ ਜੀ ਦੀ ਵਾਰ ਲਗਾਉਣ। ਸ਼ੁਰੂ-ਸ਼ੁਰੂ ਵਿਚ ਸਾਲਾਨਾ ਦੀਵਾਨ ਸਿਰਫ਼ ਗੁਰਮਤਿ ਕੰਨਿਆ ਪਾਠਸ਼ਾਲਾ ਲਗਾਂਦੀ ਸੀ ਤੇ ਉਹਨਾਂ ਨੂੰ ਕੜਾਹ ਪ੍ਰਸ਼ਾਦ ਦੇ ਡੋਨੇ ਦਿੱਤੇ ਜਾਂਦੇ। ਅੱਜ ਇਹਨਾਂ ਸਕੂਲਾਂ ਦੇ ਕੀਰਤਨੀ ਜਥੇ ਬੜੇ ਸੁਚੱਜੇ ਢੰਗ ਨਾਲ ਗੁਰਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਸ਼ੁਰੂ-ਸ਼ੁਰੂ ਵਿਚ ਸਭਾ ਦੇ ਅਖ਼ੀਰਲੇ ਦੀਵਾਨ ਵਿਚ ਸਿਰਫ਼ ਗੁਰਮਤਿ ਕੰਨਿਆ ਪਾਠਸ਼ਾਲਾ ਦਾ ਕੀਰਤਨੀ ਜਥਾ ਹੀ ਸ਼ਾਮਲ ਹੋ ਕੇ ਕੀਰਤਨ ਕਰਦਾ ਸੀ ਤੇ ਭੋਗ ਪੈਣ 'ਤੇ ਕੀਰਤਨੀ ਜਥੇ ਦੀਆਂ ਬੱਚੀਆਂ ਨੂੰ ਕੜਾਹ ਪ੍ਰਸ਼ਾਦ ਦੇ ਡੋਨੇ ਦਿੱਤੇ ਜਾਂਦੇ ਸਨ, ਪਰ ਚਾਰ-ਪੰਜ ਸਾਲ ਬਾਅਦ ਸਭਾ ਦੀਆਂ ਪ੍ਰਬੰਧਕਾਂ ਨੇ ਇਹ ਮਹਿਸੂਸ ਕੀਤਾ ਕਿ ਬੱਚੀਆਂ ਬੜੇ ਉਤਸ਼ਾਹ ਨਾਲ ਤਿਆਰੀ ਕਰ ਕੇ ਆਂਦੀਆਂ ਹਨ ਤੇ ਕੀਰਤਨ ਕਰਦੀਆਂ ਹਨ, ਇਹਨਾਂ ਦਾ ਹੋਰ ਉਤਸ਼ਾਹ ਵਧ ਸਕੇ, ਇਸ ਲਈ ਉਹਨਾਂ ਨੂੰ ਮਠਿਆਈ ਆਦਿ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਲਈ ਮਾਇਆ ਦੀ ਲੋੜ ਸੀ। ਬੀਬੀ ਜੀਊਨੀ, ਬੀਬੀ

ਮਹਿੰਦਰ ਕੌਰ ਅਤੇ ਹੋਰ ਬੀਬੀਆਂ ਨੇ ਉੱਦਮ ਕਰ ਕੇ ਲਾਲਾ ਮੋਤੀ ਰਾਮ ਦੀ ਧਰਮ ਪਤਨੀ ਨੂੰ ਪ੍ਰੇਰਨਾ ਕੀਤੀ ਕਿ ਉਹ ਇਹਨਾਂ ਬੱਚੀਆਂ ਨੂੰ ਮਠਿਆਈ ਦੇਣ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਚੁੱਕਣ। ਉਹਨਾਂ ਨੇ ਸੰਗਤ ਦਾ ਹੁਕਮ ਮੰਨਦਿਆਂ ਹੋਇਆਂ ਇਹ ਸੇਵਾ ਆਪਣੇ ਜ਼ਿੰਮੇ ਲਈ ਤੇ ਪੰਜ-ਛੇ ਸਾਲ ਉਹ ਇਹ ਸੇਵਾ ਇਕੱਲੇ ਹੀ ਕਰਦੇ ਰਹੇ। ਇਸ ਦੌਰਾਨ ਵਿਚ ਹੋਰ ਸਿੱਖ ਕੰਨਿਆ ਪਾਠਸ਼ਾਲਾ ਦੇ ਕੀਰਤਨੀ ਜਥੇ ਵੀ ਤਿਆਰ ਹੋ ਚੁੱਕੇ ਸਨ ਤੇ ਹੁਣ ਉਹਨਾਂ ਨੇ ਵੀ ਸਾਲਾਨਾ ਦੀਵਾਨ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹੁਣ ਕਿਉਂਕਿ ਮਠਿਆਈ ਲੈਣ ਵਾਲੇ ਜਥਿਆਂ ਦੀ ਗਿਣਤੀ ਕਾਫ਼ੀ ਹੋ ਗਈ ਸੀ, ਇਸ ਲਈ ਸਭਾ ਦੀਆਂ ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਹੁਣ ਇਹ ਸਾਰੀ ਜ਼ਿੰਮੇਵਾਰੀ ਇਕੱਲਿਆਂ ਲਾਲਾ ਮੋਤੀ ਰਾਮ ਦੀ ਧਰਮਪਤਨੀ ਦੇ ਸਿਰ ਪਾਉਣੀ ਯੋਗ ਨਹੀਂ (ਭਾਵੇਂ ਉਹਨਾਂ ਸੇਵਾ ਤੋਂ ਮੂੰਹ ਨਹੀਂ ਸੀ ਮੋੜਿਆ) ਇਸ ਲਈ ਫ਼ੈਸਲਾ ਕੀਤਾ ਗਿਆ ਕਿ ਅੱਗੇ ਤੋਂ ਜਥੇ ਦੀਆਂ ਸਾਰੀਆਂ ਮੈਂਬਰ ਆਪਣੀ ਯਥਾਸ਼ਕਤੀ ਅਨੁਸਾਰ ਇਸ ਖ਼ਰਚ ਵਿਚ ਹਿੱਸਾ ਪਾਉਣ ਤੇ ਹੋਰ ਸੰਗਤ ਤੋਂ ਵੀ ਉਗਰਾਹੀ ਕਰ ਕੇ ਸਾਲਾਨਾ ਦੀਵਾਨ 'ਤੇ ਬੱਚਿਆਂ ਨੂੰ ਮਠਿਆਈ ਦੇ ਕੇ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਕਰਨ।

ਸਭਾ ਦੇ ਦੀਵਾਨਾਂ ਵਿਚ ਹਿੱਸਾ ਲੈਣ ਵਾਲੀਆਂ ਬੀਬੀਆਂ ਦੀ ਗਿਣਤੀ ਦਿਨੋ ਦਿਨ ਵਧਣ ਲੱਗ ਪਈ। ਬੀਬੀ ਕਰਮ ਕੌਰ, ਬੀਬੀ ਈਸ਼ਰ ਕੌਰ, ਬੀਬੀ ਸੰਤ ਕੌਰ, ਬੀਬੀ ਜੀਊਨ ਕੌਰ, ਬੀਬੀ ਅਤਰ ਕੌਰ (ਧਰਮ ਪਤਨੀ ਭਾਈ ਵੀਰ ਸਿੰਘ), ਬੀਬੀ ਕੇਸਰ ਕੌਰ, ਬੀਬੀ ਚਰਨ ਦੇਵੀ, ਬੀਬੀ ਰਲੀ ਜੀ, ਬੀਬੀ ਬਲਵੰਤ ਕੌਰ (ਧਰਮ ਪਤਨੀ ਡਿਪਟੀ ਤੇਜਾ ਸਿੰਘ), ਬੀਬੀ ਹਰਨਾਮ ਕੌਰ, ਬੀਬੀ ਕੌਰਾਂ, ਬੀਬੀ ਲੱਛਮੀ, ਬੀਬੀ ਰਾਮ ਦਿੱਤੀ, ਬੀਬੀ ਕੌਰਾਂ ਤਾਂ ਬਾਕਾਇਦਾ ਤੌਰ 'ਤੇ ਦੀਵਾਨਾਂ ਵਿਚ ਸ਼ਾਮਲ ਹੋ ਕੇ ਕੀਰਤਨ ਕਰ ਕੇ ਸਤਿਸੰਗ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲੱਗੀਆਂ। ਬੀਬੀ ਮੇਹਰ ਕੌਰ ਗਲੀ ਤਰਖਾਣਾਂ ਵਾਲੀ, ਬੀਬੀ ਸੁੰਦਰ ਕੌਰ (ਧਰਮ ਪਤਨੀ ਸ. ਗੁਰਬਖ਼ਸ਼ ਸਿੰਘ ਠੇਕੇਦਾਰ), ਬੀਬੀ ਹਰਬੰਸ ਕੌਰ, ਬੀਬੀ ਭਗਵਾਨ ਕੌਰ ਦਾ ਪਰਿਵਾਰ, ਬੀਬੀ ਹਰਭਜਨ ਕੌਰ, ਬੀਬੀ ਧਨ ਦੇਵੀ, ਬੀਬੀ ਕਿਰਪਾ ਦੇਵੀ, ਬੀਬੀ ਮਾਲਨ ਤੇ ਹੋਰ ਬੀਬੀਆਂ ਅਕਾਲੀ ਲਹਿਰ ਪਿੱਛੋਂ ਲੰਗਰ ਦੀ ਸੇਵਾ ਵਿਚ ਲੱਗ ਗਈਆਂ ਤੇ ਦੀਵਾਨਾਂ ਦਾ ਪ੍ਰਬੰਧ ਬੀਬੀ ਮਹਿੰਦਰ ਕੌਰ ਦੇ ਸਪੁਰਦ ਕਰ ਦਿੱਤਾ ਤੇ ਉਹਨਾਂ ਨਾਲ ਬੀਬੀ ਮੇਹਰ ਕੌਰ, ਬੀਬੀ ਜੀਊਨ ਦੇਵੀ ਤੇ ਕੁਝ ਹੋਰ ਬੀਬੀਆਂ ਦੇ ਨਾਲ ਸੇਵਾ ਦੀ ਜ਼ਿੰਮੇਵਾਰੀ ਸੰਭਾਲੀ। ਇਹ ਬੀਬੀਆਂ ਸਭਾ ਨੂੰ ਪ੍ਰਫੁੱਲਤ ਬਣਾਉਣ ਲਈ ਤਨੋਂ-ਮਨੋਂ ਸੇਵਾ ਕਰਦੀਆਂ ਰਹੀਆਂ।

ਜਦੋਂ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ ਪਰਕਰਮਾਂ ਵਿਚ ਸੰਗਮਰਮਰ ਦੀ ਸੇਵਾ ਅਰੰਭ ਕੇ ਪੋਣੇ ਵਾਲੀ ਥਾਂ 'ਤੇ ਰੋੜੀ ਕੁਟਾਉਣੀ ਸ਼ੁਰੂ ਕੀਤੀ ਤਾਂ ਬਾਬਾ ਜੀ ਦੇ ਨਿਰਦੇਸ਼ 'ਤੇ ਅਠਸਠ ਤੀਰਥ ਵਾਲੀ ਥਾਂ 'ਤੇ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ। ਬਾਬਾ ਜੀ ਨੇ ਆਪ ਇਸ ਥਾਂ ਦੀ ਚੋਣ ਕੀਤੀ ਤੇ ਪਹਿਲੇ ਦੀਵਾਨ ਵਿਚ ਆਪ ਸ਼ਾਮਲ ਹੋ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕੱਤਕ ਦਾ ਸਾਰਾ ਮਹੀਨਾ ਸਨਾਤਨੀਆਂ ਵੱਲੋਂ ਪਰਕਰਮਾਂ ਵਿਚ ਪੂਜਾ ਤੇ ਆਰਤੀਆਂ ਦੀਆਂ ਭਜਨਮੰਡਲੀਆਂ ਲੱਗਦੀਆਂ ਸਨ, ਇਸ ਲਈ

ਉਪਰੋਕਤ ਸਭਾ ਦੀਆਂ ਪ੍ਰਬੰਧਕਾਂ ਨੇ ਵੀ ਕੱਤਕ ਦਾ ਸਾਰਾ ਮਹੀਨਾ ਅੰਮ੍ਰਿਤ ਵੇਲੇ ਬਿਨਾਂ ਨਾਗਾ ਆਪਣੇ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਆਸਾ ਦੀ ਵਾਰ ਲੱਗਦੀ ਤੇ ਕੀਰਤਨ ਹੁੰਦਾ ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਭੋਗ ਪਾਇਆ ਜਾਂਦਾ, ਉਪਰੰਤ ਮੰਜੀ ਸਾਹਿਬ (ਕਥਾ ਅਸਥਾਨ) 'ਤੇ ਕੀਰਤਨ ਦਰਬਾਰ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਦੀਵਾਨ ਵਿਚ ਸਿੱਖ ਕੰਨਿਆ ਪਾਠਸ਼ਾਲਾਂ ਦੇ ਸਾਰੇ ਕੀਰਤਨੀ ਜਥਿਆਂ ਨੂੰ ਸੱਦਿਆ ਜਾਣ ਲੱਗ ਪਿਆ। ਸਕੂਲਾਂ ਦੇ ਕੀਰਤਨੀ ਜਥੇ ਬੜੇ ਉਤਸ਼ਾਹ ਨਾਲ ਦੋ ਮਹੀਨੇ ਪਹਿਲਾਂ ਤਿਆਰੀ ਕਰਨਾ ਸ਼ੁਰੂ ਕਰ ਦਿੰਦੇ ਤੇ ਗੁਰਪੁਰਬ ਦੇ ਇਸ ਕੀਰਤਨ ਦਰਬਾਰ ਵਿਚ ਬੜੇ ਉਤਸ਼ਾਹ ਨਾਲ ਇਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦੇ।

ਸ੍ਰੀ ਗੁਰੂ ਨਾਨਕ ਇਸਤਰੀ ਸਤਿਸੰਗ ਸਭਾ ਦੇ ਇਸ ਸ਼ਲਾਘਾਯੋਗ ਉੱਦਮ ਨੇ ਸਿੱਖ ਇਸਤਰੀ ਜਗਤ ਵਿਚ ਕੀਰਤਨ ਦਾ ਇਕ ਐਸਾ ਪ੍ਰਵਾਹ ਚਲਾਇਆ, ਜਿਸ ਦੇ ਫਲਸਰੂਪ ਅੱਜ ਪੰਥ ਵਿਚ ਅਨੇਕਾਂ ਬੀਬੀਆਂ ਦੇ ਕੀਰਤਨੀ ਜਥੇ ਕੀਰਤਨ ਦੀ ਗੁੰਜਾਰ ਪਾ ਰਹੇ ਹਨ। ■

---

*ਕਵਿਤਾ*

# 'ਸਿੰਘ ਸਭਾ'

*-ਸ. ਦੇਵਾ ਸਿੰਘ ਜੀ ਕਿਰਤੀ**

*ਮਾਨ ਸਰੋਵਰ ਦੇ ਵਲ ਟੁਰੀਆਂ,*
*ਜਿਉਂ ਹੰਸਾਂ ਦੀਆਂ ਡਾਰਾਂ।*
*ਦੇਸ਼ ਦੇਸ਼ ,ਤੋਂ ਤਿਵੇਂ ਵਹੀਰਾਂ,*
*ਪਾਈਆਂ ਸਿੰਘ ਸਰਦਾਰਾਂ।*
*ਸਿਫਤੀ ਦੇ ਘਰ ਅੰਮ੍ਰਿਤਸਰ ਵਿਚ,*
*ਪਹੁੰਚੇ ਨਾਲ ਪਿਆਰਾਂ।*
*ਗੁਰਬਾਣੀ ਹਰਿ ਕੇ ਗੁਣ ਗਾਏ,*
*ਮਿਲ ਮਰਦਾਂ ਤੇ ਨਾਰਾਂ#।*
*ਗੁਰਮਤਿ ਦੇ ਚਾਨਣ ਵਿਚ ਬਹਿ ਕੇ,*
*ਹੋਵਨ ਸੋਚ ਵਿਚਾਰਾਂ।*
*ਦੇਸ਼ ਕੌਮ ਦੀ ਸੇਵਾ ਸਿਰ 'ਤੇ,*
*ਚੁੱਕੀ ਸੇਵਾਦਾਰਾਂ।*
*ਓਸ ਖੁਸ਼ੀ ਵਿਚ ਝੂੰਮ ਝੂੰਮ ਕੇ,*
*ਆਈਆਂ ਪ੍ਰੇਮ ਫੁਹਾਰਾਂ।*
*ਜੀਵਨ ਮਉਲੇ ਮਸਤੀ ਦੇ ਵਿਚ,*
*ਪੀ ਪੀ ਅੰਮ੍ਰਿਤ ਧਾਰਾ।*
*ਖ਼ਿਜ਼ਾਂ ਗਈ ਹਿਰਦੇ ਸਭ ਖਿੜ ਪਏ,*
*ਫੁੱਲ ਬਸੰਤ ਬਹਾਰਾਂ।*
*ਸਿੰਘ ਸਭਾ ਦੀ ਨੀਵ ਰਖਾਈ,*
*ਕਰ ਕਰ ਜਤਨ ਹਜ਼ਾਰਾਂ।*
*'ਕਿਰਤੀ' ਸਿੰਘ ਆ ਕੱਠੇ ਹੋਏ,*
*ਵਿਚ ਪ੍ਰੇਮ ਦੀਆਂ ਤਾਰਾਂ।*

---

*#ਇਸਤਰੀਆਂ*
**ਗੁਰਪੁਰਵਾਸੀ*

# ਸ੍ਰੀ ਗੁਰੂ ਸਿੰਘ ਸਭਾ: ਸਿੱਖਾਂ ਵਿਚ ਨਵੀਂ ਜਾਗ੍ਰਿਤੀ ਦੀ ਲਹਿਰ

*-ਡਾ. ਰਾਜਵਿੰਦਰ ਸਿੰਘ ਜੋਗਾ**

ਪੰਜਾਬ ਵਿਚ ੧੯ਵੀਂ ਸਦੀ ਵਿਚ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੁਧਾਰ ਤੇ ਸਿੱਖਾਂ ਨੂੰ ਬ੍ਰਾਹਮਣੀ ਦਲਦਲ ਵਿੱਚੋਂ ਕੱਢ ਕੇ ਸਿੱਖ ਰਹੁ-ਰੀਤਾਂ, ਸਿਧਾਂਤਾਂ ਤੇ ਪਰੰਪਰਾਵਾਂ ਨੂੰ ਵਿਲੱਖਣ ਰੂਪ ਵਿਚ ਦਰਸਾਉਣ ਲਈ ਕਈ ਲਹਿਰਾਂ ਉਤਪੰਨ ਹੋਈਆਂ। ਇਨ੍ਹਾਂ ਵਿਚ 'ਸਿੰਘ ਸਭਾ ਲਹਿਰ' ਇਸ ਸਦੀ ਦੀ ਇਕ ਧਾਰਮਿਕ ਤੇ ਸਮਾਜ ਸੁਧਾਰਕ ਲਹਿਰ ਵਜੋਂ ਉਭਰ ਕੇ ਸਾਹਮਣੇ ਆਈ। ਇਸ ਤੋਂ ਪਹਿਲਾਂ 'ਨਿਰੰਕਾਰੀ' ਤੇ 'ਨਾਮਧਾਰੀ' ਲਹਿਰਾਂ ਵੀ ਭਾਵੇਂ ਕਾਰਜਸ਼ੀਲ ਸਨ ਪਰ ਕੁਝ ਕਾਰਨਾਂ ਕਰ ਕੇ ਇਨ੍ਹਾਂ ਦਾ ਪ੍ਰਭਾਵ ਸੀਮਤ ਕਿਸਮ ਤਕ ਰਹਿ ਗਿਆ ਸੀ, ਕਿਉਂਕਿ ਇਹ ਇਕ ਸੰਪਰਦਾਇ ਦਾ ਰੂਪ ਲੈ ਚੁੱਕੀਆਂ ਸਨ। ਨਾਮਧਾਰੀ ਲਹਿਰ ਨੇ ਜਿੱਥੇ ਧਰਮ-ਪ੍ਰਚਾਰ ਦਾ ਕੰਮ ਕੀਤਾ, ਉੱਥੇ ਅੰਗਰੇਜ਼ ਸਰਕਾਰ ਵਿਰੁੱਧ ਵੀ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਪਰ ਸਮੇਂ ਦੇ ਫੇਰ ਨਾਲ ਇਨ੍ਹਾਂ ਲਹਿਰਾਂ ਵਿਚ ਵੀ ਕੁਝ ਘਾਟਾਂ ਪੈਦਾ ਹੋ ਗਈਆਂ ਜਿਸ ਕਰਕੇ ਇਨ੍ਹਾਂ ਦਾ ਅਸਰ-ਰਸੂਖ ਘਟਦਾ ਗਿਆ। ਇਨ੍ਹਾਂ ਲਹਿਰਾਂ ਦੇ ਮੋਢੀਆਂ ਤੋਂ ਬਾਅਦ ਇਨ੍ਹਾਂ ਦੇ ਮੁਖੀ 'ਗੁਰੂ' ਬਣ ਕੇ ਸਿੱਖਾਂ ਦੀ ਅਗਵਾਈ ਕਰਨ ਲੱਗ ਪਏ ਸਨ। ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ, "ਬਾਬਾ ਰਾਮ ਸਿੰਘ ਜੀ ਨੇ ਜਿਨ੍ਹਾਂ ਮਨੋਰਥਾਂ ਨੂੰ ਲੈ ਕੇ ਇਸ ਲਹਿਰ ਨੂੰ ਅਰੰਭਿਆ ਸੀ, ਉਸ ਵਿਚ ਉਨ੍ਹਾਂ ਨੂੰ ਕਾਫੀ ਸਫਲਤਾ ਵੀ ਮਿਲੀ, ਪਰ ਅਣਜਾਣ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਗੁਰੂ ਮੰਨ ਕੇ ਇਸ ਲਹਿਰ ਨੂੰ ਸੰਯੁਕਤ ਕਰ ਦਿੱਤਾ ਤੇ ਸਾਰੇ ਸਿੱਖਾਂ ਵਿਚ ਨਾ ਫੈਲਣ ਦਿੱਤਾ।"[੧]

ਦੂਜਾ ਇਨ੍ਹਾਂ ਲਹਿਰਾਂ ਨੇ ਮੁੱਢਲੇ ਕਾਰਜਾਂ ਤੇ ਸਰਗਰਮੀਆਂ ਕਰਕੇ ਅੰਗਰੇਜ਼ ਸਰਕਾਰ ਦਾ ਧਿਆਨ ਪੂਰੀ ਤਰ੍ਹਾਂ ਆਪਣੇ ਵੱਲ ਖਿੱਚ ਲਿਆ ਸੀ। ਇਸ ਲਈ ਇਨ੍ਹਾਂ ਲਹਿਰਾਂ ਨੂੰ ਅੰਗਰੇਜ਼ਾਂ ਨੇ ਸਰਕਾਰ ਦੇ ਵਿਰੋਧ ਵਿਚ ਪੈਦਾ ਹੋਈਆਂ ਰਾਜਨੀਤਿਕ ਲਹਿਰਾਂ ਸਮਝ ਕੇ ਤਾਕਤ ਦੀ ਵਰਤੋਂ ਨਾਲ ਦਬਾ ਦਿੱਤਾ। ਨਿਰੰਕਾਰੀ ਤੇ ਨਾਮਧਾਰੀ ਲਹਿਰ ਦੁਆਰਾ ਆਈ ਜਾਗ੍ਰਿਤੀ ਨੇ ਹੀ 'ਸਿੰਘ ਸਭਾ ਲਹਿਰ' ਲਈ ਇਕ ਪਿੜ ਤਿਆਰ ਕਰ ਦਿੱਤਾ ਸੀ। ਇਸ ਸਮੇਂ ਸਿੰਘ ਸਭਾ ਲਹਿਰ ਬਾਕੀ ਸਿੱਖ ਲਹਿਰਾਂ ਤੋਂ ਵਿਲੱਖਣ ਰੂਪ ਵਿਚ ਉਭਰ ਕੇ ਸਾਹਮਣੇ ਆਈ।

'ਸਿੰਘ ਸਭਾ ਲਹਿਰ' ਦੇ ਅਰੰਭ ਹੋਣ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਸਿੱਖ ਧਰਮ ਇਕ ਵਿਲੱਖਣ ਧਰਮ ਹੈ। ਗੁਰੂ ਸਾਹਿਬਾਨ ਨੇ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਜਾਤੀਵਾਦ ਆਦਿ ਅਤੇ ਸਨਾਤਨੀ ਧਰਮ ਦੇ ਧਰਮ ਗ੍ਰੰਥਾਂ ਤੇ ਧਾਰਮਿਕ ਰਹੁ-ਰੀਤਾਂ ਤੋਂ ਹਟਾ ਕੇ ਸਿੱਖਾਂ ਨੂੰ ਵਿਲੱਖਣ ਧਰਮ ਗ੍ਰੰਥ, ਪਹਿਰਾਵਾ, ਕਰਮ-ਧਰਮ ਤੇ ਰਹੁ-

---

** ਰੀਸਰਚ ਸਕਾਲਰ ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੫੦੧੩੦੦੪੫੯*

ਰੀਤੀ ਸਭ ਕੁਝ ਨਿਰਾਲੇ ਬਖ਼ਸ਼ੇ ਸਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਦੇ ਜੀਵਨ ਵਿਚ ਸਨਾਤਨੀ ਧਰਮ ਦਾ ਪ੍ਰਭਾਵ ਮੁੜ ਘਰ ਕਰ ਰਿਹਾ ਸੀ, ਕਿਉਂਕਿ ਹਾਲਾਤ ਅਜਿਹੇ ਸਨ ਕਿ ਸਿੱਖਾਂ ਨੂੰ ਲੰਮਾ ਸਮਾਂ ਜੰਗਲ-ਬੇਲਿਆਂ ਵਿਚ ਗੁਜ਼ਾਰਨਾ ਪਿਆ। ਇਸ ਸਮੇਂ ਦੌਰਾਨ ਗੁਰਦੁਆਰਿਆਂ ਤੇ ਹੋਰ ਸਿੱਖ ਧਾਰਮਿਕ ਅਸਥਾਨਾਂ ਉੱਪਰ ਨਿਰਮਲੇ ਤੇ ਉਦਾਸੀ ਮਹੰਤਾਂ ਨੇ ਸੇਵਾ-ਸੰਭਾਲ ਕੀਤੀ। ਇਹ ਸੰਪਰਦਾਵਾਂ ਸਨਾਤਨੀ ਧਰਮ-ਕਰਮ ਦੇ ਵਧੇਰੇ ਨੇੜੇ ਸਨ ਜਿਸ ਕਰਕੇ ਸਨਾਤਨੀ ਰਹੁ-ਰੀਤਾਂ ਦਾ ਹੋਣਾ ਸੁਭਾਵਿਕ ਸੀ। ਸਿੱਖ ਮਿਸਲਾਂ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ-ਕਾਲ ਵਿਚ ਵੀ ਸਨਾਤਨੀ ਧਰਮ ਦਾ ਪ੍ਰਭਾਵ ਸਿੱਖਾਂ ਦੇ ਜੀਵਨ ਵਿਚ ਹੋਰ ਪੈਣ ਲੱਗ ਪਿਆ ਸੀ ਪਰ ਸੰਨ ੧੯੭੨ ਈ. ਤਕ ਤਾਂ ਸਿੱਖਾਂ ਦੇ ਕਰਮ-ਧਰਮ ਸਪੱਸ਼ਟ ਰੂਪ ਵਿਚ ਸਨਾਤਨੀ ਹੋ ਗਏ ਸਨ। ਇੱਥੇ ਹੀ ਬਸ ਨਹੀਂ, ਇਸ ਸਮੇਂ ਸ਼ਬਦ-ਗੁਰੂ ਦੀ ਥਾਂ ਦੇਹਧਾਰੀ ਪਰੰਪਰਾ ਵੀ ਪ੍ਰਬਲ ਹੋ ਰਹੀ ਸੀ। ਸੋਢੀ ਤੇ ਬੇਦੀ ਜੋ ਗੁਰੂ ਵੰਸ਼ ਵਿੱਚੋਂ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੀਆਂ ਲਾ ਕੇ ਬੈਠਣ ਲੱਗ ਪਏ ਸਨ ਤੇ ਆਪਣੇ ਆਪ ਨੂੰ ਗੁਰੂ ਤੁੱਲ ਮੱਥੇ ਵੀ ਟਿਕਾਉਂਦੇ ਸਨ। ਕੁਝ ਅਜਿਹੀਆਂ ਰੀਤਾਂ ਕੀਤੀਆਂ ਜਾਣ ਲੱਗੀਆਂ ਜੋ ਗੁਰਮਤਿ ਸਿਧਾਂਤਾਂ ਦੇ ਬਿਲਕੁਲ ਉਲਟ ਸਨ।

ਦੂਜੇ ਪਾਸੇ ਅੰਗਰੇਜ਼ ਸਰਕਾਰ ਦੁਆਰਾ ਈਸਾਈ ਮਤ ਦਾ ਪ੍ਰਚਾਰ ਪੂਰੇ ਜ਼ੋਰ ਨਾਲ ਕੀਤਾ ਜਾ ਰਿਹਾ ਸੀ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਕੁਝ ਲੜਾਈਆਂ ਉਪਰੰਤ ਅੰਗਰੇਜ਼ ਹਕੂਮਤ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਸੀ ਪਰ ਉਨ੍ਹਾਂ ਨੂੰ ਇਹ ਅਨੁਭਵ ਹੋ ਗਿਆ ਸੀ ਕਿ ਸਿੱਖ ਇਕ ਜੁਝਾਰੂ, ਅਣਖੀਲੀ, ਈਨ ਨਾ ਮੰਨਣ ਤੇ ਗੈਰਤ ਨਾਲ ਜੀਉਣ ਵਾਲੀ ਕੌਮ ਹੈ। ਇਸ ਨੂੰ ਤੋਪਾਂ ਨਾਲ ਨਹੀਂ ਬਲਕਿ ਪਿਆਰ ਨਾਲ ਕਾਬੂ ਕੀਤਾ ਜਾ ਸਕਦਾ ਹੈ। ਅੰਗਰੇਜ਼ ਲੋਕ ਕਿਸੇ ਖੇਤਰ ਨੂੰ ਆਪਣੇ ਅਧੀਨ ਕਰਨ ਲਈ ਪਹਿਲਾਂ ਉੱਥੋਂ ਦੇ ਸਭਿਆਚਾਰ, ਖਿੱਤੇ ਤੇ ਹੋਰ ਇਤਿਹਾਸ ਬਾਰੇ ਜਾਣਕਾਰੀ ਇਕੱਤਰ ਕਰਦੇ ਸਨ ਤੇ ਫਿਰ ਉਸ ਅਨੁਸਾਰ ਹੀ ਆਪਣੀ ਅਗਲੀ ਰਣਨੀਤੀ ਤਿਆਰ ਕਰਦੇ ਸਨ। ਇਸ ਲਈ ਉਨ੍ਹਾਂ ਨੇ ਪੰਜਾਬ ਵਿਚ ਵੀ ਆਪਣੀਆਂ ਜੜ੍ਹਾਂ ਡੂੰਘੀਆਂ ਕਰਨ ਲਈ ਪਹਿਲਾਂ ਸਿੱਖਾਂ ਨੂੰ ਉਨ੍ਹਾਂ ਦੇ ਅਮੀਰ ਵਿਰਸੇ ਤੇ ਵਿਰਾਸਤ ਤੋਂ ਵਾਂਝਿਆਂ ਕਰਨ ਦੇ ਉਪਰਾਲੇ ਕੀਤੇ। ਉਨ੍ਹਾਂ ਨੇ ਧਰਮ ਦੀ ਆੜ ਲੈ ਕੇ ਆਪਣੇ ਕੁਝ ਮਿਸ਼ਨਰੀ ਪ੍ਰਚਾਰਕ ਪੰਜਾਬ ਵਿਚ ਸਥਾਪਿਤ ਕੀਤੇ। ਸਕੂਲਾਂ, ਕਾਲਜਾਂ ਵਿਚ ਵਿਸ਼ੇਸ਼ ਤੌਰ 'ਤੇ ਈਸਾਈ ਮਿਸ਼ਨਰੀਆਂ ਦੁਆਰਾ ਈਸਾਈ ਮਤ ਦਾ ਪ੍ਰਚਾਰ ਅਰੰਭ ਕੀਤਾ ਗਿਆ। ਅੰਗਰੇਜ਼ੀ ਹਕੂਮਤ ਨੇ ਈਸਾਈ ਮਿਸ਼ਨਰੀਆਂ ਨੂੰ ਹਰ ਤਰ੍ਹਾਂ ਦੀ ਮਦਦ ਦੇ ਕੇ ਉਨ੍ਹਾਂ ਦੀ ਸਹਾਇਤਾ ਨਾਲ ਲੋਕਾਂ ਦਾ ਧਰਮ ਬਦਲਣ ਦੀ ਨੀਤੀ ਅਪਣਾਈ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਸਿੱਖਾਂ ਦੇ ਮਹਾਨ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਮੁੱਖ ਕੇਂਦਰ ਵਜੋਂ ਚੁਣਿਆ। ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਗ਼ੈਰ-ਸਿੱਖ ਸ਼ਾਸਕ ਜਾਂ ਰਾਜਸੀ ਸੱਤਾ ਨੇ ਸਿੱਖਾਂ ਨੂੰ ਨੇਸ-ਤੋ-ਨਾਬੂਦ ਕਰਨਾ ਚਾਹਿਆ,

ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਖਾਂ ਦੇ ਇਸ ਮਹਾਨ ਕੇਂਦਰ ਨੂੰ ਹੀ ਆਪਣਾ ਨਿਸ਼ਾਨਾ ਬਣਾਇਆ। ਇਸ ਲਈ ਅੰਗਰੇਜ਼ਾਂ ਨੇ ਸੰਨ ੧੮੫੩ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਇਕ ਮਿਸ਼ਨਰੀ ਸਕੂਲ ਖੋਲ੍ਹਿਆ। ਇਸ ਤੋਂ ਇਲਾਵਾ ਈਸਾਈਆਂ ਨੇ ਸਿੱਖਾਂ ਉੱਤੇ ਆਪਣੇ ਧਰਮ ਦਾ ਪ੍ਰਭਾਵ ਪਾਉਣ ਲਈ ਗੁਰਦੁਆਰਾ ਸਾਹਿਬਾਨ ਦੇ ਨੇੜੇ ਮਿਸ਼ਨਰੀ ਸਕੂਲਾਂ ਤੇ ਸੈਂਟਰਾਂ ਵਾਸਤੇ ਥਾਵਾਂ ਵੀ ਕਿਰਾਏ 'ਤੇ ਲੈ ਲਈਆਂ ਸਨ ਤਾਂ ਕਿ ਆਪਣੀਆਂ ਗਤੀਵਿਧੀਆਂ ਦਾ ਸਿੱਖਾਂ ਉਪਰ ਪ੍ਰਭਾਵ ਪਾਇਆ ਜਾ ਸਕੇ। ਈਸਾਈ ਸਕੂਲਾਂ ਵਿਚ ਵਿੱਦਿਆ ਪ੍ਰਾਪਤ ਕਰਨ ਵਾਲੇ ਸਿੱਖ ਵਿਦਿਆਰਥੀ ਈਸਾਈ ਮਤ ਨੂੰ ਚੰਗਾ ਸਮਝਣ ਲੱਗੇ ਤੇ ਉਨ੍ਹਾਂ ਦਾ ਝੁਕਾਅ ਈਸਾਈ ਧਰਮ ਵੱਲ ਵਧਣ ਲੱਗ ਪਿਆ ਸੀ।

ਮੌਕੇ ਦੀ ਸਰਕਾਰ ਨੇ ਮਿਸ਼ਨਰੀਆਂ ਨੂੰ ਪ੍ਰਚਾਰ ਕਰਨ ਹਿੱਤ ਪੂਰੇ ਅਧਿਕਾਰ ਦੇ ਦਿੱਤੇ ਸਨ। ਈਸਾਈ ਮਿਸ਼ਨਰੀਆਂ ਵੱਲੋਂ ਬੜੇ ਯੋਜਨਾਬਧ ਤਰੀਕੇ ਨਾਲ ਸਕੂਲਾਂ, ਕਾਲਜਾਂ ਵਿਚ ਈਸਾਈ ਧਰਮ ਤੇ ਬਾਈਬਲ ਪੜ੍ਹਾਈ ਜਾਂਦੀ ਸੀ। ਇੱਥੇ ਹੀ ਬਸ ਨਹੀਂ C.W. Forman ਅਤੇ John Newtin ਨੇ ਸਕੂਲਾਂ ਤੋਂ ਇਲਾਵਾ ਹਸਪਤਾਲ ਤੇ ਯਤੀਮਖਾਨੇ ਵੀ ਖੋਲ੍ਹੇ ਤੇ ਇਨ੍ਹਾਂ ਵਿਚ ਖੁਲ੍ਹੇ ਤੌਰ 'ਤੇ ਈਸਾਈ ਮਤ ਦਾ ਪ੍ਰਚਾਰ ਕੀਤਾ ਜਾਣ ਲੱਗਿਆ। ਇਨ੍ਹਾਂ ਮਿਸ਼ਨਰੀਆਂ ਦੇ ਪ੍ਰਚਾਰ ਦੇ ਨਤੀਜੇ ਵਜੋਂ ਸਿੱਖਾਂ ਦੇ ਬੱਚਿਆਂ ਤੇ ਈਸਾਈ ਧਰਮ ਦਾ ਪ੍ਰਭਾਵ ਪੈਣ ਲੱਗਿਆ। ਜਿਸ ਕਰਕੇ ਪੰਜਾਬ ਦੇ ਬਹੁਤ ਸਾਰੇ ਲੋਕ ਈਸਾਈ ਬਣਨ ਲੱਗੇ।

ਈਸਾਈ ਧਰਮ ਦੇ ਪ੍ਰਭਾਵ ਥੱਲੇ ਲਿਆ ਕੇ ਸੰਨ ੧੮੫੩ ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਵੀ ਈਸਾਈ ਬਣਾ ਦਿੱਤਾ ਗਿਆ ਸੀ। ਕੁਝ ਸਾਲਾਂ ਬਾਅਦ ਕਪੂਰਥਲਾ ਦੇ ਰਾਜੇ ਦਾ ਭਤੀਜਾ ਕੰਵਰ ਹਰਨਾਮ ਸਿੰਘ ਵੀ ਈਸਾਈ ਬਣ ਗਿਆ ਸੀ। ਇਸ ਤਰ੍ਹਾਂ ਈਸਾਈਆਂ ਦਾ ਪ੍ਰਭਾਵ ਵਧਦਾ ਗਿਆ ਤੇ ਸਿੱਖ ਈਸਾਈ ਧਰਮ ਵਿਚ ਪਰਿਵਰਤਤ ਹੁੰਦੇ ਗਏ।

ਸੰਨ ੧੮੭੩ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਈਸਾਈ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ-ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ, ਜੋ ਚੰਗੇ ਸਿੱਖ ਘਰਾਣਿਆਂ ਨਾਲ ਸੰਬੰਧ ਰੱਖਦੇ ਸਨ, ਨੇ ਈਸਾਈ ਧਰਮ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ। ਪਰ ਕੁਝ ਸਿਆਣੇ ਸਿੱਖ ਮੁਖੀਆਂ ਨੇ ਇਨ੍ਹਾਂ ਨੂੰ ਸਮਝਾ ਕੇ ਅਜਿਹਾ ਕਰਨ ਤੋਂ ਰੋਕ ਲਿਆ। ਇਸ ਘਟਨਾ ਨੇ ਸਿੱਖਾਂ ਦੇ ਦਿਲ ਹਲੂਣ ਕੇ ਰੱਖ ਦਿੱਤੇ ਤੇ ਉਨ੍ਹਾਂ ਨੂੰ ਤੁਰੰਤ ਕੁਝ ਕਰਨ ਲਈ ਮਜ਼ਬੂਰ ਕੀਤਾ। ਇਹ ਗੱਲ ਅਜੇ ਠੰਡੀ ਵੀ ਨਹੀਂ ਪਈ ਸੀ ਕਿ ਦੂਜੇ ਪਾਸੇ ਪੰਡਿਤ ਸ਼ਰਧਾ ਰਾਮ ਫਿਲੌਰੀ, ਜੋ ਅੰਗਰੇਜ਼ ਹਕੂਮਤ ਦਾ ਨਮਕ ਖੁਆਰ ਸੀ, ਨੂੰ ਅੰਗਰੇਜ਼ਾਂ ਨੇ ਸਿੱਖਾਂ ਦਾ ਇਤਿਹਾਸ ਲਿਖਣ ਦਾ ਵੀ ਕੰਮ ਸੌਂਪਿਆ ਹੋਇਆ ਸੀ। ਇਹ ਸਿੱਖ ਧਰਮ ਪ੍ਰਤੀ ਚੰਗੀਆਂ ਭਾਵਨਾਵਾਂ ਨਹੀਂ ਰੱਖਦਾ ਸੀ। ਇੱਥੇ ਹੀ ਬਸ ਨਹੀਂ ਇਸ ਨੇ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਧਰਮ ਦੇ ਵਿਰੁੱਧ ਅਤੇ ਗੁਰੂ ਸਾਹਿਬਾਨ ਬਾਰੇ ਅਪ-ਸ਼ਬਦ ਬੋਲ ਕੇ ਬਲਦੀ 'ਤੇ ਤੇਲ ਪਾਉਣ ਵਾਲਾ ਕੰਮ ਕਰ ਦਿੱਤਾ। ਇਸ ਸਮੇਂ ਅਣਖ ਤੇ ਗ਼ੈਰਤਮੰਦ ਕੁਝ ਸਿੱਖਾਂ ਵਿਚ ਰੋਹ ਜਾਗ ਪਿਆ। ਜਿਸ ਕਰਕੇ

ਪੰਡਿਤ ਨੂੰ ਆਪਣੀ ਜਾਨ ਦਾ ਫਿਕਰ ਪੈ ਗਿਆ। ਪਰ ਸ਼ਰਧਾ ਰਾਮ ਫਿਲੌਰੀ ਬੜਾ ਚੀੜ੍ਹਾ ਜਾਂ ਇਉਂ ਕਹਿ ਲਈਏ ਕਿ ਅੰਗਰੇਜ਼ਾਂ ਦੀ ਉਸ ਸਮੇਂ ਦੀ ਧਾਰਮਿਕ ਦੁਫੇੜ ਦੀ ਨੀਤੀ ਪੰਡਿਤ ਦੀ ਕਰਨੀ ਅਨੁਸਾਰ ਠੀਕ ਬੈਠਦੀ ਸੀ, ਸੋ ਡਿਪਟੀ ਕਮਿਸ਼ਨਰ ਦੀ ਆਗਿਆ ਅਨੁਸਾਰ ਇਕ ਹਵਾਲਦਾਰ ਤੇ ਗਿਆਰ੍ਹਾਂ ਸਿਪਾਹੀਆਂ ਦੀ ਗਾਰਦ ਪੰਡਿਤ ਨੂੰ ਨਿੱਤ ਸ਼ਾਮ ਦੇ ਚਾਰ ਵਜੇ ਉਨ੍ਹਾਂ ਦੇ ਡੇਰੇ ਤੋਂ ਕਥਾ-ਸਥਾਨ ਤਕ ਛੱਡਣ ਜਾਂਦੀ ਰਹੀ। ਕਥਾ ਹੋਣ ਤਕ ਪਹਿਰਾ ਦਿੰਦੀ ਤੇ ਸਮਾਪਤੀ ਉਪਰੰਤ ਵਾਪਸ ਡੇਰੇ ਚਲੀ ਜਾਂਦੀ ਸੀ।[੨] ਇਹ ਹੀ ਜੋਸ਼ ਸੀ ਜਿਸ ਨੇ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ੧੮੭੩ ਨੂੰ ਸ. ਠਾਕੁਰ ਸਿੰਘ ਸੰਧਾਵਾਲੀਏ ਦੀ ਹਿੰਮਤ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਮਜੀਠੀਆਂ ਦੇ ਬੁੰਗੇ ਵਿਚ ੧੫ ਸਾਵਣ ਨੂੰ ਚੋਣਵੇਂ ਸਿੰਘਾਂ ਦਾ ਇਕੱਠ ਹੋਇਆ ਜਿਸ ਵਿਚ ਬਾਬਾ ਖੇਮ ਸਿੰਘ ਬੇਦੀ, ਗਿਆਨੀ ਹਜ਼ਾਰਾ ਸਿੰਘ, ਗਿਆਨੀ ਗਿਆਨ ਸਿੰਘ, ਗਿਆਨੀ ਸਰਦੂਲ ਸਿੰਘ ਤੇ ਕੰਵਰ ਬਿਕ੍ਰਮ ਸਿੰਘ ਕਪੂਰਥਲਾ ਆਦਿ ਸ਼ਾਮਲ ਸਨ।[੩] ਬਹੁਤੇ ਵਿਦਵਾਨ ਲਿਖਦੇ ਹਨ ਕਿ 'ਅੱਸੂ ਸੁਦੀ ੧੦, ਨਾਨਕਸ਼ਾਹੀ ਸੰਮਤ ੪੦੪, ੧੯੨੯ ਬਿਕ੍ਰਮੀ. (੧ ਅਕਤੂਬਰ, ੧੮੭੩ ਈ.) ਨੂੰ ਅੰਮ੍ਰਿਤਸਰ ਵਿਖੇ ਗੁਰੂ ਕੇ ਬਾਗ਼ ਵਿਚ ਇਕ ਭਾਰੀ ਇਕੱਠ ਕੀਤਾ ਗਿਆ ਜਿਸ ਵਿਚ ਸਿੱਖ ਧਰਮ ਦੀਆਂ ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਸਿੱਖ ਸੰਗਤ ਸ਼ਾਮਲ ਹੋਈ। ਇਸ ਵਿਚ ਮੁੱਖ ਤੌਰ 'ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਪ੍ਰੋਫ਼ੈਸਰ (ਭਾਈ) ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਮਈਆ ਸਿੰਘ ਤੇ ਭਾਈ ਜਵਾਹਰ ਸਿੰਘ ਨੇ ਇਕੱਠ ਨੂੰ ਨੇਪਰੇ ਚਾੜ੍ਹਨ ਲਈ ਪੁਰਜ਼ੋਰ ਯਤਨ ਕੀਤੇ। ਇਸ ਵਿਚ ਬੜੀ ਡੂੰਘੀ ਸੋਚ-ਵਿਚਾਰ ਉਪਰੰਤ ਫੈਸਲਾ ਕੀਤਾ ਗਿਆ ਕਿ ਜਦੋਂ ਤਕ ਸਿੱਖਾਂ ਕੋਲ ਆਪਣਾ 'ਇਕ ਪਲੇਟਫਾਰਮ' ਭਾਵ ਇਕ ਸਮੁੱਚਾ ਸੰਗਠਨ ਨਹੀਂ ਹੋਵੇਗਾ, ਉਦੋਂ ਤਕ ਸਿੱਖ ਪੰਥ ਆਪਣੇ ਉੱਪਰ ਪਏ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਗ਼ੁਲਾਮੀ ਵਾਲੇ ਕਰੜੇ ਸੰਗਲਾਂ ਵਿੱਚੋਂ ਅਜ਼ਾਦ ਨਹੀਂ ਕਰਵਾਇਆ ਜਾ ਸਕੇਗਾ, ਇਸ ਲਈ ਇਕ ਸਮੁੱਚੇ ਸੰਗਠਨ ਦੀ ਲੋੜ ਹੈ। ਇਸ ਵਿਚਾਰ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਕੜਾਹ ਪ੍ਰਸ਼ਾਦ ਭੇਟਾ ਕਰ ਕੇ ਅਰਦਾਸ ਕੀਤੀ ਗਈ। ਅਰਦਾਸ ਭਾਈ ਮਈਆ ਸਿੰਘ ਜੀ ਨੇ ਕੀਤੀ, ਉਪਰੰਤ ਹੁਕਮਨਾਮਾ ਲਿਆ ਗਿਆ। ਸੋਚ-ਵਿਚਾਰ ਕਰ ਕੇ ਇਹ ਫੈਸਲਾ ਕੀਤਾ ਗਿਆ ਕਿ ਹੁਕਮਨਾਮੇ ਦੇ ਪਹਿਲੇ ਅੱਖਰ 'ਸ' 'ਤੇ ਇਸ ਸਮੂਹ ਜਾਂ ਇਕੱਠ ਦਾ ਨਾਂ 'ਸਿੰਘ ਸਭਾ' ਰੱਖਿਆ ਜਾਵੇ। ਇਸ ਸਭਾ ਦੇ ਪ੍ਰਧਾਨ ਠਾਕੁਰ ਸਿੰਘ ਸੰਧਾਵਾਲੀਆ ਅਤੇ ਸਕੱਤਰ ਗਿਆਨੀ ਗਿਆਨ ਸਿੰਘ ਨੂੰ ਬਣਾਇਆ ਗਿਆ।[੪]

ਸਿੰਘ ਸਭਾ ਦੀ ਸਥਾਪਨਾ ਸਮੇਂ ਇਸ ਦੇ ਮੋਢੀਆਂ ਨੇ ਆਪਣੇ ਕੁਝ ਉਦੇਸ਼ ਮਿਥੇ 'ਸਿੱਖ ਧਰਮ ਦੀ ਪਵਿੱਤਰਤਾ ਨੂੰ ਮੁੜ ਸਥਾਪਿਤ ਕਰਨਾ, ਸਿੱਖ ਧਰਮ ਅਤੇ ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰ ਕੇ ਗੁਰਮਤਿ ਦੀ ਅਸਲ ਮਰਯਾਦਾ ਨੂੰ ਸਥਾਪਿਤ ਕਰਨਾ, ਸਿੱਖ ਪੰਥ ਵਿਚ ਆ ਵੜੇ 'ਜਾਤੀ-ਅਭਿਮਾਨ', ਝੂਠੇ ਵਹਿਮਾਂ-ਭਰਮਾਂ, ਅਗਿਆਨਤਾ ਤੇ ਅਨਪੜ੍ਹਤਾ ਨੂੰ ਦੂਰ ਕਰਨਾ, ਵੱਖ-ਵੱਖ ਥਾਵਾਂ 'ਤੇ ਨਿੱਜੀ ਗੁਰੂ-ਡੰਮ ਫੈਲਾ ਰਹੇ ਬੇਦੀਆਂ, ਸੋਢੀਆਂ, ਭੱਲਿਆਂ, ਮਨ-ਮੱਤੀ ਮਹੰਤਾਂ, ਪੁਜਾਰੀਆਂ, ਪਾਖੰਡੀ

ਸਾਧਾਂ ਤੇ ਸੰਤਾਂ ਦਾ ਸੁਧਾਰ ਕਰ ਕੇ ਉਨ੍ਹਾਂ ਨੂੰ ਨਿਰੋਲ ਗੁਰਮਤਿ ਪ੍ਰਚਾਰ ਕਰਨ ਲਈ ਪ੍ਰੇਰਨਾ, ਤਾਂ ਜੋ ਸਮੂਹ ਖ਼ਾਲਸਾ ਪੰਥ ਇਕਮੁੱਠ ਹੋ ਕੇ ਪਹਿਲੇ ਵਾਂਗ ਪੂਰਨ ਤੌਰ 'ਤੇ ਜਥੇਬੰਦ ਹੋ ਸਕੇ, ਸਿੱਖ ਧਰਮ ਦੀਆਂ ਧਾਰਮਿਕ ਤੇ ਇਤਿਹਾਸਿਕ ਪੁਸਤਕਾਂ ਨੂੰ ਸੰਪਾਦਨ ਤੇ ਪ੍ਰਕਾਸ਼ਤ ਕਰਨਾ, ਈਸਾਈਮਤ ਵਿਚ ਸ਼ਾਮਲ ਹੋਏ ਸਿੱਖਾਂ ਨੂੰ ਸਿੱਖ ਧਰਮ ਵਿਚ ਵਾਪਸ ਲਿਆਉਣਾ, ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਪ੍ਰਸਾਰ ਕਰਨਾ, ਅੰਗਰੇਜ਼ਾਂ ਨੂੰ ਸਿੱਖਾਂ ਦੀ ਵਿੱਦਿਅਕ ਨੀਤੀ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨਾ ਆਦਿ।

ਸਿੰਘ ਸਭਾ ਦੇ ਮੈਂਬਰ ਬਣਨ ਲਈ ਵੀ ਬਾਕਾਇਦਾ ਕੁਝ ਨਿਯਮ ਵੀ ਮੁਕਰਰ ਕੀਤੇ ਗਏ ਸਨ ਤਾਂ ਕਿ ਸੁਚਾਰੂ ਢੰਗ ਨਾਲ ਕਾਰਜ ਕੀਤੇ ਜਾ ਸਕਣ। ਸਿੰਘ ਸਭਾ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਥਾਂ-ਥਾਂ, ਪਿੰਡ-ਪਿੰਡ ਗੁਰਮਤਿ ਸਮਾਗਮ ਅਰੰਭ ਕੀਤੇ। ਲੋਕਾਂ ਨੂੰ ਆਪਣੇ ਧਰਮ ਦੀਆਂ ਰਹੁ-ਰੀਤਾਂ ਤੇ ਸਿੱਖ ਸਿਧਾਂਤਾਂ ਤੋਂ ਜਾਣੂ ਕਰਵਾਉਣਾ ਸ਼ੁਰੂ ਕਰ ਦਿੱਤਾ।

**ਸਿੰਘ ਸਭਾ ਨੇ ਜਾਗ੍ਰਿਤੀ ਦੀ ਲਹਿਰ ਬਣਨਾ :**

ਸਿੰਘ ਸਭਾ ਸ੍ਰੀ ਅੰਮ੍ਰਿਤਸਰ ਤੋਂ ਬਾਅਦ ਸਿੰਘ ਸਭਾ ਲਾਹੌਰ ਹੋਂਦ ਵਿਚ ਆਈ। 'ਸਿੰਘ ਸਭਾ' ਸ੍ਰੀ ਅੰਮ੍ਰਿਤਸਰ ਦੇ ਕਾਰਜ-ਕਾਲ ਦੌਰਾਨ ਇਸ ਵਿਚ ਕਾਰਜ ਕਰ ਰਹੇ ਵਿਅਕਤੀਆਂ ਵਿਚ ਕੁਝ ਵਿਚਾਰਕ ਮਤਭੇਦ ਹੋ ਗਏ ਸਨ। ਜਿਸ ਕਰਕੇ ਇਨ੍ਹਾਂ ਵਿਚ ਆਪਸੀ ਵਿਚਾਰਾਤਮਿਕ ਵਿਰੋਧ ਹੋਣ ਲੱਗ ਪਿਆ। ਇਸ ਦੇ ਸਿੱਟੇ ਵਜੋਂ ਨਵੰਬਰ ੧੮੭੯ ਈ. ਨੂੰ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਹੋਈ। ਇਸ ਦੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਲੋਕਤੰਤਰੀ ਤਰੀਕੇ ਨਾਲ ਚੁਣਿਆ ਗਿਆ। ਜਿਸ ਵਿਚ ਸਿੱਖਾਂ ਦੀਆਂ ਸਾਰੀਆਂ ਜਮਾਤਾਂ ਦੇ ਲੋਕ ਸ਼ਾਮਲ ਸਨ। ਇਸ ਸਭਾ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਨੂੰ ਬਣਾਇਆ ਗਿਆ। ਇਸ ਸਭਾ ਨੇ ਸਿੱਖਾਂ ਦੇ ਵਿੱਦਿਅਕ ਹਿੱਤਾਂ ਦੀ ਸੰਭਾਲ ਲਈ ਇਕ ਵਿੱਦਿਅਕ ਕਮੇਟੀ ਵੀ ਬਣਾਈ। ਇਸ ਨੇ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਦੇ ਮੁੱਖ ਉਦੇਸ਼ਾਂ ਤੋਂ ਇਲਾਵਾ ਕੁਝ ਨਵੇਂ ਉਦੇਸ਼ ਵੀ ਸ਼ਾਮਲ ਕੀਤੇ।[੫] ਸਿੰਘ ਸਭਾ ਲਾਹੌਰ ਦੇ ਬਣਦਿਆਂ ਹੀ ਅੰਗਰੇਜ਼ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਉਨ੍ਹਾਂ ਨੇ ਇਸ ਵਿਚ ਘੁਸਪੈਠ ਕਰਨ ਦੇ ਯਤਨ ਕੀਤੇ। ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਨਾਮਧਾਰੀ ਲਹਿਰ ਤੋਂ ਘਾਬਰੀ ਹੋਈ ਫਿਰੰਗੀ ਸਰਕਾਰ ਸਿੱਖਾਂ ਦੀ ਹਰ ਜਥੇਬੰਦੀ ਵਿਚ ਇਨਕਲਾਬ ਦੀ ਬੂ ਦੇਖਦੀ ਸੀ, ਇਸ ਲਈ ਸਿੰਘ ਸਭਾ ਲਾਹੌਰੋਂ ਬਣਦਿਆਂ ਹੀ ਸਰਕਾਰ ਨੇ ਆਪਣੇ ਅਸਰ ਰਸੂਖ ਵਾਲੇ ਬੰਦੇ ਇਸ ਵਿਚ ਸ਼ਾਮਲ ਹੋਣ ਲਈ ਪ੍ਰੇਰੇ ਤਾਂ ਕਿ ਕੋਈ ਸਰਕਾਰ ਵਿਰੋਧੀ ਸਰਗਰਮੀ ਬਿਲਕੁਲ ਨਾ ਹੋ ਸਕੇ।[੬] ਸਭਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਸਰਕਾਰ ਵਿਰੋਧੀ ਕਾਰਵਾਈ ਫੇਲ ਕਰਨ ਲਈ ਇਸ ਵਿਚ ਪੰਜਾਬ ਦੇ ਗਵਰਨਰ ਸਰ ਰਾਬਰਟ ਐਬਰਟਨ ਨੂੰ ਬਤੌਰ ਪੈਟਰਨ ਦੇ ਸ਼ਾਮਲ ਕੀਤਾ ਗਿਆ ਸੀ ਤੇ ਹੋਰ ਅੰਗਰੇਜ਼ ਅਫ਼ਸਰ ਵੀ ਇਸ ਵਿਚ ਸ਼ਾਮਲ ਕੀਤੇ ਗੇਏ ਸਨ।

ਸਿੰਘ ਸਭਾਵਾਂ ਪੂਰੇ ਜ਼ੋਰ-ਸ਼ੋਰ ਨਾਲ ਧਾਰਮਿਕ ਤੇ ਸਮਾਜ-ਸੁਧਾਰਕ ਕਾਰਜ ਕਰਨ ਲੱਗੀਆਂ। ਪਰ ਸਿੰਘ ਸਭਾ ਲਾਹੌਰ ਦਾ ਵਿਕਾਸ ਤੇ ਫੈਲਾਉ ਵਧੇਰੇ ਹੋ ਰਿਹਾ ਸੀ। ਇਹ

ਪੰਥਕ ਸੁਧਾਰਾਂ ਦੇ ਨਾਲ-ਨਾਲ ਗੁਰਦੁਆਰਾ ਸਾਹਿਬਾਨ ਦੇ ਪੁਜਾਰੀਆਂ ਦੇ ਸੁਧਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣ ਲੱਗ ਪਈ ਸੀ, ਕਿਉਂਕਿ ਇਹ ਪੰਥਕ ਮਰਯਾਦਾ ਨੂੰ ਵਿਗਾੜਨ ਲਈ ਜ਼ਿੰਮੇਵਾਰ ਸਨ। ਉਸ ਸਮੇਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਇਨ੍ਹਾਂ ਪੁਜਾਰੀਆਂ ਪਾਸ ਹੀ ਸੀ। ਖਾਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਅਸਥਾਨਾਂ ਉੱਪਰ ਪੁਜਾਰੀ ਹੀ ਕਾਬਜ਼ ਸਨ ਤੇ ਇਨ੍ਹਾਂ ਨੂੰ ਬਾਬਾ ਖੇਮ ਸਿੰਘ ਬੇਦੀ ਤੇ ਹੋਰ ਉੱਚ ਰਸੂਖ ਰੱਖਣ ਵਾਲਿਆਂ ਦਾ ਵਿਸ਼ੇਸ਼ ਸਹਿਯੋਗ ਵੀ ਪ੍ਰਾਪਤ ਸੀ, ਜਿਸ ਕਰਕੇ ਪ੍ਰੋ. ਗੁਰਮੁਖ ਸਿੰਘ ਹੋਣਾਂ ਨੂੰ ਬਹੁਤ ਮੁਸ਼ਕਲ ਆਈ। ਇੱਥੋਂ ਤਕ ਕਿ ਗੁਰਦੁਆਰਾ ਜਨਮ ਅਸਥਾਨ ਚੂਨਾ ਮੰਡੀ ਲਾਹੌਰ ਜਿੱਥੇ ਸਿੰਘ ਸਭਾ ਲਾਹੌਰ ਦਾ ਦਫ਼ਤਰ ਸੀ ਤੇ ਸੰਗਤ ਇੱਥੇ ਆਉਂਦੀ-ਜਾਂਦੀ ਅਤੇ ਸਭਾ ਦੀਆਂ ਮੀਟਿੰਗਾਂ ਹੁੰਦੀਆਂ ਸਨ। ਇੱਥੋਂ ਦੇ ਪੁਜਾਰੀਆਂ ਨੇ ਕਮਰਿਆਂ ਨੂੰ ਜਿੰਦਰੇ ਮਾਰ ਦਿੱਤੇ। ਪ੍ਰੋ. ਗੁਰਮੁਖ ਸਿੰਘ ਨੇ ਸਿੰਘ ਸਭਾ ਦੇ ਦਫ਼ਤਰ ਦਾ ਪ੍ਰਬੰਧ ਕਿਤੇ ਹੋਰ ਕਰ ਲਿਆ। ਜਦੋਂ ਸੰਗਤ ਦੀ ਆਮਦ ਗੁਰਦੁਆਰਾ ਸਾਹਿਬ ਵਿਖੇ ਘਟ ਗਈ ਤਾਂ ਪੁਜਾਰੀਆਂ ਨੂੰ ਲੱਗਿਆ ਕਿ ਇਸ ਤਰ੍ਹਾਂ ਤਾਂ ਉਨ੍ਹਾਂ ਦੀ ਆਮਦਨ ਹੀ ਘੱਟ ਜਾਵੇਗੀ, ਉਨ੍ਹਾਂ ਨੇ ਫਿਰ ਕਮਰੇ ਖੋਲ੍ਹ ਦਿੱਤੇ ਤੇ ਪ੍ਰੋ. ਗੁਰਮੁਖ ਸਿੰਘ ਤੋਂ ਲਿਖਤੀ ਤੌਰ 'ਤੇ ਮੁਆਫੀ ਮੰਗੀ।[੭]

ਸਿੰਘ ਸਭਾ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਭਾ ਲਾਹੌਰ ਤੋਂ ਇਲਾਵਾ ਪੂਰੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਹੋਰ ਵੀ ਸਿੰਘਾਂ ਸਭਾਵਾਂ ਸਥਾਪਿਤ ਹੋ ਚੁੱਕੀਆਂ ਸਨ। ਜਿਨ੍ਹਾਂ ਵਿਚ ਗੁੱਜ਼ਰਾਂ ਵਾਲਾ, ਵਜ਼ੀਰਾਬਾਦ, ਸਿਆਲ ਕੋਟ, ਗੁਰਦਾਸਪੁਰ, ਫਿਰੋਜ਼ਪੁਰ, ਕਪੂਰਥਲਾ, ਲੁਧਿਆਣਾ, ਅੰਬਾਲਾ, ਪਟਿਆਲਾ, ਨਾਭਾ ਤੇ ਸੰਗਰੂਰ ਆਦਿ ਸਭਾਵਾਂ ਪ੍ਰਸਿੱਧ ਸਨ। ਇਸ ਤਰ੍ਹਾਂ ਇਕ 'ਸਿੰਘ ਸਭਾ ਲਹਿਰ' ਹੀ ਸ਼ੁਰੂ ਹੋ ਗਈ। ਇਨ੍ਹਾਂ ਦੀ ਗਿਣਤੀ ੧੧੫ ਦੇ ਕਰੀਬ ਵਧ ਜਾਣ ਕਰਕੇ ਇਨ੍ਹਾਂ ਦੇ ਕਾਰਜਾਂ ਦੀ ਦੇਖ-ਰੇਖ ਤੇ ਆਪਸੀ ਤਾਲ-ਮੇਲ ਕਾਇਮ ਕਰਨ ਲਈ ਇਕ ਕੇਂਦਰੀ ਕਮੇਟੀ ਜਾਂ ਸੁਸਾਇਟੀ ਦੀ ਸਥਾਪਨਾ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ। ਦੂਜੇ ਪਾਸੇ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਤੇ ਲਾਹੌਰ ਦੀ ਆਪਸੀ ਵਿਰੋਧਤਾ ਨੇ ਕੁਝ ਸੁਹਿਰਦ ਸਿੱਖਾਂ ਨੂੰ ਇਕ ਸਾਂਝੀ ਸਭਾ ਅਧੀਨ ਦੋਹਾਂ ਨੂੰ ਸੰਗਠਿਤ ਕਰਨ ਦੀ ਪ੍ਰੇਰਨਾ ਦਿੱਤੀ। ਇਸ ਕਰਕੇ ੧੮੮੦ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਇਕ ਜਨਰਲ ਸਭਾ ਦੀ ਸਥਾਪਨਾ ਕੀਤੀ, ਜਿਸ ਵਿਚ ਦੋਹਾਂ ਧਿਰਾਂ ਦੇ ਮੈਂਬਰ ਲਏ ਗਏ। ਕੁਝ ਸਮੇਂ ਉਪਰੰਤ ਇਕ ਮਹਾਨ ਸੰਸਥਾ ਦਾ ਰੂਪ ਧਾਰਨ ਕਰ ਗਈ। ਇਹ ਸੰਸਥਾ ੧੧ ਅਪ੍ਰੈਲ, ੧੮੮੩ ਈ. ਨੂੰ 'ਖ਼ਾਲਸਾ ਦੀਵਾਨ' ਦੇ ਨਾਂ ਹੇਠ ਹੋਂਦ ਵਿਚ ਆਈ। ਇਸ ਦੇ ਮੁੱਖ ਅਹੁਦੇਦਾਰ ਰਾਜਾ ਬਿਕਰਮ ਸਿੰਘ, ਪੈਟਰਨ ਪ੍ਰਧਾਨ ਬਾਬਾ ਖੇਮ ਸਿੰਘ ਬੇਦੀ, ਮੀਤ ਪ੍ਰਧਾਨ ਭਾਈ ਗਨੇਸ਼ਾ ਸਿੰਘ ਅਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਆਦਿ ਸਨ।[੮]

ਸਿੰਘ ਸਭਾ ਲਹਿਰ ਦੀ ਸਫਲਤਾ ਪੰਥਕ ਜਜ਼ਬਾ, ਅਮਲੀ ਤੇ ਠੋਸ ਗੁਰਮਤਿ ਪ੍ਰਚਾਰ ਅਤੇ ਨਿਰਸੁਆਰਥ ਮਨੋਰਥਾਂ ਦੀ ਪ੍ਰਾਪਤੀ ਦੇ ਫਲਸਰੂਪ ਸੀ। ਦੂਜਾ ਸਿੰਘ ਸਭਾ ਲਹਿਰ ਦੇ ਮੋਢੀ ਸੇਵਕ, ਉਹ ਗੁਰਮੁਖ ਆਗੂ ਸਨ ਜਿਹੜੇ ਅੰਦਰੋਂ-ਬਾਹਰੋਂ ਨਿਰਮਲ, ਪਰਉਪਕਾਰ ਦੀ ਮੂਰਤ, ਨਿਸ਼ਕਾਮ ਸੇਵਕ ਤੇ ਨਾਮ ਬਾਣੀ ਦੇ ਰਸੀਏ ਸਨ। ਜਿਨ੍ਹਾਂ ਨੇ ਆਪਣੇ ਦਿਲਾਂ ਅੰਦਰ ਦੇਸ਼ ਪਿਆਰ, ਕੌਮ ਤੇ ਪੰਥ ਦੀ ਭਲਿਆਈ ਹਿਤ ਆਪਣੇ ਐਸ਼ੋ-ਆਰਾਮ ਦੀ

ਪਰਵਾਹ ਨਾ ਕਰਦਿਆਂ ਅਹਿਮ ਕਾਰਜ ਕੀਤੇ। ਜਿਵੇਂ- ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਗੁਰਸਿੱਖਾਂ ਦੇ ਨਿੱਤ ਕਰਮ ਗੁਰਮਤਿ ਮਰਯਾਦਾ ਅਨੁਸਾਰ ਮਨਾਉਣੇ ਤੇ ਪ੍ਰਚਾਰਨੇ। ਸਿੱਖਾਂ ਨੂੰ ਬ੍ਰਾਹਮਣੀ ਦਲਦਲ ਵਿੱਚੋਂ ਕੱਢਣਾ, ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿਚ ਗੁਰਬਾਣੀ ਦੀ ਵਿਆਖਿਆ ਕਰਨੀ। ਈਸਾਈ ਧਰਮ ਧਾਰਨ ਕਰ ਗਏ ਸਿੱਖਾਂ ਨੂੰ ਮੁੜ ਸਿੱਖ ਧਰਮ ਵਿਚ ਪ੍ਰਵੇਸ਼ ਕਰਵਾਉਣਾ। ਵਿਸ਼ੇਸ਼ ਰੂਪ ਵਿਚ ਸਿੱਖਾਂ ਵਿਚ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਜਿੱਥੇ ਸਿੱਖ ਸਕੂਲ ਤੇ ਕਾਲਜ ਖੋਲ੍ਹੇ, ਉੱਥੇ ਉਚੇਚੇ ਤੌਰ 'ਤੇ ਇਸਤਰੀ ਵਿੱਦਿਆ ਦੇ ਪ੍ਰਸਾਰ ਲਈ ਵੀ ਕੰਨਿਆਂ-ਪਾਠਸ਼ਾਲਾਵਾਂ ਦੀ ਸਥਾਪਨਾ ਕੀਤੀ। ਵਿੱਦਿਅਕ ਸੰਸਥਾਵਾਂ ਵਿਚ ਸਭ ਤੋਂ ਪਹਿਲਾਂ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ, ਖ਼ਾਲਸਾ ਹਾਈ ਸਕੂਲ ਸੁਖੋ (ਰਾਵਲਪਿੰਡੀ), ਸੰਤ ਸਿੰਘ ਸੁੱਖਾ ਸਿੰਘ ਸਕੂਲ ਅੰਮ੍ਰਿਤਸਰ, ਖ਼ਾਲਸਾ ਹਾਈ ਸਕੂਲ ਸਯਦ (ਰਾਵਲਪਿੰਡੀ)। ਪ੍ਰਿੰ. ਹਰਭਜਨ ਸਿੰਘ ਅਨੁਸਾਰ ਬਾਬਾ ਖੇਮ ਸਿੰਘ ਬੇਦੀ ਨੇ ਲਗਪਗ ੪੫ ਸਕੂਲ ਜਾਰੀ ਕੀਤੇ। ਸਿੰਘ ਸਭਾ ਦੇ ਹੋਰ ਸਥਾਪਿਤ ਕੀਤੇ ਓਰੀਐਂਟਲ ਕਾਲਜ ਲਾਹੌਰ, ਪੰਜਾਬ ਯੂਨੀਵਰਸਿਟੀ ਲਾਹੌਰ, ਸ੍ਰੀ ਗੁਰੂ ਗੋਬਿੰਦ ਜੀ ਸਿੰਘ ਬੋਰਡਿੰਗ ਹਾਊਸ ਲਾਹੌਰ, ਸਿੱਖ ਕੰਨਿਆਂ ਪਾਠਸ਼ਾਲਾ ਤੇ ਖ਼ਾਲਸਾ ਸਕੂਲ ਲਾਹੌਰ, ਕੰਨਿਆਂ ਮਹਾਂ ਪਾਠਸ਼ਾਲਾ ਫਿਰੋਜ਼ਪੁਰ ਆਦਿ। ਖ਼ਾਲਸਾ ਸਕੂਲ ਤੇ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਸਿੰਘ ਸਭਾ ਦੀ ਮਹਾਨ ਦੇਣ ਵਜੋਂ ਸਾਹਮਣੇ ਆਈਆਂ ਵਿੱਦਿਅਕ ਸੰਸਥਾਵਾਂ ਹਨ। ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਅਰੰਭ ਵਿਚ ਸਿਰਫ ਇਕ ਡਿਗਰੀ ਕਾਲਜ ਹੀ ਸੀ, ਫਿਰ ੧੯੧੬-੧੮ ਵਿਚ ਇਕਨੌਮਿਕਸ ਦੀ ਐਮ. ਏ., ਬੌਟਨੀ ਅਤੇ ਕਮਿਸਟਰੀ ਦੀ ਬੀ. ਐਸ. ਆਦਿ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਇਸ ਤੋਂ ਬਾਅਦ ਇਸ ਵਿਚ ਹੋਰ ਡਿਗਰੀਆਂ ਵਾਲੀਆਂ ਕਲਾਸਾਂ ਦਾ ਵੀ ਵਾਧਾ ਹੁੰਦਾ ਗਿਆ, ਜੋ ਹੁਣ ਯੂਨੀਵਰਸਿਟੀ ਦੇ ਮੁਕਾਬਲੇ ਦਾ ਕਾਲਜ ਹੈ। ਹੋਰ ਇਲਾਕਿਆਂ ਦੀਆਂ ਸਿੰਘ ਸਭਾਵਾਂ ਨੇ ਵੀ ਅਜਿਹੇ ਕਾਰਜ ਕੀਤੇ, ਜਿਵੇਂ- ਸਿੰਘ ਸਭਾ ਸਿਆਲਕੋਟ ਨੇ ਵੀ ਇਕ ਸਕੂਲ ਖੋਲ੍ਹਿਆ, ਸਿੰਘ ਸਭਾ ਸ਼ਿਮਲਾ ਦੀ ਕੋਸ਼ਿਸ਼ ਨਾਲ ਉੱਥੇ ਇਕ ਬੜੀ ਆਲੀਸ਼ਾਨ ਧਰਮਸ਼ਾਲਾ ਬਣਾਈ ਗਈ।

ਇਸ ਤੋਂ ਇਲਾਵਾ ਪੰਜਾਬੀ ਭਾਸ਼ਾ, ਗੁਰਮੁਖੀ ਸ੍ਰੋਤਾਂ ਨੂੰ ਸ਼ੁੱਧ ਰੂਪ ਵਿਚ ਸੰਪਾਦਿਤ ਕਰਵਾਇਆ ਤੇ ਨਵੀਂ ਸਿੱਖ ਵਿਚਾਰਧਾਰਾ ਅਨੁਸਾਰ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਜਿਨ੍ਹਾਂ ਵਿਚ ਮੁੱਖ ਤੌਰ 'ਤੇ ਗਿਆਨੀ ਗਿਆਨ ਸਿੰਘ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼', 'ਤਵਾਰੀਖ਼ ਗੁਰੂ ਖ਼ਾਲਸਾ'; ਪੰਡਿਤ ਤਾਰਾ ਸਿੰਘ ਨਰੋਤਮ ਦਾ 'ਗੁਰਮਤਿ ਨਿਰਣਯ ਸਾਗਰ', 'ਗੁਰੂ ਗਿਰਾਰਥ ਕੋਸ਼' ਤੇ 'ਗੁਰ ਤੀਰਥ ਸੰਗ੍ਰਹਿ' ਆਦਿ ਵੀਚਾਰ ਪੂਰਣ ਪੁਸਤਕਾਂ ਹਨ। ਗਿਆਨੀ ਦਿੱਤ ਸਿੰਘ ਰਚਿਤ 'ਨਕਲੀ ਸਿੱਖ ਪ੍ਰਬੋਧ', 'ਸਾਧੂ ਦਯਾਨੰਦ ਤੇ ਮੇਰਾ ਸੰਬਾਦ', 'ਪੰਮਾ ਪ੍ਰਬੋਧ', 'ਗੁਰਮਤਿ ਆਰਤੀ ਪ੍ਰਬੋਧ', 'ਗੁੱਗਾ ਗਪੌੜਾ', ਸੁਲਤਾਨ ਪੁਆੜਾ' ਤੇ 'ਦੰਭ ਵਿਦਾਰਣ'; ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਹਮ ਹਿੰਦੂ ਨਹੀਂ', 'ਗੁਰਮਤਿ ਪ੍ਰਭਾਕਰ' ਤੇ 'ਗੁਰਮਤਿ ਸੁਧਾਕਰ' ਆਦਿ ਇਸੇ ਲਹਿਰ ਦੀ ਉਪਜ ਦਾ ਸਿੱਟਾ ਹਨ। ਇਨ੍ਹਾਂ ਰਚਨਾਵਾਂ ਨੂੰ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਜੋ ਸੰਨ ੧੮੮੫

ਵਿਚ ਬਣਾਈ ਗਈ ਸੀ ਨੇ ਛਾਪ ਕੇ ਪੂਰਿਆਂ ਕੀਤਾ। ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਨਵੇਂ ਰਸਾਲੇ, ਅਖ਼ਬਾਰਾਂ ਤੇ ਸਮਾਚਾਰ ਪੱਤਰਾਂ ਦੀ ਪ੍ਰਕਾਸ਼ਨਾ ਹੀ ਨਹੀਂ ਕੀਤੀ, ਬਲਕਿ ਪੰਜਾਬੀ ਪੱਤਰਕਾਰੀ ਦਾ ਵੀ ਮੁੱਢ ਬੰਨ੍ਹਿਆ। ਇਨ੍ਹਾਂ ਅਖ਼ਬਾਰਾਂ ਤੇ ਸਮਾਚਾਰਾਂ ਵਿਚ 'ਗੁਰਮੁਖੀ ਅਖ਼ਬਾਰ', 'ਖ਼ਾਲਸਾ ਅਖ਼ਬਾਰ', 'ਖ਼ਾਲਸਾ ਸਮਾਚਾਰ', ਖ਼ਾਲਸਾ ਗਜ਼ਟ (ਉਰਦੂ) ਤੇ ਮਾਸਿਕ ਪੱਤਰ 'ਵਿਦਯਾਰਕ' ਆਦਿ ਪ੍ਰਮੁੱਖ ਸਨ। ਇਨ੍ਹਾਂ ਕਾਰਜਾਂ ਨੂੰ ਅੰਜ਼ਾਮ ਤਕ ਪਹੁੰਚਾਉਣ ਲਈ ਖ਼ਾਲਸਾ ਪ੍ਰੈੱਸ ਲਾਹੌਰ ਵੀ ਲਗਾਈ ਗਈ। ਇਸ ਦੇ ਨਾਲ ਹੀ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ੧੮੯੪ ਈ. ਵਿਚ ਸਥਪਾਨਾ ਕੀਤੀ ਜਿਸ ਨੇ ਸਿੱਖ ਪੰਥ ਦੇ ਵੱਖ-ਵੱਖ ਵਿਸ਼ਿਆਂ ਉੱਪਰ ਹਜ਼ਾਰਾਂ ਟ੍ਰੈਕਟ ਛਾਪ ਕੇ ਸਾਹਿਤ ਸਿਰਜਨਾ ਵਿਚ ਭਾਰੀ ਯੋਗਦਾਨ ਪਾਇਆ।

ਇਹ ਸਾਰਾ ਕੁਝ ਤਾਂ ਹੀ ਸੰਭਵ ਸੀ ਕਿ ਸਿੰਘ ਸਭਾ ਲਹਿਰ ਦੇ ਸੰਚਾਲਕ ਉੱਚ ਘਰਾਣਿਆਂ ਤੋਂ ਲੈ ਕੇ ਗ਼ਰੀਬਾਂ ਤਕ, ਸੁਹਿਰਦ ਸਿੱਖ ਵਿਦਵਾਨ, ਲਿਖਾਰੀ ਤੇ ਬੁੱਧੀਜੀਵੀ ਸਿੱਖ ਵਿਅਕਤੀ ਸਨ, ਜਿਨ੍ਹਾਂ ਨੇ ਲਹਿਰ ਦੀ ਵਿਚਾਰਧਾਰਾ ਨੂੰ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਤਕ ਪਹੁੰਚਾਇਆ। ਇਸ ਦੇ ਦੂਰ-ਅੰਦੇਸ਼ੀ ਸੰਚਾਲਕਾਂ ਨੇ ਪੱਛਮੀ ਵਿੱਦਿਆ ਦੇ ਅਧਾਰਿਤ ਸਕੂਲਾਂ ਤੇ ਕਾਲਜਾਂ ਵਿਚ ਪੜ੍ਹਾਈ ਕਰਵਾਉਣ ਲਈ ਚੰਗੇ ਅੰਗਰੇਜ਼ ਅਫ਼ਸਰਾਂ ਦਾ ਵੀ ਸਹਿਯੋਗ ਲਿਆ।

ਸਿੰਘ ਸਭਾ ਲਹਿਰ ਨੇ ਕਿੰਨੇ ਹੀ ਸਿੱਖ ਵਿਦਵਾਨ, ਮਹਾਨ ਬੁਲਾਰੇ, ਸਮਾਜ ਸੁਧਾਰਕ ਤੇ ਸਾਹਿਤਕਾਰ ਪੈਦਾ ਕੀਤੇ ਹਨ। ਸਿੰਘ ਸਭਾ ਲਹਿਰ ਦੇ ਸਰਗਰਮ ਆਗੂ ਤੇ ਸਿਖਰਾਂ 'ਤੇ ਪਹੁੰਚਾਉਣ ਵਾਲੇ ਪ੍ਰੋ. ਗੁਰਮੁਖ ਸਿੰਘ ਨੇ ਕੁਝ ਹੋਰ ਬੁੱਧੀਜੀਵੀ ਸਾਥੀਆਂ ਦੀ ਸਹਾਇਤਾ ਨਾਲ ਸ੍ਰੀ ਦਰਬਾਰ ਸਾਹਿਬ ਜੀ ਵਿਖੇ, ਜੋ ਬੁੱਤ ਪੂਜਾ ਤੇ ਹੋਰ ਕੁਰੀਤੀਆਂ ਹੋ ਰਹੀਆਂ ਸਨ ਬਾਬਤ ਜ਼ੋਰਦਾਰ ਖੰਡਨ ਕਰ ਕੇ ਬੰਦ ਕਰਵਾਈਆਂ। ਜਿਸ ਕਰਕੇ ਇਨ੍ਹਾਂ ਨੂੰ ਮਸੰਦ ਪੁਜਾਰੀਆਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਸੀ। ਸੰਨ ੧੮੮੭ ਈ. ਵਿਚ ਸ੍ਰੀ ਦਰਬਾਰ ਸਾਹਿਬ 'ਤੇ ਕਾਬਜ਼ ਸਮੇਂ ਦੇ ਪੁਜਾਰੀਆਂ ਤੇ ਗੁਰੂ ਵੰਸ਼ ਵਿੱਚੋਂ ਆਪਣੇ ਆਪ ਨੂੰ ਗੁਰੂ ਤੁਲ ਮੱਥਾ ਟਿਕਾਉਣ ਵਾਲਿਆਂ ਨੇ ਇਨ੍ਹਾਂ (ਪ੍ਰੋ. ਗੁਰਮੁਖ ਸਿੰਘ) ਨੂੰ ਪੰਥ ਵਿੱਚੋਂ ਖਾਰਜ ਵੀ ਕਰਵਾ ਦਿੱਤਾ ਸੀ।[੯] ਪਰ ਪ੍ਰੋ. ਗੁਰਮੁਖ ਸਿੰਘ ਜੀ ਨੇ ਗੁਰੂ ਸਿਧਾਂਤ ਅਤੇ ਸੱਚ ਦਾ ਪੱਲਾ ਨਹੀਂ ਛੱਡਿਆ, ਆਪਣਾ ਫਰਜ਼ ਤੇ ਧਰਮ-ਕਰਮ ਸਮਝ ਕੇ ਅੰਤਿਮ ਸਵਾਸਾਂ ਤਕ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਇਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਅਕਾਲ ਚਲਾਣੇ ਤੋਂ ਲੰਬੇ ਸਮੇਂ ਬਾਅਦ ੨੫ ਸਤੰਬਰ, ੧੯੯੫ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰੋ. ਗੁਰਮੁਖ ਸਿੰਘ ਜੀ ਨੂੰ ਪੂਰੀ ਤਰ੍ਹਾਂ ਨਿਰਦੋਸ਼ ਅਤੇ ਗੁਰੂ-ਪੰਥ ਦਾ ਸੱਚਾ ਗੁਰੂ ਸੁੱਚਾ ਸੇਵਕ ਜਾਣਦਿਆਂ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ।[੧੦]

'ਸਿੰਘ ਸਭਾ ਲਹਿਰ' ਨੇ ਜਿੱਥੇ ਗੁਰਦੁਆਰਾ ਪ੍ਰਬੰਧ ਸੁਧਾਰ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਤੇ ਵਿੱਦਿਅਕ ਖੇਤਰ ਵਿਚ ਅਹਿਮ ਕਾਰਜ ਕੀਤੇ, ਉੱਥੇ ਇਸ ਦੇ ਪ੍ਰਚਾਰ-ਪ੍ਰਸਾਰ ਨੇ ਸਮਾਜ ਸੁਧਾਰ ਲਹਿਰ, ਅਕਾਲੀ ਲਹਿਰ ਤੇ ਬੱਬਰ ਅਕਾਲੀ ਲਹਿਰ ਜਿਹੀਆਂ ਐਸੀਆਂ ਲਹਿਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਸਾਰੇ ਭਾਰਤ ਵਿਚ ਤਰਥੱਲੀ ਮਚਾ ਦਿੱਤੀ।

ਬਰਤਾਨੀਆ ਸਰਕਾਰ ਇਨ੍ਹਾਂ ਲਹਿਰਾਂ ਦੀ ਝਾਲ ਨਾ ਝੱਲ ਸਕੀ ਤੇ ਉਸ ਨੇ ਇਹ ਹਕੀਕਤ ਵੀ ਸਵੀਕਾਰ ਕੀਤੀ ਕਿ ਹੁਣ ਉਸ ਦੇ ਰਾਜ ਨੂੰ ਸਖ਼ਤ ਖ਼ਤਰਾ ਪੈਦਾ ਹੋ ਗਿਆ ਹੈ।

ਸਿੰਘ ਸਭਾ ਲਹਿਰ ਦੀ ਕਿੰਨੀ ਗੌਰਵਤਾ ਹੈ? ਉਕਤ ਅਨੁਸਾਰ ਪੜ੍ਹ ਕੇ ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਪਰ ਦੂਜਾ ਜਦੋਂ ਅਸੀਂ ਸਮਕਾਲੀ ਤੇ ਪ੍ਰਸਿੱਧ ਇਤਿਹਾਸਕਾਰ ਸਰ ਰਿਸਰਚ ਟੈਂਪਲ, ਡਾਕਟਰ ਟਰੰਪ ਅਤੇ ਮੁਨਸ਼ੀ ਘਨਯਾ ਲਾਲ ਅਲਖਧਾਰੀ ਆਦਿ ਬਾਰੇ ਪੜ੍ਹਦੇ ਹਾਂ ਕਿ ਉਨ੍ਹਾਂ ਨੇ ਪ੍ਰਤੱਖ ਤੱਥਾਂ ਤੇ ਅੰਕੜਿਆਂ ਦੇ ਆਧਾਰਿਤ ਇਹ ਅੰਦਾਜ਼ਾ ਲਗਾਇਆ ਸੀ ਕਿ ਸਿੱਖ ਧਰਮ ਛੇਤੀ ਹੀ ਬਿਨਸ ਜਾਏਗਾ। ਪਰ ਸਿੰਘ ਸਭਾ ਲਹਿਰ ਨੇ ਸਿੱਖਾਂ ਦਾ ਕਾਇਆ ਕਲਪ ਕਰਨ ਵਿਚ ਇਕ ਚਮਤਕਾਰ ਕਰ ਦਿਖਾਇਆ।[੧੧] ਇਸ ਲਹਿਰ ਨੇ ਇਕੱਲਾ ਗੁਰਦੁਆਰਾ ਪ੍ਰਬੰਧ ਸੁਧਾਰ, ਧਾਰਮਿਕ ਮਰਯਾਦਾ ਦੀ ਬਹਾਲੀ ਜਾਂ ਸਮਾਜਿਕ ਸੁਧਾਰ ਹੀ ਨਹੀਂ ਕੀਤੇ, ਬਲਕਿ ਦੇਸ਼ ਦੀ ਅਜ਼ਾਦੀ ਲਈ ਲੋਕਾਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਭਰਿਆ। ਪੰਜਾਬ ਦੀ ਇਹ ਇਕ ਅਜਿਹੀ ਲਹਿਰ ਬਣ ਗਈ ਜਿਸ ਨੇ ਸਿੱਖ ਜਗਤ ਵਿਚ ਹੀ ਨਹੀਂ, ਬਲਕਿ ਸਾਰੇ ਪੰਜਾਬ ਵਿਚ ਨਵ-ਜਾਗ੍ਰਿਤੀ ਲਿਆਂਦੀ। ਇਸ ਨੇ ਜਿੱਥੇ ਪੰਜਾਬ ਦੇ ਸਿੱਖ ਵਰਗ ਨੂੰ ਮੁੜ ਆਪਣੇ ਵਿਰਸੇ ਨਾਲ ਜੋੜਿਆ, ਉੱਥੇ ਭਾਰਤ-ਵਾਸੀਆਂ ਨੂੰ ਆਪਣਾ ਦੇਸ਼ ਅਜ਼ਾਦ ਕਰਵਾਉਣ ਵਿਚ ਵੀ ਨਵੀਆਂ ਪੈੜਾਂ ਪਾਈਆਂ।

**ਹਵਾਲੇ:**


੧. *ਸੰਖੇਪ ਸਿੱਖ ਇਤਿਹਾਸ*, ਪਿਆਰਾ ਸਿੰਘ ਪਦਮ, ਪੰਨਾ ੧੯੯.

੨. *ਸਿੱਖਾਂ ਦੇ ਰਾਜ ਦੀ ਵਿਥਿਆ*, ਸ਼ਰਧਾ ਰਾਮ ਫਿਲੌਰੀ, ਸੰਪਾ. ਪ੍ਰੋ. ਪ੍ਰੀਤਮ ਸਿੰਘ, ਪੰਨਾ ੪੩-੪੪.

੩. *ਸੰਖੇਪ ਸਿੱਖ ਇਤਿਹਾਸ*, ਪ੍ਰੋ. ਪਿਆਰਾ ਸਿੰਘ ਪਦਮ, ਪੰਨਾ ੨੦੧.

੪. *ਸਿੰਘ ਸਭਾ ਲਹਿਰ*, ਡਾ. ਡੀ.ਐਸ. ਢਿੱਲੋਂ, *ਪੰਜਾਬ ਦੀਆਂ ਲੋਕ ਲਹਿਰਾਂ*, ਸੰਪਾ. ਏ. ਸੀ. ਅਰੋੜਾ, ਪੰਨੇ ੪੪-੪੫.

੫. *ਸਿੰਘ ਸਭਾ ਲਹਿਰ ਦਾ ਨਿਕਾਸ ਤੇ ਵਿਕਾਸ*, ਪ੍ਰਿੰ. ਸਵਰਨਜੀਤ ਸਿੰਘ, *ਗੁਰਮਤਿ ਪ੍ਰਕਾਸ਼*, ਸਤੰਬਰ ੧੯੯੦, ਪੰਨਾ ੨੯.

੬. *ਸੰਖੇਪ ਸਿੱਖ ਇਤਿਹਾਸ*, ਪ੍ਰੋ. ਪਿਆਰਾ ਸਿੰਘ ਪਦਮ, ਪੰਨਾ ੨੧੭.

੭. *ਪੰਜਾਬ ਦੀਆਂ ਲਹਿਰਾਂ*, ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ ੯੯-੧੦੦.

੮. *ਸਿੰਘ ਸਭਾ ਲਹਿਰ ਦਾ ਨਿਕਾਸ ਤੇ ਵਿਕਾਸ*, ਪ੍ਰਿੰ. ਸਵਰਨਜੀਤ ਸਿੰਘ, *ਗੁਰਮਤਿ ਪ੍ਰਕਾਸ਼*, ਸਤੰਬਰ ੧੯੯੦, ਪੰਨਾ ੩੦.

੯. *ਸਿੰਘ ਸਭਾ ਲਹਿਰ*, ਡਾ. ਜਗਜੀਤ ਸਿੰਘ, ਪੰਨਾ ੩੫; *ਪੰਜਾਬ ਦੀਆਂ ਲਹਿਰਾਂ*, ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ ੧੧੧.

੧੦. *ਹੁਕਮਨਾਮੇ, ਆਦੇਸ਼ ਤੇ ਸੰਦੇਸ਼*, ਡਾ. ਰੂਪ ਸਿੰਘ, ਪੰਨਾ ੧੪੭.

੧੧. *ਸਿੰਘ! ਪਾਸਾ ਮੋੜੋ!!*, ਸ. ਦਿਲਬੀਰ ਸਿੰਘ, *ਗੁਰਦੁਆਰਾ ਗਜ਼ਟ*, ਅਪ੍ਰੈਲ ੧੯੭੩, ਪੰਨਾ ੪੧.

# ਸਿੰਘ ਸਭਾ ਲਹਿਰ ਦਾ ਉਭਾਰ ਅਤੇ ਪ੍ਰਭਾਵ

*-ਡਾ. ਗੁਰਮਿੰਦਰ ਸਿੰਘ ਰੂਪੋਵਾਲੀ**

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੋਂ ਬਾਅਦ ਪੰਜਾਬ ਦੀ ਰਾਜਨੀਤਕ ਸਥਿਤੀ ਬਹੁ-ਪੱਖਾਂ ਤੋਂ ਬਦਲ ਚੁੱਕੀ ਸੀ। ਇਸ ਦੇ ਨਾਲ ਹੀ ਧਾਰਮਿਕ ਸਥਿਤੀਆਂ ਵੀ ਤੇਜ਼ੀ ਨਾਲ ਬਦਲ ਰਹੀਆਂ ਸਨ। ਜਿਸ ਕਾਰਨ ਸਿੱਖ ਧਰਮ ਦੀ ਸਭ ਤੋਂ ਪ੍ਰਮੁੱਖ ਲਹਿਰ 'ਸਿੰਘ ਸਭਾ ਲਹਿਰ' ਹੋਂਦ ਵਿਚ ਆਈ। ਇਸ ਲਹਿਰ ਦੀ ਉਤਪਤੀ ੧੮੭੩ ਈ. ਨੂੰ ਹੋਈ, ਜਿਸ ਦਾ ਮੁੱਖ ਉਦੇਸ਼ ਸਿੱਖ ਧਰਮ ਵਿਚ ਫੈਲ ਚੁੱਕੀਆਂ ਅਨੇਕ ਕੁਰੀਤੀਆਂ ਨੂੰ ਦੂਰ ਕਰਨਾ ਅਤੇ ਗੈਰ-ਸਿੱਖ ਧਾਰਮਿਕ ਲਹਿਰਾਂ ਦੇ ਪ੍ਰਭਾਵਾਂ ਤੋਂ ਪਾਰ ਪਾਉਣਾ ਸੀ। ਕਿਉਂਕਿ ਇਸਾਈ ਮਿਸ਼ਨਰੀ ਅਤੇ ਆਰੀਆ ਸਮਾਜੀ ਵੱਡੀ ਪੱਧਰ 'ਤੇ ਪੰਜਾਬ ਵਿਚ ਪੈਰ ਪਸਾਰ ਰਹੇ ਸਨ। ਬੇਸ਼ੱਕ ਸਮਕਾਲ ਵਿਚ ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਵੀ ਹੋਂਦ ਵਿਚ ਆ ਚੁੱਕੀਆਂ ਸਨ, ਜੋ ਵਿਅਕਤੀ ਵਿਸ਼ੇਸ਼ ਨੂੰ ਪ੍ਰਮੁੱਖਤਾ (ਦੇਹਧਾਰੀ ਗੁਰੂ) ਅਤੇ ਹੋਰ ਕਈ ਕਾਰਨਾਂ ਕਰਕੇ ਜ਼ਿਆਦਾ ਸਫਲ ਨਾ ਹੋ ਸਕੀਆਂ। ਡਾ. ਖੁਸ਼ਵੰਤ ਸਿੰਘ ਇਨ੍ਹਾਂ ਲਹਿਰਾਂ ਬਾਰੇ ਲਿਖਦੇ ਹਨ:

"ਤਿੰਨੇ ਲਹਿਰਾਂ(ਨਿਰੰਕਾਰੀ, ਰਾਧਾ ਸੁਆਮੀ ਅਤੇ ਨਾਮਧਾਰੀ) ਆਪਣੇ ਸੰਪ੍ਰਦਾਇਕ ਜੁੰਡਲੀਆਂ ਦੇ ਰੂਪ ਵਿਚ ਵਿਕਸਿਤ ਹੋਈਆਂ ਤੇ ਆਪਣੇ-ਆਪਣੇ ਵਿਸ਼ੇਸ਼ ਗੁਰੂ ਦੀ ਭਗਤੀ ਤੇ ਆਪਣੇ ਗੁਪਤ ਤੇ ਰਹੱਸਮਈ ਧਾਰਮਕ ਸੰਸਾਰਕਾਂ (ਸੰਸਕਾਰਾਂ) ਦੀ ਵਰਤੋਂ ਵਿਚ ਮਸਤ ਰਹੀਆਂ। ਜਿਹਨਾਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਇਹ ਲਹਿਰਾਂ ਸ਼ੁਰੂ ਕੀਤੀਆਂ ਗਈਆਂ ਸਨ, ਉਹ ਉਸੇ ਤਰ੍ਹਾਂ ਹੀ ਬੇਰੋਕ ਜਾਰੀ ਰਹੀਆਂ।"

ਸਿੰਘ ਸਭਾ ਲਹਿਰ ਦੀ ਉਤਪਤੀ ਦਾ ਕਾਰਨ ਜਿੱਥੇ ਸਿੱਖ ਧਰਮ ਵਿਚ ਆਈਆਂ ਕੁਰੀਤੀਆਂ ਸਨ, ਉੱਥੇ ਹੀ ਕੁਝ ਤਤਕਾਲੀ ਕਾਰਨ ਵੀ ਸਨ, ਜਿਸ ਨੇ ਸਿੱਖ ਚਿੰਤਕਾਂ ਅਤੇ ਪੈਰੋਕਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਈਸਾਈ ਮਿਸ਼ਨਰੀਆਂ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਕੁੰਵਰ ਦਲੀਪ ਸਿੰਘ ਨੂੰ ਈਸਾਈ ਬਣਾਉਣਾ ਮੁੱਢਲੇ ਕਾਰਨਾਂ ਵਿਚ ਆਉਂਦਾ ਹੈ। ਇੱਥੇ ਹੀ ਬਸ ਨਹੀਂ ਸਗੋਂ ਉਸ ਕੋਲੋਂ ੫੦੦ ਰੁਪਏ ਸਾਲਾਨਾ ਈਸਾਈ ਮਿਸ਼ਨ ਨੂੰ ਦੇਣ ਲਈ ਵੀ ਰਜ਼ਾਮੰਦ ਕਰ ਲਿਆ ਗਿਆ। ਈਸਾਈ ਮਿਸ਼ਨਰੀਆਂ ਦੁਆਰਾ ਈਸਾਈਅਤ ਦੇ ਪ੍ਰਚਾਰ ਲਈ ਲਾਹੌਰ, ਅੰਮ੍ਰਿਤਸਰ, ਕੋਟਗੜ੍ਹ, ਪਿਸ਼ੌਰ, ਕਾਂਗੜਾ, ਕਸ਼ਮੀਰ, ਨਾਰੋਵਾਲ, ਮੁਲਤਾਨ, ਬਟਾਲਾ ਆਦਿ ਸਥਾਨਾਂ 'ਤੇ ਵਿੱਦਿਅਕ ਕੇਂਦਰ ਸਥਾਪਿਤ ਕਰ ਲਏ ਗਏ ਸਨ। ਇਸ ਤੋਂ ਇਲਾਵਾ ਈਸਾਈਆਂ ਦੁਆਰਾ ਦਿਆਲ ਸਿੰਘ ਮਜੀਠੀਆ ਨੂੰ ਪ੍ਰੇਰ ਕੇ ਅੰਮ੍ਰਿਤਸਰ ਵਿਚ ਇਕ ਬਾਗ਼ ਵੀ ਲਿਆ ਗਿਆ ਅਤੇ ਮਜੀਠੇ ਵਿਚ ਗਿਰਜਾ ਘਰ ਖੋਲ੍ਹਿਆ ਗਿਆ। ੧੮੭੩ ਈ. ਨੂੰ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਈਸਾਈ ਬਣਨ ਦਾ ਐਲਾਨ ਕੀਤਾ, ਜਿਸ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਬੇਸ਼ੱਕ ਸਿੱਖਾਂ ਦੁਆਰਾ ਉਨ੍ਹਾਂ

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮੋ:੯੯੧੪੨ ੪੨੯੧੨,*

ਵਿਦਿਆਰਥੀਆਂ ਨੂੰ ਈਸਾਈ ਬਣਨ ਤੋਂ ਰੋਕ ਲਿਆ ਗਿਆ ਪਰ ਇਹ ਘਟਨਾ ਸਿੱਖਾਂ ਲਈ ਵੱਡੀ ਚਿੰਤਾ ਦਾ ਵਿਸ਼ਾ ਬਣੀ। ਇਸੇ ਸਮੇਂ ਦੌਰਾਨ ਸਰਕਾਰ ਪੱਖੀ ਵਿਅਕਤੀ ਸ਼ਰਧਾ ਰਾਮ ਫਿਲੌਰੀ ਨੇ ਗੁਰੂ ਕੇ ਬਾਗ਼ ਅੰਮ੍ਰਿਤਸਰ ਵਿਚ ਸਿੱਖ ਗੁਰੂਆਂ ਖਿਲਾਫ ਕੁਝ ਅਯੋਗ ਸ਼ਬਦ ਕਹੇ ਅਤੇ ਖਾਲਸਾ ਪੰਥ ਉੱਤੇ ਕਰੜੀ ਨੁਕਤਾਚੀਨੀ ਕੀਤੀ ਜਿਸ ਕਾਰਨ ਸਿੱਖਾਂ ਵਿਚ ਗੁੱਸਾ ਅਤੇ ਜੋਸ਼ ਪੈਦਾ ਹੋਇਆ। ਇਹੀ ਕੁਝ ਤਤਕਾਲੀ ਕਾਰਨ ਸਨ, ਜਿਹਨਾਂ ਸਦਕਾ ਅਖੀਰ ੧੮੭੩ ਈ. ਨੂੰ ਅੰਮ੍ਰਿਤਸਰ ਦੇ ਗੁਰੂ ਕੇ ਬਾਗ਼ ਵਾਲੇ ਅਸਥਾਨ 'ਤੇ ਸਿੰਘ ਸਭਾ ਦੀ ਬੁਨਿਆਦ ਰੱਖੀ ਗਈ। ਜਿਸ ਵਿਚ ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕਰ ਸਿੰਘ ਸੰਧਾਂਵਾਲੀਆ ਆਦਿ ਸਿੱਖ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਇਸ ਇਕੱਤਰਤਾ ਦੌਰਾਨ ਸ. ਠਾਕਰ ਸਿੰਘ ਸੰਧਾਂਵਾਲੀਆ ਨੂੰ ਸਿੰਘ ਸਭਾ ਲਹਿਰ ਦਾ ਪਹਿਲਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਬਣਾਇਆ ਗਿਆ। ਮੈਂਬਰਾਂ ਦੇ ਦਾਖ਼ਲੇ ਲਈ ਨਿਯਮਾਵਲੀ ਤਿਆਰ ਕੀਤੀ ਗਈ ਅਤੇ ਸਿੰਘ ਸਭਾ ਦੇ ਪ੍ਰਸਾਰ ਲਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ, ਤਖਤ ਸਾਹਿਬਾਨ ਆਦਿ ਥਾਵਾਂ 'ਤੇ ਸੁਨੇਹੇ ਭੇਜੇ ਗਏ। ਸਿੰਘ ਸਭਾ ਲਹਿਰ ਦੇ ਉਦੇਸ਼ ਸਨ:

੧. ਸਿੱਖਾਂ ਵਿੱਚੋਂ ਵੱਧ ਚੁੱਕੀਆਂ ਕੁਰੀਤੀਆਂ ਨੂੰ ਦੂਰ ਕਰਨਾ।

੨. ਗੁਰਸਿੱਖੀ ਮਰਯਾਦਾ ਦੀ ਮੁੜ ਉਸਾਰੀ ਕਰਨੀ ਅਤੇ ਉਚ ਕਿਰਦਾਰ ਵਾਲੇ ਸਿੱਖ ਪੈਦਾ ਕਰਨੇ।

੩. ਇਸਾਈ ਮਿਸ਼ਨਰੀ ਅਤੇ ਸਨਾਤਨ ਮੱਤ ਦੇ ਪ੍ਰਭਾਵ ਤੋਂ ਸੁਚੇਤ ਕਰਨਾ।

੪. ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕਰਨਾ।

੫. ਧਾਰਮਿਕ, ਵਿਵਹਾਰਿਕ ਅਤੇ ਅਕਾਦਮਿਕ ਵਿੱਦਿਆ ਨੂੰ ਤਰਜੀਹ ਦੇਣੀ।

੬. ਸਿੱਖ ਅਧਿਐਨ ਨੂੰ ਨਵੀਂ ਦਿਸ਼ਾ ਦੇਣੀ।

੭. ਸਕੂਲ, ਕਾਲਜ ਸਥਾਪਿਤ ਕਰਨੇ।

ਕੁਝ ਸਮੇਂ ਬਾਅਦ ਸਿੰਘ ਸਭਾ ਦੇ ਮੁੱਢਲੇ ਆਗੂਆਂ ਵਿਚ ਵਖਰੇਵੇਂ ਆਉਣੇ ਸ਼ੁਰੂ ਹੋ ਗਏ। ਇਸ ਦਾ ਵੱਡਾ ਕਾਰਨ ਲਹਿਰ ਵਿਚ ਨਰਮ-ਦਲੀਆਂ ਅਤੇ ਗਰਮ-ਦਲੀਆਂ ਦਾ ਹੋਣਾ ਸੀ। ਉਦਾਹਰਨ ਮਾਤਰ ਬਾਬਾ ਖੇਮ ਸਿੰਘ ਬੇਦੀ ਦੇਹਧਾਰੀ ਗੱਦੀ ਦੇ ਹਾਮੀਂ ਅਤੇ ਨਰਮ ਸੁਭਾਅ ਦੇ ਮਾਲਕ ਸਨ। ਇਸ ਦੇ ਉਲਟ ਸਰਦਾਰ ਠਾਕਰ ਸਿੰਘ ਸੰਧਾਂਵਾਲੀਆ ਗਰਮ-ਖਿਆਲਾਂ ਦੇ ਮੁਤਾਇਸ਼ੀ ਸਨ। ਕੰਵਰ ਬਿਕਰਮ ਸਿੰਘ ਅਗਾਂਹਵਧੂ ਸੋਚ ਅਤੇ ਸੁਧਾਰਵਾਦੀ ਖਿਆਲਾਂ ਦੇ ਧਾਰਨੀ ਸਨ। ਲਗਪਗ ਦੋ ਕੁ ਸਾਲ ਬਾਅਦ ਸਿੰਘ ਸਭਾ ਅੰਮ੍ਰਿਤਸਰ ਦਾ ਪ੍ਰਚਾਰ ਮੱਧਮ ਪੈ ਗਿਆ ਸੀ।

ਸਿੰਘ ਸਭਾ ਸ੍ਰੀ ਅੰਮ੍ਰਿਤਸਰ ਦੇ ਮੁੜ ਉਭਾਰ ਲਈ ਭਾਈ ਗੁਰਮੁਖ ਸਿੰਘ ਨੇ ਮੁੜ ਜਤਨ ਸ਼ੁਰੂ ਕੀਤੇ ਅਤੇ ਦੋ ਪੁਰਾਣੇ ਆਗੂ ਸ. ਠਾਕਰ ਸਿੰਘ ਸੰਧਾਂਵਾਲੀਆ ਅਤੇ ਕੰਵਰ ਬਿਕਰਮ ਸਿੰਘ ਨੂੰ ਆਪਣੇ ਨਾਲ ਰਲਾਇਆ। ਭਾਈ ਗੁਰਮੁਖ ਸਿੰਘ ਦੀ ਮਿਹਨਤ ਸਦਕਾ ਮੁੜ ਪੰਥਕ ਇਕੱਠ ਹੋਣੇ ਸ਼ੁਰੂ ਹੋ ਗਏ। ਸਿੰਘ ਸਭਾ ਦਾ ਪਹਿਲਾ ਮੁੱਖ ਦਫ਼ਤਰ ਅੰਮ੍ਰਿਤਸਰ ਵਿਚ ਸੀ, ਪਰ ਲਾਹੌਰ ਵਿਚ ਵੀ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਬਹੁਤ ਜ਼ਰੂਰਤ ਸੀ। ਇਸ ਸੰਬੰਧ ਵਿਚ ਇਕ ਨਵੀਂ ਸਿੰਘ ਸਭਾ ਬਣਾਉਣ ਦੀ ਤਜਵੀਜ਼ ਰੱਖੀ ਗਈ। ਅਖੀਰ ੧੮੭੯ ਈ. ਲਾਹੌਰ ਵਿਚ ਪੰਥਕ ਇਕੱਠ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਗੁਰਮਤਾ

ਕਰ ਕੇ ਸਿੰਘ ਸਭਾ ਲਾਹੌਰ ਦਾ ਮੁੱਢ ਬੰਨ੍ਹਿਆ ਗਿਆ। ਸਿੰਘ ਸਭਾ ਲਾਹੌਰ ਨੂੰ ਬਣਾਉਣ ਦਾ ਮੁੱਖ ਕਾਰਨ ਇਹ ਸੀ ਕਿ ਇਥੇ ਆਰੀਆ ਸਮਾਜੀ ਵੱਡੀ ਪੱਧਰ 'ਤੇ ਆਪਣੇ ਪੈਰ ਪਸਾਰ ਰਹੇ ਸਨ। ਦੇਖਦੇ ਹੀ ਦੇਖਦੇ ਉਹਨਾਂ ਦੁਆਰਾ ਇਕ ਸਾਲ ਵਿਚ ਹੀ ਲਾਹੌਰ, ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ, ਗੁਜਰਾਂਵਾਲਾ, ਫਿਰੋਜ਼ਪੁਰ, ਰਾਵਲਪਿੰਡੀ, ਜੇਹਲਮ ਆਦਿ ਥਾਵਾਂ 'ਤੇ ਆਪਣੇ ਕੇਂਦਰ ਸਥਾਪਿਤ ਕਰ ਲਏ ਸਨ। ਸਿੰਘ ਸਭਾ ਲਾਹੌਰ ਦਾ ਮੁੱਖ ਮਨੋਰਥ ਸਿੱਖ ਧਰਮ ਦਾ ਪ੍ਰਚਾਰ ਅਤੇ ਵਿੱਦਿਆ ਦੇ ਖੇਤਰ ਵਿਚ ਵਿਕਾਸ ਕਰਨਾ ਸੀ। ਭਾਈ ਹਰਸਾ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੀ ਸਾਂਝੇ ਜਤਨਾਂ ਸਦਕਾ ਗੁਰਮੁਖੀ ਭਾਸ਼ਾ ਨੂੰ ਤਰਜੀਹ ਦਿੱਤੀ ਗਈ। ਉਨ੍ਹਾਂ ਦੁਆਰਾ ਗੁਰਮੁਖੀ ਭਾਸ਼ਾ ਨੂੰ ਓਰੀਐਂਟਲ ਕਾਲਜ ਵਿਚ ਵੀ ਪੜ੍ਹਾਇਆ ਜਾਣ ਲੱਗ ਪਿਆ ਸੀ। ਸਿੰਘ ਸਭਾ ਲਾਹੌਰ ਨੇ ਸ਼ੁਰੂਆਤੀ ਸਮੇਂ ਵਿਚ ਹੀ ਦੋ ਵੱਡੇ ਕਾਰਜ ਅਰੰਭੇ:

੧. ਧਰਮ- ਜਿਸ ਵਿਚ ਆਸਾ ਦੀ ਵਾਰ, ਸ਼ਬਦਾਂ ਦਾ ਪੜ੍ਹਨਾ, ਪੜ੍ਹਾਉਣਾ, ਛਪਵਾਉਣਾ, ਵੰਡਣਾ, ਕੀਰਤਨ ਕਰਨਾ ਆਦਿ।

੨. ਵਿੱਦਿਆ- ਜਿਸ ਵਿਚ ਸਕੂਲ, ਕਾਲਜ ਖੜ੍ਹੇ ਕਰਨੇ, ਰਸਾਲੇ ਕੱਢਣੇ ਅਤੇ ਗੁਰਮੁਖੀ ਅਖ਼ਬਾਰ ਕੱਢਣੀ ਆਦਿ।

ਸਿੰਘ ਸਭਾ ਲਾਹੌਰ ਨੇ ਆਪਣੇ ਕਾਰਜਾਂ ਨੂੰ ਅਮਲੀ ਰੂਪ ਦੇਣ ਲਈ ਸਭ ਤੋਂ ਪਹਿਲਾਂ ੧੦ ਨਵੰਬਰ, ੧੮੮੦ ਦਿਨ ਬੁੱਧਵਾਰ ਨੂੰ ਹਫਤਾਵਾਰ ਗੁਰਮੁਖੀ ਅਖਬਾਰ ਨੂੰ ਕੱਢਣਾ ਸ਼ੁਰੂ ਕੀਤਾ। ਇਸ ਦੇ ਨਾਲ ਹੀ ੧੮੮੧ ਈ. ਨੂੰ ਵਿਦਿਅਕ ਰਸਾਲਾ 'ਵਿਦਜਾਰਕ' ਨੂੰ ਸ਼ੁਰੂ ਕੀਤਾ ਗਿਆ। ਇਸ ਮਾਸਕ ਰਸਾਲੇ ਦੀ ਸੰਪਾਦਨਾ ਭਾਈ ਗੁਰਮੁਖ ਸਿੰਘ ਦੁਆਰਾ ਕੀਤੀ ਗਈ। ਇਸ ਕਾਰਜ ਤੋਂ ਬਾਅਦ ਉਰਦੂ ਵਿਚ 'ਖਾਲਸਾ ਗਜ਼ਟ' ਅਖਬਾਰ ਨੂੰ ਲਾਹੌਰ ਤੋਂ ਪ੍ਰਕਾਸ਼ਿਤ ਕੀਤਾ ਜਾਣ ਲੱਗ ਪਿਆ। ਇਸ ਤਰ੍ਹਾਂ ਸਿੰਘ ਸਭਾ ਲਾਹੌਰ ਨਿਰੰਤਰ ਆਪਣੇ ਕਾਰਜਾਂ ਨੂੰ ਕਰਦੀ ਹੋਈ ਅਲੱਗ-ਅਲੱਗ ਖੇਤਰਾਂ ਵਿਚ ਆਪਣਾ ਪ੍ਰਭਾਵ ਛੱਡ ਰਹੀ ਸੀ।

ਸਿੰਘ ਸਭਾ ਲਾਹੌਰ ਵਿਚ ਗਿਆਨੀ ਦਿੱਤ ਸਿੰਘ ਦੀ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਉਹ ਭਾਈ ਗੁਰਮੁਖ ਸਿੰਘ ਜੀ ਸਦਕਾ ਸਿੰਘ ਸਭਾ ਲਾਹੌਰ ਵਿਚ ਸ਼ਾਮਲ ਹੋਏ ਸਨ। ਗਿਆਨੀ ਦਿੱਤ ਸਿੰਘ ਜੀ ਦੁਆਰਾ 'ਖਾਲਸਾ ਅਖਬਾਰ' ਦੀ ਜ਼ਿੰਮੇਵਾਰੀ ੧੩ ਜੂਨ, ੧੮੮੬ ਈ. ਨੂੰ ਸੰਭਾਲੀ ਅਤੇ ਨਿਰੰਤਰ ਲਗਪਗ ੧੯੦੧ ਈ. ਤਕ ਸੰਪਾਦਕੀ ਕੀਤੀ ਗਈ। ਬੇਸ਼ੱਕ ਇਹ ਅਖ਼ਬਾਰ ਇਕ ਵਾਰ ਬੰਦ ਵੀ ਹੋ ਗਿਆ ਸੀ, ਪਰ ਗਿਆਨੀ ਦਿੱਤ ਸਿੰਘ ਜੀ ਨੇ ਇਸ ਨੂੰ ਮੁੜ ੧੮੯੩ ਈ. ਨੂੰ ਆਪਣੇ ਖਰਚੇ 'ਤੇ ਸ਼ੁਰੂ ਕੀਤਾ। ਜਿੱਥੇ ਗਿਆਨੀ ਦਿੱਤ ਸਿੰਘ ਜੀ ਨੇ ਅਖ਼ਬਾਰ ਦੀ ਸੰਪਾਦਕੀ ਕੀਤੀ ਉੱਥੇ ਹੀ ਉਹਨਾਂ ਦੁਆਰਾ ੩੮ ਤੋਂ ਉੱਪਰ ਬਹੁ-ਮੁੱਲੀਆਂ ਰਚਨਾਵਾਂ ਲਿਖੀਆਂ ਗਈਆਂ। ਸਿੰਘ ਸਭਾ ਲਹਿਰ ਵੀਹਵੀਂ ਸਦੀ ਵਿਚ ਵੱਖਰਾ ਰੂਪ ਧਾਰਨ ਕਰ ਗਈ ਸੀ, ਜਿਸ ਕਾਰਨ ਬਾਅਦ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਅਰੰਭਤਾ ਅਤੇ ਸਫਲਤਾ ਦਾ ਕਾਰਨ ਸਿੰਘ ਸਭਾ ਲਹਿਰ ਨੂੰ ਹੀ ਮੰਨਿਆ ਜਾ ਸਕਦਾ। ਇਸੇ ਲਹਿਰ ਕਾਰਨ ਸਿੱਖ ਕੌਮ ਦੇ ਮਹਾਨ ਹੀਰੇ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਕਰਮ ਸਿੰਘ ਹਿਸਟੋਰੀਅਨ ਆਦਿ ਵਰਗੇ ਸ੍ਰੇਸ਼ਟ ਵਿਦਵਾਨ ਪੈਦਾ ਹੋਏ, ਜਿਹਨਾਂ ਸਿੱਖ ਅਕਾਦਮਿਕਤਾ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ।

■

# ਬਾਬਾ ਖੇਮ ਸਿੰਘ ਬੇਦੀ ਜੀ ਦਾ ਸਿੰਘ ਸਭਾ ਲਹਿਰ ਨੂੰ ਯੋਗਦਾਨ

*-ਡਾ. ਜਸਬੀਰ ਸਿੰਘ ਸਾਬਰ**

ਬਾਬਾ ਖੇਮ ਸਿੰਘ ਜੀ ਬੇਦੀ ਵੱਲੋਂ ਸਿੰਘ ਸਭਾ ਲਹਿਰ ਵਿਚ ਪਾਏ ਯੋਗਦਾਨ ਤੋਂ ਪਹਿਲਾਂ ਜਗਿਆਸੂਆਂ ਅੰਦਰ ਸਿੰਘ ਸਭਾ ਲਹਿਰ ਦੀ ਅਰੰਭਤਾ ਦੇ ਕਾਰਨ, ਸੰਚਾਲਕਾਂ, ਮੰਤਵ-ਕਾਰਜਾਂ ਅਤੇ ਪ੍ਰਾਪਤੀਆਂ ਆਦਿ ਬਾਰੇ ਜਾਣਨ ਦੀ ਜਗਿਆਸਾ ਪ੍ਰਚੰਡ ਹੋਣੀ ਸੁਭਾਵਕ ਵਰਤਾਰਾ ਹੈ। ਇਸ ਸੰਦਰਭ ਵਿਚ ਪਾਠਕਾਂ ਨਾਲ ਤਰਦੀ ਤਰਦੀ ਜਾਣਕਾਰੀ ਸਾਂਝੀ ਕਰਨੀ ਮੈਨੂੰ ਵਧੇਰੇ ਉੱਚਿਤ ਲਗਦੀ ਹੈ।

ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਪਾਤਸ਼ਾਹ ਨੇ ਜਿਸ ਤਰ੍ਹਾਂ ਸਮਕਾਲ ਦੀ ਗਿਆਨ-ਵਿਹੂਣੀ ਪਰਜਾ ਦੇ ਅੰਧਕਾਰਮਈ ਜੀਵਨ ਨੂੰ ਰੁਸ਼ਨਾਉਣ ਲਈ ਜੋ ਕਾਰਗਰ ਜੁਗਤ ਅਪਣਾਈ ਉਹ ਸੀ ਸਮਕਾਲੀ ਮਾਨਵਤਾ ਨੂੰ ਗਿਆਨਵਾਨ ਬਣਾਉਣਾ। ਗੁਰੂ ਸਾਹਿਬ ਇਸ ਤੱਥ ਨੂੰ ਭਲੀਭਾਂਤ ਸਮਝਦੇ ਸਨ ਕਿ ਅਗਿਆਨ ਦੇ ਅੰਧਕਾਰਮਈ ਕਿਲ੍ਹੇ ਵਿਚ ਕੈਦ ਹੋਇਆ ਮਾਨਵ, ਉਸ ਲਈ ਕੀ ਚੰਗਾ ਤੇ ਕੀ ਮਾੜਾ ਹੈ ਦੀ ਸੋਝੀ ਰੱਖਣ ਦੇ ਸਮਰੱਥ ਹੀ ਨਹੀਂ ਹੋ ਸਕਦਾ। ਏਸੇ ਲਈ ਉਨ੍ਹਾਂ ਨੇ *ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ* ਦੇ ਸਿਧਾਂਤ ਸਨਮੁਖ ਅਗਿਆਨੀ ਮਾਨਵ ਨੂੰ ਗਿਆਨਵਾਨ ਹੋਣ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਪਾਤਸ਼ਾਹ ਦੇ ਇਸ ਉਪਦੇਸ਼ ਦੇ ਸਨਮੁਖ ਹੀ ਸਿੱਖ ਰਾਜ ਦੀ ਸਮਾਪਤੀ ਉਪਰੰਤ ਪੰਜਾਬ ਵਿਚ ਕਾਬਜ਼ ਹੋਈ ਅੰਗਰੇਜ਼ ਸਰਕਾਰ ਦੀ ਮਿੱਠੇ ਬਣ ਕੇ ਸਿੱਖ ਸ਼ਕਤੀ ਨੂੰ ਆਪਣੇ ਅਧੀਨ ਕਰਨ ਦੀ ਕੁਟਲ-ਨੀਤੀ ਅਨੁਸਾਰ ਸਿੱਖ ਸਰਦਾਰਾਂ ਨੂੰ ਜ਼ਮੀਨਾਂ ਦੇ ਮੁਰੱਬੇ, ਜਾਇਦਾਦਾਂ ਤੇ ਵੱਡੇ-ਵੱਡੇ ਰੁਤਬਿਆਂ ਨਾਲ ਨਿਵਾਜ ਕੇ ਆਪਣੇ ਹਿੱਤਾਂ ਲਈ ਵਰਤਣਾ ਅਤੇ ਸਿੱਖ ਸਰਦਾਰਾਂ ਨੇ ਲੋਭ ਲਾਲਚ ਦੀ ਚਕਾਚੌਂਧ ਵੇਖ ਐਸ਼-ਪ੍ਰਸਤ ਹੋ ਕੇ ਆਪਣੇ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਕੌਮੀ ਜ਼ਿੰਮੇਵਾਰੀਆਂ ਤੋਂ ਪਿੱਠ ਕਰ ਕੇ ਕੇਵਲ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਦੀ ਸੁਰ ਵਿਚ ਸੁਰ ਮਿਲਾਉਣ ਦੇ ਫਲਸਰੂਪ ਸਿੱਖ ਜਗਤ ਦੀ ਹੋਈ ਅਧੋਗਤੀ ਦੇ ਟਾਕਰੇ ਲਈ ਨਵ-ਚੇਤਨਾ ਦੀ ਮੋਢੀ ਬਣ ਕੇ ਉਭਰੀ ਸਿੱਖ ਕੌਮ ਦੀ ੧੫੦-ਸਾਲਾ ਪ੍ਰਾਚੀਨ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਨਿਕਾਸ ਤੇ ਵਿਕਾਸ ਦਾ ਪਿਛੋਕੜ ਜ਼ਿਕਰਯੋਗ ਤੇ ਫ਼ਖ਼ਰਯੋਗ ਹੋਣ ਦੇ ਨਾਲ-ਨਾਲ ਆਨ ਤੇ ਸ਼ਾਨ ਵਾਲਾ ਹੈ।

ਦਰਅਸਲ ਜਿਵੇਂ ਅਸੀਂ ਜਾਣਦੇ ਹਾਂ ਕਿ ੧੭੦੮ ਤੋਂ ੧੭੯੯ ਈ. ਤਕ ਦਾ ਸਮਾਂ ਪੰਜਾਬ ਦਾ ਉਥਲ-ਪੁਥਲ ਦਾ ਸਮਾਂ ਸੀ। ਇਸ ਕਾਲ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਰਹਿੰਦ ਦੀ ਇੱਟ ਨਾਲ ਇੱਟ ਖੜਕੀ, ਖ਼ਾਲਸਾ ਰਾਜ ਦੀ

** ਸੰਪਾਦਕ, ਖ਼ਾਲਸਾ ਐਡਵੋਕੇਟ ਅਤੇ ਨਿਰਗੁਣੀਆਰਾ, ਚੀਫ਼ ਖ਼ਾਲਸਾ ਦੀਵਾਨ, ਜੀ.ਟੀ.ਰੋਡ, ਸ੍ਰੀ ਅੰਮ੍ਰਿਤਸਰ। ਮੋ: ੯੮੮੮੪੬੦੧੯੦*

ਸਥਾਪਨਾ ਹੋਈ ਤੇ ਖ਼ਾਲਸਈ ਸਿੱਕਾ ਨਾਨਕਸ਼ਾਹੀ ਚੱਲਿਆ। ਦੋ ਘਲੂਘਾਰੇ ਵਾਪਰੇ ਅਤੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਏ। ਇਸ ਸਮੇਂ ਦੀਆ ਘਟਨਾਵਾਂ ਨੇ ਖ਼ਾਲਸੇ ਦੀ ਅਰਦਾਸ ਦੇ ਸਭ ਤੋਂ ਸੁਨਹਿਰੀ ਸਮੇਂ ਨੂੰ ਇਤਿਹਾਸ ਦਾ ਭਾਗ ਬਣਾਇਆ। ਇਸ ਕਾਲ ਵਿਚ ਸਿੱਖ ਮਿਸਲਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਪੰਜਾਬ ਵਿਚ ਆਪਣੇ ਪ੍ਰਭਾਵ ਖੇਤਰ ਸਥਾਪਿਤ ਕੀਤੇ। ਇਹੋ ਕਾਲ ਇਸਲਾਮੀ ਰਾਜ ਦੀ ਸਮਾਪਤੀ ਦਾ ਸਮਾਂ ਬਣਿਆ।

ਸਾਲ ੧੭੯੯ ਈ. ਵਿਚ ਸ਼ੁਕਰਚਕੀਆ ਮਿਸਲ ਦੇ ਆਗੂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿਚ ਸਿੱਖ ਰਾਜ ਦੀ ਨੀਂਹ ਰੱਖੀ। ਇਸ ਮਹਾਨ ਤੇ ਦੂਰਦਰਸ਼ੀ ਯੋਧੇ ਨੇ ਆਪਣੀ ਉਦਾਰਵਾਦੀ ਨੀਤੀ ਅਤੇ ਅਗਾਂਹਵਧੂ ਯੁੱਧ ਨੀਤੀ ਨਾਲ ਪੰਜਾਬ ਦੀਆਂ ਹੱਦਾਂ ਨੇਪਾਲ, ਤਿੱਬਤ, ਕਾਬਲ ਕੰਧਾਰ ਤਕ ਪਹੁੰਚਾਈਆਂ। ਪੱਛਮ ਵੱਲੋਂ ਜਰਵਾਣਿਆਂ ਦੇ ਹਮਲਿਆਂ ਨੂੰ ਰੋਕਿਆ ਅਤੇ ਉਨ੍ਹਾਂ ਦੇ ਘਰਾਂ ਵਿਚ ਹੀ ਉਨ੍ਹਾਂ ਨੂੰ ਨਕੇਲ ਪਾਈ। ਪੂਰਬ ਵਿਚ ਅੰਗਰੇਜ਼ ਸਰਕਾਰ ਦੀ ਅਗਾਂਹਵਧੂ ਨੀਤੀ ਨੂੰ ਵੀ ਸਤਲੁਜ ਦੀਆਂ ਹੱਦਾਂ 'ਤੇ ਰੋਕਿਆ। ਇਸ ਦੇ ਦੂਰਦਰਸ਼ੀ ਵਜ਼ੀਰਾਂ ਅਤੇ ਜਰਨੈਲਾਂ ਨੇ ਪੰਜਾਬੀ ਰਾਜ ਨੂੰ ਸੰਸਾਰ ਦੇ ਨਕਸ਼ੇ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਰਦਰਸ਼ਿਤ ਕੀਤਾ।ਇੱਥੋਂ ਤਕ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਨਕਸ਼ਾਹੀ ਇੱਕ ਸਿੱਕਾ ੧੦ ਪੌਂਡ ਦੇ ਬਰਾਬਰ ਸੀ। ਪਰ ਜਦੋਂ ੧੮੩੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਗੁਰਪੁਰੀ ਸਿਧਾਰ ਗਏ ਤਾਂ ੧੦ ਸਾਲਾਂ ਵਿਚ ਖ਼ਾਲਸੇ ਨੇ ਲਹੂ-ਪਸੀਨੇ ਨਾਲ ਬਣਾਈ ਖ਼ਾਲਸਾ ਸਰਕਾਰ ਆਪਣਿਆਂ ਹੀ ਗੱਦਾਰਾਂ ਦੀਆਂ ਕੂਟ ਚਾਲਾਂ ਕਾਰਨ ਗੁਆ ਲਈ ਅਤੇ ਅੰਗਰੇਜ਼ ੧੮੪੯ ਈ. ਵਿਚ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਏ ਅਤੇ ਇੱਥੋਂ ਤਕ ਕਿ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਉਨ੍ਹਾਂ ਨੇ ਇੰਗਲੈਂਡ ਵਿਚ ਜਲਾਵਤਨ ਕਰ ਦਿੱਤਾ।

੧੭੦੮ ਤੋਂ ੧੮੪੯ ਈ. ਤਕ ਦੇ ਸਮੇਂ ਵਿਚ ਸਿੱਖਾਂ ਨੂੰ ਸਭ ਤੋਂ ਵੱਡਾ ਘਾਟਾ ਵਿੱਦਿਅਕ ਖੇਤਰ ਵਿਚ ਹੋਇਆ ਕਿਉਂਕਿ ਉਸੇ ਸਮੇਂ ਪੰਜਾਬ ਵਿਚ ਵਿੱਦਿਆ ਦੇ ਕੇਂਦਰ ਗੁਰਦੁਆਰਾ ਸਾਹਿਬਾਨ, ਮਸਜਿਦਾਂ ਅਤੇ ਧਰਮਸ਼ਾਲਾਵਾਂ ਆਦਿ ਸਨ। ਇਨ੍ਹਾਂ ਅਸਥਾਨਾਂ 'ਤੇ ਆਪਣੇ ਆਪਣੇ ਅਕੀਦੇ ਮੁਤਾਬਿਕ ਤੇ ਆਪਣੀ ਲਿਪੀ ਵਿਚ ਹੀ ਵਿੱਦਿਆ ਦਿੱਤੀ ਜਾਂਦੀ ਸੀ। ਵਿੱਦਿਆ ਦਾ ਆਧਾਰ ਮੁੱਖ ਰੂਪ ਵਿਚ ਧਰਮ ਬਣ ਗਿਆ ਸੀ ਅਤੇ ਤੁਲਨਾਤਮਿਕ ਅਧਿਐਨ ਦੀ ਕੋਈ ਸੋਚ ਨਹੀਂ ਸੀ ਪਨਪ ਰਹੀ।

ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ੧੮੦੯ ਈ. ਵਿਚ ਹੋਈ ਰੋਪੜ ਸੰਧੀ ਉਪਰੰਤ ੧੮੩੪ ਈ. ਵਿਚ ਅਮਰੀਕਾ ਤੋਂ ਜਾਨ.ਸੀ.ਲੋਰੀ, ਈਸਾਈ ਪਾਦਰੀਆਂ ਦੇ ਕਾਫਲੇ ਸਮੇਤ ਲੁਧਿਆਣੇ ਪੁੱਜ ਕੇ ਈਸਾਈ ਮਤ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਕਰਨ ਲੱਗਾ ਅਤੇ ਉਸ ਨੇ ਲੁਧਿਆਣਾ, ਅੰਮ੍ਰਿਤਸਰ, ਤਰਨਤਾਰਨ ਆਦਿ ਵਿਖੇ ਸਿੱਖਾਂ ਨੂੰ ਈਸਾਈ-ਮਤ ਵਿਚ ਪ੍ਰਵੇਸ਼ ਕਰਵਾਉਣ ਲਈ ਲੁਭਾਉਣੇ ਸੈਂਟਰ ਸਥਾਪਿਤ ਕਰ ਲਏ। ਅੰਗ੍ਰੇਜ਼ ਸਮਝਦਾ ਸੀ ਕਿ ਸਿੱਖਾਂ ਨੂੰ ਤਲਵਾਰ ਨਾਲ ਨਹੀਂ ਬਲਕਿ ਪਿਆਰ ਨਾਲ ਪਲੋਸਿਆ ਜਾ ਸਕਦਾ ਹੈ। ਏਹੋ ਕਾਰਨ ਸੀ ਕਿ ਮੁਗ਼ਲਾਂ ਦੇ ਜ਼ਬਰ ਜੁਲਮ ਅੱਗੇ ਸਿੱਖਾਂ ਦੇ ਸਿਰ ਨਹੀਂ ਸਨ ਝੁਕੇ ਪਰ ਅੰਗਰੇਜ਼ਾਂ ਨੇ ਪਿਆਰ ਨਾਲ ਆਪਣੇ ਵੱਲ ਪ੍ਰੇਰਨਾ ਸ਼ੁਰੂ ਕਰ

ਦਿੱਤਾ ਅਤੇ ਉਨ੍ਹਾਂ ਨੂੰ ਫੌਜ ਅਤੇ ਪ੍ਰਸ਼ਾਸਨਿਕ ਪਦਵੀਆਂ ਅਤੇ ਕਈ ਮੁਰੱਬੇ ਜ਼ਮੀਨਾਂ ਤੋਹਫੇ ਵਜੋਂ ਦੇ ਕੇ ਨਿਵਾਜਿਆ ਜਾਣ ਲੱਗਾ।

ਈਸਾਈ ਮਤ ਦੇ ਪ੍ਰਚਾਰ ਲਈ ਈਸਾਈ ਪਾਦਰੀਆਂ ਨੇ ਗੁਰੂ-ਘਰਾਂ ਦੇ ਨਜ਼ਦੀਕ ਆਪਣੇ ਸੈਂਟਰ ਖੋਹਲ ਕੇ ਆਪਣੇ ਪ੍ਰਚਾਰ ਰਾਹੀਂ ਸਿੱਖਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਖਾਸ ਤੌਰ 'ਤੇ ਆਰਥਿਕ ਪੱਖੋਂ ਕਮਜ਼ੋਰ ਲੋਕ ਇਸ ਜਾਲ ਵਿਚ ਅਸਾਨੀ ਨਾਲ ਫਸਦੇ ਗਏ। ਇਸ ਮੰਤਵ-ਕਾਰਜ ਨੂੰ ਹੋਰ ਪ੍ਰਭਾਵਸ਼ਾਲੀ ਕਰਨ ਲਈ ਇਨ੍ਹਾਂ ਨੇ ੧੮੫੩ ਈ. ਵਿਚ ਸ੍ਰੀ ਅੰਮ੍ਰਿਤਸਰ ਵਿਚ ਇਕ ਮਿਸ਼ਨਰੀ ਸਕੂਲ ਖੋਹਲ ਦਿੱਤਾ ਜਿਸ ਵਿਚ ਵਿੱਦਿਆ ਪ੍ਰਾਪਤ ਕਰਨ ਵਾਲੇ ਸਿੱਖ ਬੱਚੇ ਸਿੱਖ ਧਰਮ ਨਾਲੋਂ ਈਸਾਈ ਧਰਮ ਨੂੰ ਚੰਗਾ ਸਮਝਣ ਲਗੇ। ਏਥੋਂ ਤਕ ਕਿ ਸੰਨ ੧੮੭੩ ਵਿਚ ਜਦੋਂ ਚਾਰ ਸਿੱਖ ਵਿਦਿਆਰਥੀਆਂ ਸ. ਅਤਰ ਸਿੰਘ, ਸ. ਆਇਆ ਸਿੰਘ, ਸ. ਸੰਤੋਖ ਸਿੰਘ ਤੇ ਸ. ਸਾਧੂ ਸਿੰਘ ਨੂੰ ਯੋਗਤਾ ਦੇ ਆਧਾਰ 'ਤੇ ਉਚੇਰੀ ਵਿੱਦਿਆ ਲਈ ਲਾਹੌਰ ਕਾਲਜ ਵਿਚ ਦਾਖ਼ਲਾ ਕਰਨ ਲਈ ਯੋਗ ਹੋਣ ਦੇ ਬਾਵਜੂਦ ਪ੍ਰਬੰਧਕਾਂ ਦੀ ਸ਼ਰਤ ਅਨੁਸਾਰ ਈਸਾਈ ਮਤ ਵਿਚ ਪ੍ਰਵੇਸ਼ ਹੋਣ ਦੀ ਸ਼ਰਤ ਪੂਰੀ ਕਰਨ ਲਈ ਕਿਹਾ ਗਿਆ ਤਾਂ ਇਸ ਘਟਨਾ ਨੇ *ਜਬੈ ਬਾਣ ਲਾਗ੍ਯੋ॥ ਤਬੈ ਰੋਸ ਜਾਗ੍ਯੋ॥* ਅਨੁਸਾਰ ਸਿੱਖ ਜਗਤ ਵਿਚ ਹਲਚਲ ਪੈਦਾ ਕਰ ਦਿੱਤੀ ਜਿਸ ਦੇ ਫਲਸਰੂਪ ਸਿੱਖ ਕੌਮ ਦੇ ਸਮਕਾਲ ਦੇ ਪੰਜ ਪੰਥ ਦਰਦੀਆਂ: ੧. ਸ. ਠਾਕੁਰ ਸਿੰਘ ਸੰਧਾਵਾਲੀਆ, ੨. ਪ੍ਰੋ. ਗੁਰਮੁਖ ਸਿੰਘ, ੩. ਗਿ. ਦਿੱਤ ਸਿੰਘ ੪. ਭਾਈ ਮਈਆ ਸਿੰਘ ਅਤੇ ੫. ਭਾਈ ਜਵਾਹਰ ਸਿੰਘ ਨੇ ਆਪਸੀ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਉਦੋਂ ਤਕ ਠੋਸ ਤੇ ਪੱਕਾ ਸਮਾਧਾਨ ਕਰਨਾ ਸੰਭਵ ਨਹੀਂ ਲਗਦਾ ਜਦੋਂ ਤਕ ਇਸ ਦਾ ਆਪਣਾ ਕੋਈ ਸਿੱਖ-ਸੰਗਠਨ ਕਾਇਮ ਨਹੀਂ ਹੋਵੇਗਾ। ਅਜਿਹਾ ਕਰਨ ਨਾਲ ਹੀ ਸਿੱਖ ਪੰਥ ਨੂੰ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤੇ ਵਿੱਦਿਅਕ ਗੁਲਾਮੀ ਭਰੇ ਜੀਵਨ ਤੋਂ ਅਜ਼ਾਦ ਕੀਤਾ ਜਾ ਸਕਦਾ ਹੈ। ਇਸ ਫੈਸਲੇ ਦੇ ਸਨਮੁਖ ਸ. ਠਾਕੁਰ ਸਿੰਘ ਸੰਧਾਵਾਲੀਆ ਦੇ ਅਣਥਕ ਜਤਨਾਂ ਤੇ ਰਸੂਖ ਨਾਲ ਸਿੱਖ ਪੰਥ ਦੇ ਮੁਖੀਆਂ ਤੇ ਸੰਸਥਾਵਾਂ ਦਾ ਇਕ ਭਾਰੀ ਇਕੱਠ ੧੮੭੩ ਈ. ਨੂੰ ਗੁਰੂ ਕਾ ਬਾਗ਼ ਵਿਖੇ ਹੋਇਆ, ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਈ ਮਈਆ ਸਿੰਘ ਜੀ ਵੱਲੋਂ ਅਰਦਾਸ ਕਰਨ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਅਰੰਭ ਕੀਤਾ ਗਿਆ। ਇਸ ਸਮੇਂ ਆਏ ਮੁੱਖ ਵਾਕ ਦਾ ਪਹਿਲਾ ਅੱਖਰ 'ਸ' ਹੋਣ ਕਾਰਨ ਇਕੱਠ ਵਿਚ ਸ਼ਾਮਲ ਸਿੱਖ ਗ੍ਰੰਥੀਆਂ, ਗਿਆਨੀਆਂ ਅਤੇ ਮੰਨੇ-ਪ੍ਰਮੰਨੇ ਸਿੱਖ ਸਰਦਾਰਾਂ ਨੇ ਸੋਚ-ਵਿਚਾਰ ਉਪਰੰਤ ਸਰਬ-ਸੰਮਤੀ ਨਾਲ ਫੈਸਲਾ ਕੀਤਾ ਕਿ ਬਣਾਈ ਜਾਣ ਵਾਲੀ ਸੰਸਥਾ ਦਾ ਨਾਮ 'ਸ' ਅੱਖਰ ਤੋਂ ਅਰੰਭ ਕਰ ਕੇ 'ਸਿੰਘ ਸਭਾ' ਰੱਖਿਆ ਜਾਵੇ।

ਨਵੀਂ ਬਣਾਈ ਇਸ ਸੰਸਥਾ ਸਿੰਘ ਸਭਾ ਦੇ ਫਾਊਂਡਰ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਅਤੇ ਸਕੱਤਰ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਚੁਣੇ ਗਏ। ਇਸ ਸਿੰਘ ਸਭਾ ਦੇ ਵਿਸ਼ੇਸ਼ ਨਿਯਮ ਅਤੇ ਉਦੇਸ਼ ਇਸ ਪ੍ਰਕਾਰ ਨੀਯਤ ਕੀਤੇ ਗਏ:

(੧) ਤਮਾਮ ਸਿੱਖ ਭਾਈ ਅਤੇ ਖਾਲਸਾ ਜੀ ਨੇ ਸਿੱਖੀ ਧਰਮ ਦੇ ਨਾਲ ਪਿਆਰ ਰੱਖਣਾ।

(੨) ਇਸ ਸ੍ਰੇਸ਼ਟ ਸਿੱਖ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਸਿੱਖ ਧਰਮ ਦੀ ਚਰਚਾ ਕਰਨੀ।

(੩) ਜਿਨ੍ਹਾਂ ਪੋਥੀਆਂ, ਕਿਤਾਬਾਂ ਵਿਚ ਸਿੱਖ ਧਰਮ ਦੀ ਵਡਿਆਈ ਪਾਈ ਜਾਂਦੀ ਹੈ, ਉਨ੍ਹਾਂ ਦੇ ਛਪਵਾ ਕੇ ਪ੍ਰਗਟ ਕਰਨਾ।

(੪) ਸੰਪ੍ਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖੀ ਸਰੋਤ ਗ੍ਰੰਥਾਂ ਨੂੰ (ਜੈਸੇ ਜਨਮ ਸਾਖੀਆਂ ਅਤੇ ਗੁਰ ਪ੍ਰਣਾਲੀਆਂ ਆਦਿ) ਜਿਨ੍ਹਾਂ ਵਿਚ ਕਿਸੀ ਤਰ੍ਹਾਂ ਦਾ ਕੁਝ ਸੰਸਾ ਹੈ, ਉਨ੍ਹਾਂ ਦੇ ਅਸਲੇ ਕਢਾਇਕੇ ਅੱਗਾ-ਪਿਛਾ ਦੇਖ ਕੇ ਸੁਧ ਕਰਨਾ।

(੫) ਪੰਜਾਬੀ ਜ਼ਬਾਨ ਦੀ ਉਨਤੀ ਕਰਨੀ ਅਤੇ ਇਸ ਕਾਰਜ ਲਈ ਪੰਜਾਬੀ ਭਾਸ਼ਾ ਵਿਚ ਰਸਾਲੇ ਤੇ ਅਖ਼ਬਾਰਾਂ ਪ੍ਰਕਾਸ਼ਤ ਕਰਨੀਆਂ।

(੬) ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖਾਰਜ ਹਨ ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫਸਦ ਗਿਣੇ ਗਏ ਹੋਣ ਅਥਵਾ ਕੌਮ ਦੇ ਵਿਰੋਧੀ ਹੋਣ ਉਹ ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਨ੍ਹਾਂ ਵਿੱਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਤੇ ਅੱਗੇ ਸਭਾ ਦੀ ਰਾਇ ਦਾ ਬਣ ਜਾਵੇ ਤਾਂ ਮਿਲ ਸਕਦੇ ਹਨ।

(੭) ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦੁਰ ਵਿਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਸਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪੱਕੀ ਤਰ੍ਹਾਂ ਮਲੂਮ ਹੋ ਜਾਵਣ ਜੋ ਉਹ ਸਿੱਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖੈਰ-ਖਵਾਹ ਹਨ।

(੮) ਕਿਸੀ ਦੂਸਰੇ ਮਤ ਦੇ ਵਿਰੁੱਧ ਕਹਿਣਾ ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।

(੯) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ ਸਰਕਾਰ ਬਾਰੇ ਨਹੀਂ ਕੀਤੀ ਜਾਵੇਗੀ।

(੧੦) ਖੈਰ-ਖੁਆਹੀ ਕੌਮ, ਫਰਮਾਬਰਦਾਰੀ ਸਰਕਾਰੀ, ਸਿੱਖੀ ਧਰਮ ਨਾਲ ਪਿਆਰ ਅਤੇ ਉੱਨਤੀ ਕਰਨਾ ਵਿੱਦਿਆ ਦਾ ਪੰਜਾਬੀ ਜ਼ਬਾਨ ਦਵਾਰਾ ਅਤੇ ਮਸਲੇਹਤ ਉਸ ਦੀ ਹਰ ਬਾਤ ਵਿਚ ਲਿਹਾਜ਼ ਕਰਨਾ।

ਇਸ ਸਭਾ ਦੀਆਂ ਹਫ਼ਤਾਵਰ ਬੈਠਕਾਂ ਆਮ ਕਰ ਕੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੋਇਆ ਕਰਦੀਆਂ ਸਨ। ਇਨ੍ਹਾਂ ਵਿਚ ਭਾਗ ਲੈਣ ਵਾਲੇ ਮੈਂਬਰ ਕਿਸੇ ਦਾ ਦਿਲ ਦੁਖਾਏ ਬਗ਼ੈਰ ਆਪਣੇ ਪੱਖ ਨੂੰ ਬੜੇ ਸਤਿਕਾਰ ਨਾਲ ਪੇਸ਼ ਕਰਿਆ ਕਰਦੇ ਸਨ ਅਤੇ ਬੜੇ ਅਦਬ-ਆਦਾਬ ਨਾਲ ਵਿਚਾਰ-ਵਟਾਂਦਰਾ ਹੁੰਦਾ ਸੀ।

ਅਰੰਭ ਵਿਚ ਸਿੰਘ ਸਭਾ ਅੰਮ੍ਰਿਤਸਰ ਦੇ ਕਾਰਕੁਨ ਅਕਸਰ ਰਈਸ ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ ਫਰੀਦਕੋਟ, ਕੰਵਰ ਬਿਕਰਮਾ ਸਿੰਘ ਕਪੂਰਥਲਾ, ਸ. ਠਾਕੁਰ ਸਿੰਘ ਸੰਧਾਵਾਲੀਆ, ਸ. ਮਿਹਰ ਸਿੰਘ ਚਾਵਲਾ, ਡਾ. ਜੈ ਸਿੰਘ, ਭਾਈ ਮਈਆ ਸਿੰਘ ਆਦਿ ਸਨ।

ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਅੰਮ੍ਰਿਤਸਰ ਦੇ ਨਿਸ਼ਕਾਮ ਭਾਵਨਾ ਵਾਲੇ ਅਤੇ ਸਿੱਖ

ਧਰਮ ਨੂੰ ਸਮਰਪਿਤ ਇਨ੍ਹਾਂ ਆਗੂਆਂ ਦੇ ਸਿਰਤੋੜ ਜਤਨਾਂ ਸਦਕਾ ਵੱਡੀ ਗਿਣਤੀ ਵਿਚ ਥਾਂ-ਥਾਂ ਸਿੰਘ ਸਭਾਵਾਂ ਦੀ ਸਥਾਪਨਾ ਹੋਣ ਲੱਗੀ ਅਤੇ ਸਿੱਖ-ਸਮਾਜ ਵਿਚ ਜਾਗਰਤੀ ਆਉਣ ਨਾਲ ਨਵੀਂ ਤੇ ਸਮੇਂ ਦੇ ਅਨੁਕੂਲ ਧਾਰਮਿਕ ਚੇਤਨਤਾ ਪੈਦਾ ਹੋਣ ਲੱਗ ਪਈ ਅਤੇ ਉਹ ਸਿੱਖ ਧਰਮ ਦੇ ਅਮੀਰ ਵਿਰਸੇ ਤੋਂ ਜਾਣੂ ਹੋਣ ਲੱਗ ਪਏ। ਉਸ ਸਮੇਂ ਪੰਜਾਬ ਵਿਚ ਈਸਾਈ ਮਤ ਦਾ ਸਿੱਖਾਂ 'ਤੇ ਬਹੁਤ ਪ੍ਰਭਾਵ ਪੈ ਰਿਹਾ ਸੀ ਅਤੇ ਪੰਜਾਬੀ ਬੋਲੀ ਨੂੰ ਨਫ਼ਰਤ ਕੀਤੀ ਜਾਂਦੀ ਸੀ। ਪਰ ਸਿੰਘ ਸਭਾ ਦੇ ਗਿਆਨਵਾਨ ਤੇ ਸੂਝਵਾਨ ਪ੍ਰਚਾਰਕਾਂ ਨੇ ਪੰਜਾਬੀ ਬੋਲੀ ਵਿਚ ਸਿੱਖ ਧਰਮ ਦਾ ਨਾ ਕੇਵਲ ਢੁਕਵਾਂ ਪ੍ਰਚਾਰ ਹੀ ਕੀਤਾ ਸਗੋਂ ਗੁਰਮੁਖੀ ਲਿਪੀ ਵਿਚ ਸਾਹਿਤ ਰਚਨਾਵਾਂ ਕਰਦਿਆਂ ਸਿੱਖੀ ਅਤੇ ਪੰਜਾਬੀ ਬੋਲੀ ਦਾ ਬੋਲਬਾਲਾ ਕਰ ਦਿੱਤਾ। ਇਸ ਲਹਿਰ ਦੇ ਅਸਰ ਅਧੀਨ ਸਿੱਖੀ ਤੇ ਪੰਜਾਬੀ ਬੋਲੀ ਤੋਂ ਦੂਰ ਚਲੇ ਗਏ ਲੋਕਾਂ ਦੀ ਵੱਡੀ ਗਿਣਤੀ ਵਿਚ ਘਰ ਵਾਪਸੀ ਹੋਣੀ ਸ਼ੁਰੂ ਹੋ ਗਈ।

ਇਸ ਦੇ ਨਾਲ ਹੀ ਸਿੰਘ ਸਭਾ ਦੇ ਪ੍ਰਚਾਰਕਾਂ ਨੇ ਈਸਾਈ ਮਤ ਦਾ ਪ੍ਰਭਾਵ ਘਟਾਉਣ ਲਈ ਥਾਂ-ਥਾਂ ਖਾਲਸਾ ਹਸਪਤਾਲ ਖੋਹਲਣੇ ਅਰੰਭ ਕਰ ਦਿੱਤੇ ਜਿਥੇ ਗ਼ਰੀਬਾਂ ਤੇ ਲੋੜਵੰਦਾਂ ਦਾ ਮੁਫ਼ਤ ਇਲਾਜ ਹੁੰਦਾ ਸੀ। ਇਸ ਤਰ੍ਹਾਂ ਸਿੰਘ ਸਭਾ ਦੇ ਆਗੂਆਂ ਤੇ ਪ੍ਰਚਾਰਕਾਂ ਨੇ ਸਿੱਖੀ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਜਿਨ੍ਹਾਂ ਆਗੂਆਂ ਨੇ ਬਹੁਮੁੱਲਾ ਯੋਗਦਾਨ ਪਾਇਆਂ ਹੈ ਇਨ੍ਹਾਂ ਵਿਚ ਬਾਬਾ ਖੇਮ ਸਿੰਘ ਬੇਦੀ ਮੂਹਰਲੀ ਕਤਾਰ ਵਿਚ ਹਨ ਜਿਨ੍ਹਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:-

**ਬਾਬਾ ਖੇਮ ਸਿੰਘ ਬੇਦੀ :** ਬਾਬਾ ਖੇਮ ਸਿੰਘ ਜੀ ਦਾ ਜਨਮ ਬਾਬਾ ਅਤਰ ਸਿੰਘ ਬੇਦੀ ਦੇ ਘਰ ੨੧ ਫਰਵਰੀ, ੧੮੩੨ ਈ. ਨੂੰ ਕੱਲਰ ਪਿੰਡ ਜ਼ਿਲ੍ਹਾ ਰਾਵਲਪਿੰਡੀ, ਪੱਛਮੀ ਪੰਜਾਬ ਵਿਚ ਹੋਇਆ ਸੀ। ਸੰਨ ੧੮੩੯ ਈ. ਵਿਚ ਆਪਣੇ ਪਿਤਾ ਸ. ਅਤਰ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਉਪਰੰਤ ਇਨ੍ਹਾਂ ਦੇ ਵੱਡੇ ਭਰਾ ਸ. ਸੰਪੂਰਨ ਸਿੰਘ ਅਤੇ ਇਨ੍ਹਾਂ ਨੂੰ ਜਲੰਧਰ ਦੁਆਬੇ ਦੀ ਜਾਗੀਰ ਮਿਲੀ ਅਤੇ ੪੧ ਪਿੰਡਾਂ ਦੀ ਮਾਲਕੀ ਮਿੰਟਗੁਮਰੀ ਜ਼ਿਲ੍ਹੇ ਵਿਚ ਵੀ ਪ੍ਰਾਪਤ ਹੋਈ। ਭਾਵੇਂ ਸੰਨ ੧੮੪੯ ਈ. ਵਿਚ ਇਨ੍ਹਾਂ ਦੇ ੧੪ ਪਿੰਡ ਅੰਗਰੇਜ਼ ਸਰਕਾਰ ਨੇ ਆਪਣੇ ਪੇਟੇ ਪਾ ਲਏ, ਪਰ ਸੰਨ ੧੮੫੭ ਈ. ਦੇ ਗ਼ਦਰ ਵੇਲੇ ਬਾਬਾ ਖੇਮ ਸਿੰਘ ਨੇ ਅੰਗਰੇਜ਼ ਸਰਕਾਰ ਦੀ ਬਹੁਤ ਮਦਦ ਕੀਤੀ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਨੂੰ ਅੰਗਰੇਜ਼ ਹਕੂਮਤ ਨੇ ਨਾ ਕੇਵਲ ਜਬਤ ਕੀਤੀ ਜ਼ਮੀਨ ਹੀ ਵਾਪਸ ਕੀਤੀ ਸਗੋਂ ਜਾਗੀਰ ਵਿਚ ਸਮੇਂ ਸਮੇਂ ਵਾਧਾ ਕੀਤਾ ਗਿਆ ਅਤੇ ਬਾਬਾ ਖੇਮ ਸਿੰਘ ਨੂੰ ਮੁਨਸਫ਼, ਮੈਜਿਸਟ੍ਰੇਟ ਆਦਿ ਅਹੁਦੇ ਵੀ ਬਖ਼ਸ਼ੇ ਗਏ। ਸੰਨ ੧੮੭੯ ਈ. ਵਿਚ ਇਨ੍ਹਾਂ ਨੂੰ ਸੀ.ਆਈ.ਈ. ਅਤੇ ਸੰਨ ੧੮੯੨ ਈ. ਵਿਚ ਕੇ.ਸੀ.ਆਈ. ਦੇ ਸਨਮਾਨਾਂ ਨਾਲ ਵਰੋਸਾਇਆ ਗਿਆ। ਸੰਨ ੧੮੯੩ ਈ. ਵਿਚ ਵਾਇਸਰਾਏ ਦੀ ਲੈਜਿਸਲੇਟਿਵ ਕੌਂਸਲ ਦਾ ਅਤੇ ਸੰਨ ੧੮੯੮ ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ। ਉਸ ਵੇਲੇ ਆਪ ਜੀ ਪੰਜਾਬ ਦੇ ਇਕ ਵੱਡੇ ਜਾਗੀਰਦਾਰ ਅਤੇ ਪ੍ਰਤਿਸ਼ਠਿਤ ਰਈਸ ਸੀ। ਇਨ੍ਹਾਂ ਨੇ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ।

ਸਿੱਖ ਸਮਾਜ ਨੂੰ ਬਾਬਾ ਖੇਮ ਸਿੰਘ ਜੀ ਦੀ ਦੋ ਪੱਖਾਂ ਤੋਂ ਅਭੁੱਲ ਦੇਣ ਮੰਨੀ ਜਾਂਦੀ

ਹੈ। ਪਹਿਲੀ ਦੇਣ ਹੈ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ। ਸੰਨ ੧੮੭੩ ਈ. ਵਿਚ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਬੱਚਿਆਂ ਵੱਲੋਂ ਈਸਾਈ ਬਣਨ ਦੇ ਫੈਸਲੇ ਨਾਲ ਸਿੱਖ-ਸਮਾਜ ਨੂੰ ਜੋ ਬੜਾ ਤਕੜਾ ਝਟਕਾ ਲੱਗਾ ਸੀ। ਜੁਲਾਈ, ੧੮੭੩ ਈ. ਨੂੰ ਬਾਬਾ ਖੇਮ ਸਿੰਘ ਬੇਦੀ, ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਕੰਵਰ ਬਿਕਰਮਾ ਸਿੰਘ ਨੇ ਉੱਦਮ ਕਰਕੇ ਅੰਮ੍ਰਿਤਸਰ ਵਿਚ ਮੀਟਿੰਗ ਬੁਲਾਈ ਅਤੇ ਧਰਮ-ਪਰਿਵਰਤਨ ਦੇ ਮਸਲੇ ਉਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ। ਸਿੱਟੇ ਵਜੋਂ ੧ ਅਕਤੂਬਰ, ੧੮੭੩ ਈ. ਨੂੰ ਦੁਸਹਿਰੇ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਚ ਇਕ ਵੱਡਾ ਇਕੱਠ ਕਰ ਕੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਕਈ ਹੋਰ ਥਾਵਾਂ 'ਤੇ ਵੀ ਸਿੰਘ ਸਭਾਵਾਂ ਬਣ ਗਈਆਂ। ਸੰਨ ੧੮੭੯ ਈ. ਵਿਚ ਪ੍ਰੋ. ਗੁਰਮੁਖ ਸਿੰਘ ਅਤੇ ਦੀਵਾਨ ਬੂਟਾ ਸਿੰਘ ਹੋਰਾਂ ਦੇ ਉੱਦਮ ਨਾਲ ਲਾਹੌਰ ਵਿਚ ਵੀ ਸਿੰਘ ਸਭਾ ਦੀ ਸਥਾਪਨਾ ਹੋਈ ਜੋ ਅੰਮ੍ਰਿਤਸਰ ਦੇ ਪਰੰਪਰਾਵਾਦੀਆਂ ਤੋਂ ਸੁਤੰਤਰ ਅਤੇ ਉਦਾਰਵਾਦੀ ਸੀ।

ਉਕਤ ਸਿੰਘ ਸਭਾਵਾਂ ਵਿਚ ਤਾਲਮੇਲ ਕਾਇਮ ਕਰਨ ਲਈ ੧੨ ਅਪ੍ਰੈਲ, ੧੮੮੩ ਈ. ਨੂੰ ਸ੍ਰੀ ਅੰਮ੍ਰਿਤਸਰ ਵਿਚ ਖ਼ਾਲਸਾ ਦੀਵਾਨ ਦੀ ਸਥਾਪਨਾ ਹੋਈ। ਬਾਬਾ ਖੇਮ ਸਿੰਘ ਨੂੰ ਇਸ ਦੀਵਾਨ ਦਾ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਲਾਹੌਰ ਵਾਲੇ ਨੂੰ ਸਕੱਤਰ ਬਣਾਇਆ ਗਿਆ। ਪਰ ਬਾਬਾ ਖੇਮ ਸਿੰਘ ਹੋਰਾਂ ਦੇ ਧੜੇ ਦੀਆਂ ਪਰੰਪਰਾਈ ਅਤੇ ਪੁਜਾਰੀ ਰੁਚੀਆਂ ਕਾਰਨ ਪ੍ਰੋ. ਗੁਰਮੁਖ ਸਿੰਘ ਇਸ ਦੀਵਾਨ ਤੋਂ ਵੱਖ ਹੋ ਗਿਆ ਅਤੇ ਅਪ੍ਰੈਲ ੧੮੮੮ ਈ. ਵਿਚ ਆਪਣਾ ਵੱਖਰਾ ਖਾਲਸਾ ਦੀਵਾਨ ਲਾਹੌਰ ਸਥਾਪਿਤ ਕੀਤਾ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗੇ ਧੜੱਲੇਦਾਰ ਪ੍ਰਚਾਰਕਾਂ ਕਰਕੇ ਬਾਬਾ ਖੇਮ ਸਿੰਘ ਦਾ ਪ੍ਰਭਾਵ ਕੇਂਦਰੀ ਪੰਜਾਬ ਵਿਚ ਘਟਣ ਲੱਗ ਗਿਆ। ਪਰ ਪੋਠੋਹਾਰ, ਪੱਛਮੀ ਪੰਜਾਬ ਅਤੇ ਸਰਹਦੀ ਸੂਬੇ ਵੱਲ ਇਸ ਦਾ ਪ੍ਰਚਾਰ ਕਾਫ਼ੀ ਰਿਹਾ। ਇਨ੍ਹਾਂ ਇਲਾਕਿਆਂ ਵਿਚ ਬਾਬਾ ਖੇਮ ਸਿੰਘ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਬਾਬਾ ਖੇਮ ਸਿੰਘ ਦੀ ਦੂਜੀ ਮਹਾਨ ਦੇਣ ਸਿੱਖਾਂ ਅਤੇ ਖ਼ਾਸ ਕਰਕੇ ਇਸਤਰੀਆਂ ਵਿਚ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਇਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਪੜ੍ਹਾਈ ਦੀ ਨਵੀਂ ਯੋਜਨਾ ਦੇ ਪ੍ਰਸਾਰ ਵਿਚ ਬਹੁਤ ਸਹਿਯੋਗ ਦਿੱਤਾ। ਇਨ੍ਹਾਂ ਨੇ ਆਪਣੇ ਵੱਲੋਂ ਮਾਇਕ ਸਹਾਇਤਾ ਦੇ ਕੇ ਪੰਜਾਬ ਵਿਚ ਪੰਜਾਹ ਤੋਂ ਵੱਧ ਸਕੂਲ ਲੜਕੀਆਂ ਦੇ ਖੋਲੇ। ਸੰਨ ੧੮੯੩ ਈ. ਵਿਚ ਆਪਣੀ ਪੁੱਤਰੀ ਦੀ ਸ਼ਾਦੀ ਵੇਲੇ ਆਪ ਜੀ ਨੇ ਤਿੰਨ ਲੱਖ ਰੁਪਏ ਧਰਮ-ਅਰਥ ਕਾਰਜਾਂ ਲਈ ਕੱਢੇ ਜਿਨ੍ਹਾਂ ਵਿਚ ਅੱਧੀ ਕੁ ਰਕਮ ਰਾਵਲਪਿੰਡੀ ਵਿਚ ਕਾਲਜ ਸਥਾਪਿਤ ਕਰਨ ਉਤੇ ਖਰਚ ਕੀਤੀ। ਇਸ ਤੋਂ ਇਲਾਵਾ ਗ਼ਰੀਬ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਆਪਣੇ ਸਿਰ ਲਿਆ।

ਸਾਰੀ ਉਮਰ ਰਈਸੀ ਠਾਠ ਨਾਲ ਰਹਿਣ ਵਾਲੇ ਬਾਬਾ ਖੇਮ ਸਿੰਘ ਦੀ ਪੋਠੋਹਾਰ ਅਤੇ ਪੱਛਮੀ ਪੰਜਾਬ ਵਿਚ ਸਿੱਖੀ ਸੇਵਕੀ ਉਨ੍ਹਾਂ ਦੀ ਸੰਤਾਨ ਤਕ ਵੀ ਚਲਦੀ ਰਹੀ। ੧੦ ਅਪ੍ਰੈਲ, ੧੯੦੫ ਈ. ਵਿਚ ਬਾਬਾ ਖੇਮ ਸਿੰਘ ਦਾ ਮਿੰਟਗੁਮਰੀ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਸ ਤੋਂ ਬਾਅਦ ਬਾਬਾ ਗੁਰਬਖਸ਼ ਸਿੰਘ ਉਤਰਾਧਿਕਾਰੀ ਬਣੇ। ■

# ਸਿੱਖ ਕੌਮ ਦੇ ਹੀਰੇ: ਗਿਆਨੀ ਦਿੱਤ ਸਿੰਘ ਜੀ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

*ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥*
*ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥*
*ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥*
*ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੧)*

ਸੰਸਾਰ ਦਾ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਸਮੇਂ-ਸਮੇਂ ਹਰ ਕੌਮ, ਅਤੇ ਭੂਗੋਲਿਕ ਖਿੱਤੇ ਅੰਦਰ ਸਮਾਜ ਵਿਚ ਆਈ ਸਰਬ-ਪੱਖੀ ਗਿਰਾਵਟ ਅਤੇ ਨਿਘਾਰ ਵਿੱਚੋਂ ਲੋਕਾਂ ਨੂੰ ਸਹੀ ਦਿਸ਼ਾ ਦੇ ਕੇ ਵਰਤਮਾਨ ਦੀਆਂ ਸਮੱਸਿਆਵਾਂ, ਕਮੀਆਂ, ਕਮਜ਼ੋਰੀਆਂ ਅਤੇ ਉਨ੍ਹਾਂ ਦੇ ਮਾਣ ਕਰਨ ਯੋਗ ਪਿਛੋਕੜ ਭਾਵ ਵਡਮੁੱਲੀ ਵਿਰਾਸਤ ਵੱਲ ਲੋਕਾਂ ਦਾ ਧਿਆਨ ਕੇਂਦਰਤ ਕਰ ਕੇ ਉਨ੍ਹਾਂ ਬੁਰਾਈਆਂ, ਕਮੀਆਂ, ਕਮਜ਼ੋਰੀਆਂ ਅਤੇ ਅਵੇਸਲੇਪਣ ਵਿੱਚੋਂ ਕੱਢਣ ਅਤੇ ਉਨ੍ਹਾਂ ਦਾ ਭਵਿੱਖ ਸਵਾਰਨ ਹਿੱਤ ਮਹਾਨ ਵਿਦਵਾਨ, ਕ੍ਰਾਂਤੀਕਾਰੀ ਅਤੇ ਸੰਘਰਸ਼ੀ ਯੋਧੇ ਪੈਦਾ ਹੁੰਦੇ ਰਹੇ ਹਨ, ਜਿਨ੍ਹਾਂ ਨੇ ਆਪਣੀਆਂ ਅਣਥੱਕ ਘਾਲਣਾਵਾਂ, ਅਦੁੱਤੀ ਕੁਰਬਾਨੀਆਂ, ਤਰਕ ਵਿਤਰਕ ਅਤੇ ਤੀਖਣ-ਬੁੱਧੀ ਨਾਲ ਲੋਕਾਂ ਨੂੰ ਨਰਕਮਈ, ਗਿਲਾਨੀ ਭਰੀ ਅਤੇ ਗੈਰਤ ਤੇ ਅਣਖ ਰਹਿਤ ਜ਼ਿੰਦਗੀ ਵਿੱਚੋਂ ਕੱਢਣ ਅਤੇ ਸਹੀ ਸੇਧ ਦੇਣ ਲਈ ਆਪਣੀਆਂ ਜ਼ਿੰਦਗੀਆਂ ਨੂੰ ਰੋਲ ਮਾਡਲ ਵਜੋਂ ਪੇਸ਼ ਕਰਕੇ ਨਵੇਂ ਯੁੱਗ ਦਾ ਅਰੰਭ ਕੀਤਾ। ਪਰੰਤੂ ਇਹ ਵੀ ਇਕ ਅਟੱਲ ਸੱਚਾਈ ਅਤੇ ਸਮੇਂ ਦੀ ਤ੍ਰਾਸਦੀ ਹੀ ਸਮਝੋ ਕਿ ਸਮੇਂ ਦੇ ਸਮਾਜ ਕੱਟੜ-ਪੰਥੀਆਂ ਅਤੇ ਨਿੱਜਪ੍ਰਸਤਾਂ ਨੇ ਉਨ੍ਹਾਂ ਮਹਾਨ ਵਿਦਵਾਨਾਂ, ਵਿਚਾਰਵਾਨਾਂ, ਸਮਾਜ-ਸੁਧਾਰਕਾਂ, ਕ੍ਰਾਂਤੀਕਾਰੀ ਜਿਊੜਿਆਂ ਦਾ ਡੱਟ ਕੇ ਵਿਰੋਧ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਕਮਲੇ, ਮੂਰਖ, ਬੇਤਾਲੇ, ਕੁਰਾਹੀਏ, ਕੁਰੈਹਤੀਏ, ਸਮਾਜ ਵਿਰੋਧੀ ਅਨਸਰ ਕਹਿ ਕੇ ਖੂਬ ਜਲੀਲ ਕੀਤਾ, ਤਰ੍ਹਾਂ-ਤਰ੍ਹਾਂ ਦੇ ਤਸੀਹੇ ਵੀ ਦਿੱਤੇ ਅਤੇ ਸਮਾਜ ਤੇ ਕੌਮ ਵਿੱਚੋਂ ਛੇਕ ਵੀ ਦਿੱਤਾ ਪਰੰਤੂ ਉਹ ਅਡੋਲ ਆਪਣੇ, ਅਕੀਦੇ, ਸਿਧਾਂਤ ਅਤੇ ਨਿਸ਼ਾਨੇ ਵੱਲ ਵਧਦੇ ਰਹੇ ਅਤੇ ਸਾਰੀਆਂ ਮੁਸ਼ਕਲਾਂ, ਅੜਚਨਾਂ, ਵਿਰੋਧ ਅਤੇ ਜਾਨੀ ਹਮਲਿਆਂ ਦਾ ਪੂਰੀ ਸੰਜੀਦਗੀ, ਸੁਹਿਰਦਤਾ, ਦ੍ਰਿੜ੍ਹਤਾ, ਸਿਦਕਦਿਲੀ, ਦਲੀਲ ਅਤੇ ਤਰਕ ਨਾਲ ਮੁਕਾਬਲਾ ਕਰਦਿਆਂ ਅਤੇ ਕਈ ਕਿਸਮ ਦੇ ਕਸ਼ਟ ਝਲਦਿਆਂ ਹੋਇਆਂ ਆਪਣੇ ਮਿਸ਼ਨ ਵਿਚ ਸਫਲ ਹੋਏ ਅਤੇ ਉਨ੍ਹਾਂ ਨੇ ਬੇਲੋੜੇ, ਤਰਕ-ਰਹਿਤ, ਕੱਟੜਵਾਦੀ, ਵਹਿਮਾਂ-ਭਰਮਾਂ ਵਿਚ ਭਰਪੂਰ ਵਿਰੋਧੀਆਂ ਨੂੰ ਬੁਰੀ ਤਰ੍ਹਾਂ ਪਛਾੜਿਆ ਅਤੇ ਆਪਣੇ ਨਿਸ਼ਾਨੇ ਵਿਚ ਸਫਲ ਹੋਏ ਭਾਵੇਂ ਕਿ ਉਨ੍ਹਾਂ ਵੱਲੋਂ ਘਾਲੀਆਂ ਹੋਈਆਂ ਮਹਾਨ ਸਮਾਜ ਪੱਖੀ ਘਾਲਨਾਵਾਂ ਨੂੰ ਉਨ੍ਹਾਂ ਦੇ ਪਿੱਛੋਂ ਹੀ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ (ਸੰਪਰਕ ਨੰ. ੯੯੧੫੮੦੫੧੦੦)*

ਪ੍ਰਵਾਨਿਆ ਅਤੇ ਸਨਮਾਨਿਆ ਗਿਆ। ਸਾਰੀਆਂ ਕੌਮਾਂ ਦੀ ਇਹੋ ਕਹਾਣੀ ਰਹੀ ਹੈ। ਜਿੱਥੋਂ ਤਕ ਸਿੱਖ ਧਰਮ ਦਾ ਸੰਬੰਧ ਹੈ ਇਸ ਮਹਾਨ ਨਵੀਨਤਮ, ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਦੋਵੇਂ ਸਮੇਂ 'ਸਰਬੱਤ ਦਾ ਭਲਾ' ਮੰਗਣ ਵਾਲੇ, ਵਿਗਿਆਨਕ ਅਤੇ ਸੱਚ ਧਰਮ ਨਾਲ ਸੰਬੰਧਿਤ ਭਾਵੇਂ ਭਗਤ ਸ਼ੇਖ ਫਰੀਦ ਜੀ ਤੋਂ ਲੈ ਕੇ ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਸੈਣ ਜੀ ਆਦਿ ਮਹਾਨ ਸੰਤ, ਮਹਾਂਪੁਰਸ਼ ਸਨ, ਭਾਵੇਂ ਗੁਰੂ ਸਾਹਿਬਾਨ ਸਨ ਭਾਵੇਂ ਉਨ੍ਹਾਂ ਵੱਲੋਂ ਵਰੋਸਾਏ ਗੁਰਸਿੱਖ ਸਨ ਉਨ੍ਹਾਂ ਸਾਰਿਆਂ ਨੂੰ ਹੀ ਸਮੇਂ ਦੇ ਰੂੜੀਵਾਦੀ ਕੱਟੜਵਾਦੀ ਪੁਜਾਰੀਆਂ, ਵਹਿਮਾਂ-ਭਰਮਾਂ ਦੇ ਜਾਲ ਵਿਚ ਗ੍ਰਸੀ ਲੋਕਾਈ, ਜ਼ਾਲਮ ਤੇ ਜਾਬਰ ਰਾਜਸ਼ਕਤੀ ਨਾਲ ਲੋਹਾ ਲੈਣਾ ਪਿਆ ਅਤੇ ਅਸਹਿ ਤੇ ਅਕਹਿ ਜ਼ੁਲਮ ਝਲਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ ਪਰੰਤੂ ਉਹ "ਸੱਚ", "ਸਿਧਾਂਤ" ਅਤੇ "ਨਿਸ਼ਾਨੇ" ਤੋਂ ਨਾ ਥਿੜਕੇ ਅਤੇ ਅਡੋਲ ਰਹਿੰਦਿਆਂ ਆਪਣੇ ਕੱਟੜ ਸੁਆਰਥੀ ਵਿਰੋਧੀਆਂ ਨੂੰ ਭਾਂਜ ਦਿੱਤੀ। ਇਸੇ ਸੰਦਰਭ ਵਿਚ ਇਸ ਲੇਖ ਵਿਚ ਸਿੰਘ ਸਭਾ ਲਹਿਰ ਦੇ ਬਾਨੀ ੧੯ਵੀਂ ਸਦੀ ਦੇ ਮਹਾਨ ਵਿਦਵਾਨ, ਚਿੰਤਕ, ਅਲੋਚਕ, ਕ੍ਰਾਂਤੀਕਾਰੀ, "ਸੱਚ-ਧਰਮ ਉਤੇ ਦ੍ਰਿੜ ਸੰਕਲਪ ਹੋਕੇ ਪਹਿਰਾ ਦੇਣ ਵਾਲੇ" "*ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥*" ਦੇ ਸਿਧਾਂਤ ਦੇ ਧਾਰਨੀ ਅਤੇ ਗੁਰਮਤਿ ਫ਼ਲਸਫ਼ੇ, ਸਿਧਾਂਤ ਅਤੇ ਨਿਸ਼ਾਨੇ ਪ੍ਰਤੀ ਸੁਹਿਰਦ, ਸੰਜੀਦਾ, ਦ੍ਰਿੜ੍ਹ ਹੀ ਨਹੀਂ ਸਗੋਂ ਪੂਰੀ ਤਰ੍ਹਾਂ ਸਪੱਸ਼ਟ ਗਿਆਨੀ ਦਿੱਤ ਸਿੰਘ ਜੀ, ਅਤੇ ਸਿੰਘ ਸਭਾ ਲਹਿਰ ਬਾਰੇ ਵਿਚਾਰ ਕਰ ਰਹੇ ਹਾਂ। ਸੱਚਮੁੱਚ ਹੀ ਇਹ "*ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥*" 'ਗੁੱਦੜ ਵਿਚ ਲਪੇਟੇ ਲਾਲ ਸਨ, ਹੀਰੇ ਸਨ ਅਤੇ ਕੌਮ ਦੇ ਪੰਥ ਰਤਨ ਸਨ। ਜਿਨ੍ਹਾਂ ਨੂੰ ਤਤਕਾਲੀ ਸਮਾਜ ਅਤੇ ਧਰਮ ਦੇ ਠੇਕੇਦਾਰਾਂ ਨੇ ਪਹਿਚਾਨਿਆ ਨਹੀਂ ਸਗੋਂ ਉਨ੍ਹਾਂ ਦਾ ਸਖਤ ਵਿਰੋਧ ਵੀ ਕੀਤਾ। ਅੱਜ ਜਦੋਂ ਸਾਡੇ ਸਮਾਜ ਖਾਸ ਕਰਕੇ ਸਿੱਖ ਸਮਾਜ ਵਿਚ ਸਰਬਪੱਖੀ ਨਿਘਾਰ ਆਇਆ ਹੋਇਆ ਹੈ ਅਤੇ ਅਸੀਂ, "*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*" ਅਤੇ "*ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ॥*" ਅਤੇ "*ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥*" ਦੇ ਰਾਹ ਅੰਨ੍ਹੇਵਾਹ ਤੁਰੇ ਜਾ ਰਹੇ ਹਾਂ। ਆਪਣੇ ਵਿਲੱਖਣ ਸਰੂਪ, ਅਦੁੱਤੀ ਸਿਧਾਂਤ ਅਤੇ ਲਾਸਾਨੀ ਵਿਰਸੇ ਨੂੰ ਤਿਲਾਂਜਲੀ ਦੇ ਰਹੇ ਹਾਂ। ਅੰਮ੍ਰਿਤ ਦੀ ਥਾਂ ਬਿਖ ਇੱਕਤਰ ਕਰਨ "*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*" ਲਈ ਅੰਨ੍ਹੇਵਾਹ ਦੌੜ ਰਹੇ ਹਾਂ। ਬੱਸ! ਨਿਸ਼ਾਨਾ। ਇੱਕੋ ਹੀ, ਹਰ ਚੰਗੇ-ਮਾੜੇ, ਗੈਰ-ਮਨੁੱਖੀ ਅਤੇ ਅਨੈਤਿਕ ਤਰੀਕੇ ਨਾਲ ਵੱਧ ਤੋਂ ਵੱਧ ਧੰਨ, ਧਰਤੀ ਅਤੇ ਰਾਜਸ਼ਕਤੀ ਪ੍ਰਾਪਤ ਕਰਨ ਦੀ ਹੋੜ ਵਿਚ ਲੱਗੇ ਹੋਏ ਹਾਂ ਅਤੇ ਸਾਡੀ ਹਾਲਤ "*ਬਿਨਾ ਸੰਤੋਖ ਨਹੀ ਕੋਊ ਰਾਜੈ॥*" ਵਾਲੀ ਬਣੀ ਹੋਈ ਹੈ ਉਸ ਸਮੇਂ ਉਨ੍ਹਾਂ ਮਹਾਨ ਇਨਕਲਾਬੀ ਰੂਹਾਂ, ਸੰਘਰਸ਼ੀ ਯੋਧਿਆਂ ਅਤੇ "ਵਿਦਵਤਾ ਦੀ ਖੜਗ ਨਾਲ ਲੈਸ" "ਕੌਮੀ ਹੀਰਿਆਂ" ਦੀ ਮਿਸਾਲੀ ਜ਼ਿੰਦਗੀ ਨੂੰ ਵਾਚਣ, ਸਮਝਣ ਅਤੇ ਉਨ੍ਹਾਂ ਨੂੰ ਆਪਣਾ ਰੋਲ-ਮਾਡਲ ਅਤੇ ਰਾਹ-ਦਸੇਰਾ ਸਮਝ ਕੇ ਉਨ੍ਹਾਂ ਵੱਲੋਂ ਦਿਖਾਏ ਰਸਤੇ ਉੱਤੇ ਚੱਲਣ ਦੀ ਲੋੜ ਹੈ।

ਸਿੰਘ ਸਭਾ ਲਹਿਰ ਬਾਰੇ ਵਿਚਾਰ ਕਰਨ ਸਮੇਂ ਚੰਗਾ ਹੋਵੇਗਾ ਕਿ ਜਿਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਜਨਮ, ਜੀਵਨ, ਸੰਘਰਸ਼ ਅਤੇ ਸੰਘਰਸ਼ ਉਪਰੰਤ ਨਿਕਲੇ ਸ਼ਾਨਦਾਰ ਨਤੀਜੇ ਅਤੇ ਪ੍ਰਦੇਸ਼, ਦੇਸ਼ ਅਤੇ ਵਿਦੇਸ਼ਾਂ ਵਿਚ ਪਾਏ ਸ਼ਾਨਾਂਮੱਤੇ ਪ੍ਰਭਾਵ ਬਾਰੇ ਚਰਚਾ ਕੀਤੀ ਜਾਵੇ।

ਵਿਚਾਰਧਾਰਕ ਵਿਰੋਧੀਆਂ ਨੇ ਤਾਂ ਵਿਰੋਧ ਕਰਨਾ ਹੀ ਹੁੰਦਾ ਹੈ ਪਰੰਤੂ ਉਨ੍ਹਾਂ ਦੀਆਂ ਆਪਣੀਆਂ ਹੀ ਸਮਕਾਲੀ ਧਾਰਮਿਕ ਹਸਤੀਆਂ, ਪੁਜਾਰੀਆਂ ਅਤੇ ਲੇਖਕਾਂ ਨੇ ਅਤੇ ਉਨ੍ਹਾਂ ਦੇ ਪ੍ਰਲੋਕ ਗਮਨ ਉਪਰੰਤ ਵੀ ਸਿੱਖ ਕੌਮ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਾਹਿਤਕ ਸੰਸਥਾਵਾਂ ਵੱਲੋਂ ਵੀ ਸਾਰੇ ਸਮਿਆਂ ਦੇ ਉੱਚ ਕੋਟੀ ਦੇ ਇਨ੍ਹਾਂ ਵਿਦਵਾਨਾਂ, ਤਰਕਸ਼ੀਲਾਂ, ਦ੍ਰਿੜ੍ਹ ਸੰਕਲਪ ਅਤੇ ਮਹਾਨ ਪੰਥ-ਪ੍ਰਸਤ ਗੁਰਸਿੱਖ ਰੋਸ਼ਨ ਦਿਮਾਗ ਸ਼ਖ਼ਸੀਅਤ ਗਿਆਨੀ ਦਿੱਤ ਸਿੰਘ ਜੀ ਹੁਰਾਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਗਿਆ। ਇਨ੍ਹਾਂ ਕਾਰਨਾਂ ਕਰਕੇ ਹੀ ਕੌਮੀ ਜ਼ਿੰਦਗੀ "ਵਕਤੋਂ ਚੁਕੀ ਡੂਮਣੀ ਗਾਵੇ ਆਲ ਪਤਾਲ" ਵਾਲੀ ਹੋ ਜਾਂਦੀ ਹੈ। ਇਨ੍ਹਾਂ ਸਾਰੇ ਹਾਲਾਤ ਨੂੰ ਮੁੱਖ ਰੱਖਦਿਆਂ ਲੇਖਕ ਨੇ ਆਪਣੇ ਪ੍ਰਧਾਨਗੀ ਕਾਰਜਕਾਲ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੰਤ੍ਰਿੰਗ ਕਮੇਟੀ ਵੱਲੋਂ ੨੧ ਅਪ੍ਰੈਲ, ੨੦੦੨ ਈ. ਨੂੰ, ਜਿਸ ਦਿਨ ਕੁਦਰਤੀ ਹੀ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਨ ਸੀ, ਫੈਸਲਾ ਕੀਤਾ ਗਿਆ ਕਿ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਦੇ ਜੀਵਨ, ਰਚਨਾ, ਘਾਲਣਾ ਅਤੇ ਸ਼ਖ਼ਸੀਅਤ ਬਾਰੇ ਹਰ ਸਾਲ ਗਿਆਨੀ ਦਿੱਤ ਸਿੰਘ ਜੀ ਦੇ ਪਰਲੋਕ ਗਮਨ ਦਿਨ ੦੯ ਸਤੰਬਰ ਨੂੰ ਸੈਮੀਨਾਰ ਜਾਂ ਇਸ ਤਰ੍ਹਾਂ ਦੇ ਹੀ ਹੋਰ ਧਾਰਮਿਕ ਤੇ ਸਾਹਿਤਕ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਜਾਣਗੇ ਤਾਂ ਜੋ ਇਨ੍ਹਾਂ ਸ਼ਖ਼ਸੀਅਤਾਂ ਦੇ ਸਮੇਂ ਤੋਂ ਵੀ ਵੱਧ ਬਦਤਰ ਹੋ ਰਹੇ ਸਿੱਖ ਕੌਮ ਦੇ ਅਜੋਕੇ ਹਾਲਾਤ ਸਮੇਂ ਸਿੱਖ ਕੌਮ ਨੂੰ ਹਲੂਣਾ ਦਿੱਤਾ ਜਾਵੇ। ਘੇਸਲ ਵੱਟੀ ਬੈਠੀ ਕੌਮ ਨੂੰ ਅਤੇ ਮਾਇਆ ਅਤੇ ਰਾਜ ਸ਼ਕਤੀ ਦੀ ਹੋੜ ਤੇ ਦੌੜ ਵਿਚ ਲੱਗੇ ਰਸਾਤਲ ਵੱਲ ਜਾਂਦੇ ਸਿੱਖ ਸਮਾਜ ਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਅਤੇ ਆਪਣੇ ਲਾਸਾਨੀ ਕੌਮੀ ਵਿਰਸੇ ਸਬੰਧੀ ਜਾਗਰੂਕ ਕੀਤਾ ਜਾ ਸਕੇ ਅਤੇ ਉਨ੍ਹਾਂ ਦਾ ਮੁੱਖ ਨਿੱਜਪ੍ਰਸਤੀ, ਮੌਕਾਪ੍ਰਸਤੀ, ਨਸ਼ਿਆਂ, ਨੰਗੇਜ਼ਵਾਦ, ਭਰੂਣ ਹੱਤਿਆ, ਭ੍ਰਿਸ਼ਟਾਚਾਰ, ਪਤਿਤਪੁਣੇ ਕਾਮ, ਕ੍ਰੋਧ ਵਰਗੀਆਂ ਮਾਰੂ ਰੁਚੀਆਂ ਵੱਲੋਂ ਮੋੜ ਕੇ ਉਨ੍ਹਾਂ ਨੂੰ ਆਪਣੇ ਲਾਸਾਨੀ ਵਿਰਸੇ ਦਾ ਅਹਿਸਾਸ ਕਰਵਾਇਆ ਜਾ ਸਕੇ ਤਾਂ ਜੋ ਸੰਸਾਰ ਅੰਦਰ ਸਾਡਾ ਮਾਣ, ਸਨਮਾਨ, ਅੱਡਰੀ ਹਸਤੀ, ਅਜਿੱਤ ਸ਼ਕਤੀ, ਵਿਲੱਖਣ ਸਿਧਾਂਤ ਅਤੇ ਨਿਆਰਾ ਸਰੂਪ ਪੁਨਰ-ਸੁਰਜੀਤ ਹੋ ਸਕੇ, ਇਨ੍ਹਾਂ ਸ਼ਖ਼ਸੀਅਤਾਂ ਦੀ ਯਾਦ ਵਿਚ "ਗਿਆਨੀ ਦਿੱਤ ਸਿੰਘ ਅਵਾਰਡ" ਵੀ ਸਥਾਪਿਤ ਕੀਤਾ ਗਿਆ ਸੀ ਜੋ ਹਰ ਸਾਲ ਸੈਮੀਨਾਰ/ਸਮਾਗਮ ਸਮੇਂ ਇਕ ਉੱਚ ਕੋਟੀ ਦੇ ਸਿੱਖ ਵਿਦਵਾਨ ਨੂੰ ਦੇ ਕੇ ਉਨ੍ਹਾਂ ਰਾਹੀਂ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਾ ਸਕੇ। ਇਸ ਫੈਸਲੇ ਅਧੀਨ ਲੇਖਕ ਦੇ ਪ੍ਰਧਾਨਗੀ ਕਾਰਜਕਾਲ ਵਿਚ ਪਹਿਲਾ ਸੈਮੀਨਾਰ ਮਾਤਾ ਗੁਜਰੀ ਕਾਲਜ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ੬ ਸਤੰਬਰ, ੨੦੦੨ ਈ. ਨੂੰ ਕਰਵਾਇਆ ਸੀ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਦੂਸਰੇ ਸਾਲ ਦੀਵਾਨ ਟੋਡਰ ਮੱਲ ਹਾਲ, ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ੧੯ ਅਕਤੂਬਰ, ੨੦੦੨ ਈ. ਨੂੰ ਕੀਤਾ ਗਿਆ ਅਤੇ ਪੰਜਾਬੀ ਯੂਨੀਵਰਸਿਟੀ

ਦੇ ਐਂਥਰੋਪਾਲੋਜੀ ਦੇ ਪ੍ਰੋਫੈਸਰ ਡਾ. ਹਰਕੀਰਤ ਸਿੰਘ ਨੂੰ ਦਿੱਤਾ ਗਿਆ ਸੀ। ਲੇਖਕ ਨੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਪ੍ਰੋ. ਗੁਰਮੁਖ ਸਿੰਘ ਜੀ ਦੀ ਯਾਦ ਵਿਚ ਇਕ "ਇਕੱਤਰਤਾ ਘਰ" ਬਣਾਇਆ ਜਿਥੇ ਬੈਠ ਕੇ "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ" ਅਨੁਸਾਰ ਗੁਰਮਤਿ ਵਿਚਾਰਾਂ ਹੋ ਸਕਣ ਅਤੇ ਕੌਮੀ ਮਸਲੇ ਵਿਚਾਰੇ ਜਾ ਸਕਣ।

ਇਹ ਸਾਡੀ ਕੌਮੀ ਤ੍ਰਾਸਦੀ ਹੀ ਸਮਝੋ ਕਿ ਅਸੀਂ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਆਪਣੇ ਅਦੁੱਤੀ, ਲਾਸਾਨੀ ਅਤੇ ਮਹਾਨ ਕੌਮੀ ਹੀਰਿਆਂ ਨੂੰ ਵਿਸਾਰਦੇ ਰਹੇ ਹਾਂ ਸਗੋਂ ਰਾਜਨੀਤਕ ਕਾਰਨਾਂ ਕਰਕੇ ਉਨ੍ਹਾਂ ਲੋਕਾਂ ਨੂੰ ਨਿਵਾਜਦੇ, ਸਤਿਕਾਰਦੇ ਅਤੇ ਸਨਮਾਨਦੇ ਰਹੇ ਹਾਂ ਜਿਨ੍ਹਾਂ ਨੇ ਕੌਮ ਦਾ ਲਾਭ ਘੱਟ ਪਰੰਤੂ ਆਪਣੀ ਨਿੱਜਪ੍ਰਸਤੀ ਤੇ ਨਿੱਜ ਹਸਤੀ ਲਈ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ। ਇਸ ਲੇਖ ਵਿਚ ਪ੍ਰੋ. ਗੁਰਮੁਖ ਸਿੰਘ ਜੀ ਅਤੇ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ, ਰਚਨਾ, ਘਾਲਣਾ ਅਤੇ ਇਨ੍ਹਾਂ ਵਿੱਚੋਂ ਉਭਰੀ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਸੰਖੇਪ ਰੂਪ ਵਿਚ ਵਿਚਾਰ ਕਰਨ ਦਾ ਤੁਛ ਜਿਹਾ ਯਤਨ ਕਰ ਰਹੇ ਹਾਂ। ਆਸ ਕਰਦੇ ਹਾਂ ਕਿ ਸਾਡੇ ਅਜੋਕੇ ਪ੍ਰਤਿਸ਼ਟ ਵਿਦਵਾਨ ਜਿਨ੍ਹਾਂ ਅੰਦਰ ਸਿੱਖੀ ਦੀ ਚਿਣਗ ਹੈ, ਸੱਚ ਨੂੰ ਪਹਿਚਾਣਨ ਦੀ ਸੋਝੀ ਹੈ ਅਤੇ ਜਿਨ੍ਹਾਂ ਨੂੰ ਆਪਣੇ ਲਾਸਾਨੀ ਅਤੇ ਅਦੁੱਤੀ ਵਿਰਸੇ ਨੂੰ ਸਦਜੀਵਤ ਕਰਨ ਦਾ ਚਾਅ ਹੈ ਉਹ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਬਾਰੇ ਦੀਰਘ ਖੋਜ ਕਰ ਕੇ ਲੋਕਾਂ ਸਾਹਮਣੇ ਉਨ੍ਹਾਂ ਦੇ ਜੀਵਨ ਉੱਤੇ ਝਾਤ ਪੁਆਉਣ ਦੀ ਖੇਚਲ ਕਰ ਕੇ ਕੌਮੀ ਸੇਵਾ ਕਰਨਗੇ। ਇਹੋ ਹੀ ਉਨ੍ਹਾਂ ਮਹਾਨ ਕ੍ਰਾਂਤੀਕਾਰੀ ਵਿਦਵਾਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਇਹੋ ਹੀ ਕੌਮ ਦੇ ਭਲੇ ਵਿਚ ਹੋਵੇਗਾ।

ਗਿਆਨੀ ਦਿੱਤ ਸਿੰਘ ਜੀ, ਜਿਨ੍ਹਾਂ ਦਾ ਬਚਪਨ ਦਾ ਨਾਮ ਦਿੱਤ ਰਾਮ ਸੀ, ਮਾਤਾ ਰਾਮ ਕੌਰ ਦੀ ਕੁੱਖੋਂ ਸਾਧੂ ਬਿਰਤੀ ਦੇ ਮਾਲਕ ਭਾਈ ਦੀਵਾਨ ਸਿੰਘ ਜੀ ਦੇ ਗ੍ਰਹਿ ਪਿੰਡ ਕਲੌੜ, ਜ਼ਿਲ੍ਹਾ ਸ੍ਰੀ ਫ਼ਤਿਹਗੜ੍ਹ ਸਾਹਿਬ (ਜੋ ਉਸ ਸਮੇਂ ਰਿਆਸਤ ਪਟਿਆਲਾ ਦਾ ਪਿੰਡ ਸੀ) ਵਿਖੇ ੨੧ ਅਪ੍ਰੈਲ, ੧੯੫੦ ਈ. ਨੂੰ ਹੋਇਆ। ਕਿੱਤੇ ਵਜੋਂ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਪਿਤਾ ਜੀ ਦੇ ਸਾਧੂ ਸੁਭਾਅ ਹੋਣ ਕਾਰਨ ਸਮੇਂ ਦੇ ਸਾਧੂਆਂ-ਸੰਤਾਂ ਦਾ ਘਰ ਆਉਣਾ ਜਾਣਾ ਬਣਿਆ ਰਹਿੰਦਾ ਸੀ। ਜਿਸ ਤਰ੍ਹਾਂ ਕਿ ਭਗਤ ਸੈਣ ਜੀ ਦੇ ਘਰ ਹਮੇਸ਼ਾ ਹੀ ਸਾਧੂਆਂ/ਸੰਤਾਂ/ਮਹਾਂਪੁਰਸ਼ਾਂ ਦੀ ਆਵਾਜਾਈ ਬਣੀ ਰਹਿੰਦੀ ਸੀ। ਬੱਚਾ ਜਿੱਥੇ ਆਪਣੀ ਮਾਤਾ ਜੀ ਦੀ ਕੁੱਖ ਅੰਦਰ ਅਤੇ ਉਸ ਦੀ ਗੋਦ ਵਿਚ ਬਹੁਤ ਕੁਝ ਗ੍ਰਹਿਣ ਕਰਦਾ ਹੈ ਅਤੇ ਉਪਰੰਤ ਆਪਣੇ ਪਿਤਾ ਅਤੇ ਘਰ-ਪਰਵਾਰ ਦੇ ਹੋਰ ਜੀਆਂ ਤੋਂ ਵੀ ਬਹੁਤ ਕੁਝ ਸੁਤੇਸਿਧ ਗ੍ਰਹਿਣ ਕਰਦਾ ਰਹਿੰਦਾ ਹੈ ਉਸੇ ਤਰ੍ਹਾਂ ਉਹ ਘਰ ਅੰਦਰ ਆਉਣ ਜਾਣ ਵਾਲਿਆਂ ਤੋਂ ਵੀ ਹਰ ਸਮੇਂ ਪ੍ਰਭਾਵਿਤ ਹੁੰਦਾ ਰਹਿੰਦਾ ਹੈ ਅਤੇ ਉਸ ਦੀ ਸ਼ਖ਼ਸੀਅਤ, ਸੋਚ ਅਤੇ ਵਿਚਾਰ ਉਸੇ ਤਰ੍ਹਾਂ ਦੇ ਹੀ ਬਣ ਜਾਂਦੇ ਹਨ। ਇਹੋ ਕਾਰਨ ਸੀ ਕਿ ਬਾਲਕ ਦਿੱਤ ਰਾਮ ਵੀ ਸਾਧੂ ਸੁਭਾਅ, ਸੇਵਾ, ਸਿਮਰਨ ਅਤੇ ਹਲੀਮੀ ਵਿਹਾਰ ਵਾਲੇ ਬਣ ਗਏ। ਮੁਢਲੀ ਸਿੱਖਿਆ ਦਾ ਸ੍ਰੋਤ ਇਹੋ ਘਰ-ਪਰਵਾਰ ਅਤੇ ਘਰ ਅੰਦਰ ਆਉਣ ਵਾਲੇ ਸਾਧੂ-ਸੰਤ ਹੀ ਸਨ। ਘਰ ਵਿਚ ਗਰੀਬੀ ਅੰਤਾਂ ਦੀ ਸੀ। ਪਿਤਾ ਜੀ ਨੇ ਬਾਲਕ ਦਾ ਸੁਭਾਅ ਵੇਖਦਿਆਂ

ਉਨ੍ਹਾਂ ਨੂੰ ਆਤਮ-ਗਿਆਨ ਤਥਾ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਬ੍ਰਹਿਮੰਡ ਭ੍ਰਮਣ ਲਈ ਵਿਦਾ ਕਰ ਦਿੱਤਾ। ਤੀਖਣ ਬੁਧੀ ਵਾਲੇ ਅਤੇ ਆਤਮਾ ਅੰਦਰ ਧੁਰੋਂ ਹੀ ਅਕਾਲ ਜੋਤਿ ਪ੍ਰਚੰਡ ਹੋਣ ਕਰਕੇ ਵੱਖ-ਵੱਖ ਭੇਖਾਂ ਦੇ ਸਾਧੂਆਂ, ਸੰਤਾਂ, ਫਕੀਰਾਂ ਅਤੇ ਡੇਰਿਆਂ ਦਾ ਭ੍ਰਮਣ ਕੀਤਾ ਅਤੇ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ। ਵੱਖ-ਵੱਖ ਧਾਰਮਿਕ ਗ੍ਰੰਥਾਂ ਦਾ ਗਹਿਰ-ਗੰਭੀਰ ਅਧਿਐਨ ਕੀਤਾ।

ਮਨੁੱਖੀ ਮਨ ਅਤਿ ਸੂਖਮ, ਚੰਚਲ ਹੋਣ ਦੇ ਨਾਲ-ਨਾਲ ਹਰ ਚੰਗੀ-ਮਾੜੀ ਸੰਗਤ ਦਾ ਝੱਟਪਟ ਪ੍ਰਭਾਵ ਕਬੂਲਣ, ਖਿਨ ਵਿਚ ਅਤੀ ਕਮਜ਼ੋਰ ਅਤੇ ਖਿਨ ਵਿਚ ਅਤੀ ਬਲਵਾਨ ਮਹਿਸੂਸ ਕਰਨ, ਅਤੀ ਕ੍ਰੋਧ ਵਾਲਾ, ਸਿਰੇ ਦੀ ਨਿਮਰਤਾ ਵਾਲਾ, ਸੇਵਾ ਤੇ ਸਿਮਰਨ ਵਿਚ ਲੀਨ ਹੋਣ ਵਾਲਾ, ਜ਼ਾਬਰ ਤੇ ਜਾਲਮ ਹੋਣ ਵਾਲਾ ਭਾਵ ਵੱਖ-ਵੱਖ ਸਮੇਂ ਵੱਖ-ਵੱਖ ਰੰਗਾਂ ਵਾਲਾ ਹੁੰਦਾ ਹੈ। "*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥*" "*ਜੈਸੀ ਸੰਗਤ ਤੈਸੀ ਰੰਗਤ*" ਅਨੁਸਾਰ ਬਾਲਕ ਦਿੱਤ ਰਾਮ ਵੱਖ-ਵੱਖ ਧਰਮਾਂ, ਮੱਤਾਂ-ਮਤਾਂਤਰਾਂ ਦੇ ਅਸਥਾਨਾਂ ਉੱਤੇ ਜਾਣ ਕਰਕੇ ਉਨ੍ਹਾਂ ਦਾ ਪ੍ਰਭਾਵ ਕਬੂਲਦੇ ਰਹੇ ਪਰੰਤੂ ਉਨ੍ਹਾਂ ਦੀ ਸੱਚ ਦੀ ਪ੍ਰਾਪਤੀ ਦੀ ਭੁੱਖ ਪੂਰੀ ਨਹੀਂ ਸੀ ਹੋ ਰਹੀ ਅਤੇ ਉਹ ਸੱਚ ਦੀ ਭਾਲ ਵਿਚ ਹੋਰ ਅੱਗੇ ਤੁਰਨ ਲਈ ਕਾਰਜਸ਼ੀਲ ਰਹੇ। ਨਿਰਮਲੇ ਸੰਤਾਂ ਦੇ ਅਸਥਾਨ ਉੱਤੇ ਕਾਫੀ ਸਮਾਂ ਬਤੀਤ ਕੀਤਾ ਅਤੇ ਉਨ੍ਹਾਂ ਪਾਸੋਂ ਕਾਫੀ ਗਿਆਨ ਪ੍ਰਾਪਤ ਕੀਤਾ ਪਰੰਤੂ ਤ੍ਰਿਪਤੀ ਨਾ ਹੋਈ ਅਤੇ ਫਿਰ ਸਮੇਂ ਦੇ ਮਸ਼ਹੂਰ ਮੱਤ "ਗੁਲਾਬਦਾਸੀ" ਡੇਰੇ ਉੱਤੇ ਪਹੁੰਚ ਗਏ। ਉਨ੍ਹਾਂ ਦਾ ਇਤਨਾ ਪ੍ਰਭਾਵ ਕਬੂਲਿਆ ਕਿ ਉੱਥੇ ਆਪ ਵੀ ਫਕੀਰੀ ਧਾਰਨ ਕਰ ਲਈ ਅਤੇ ਉਨ੍ਹਾਂ ਦੇ ਮੱਤ ਦਾ ਪ੍ਰਚਾਰ ਕਰਦਿਆਂ ਗੁਲਾਬ ਦਾਸੀਆਂ ਅੰਦਰ ਪੂਰਾ ਮਾਣ-ਸਨਮਾਨ ਪ੍ਰਾਪਤ ਕਰ ਲਿਆ ਅਤੇ ਉਨ੍ਹਾਂ ਦੇ ਪ੍ਰਚਾਰਕ ਹੀ ਬਣ ਗਏ ਅਤੇ ਲੋਕ ਵੀ ਉਨ੍ਹਾਂ ਦੇ ਲਿਬਾਸ ਅਤੇ ਭੇਖ ਕਾਰਨ ਉਨ੍ਹਾਂ ਅੱਗੇ ਨਤਮਸਤਕ ਹੋਣ ਲੱਗ ਪਏ। ਅੰਧਕਾਰ ਅਤੇ ਅਗਿਆਨਤਾ ਵਿਚ ਵਿਚਰ ਰਹੇ ਸੰਸਾਰ ਦਾ ਸੁਭਾਅ ਹੈ ਕਿ ਉਹ ਅਜਿਹੇ ਭੇਖਧਾਰੀ ਲੋਕਾਂ ਦੀ ਸਿੱਖਿਆ ਸੁਣ ਕੇ ਅਤੇ ਉਨ੍ਹਾਂ ਦਾ ਬਾਹਰਮੁਖੀ ਵਿਖਾਵਾ ਵੇਖ ਕੇ ਹਰ ਇਕ ਨੂੰ "ਗੁਰੂ" ਹੀ ਮੰਨਣ ਲੱਗ ਪੈਂਦੇ ਹਨ। ਅਜਿਹਾ ਡੇਰਾਵਾਦ ਅਤੇ ਗੁਰੂ ਡੰਮ ਅੱਜ ਸਾਵਣ ਦੀਆਂ ਖੁੰਬਾਂ ਵਾਂਗ ਖੂਬ ਵੱਧ-ਫੁੱਲ ਰਿਹਾ ਹੈ। ਪਰੰਤੂ "ਗੁਰੂ" ਤਾਂ ਤੁਹਾਡੇ ਅੰਦਰਲੇ ਅਗਿਆਨਤਾ ਦੇ ਅੰਧੇਰੇ ਨੂੰ ਮਿਟਾ ਕੇ ਧੁਰ ਅੰਤਰ-ਆਤਮੇ ਗਿਆਨ ਜੋਤਿ ਪ੍ਰਚੰਡ ਕਰਨ ਵਾਲੀ ਸ਼ਖ਼ਸੀਅਤ ਨੂੰ ਹੀ ਕਿਹਾ ਜਾਂਦਾ ਹੈ, ਸਤਿਗੁਰੂ ਜੀ ਇਉਂ ਫੁਰਮਾਉਂਦੇ ਹਨ:

*ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮)*

ਤਥਾ

*ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੬)*

ਪਰੰਤੂ ਇੱਥੇ ਵੀ ਜਵਾਨੀ ਵਿਚ ਪੈਰ ਧਰਨ ਵਾਲੇ ਭਾਈ ਦਿੱਤ ਰਾਮ ਨੂੰ ਇਨ੍ਹਾਂ ਡੇਰਿਆਂ ਅਤੇ ਅਸਥਾਨਾਂ ਤੋਂ ਆਤਮਿਕ ਸੰਤੁਸ਼ਟੀ ਨਾ ਮਿਲੀ ਕਿਉਂਕਿ ਕੱਚਾ ਗੁਰੂ ਤਾਂ ਸੱਚ

ਦੇ ਪੱਲੇ ਲਾ ਹੀ ਨਹੀਂ ਸਕਦਾ ਅਤੇ ਉਹ ਤਾਂ "ਸੱਸੀ ਦੇ ਕੱਚੇ ਘੜੇ" ਵਾਂਗ ਅੱਧ ਵਿਚਕਾਰ ਆਪ ਤਾਂ ਡੁੱਬਦਾ ਹੀ ਹੈ ਸਗੋਂ ਉਸ ਦਾ ਸਹਾਰਾ ਲੈਣ ਵਾਲੇ ਨੂੰ ਵੀ ਅੱਧ ਵਿਚਕਾਰ ਹੀ ਡੁਬੋ ਦਿੰਦਾ ਹੈ। ਇਸ ਪ੍ਰਥਾਏ ਸਤਿਗੁਰੂ ਜੀ ਸਾਨੂੰ ਇਉਂ ਸਮਝਾਉਂਦੇ ਹਨ:

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

ਨੌਜਵਾਨ ਦਿੱਤ ਰਾਮ ਜੀ ਇਸ ਤਰ੍ਹਾਂ ਚਲਦੇ-ਫਿਰਦੇ ਲਾਹੌਰ ਪਹੁੰਚ ਗਏ ਅਤੇ ਆਰੀਆ ਸਮਾਜੀਆਂ ਦੇ ਅਸਥਾਨ ਉੱਤੇ ਪੁੱਜ ਗਏ। ਉਨ੍ਹਾਂ ਦਿਨਾਂ ਵਿਚ ਆਰੀਆ ਸਮਾਜ ਸਿਖਰ ਉਤੇ ਸੀ ਅਤੇ ਉਸ ਦਾ ਭਾਰਤੀ ਸਮਾਜ ਵਿਚ ਪੂਰਾ ਬੋਲਬਾਲਾ ਸੀ। ਆਰੀਆ ਸਮਾਜ ਦੀ ਲਹਿਰ ਨੇ ਪੁੰਗਰ ਰਹੇ ਸਮੇਂ ਦੇ ਬਹੁਤ ਵਿਦਵਾਨਾਂ ਨੂੰ ਪ੍ਰਭਾਵਿਤ ਵੀ ਕੀਤਾ। ਭਾਈ ਦਿੱਤ ਰਾਮ ਅੰਦਰ ਸੱਚ ਦੀ ਪ੍ਰਾਪਤੀ ਦੀ ਤੀਬਰ ਇੱਛਾ ਸੀ। ਉਨ੍ਹਾਂ ਨੇ ਆਰੀਆ ਸਮਾਜ ਦੇ ਸਿਧਾਂਤ ਅਤੇ ਮਰਿਆਦਾ ਨੂੰ ਸਮਝਿਆ ਅਤੇ ਉਨ੍ਹਾਂ ਦੇ ਹੀ ਹੋ ਗਏ ਅਤੇ ਹੁਣ ਉਹ 'ਆਰੀਆ ਸਮਾਜੀ' ਹੀ ਬਣ ਗਏ। ਇੱਥੇ ਅਤੇ ਇਸ ਤੋਂ ਪਹਿਲੀਆਂ ਥਾਵਾਂ ਉੱਤੇ ਠਹਿਰਣ ਸਮੇਂ ਉਨ੍ਹਾਂ ਨੂੰ ਵੱਖ-ਵੱਖ ਮੱਤਾਂ ਦੇ ਗ੍ਰੰਥ ਪੜ੍ਹਨ ਦਾ ਮੌਕਾ ਮਿਲਿਆ ਅਤੇ ਸ੍ਰੀ ਗੁਰੂ ਨਾਨਕ ਦੇ ਜੀ ਦੇ ਸਿਧਾਂਤ ਅਤੇ ਅਨਮੋਲ ਫ਼ਲਸਫ਼ੇ ਅਤੇ ਗੁਰੂ ਇਤਿਹਾਸ ਬਾਰੇ ਵੀ ਭਰਪੂਰ ਜਾਣਕਾਰੀ ਪ੍ਰਾਪਤ ਹੋ ਗਈ ਪਰੰਤੂ ਭਾਈ ਦਿੱਤ ਰਾਮ ਜੀ ਦੀ ਮਾਨਸਿਕ ਦਸ਼ਾ "*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*" ਵਾਲੀ ਹੀ ਬਣੀ ਹੋਈ ਸੀ। ਮਨੁੱਖ ਜਿਸ ਤਰ੍ਹਾਂ 'ਸੰਗ' ਦਾ ਪ੍ਰਭਾਵ ਕਬੂਲ ਕਰਦਾ ਹੈ, ਇਸੇ ਤਰ੍ਹਾਂ ਜਦੋਂ ਉਸ ਦੇ ਧੁਰ ਅੰਤਰ ਆਤਮੇ ਲੁਕੇ ਨਿਸਚੇ ਅਤੇ ਅਕੀਦੇ ਨੂੰ ਸੱਟ ਵੱਜਦੀ ਹੈ ਤਾਂ ਉਸ ਅੰਦਰ ਗੈਰਤ ਅਤੇ ਅਣਖ ਵੀ ਜਾਗਦੀ ਹੈ। ਭਾਈ ਦਿੱਤ ਰਾਮ ਨਾਲ ਵੀ ਇਸੇ ਤਰ੍ਹਾਂ ਵਾਪਰਿਆ। ੨੪ ਨਵੰਬਰ, ੧੮੮੮ ਈ. ਨੂੰ ਆਰੀਆ ਸਮਾਜ ਦੀ ੧੧ਵੀਂ ਵਰ੍ਹੇਗੰਢ ਦੇ ਸੰਬੰਧ ਵਿਚ ਹੋ ਰਹੇ ਸਮਾਗਮ ਦੌਰਾਨ ਸਾਧੂ ਦਯਾ ਨੰਦ ਅਤੇ ਉਸ ਦੇ ਸਾਥੀਆਂ ਵੱਲੋਂ ਗੁਰੂ ਸਾਹਿਬਾਨ ਵਿਰੁਧ ਊਲ-ਜਲੂਲ ਟਿੱਪਣੀਆਂ ਕੀਤੀਆਂ ਗਈਆਂ ਤਾਂ ਫਿਰ ਭਾਈ ਦਿੱਤ ਰਾਮ, ਭਾਈ ਜਵਾਹਰ ਸਿੰਘ, ਭਾਈ ਮਈਆ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਅਤੇ ਉਨ੍ਹਾਂ ਦੇ ਧੁਰ ਆਤਮੇ ਅੰਦਰ ਮੌਜੂਦ ਗੈਰਤ ਅਤੇ 'ਗੁਰੂ ਪਿਆਰ' ਨੇ ਉਨ੍ਹਾਂ ਨੂੰ ਸਮਾਗਮ ਤੋਂ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ। ਉਪਰੰਤ ਉਨ੍ਹਾਂ ਦਾ ਮਿਲਾਪ ਸਮੇਂ ਦੇ ਮਹਾਨ ਸਿੱਖ ਵਿਦਵਾਨ ਪ੍ਰੋ. ਗੁਰਮੁਖ ਸਿੰਘ ਜੀ ਨਾਲ ਹੋਇਆ ਅਤੇ ਉਨ੍ਹਾਂ ਦੀ ਸੰਗਤ ਨਾਲ ਭਾਈ ਦਿੱਤ ਰਾਮ ਅੰਮ੍ਰਿਤ ਛਕ ਕੇ ਖੰਡੇ ਬਾਟੇ ਦੀ ਪਹੁਲ ਲੈ ਕੇ ਸਿੰਘ ਸਜ ਗਏ। ਪ੍ਰੋ. ਗੁਰਮੁਖ ਸਿੰਘ ਉਸ ਸਮੇਂ ਸਿੱਖ ਕੌਮ ਅੰਦਰ ਆਈਆਂ ਆਚਰਣਕ ਅਤੇ ਸਿਧਾਂਤਕ ਗਿਰਾਵਟਾਂ ਅਤੇ ਗੁਰਦੁਆਰਾ ਸਾਹਿਬ ਉਤੇ ਕਾਬਜ ਅੰਗਰੇਜ਼ ਦੇ ਪਿੱਠੂ ਮਹੰਤਾਂ ਵਿਰੁਧ ਸੰਘਰਸ਼ਸ਼ੀਲ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਭਾਈ ਦਿੱਤ ਰਾਮ ਜੋ ਹੁਣ ਭਾਈ ਦਿੱਤ ਸਿੰਘ ਬਣ ਗਏ ਸਨ ਨੇ 'ਗਿਆਨੀ' ਦੀ ਪ੍ਰੀਖਿਆ ਪਾਸ ਕਰ ਲਈ ਅਤੇ ਉਨ੍ਹਾਂ ਨੇ ਨਾਮ ਨਾਲ 'ਗਿਆਨੀ' ਸ਼ਬਦ ਜੁੜ ਗਿਆ। ਨਤੀਜੇ ਵਜੋਂ ਹੁਣ

ਉਹ ਗਿਆਨੀ ਦਿੱਤ ਸਿੰਘ ਬਣ ਗਏ।

ਗਿਆਨੀ ਦਿੱਤ ਸਿੰਘ ਸੱਚਮੁਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ-ਸੁੱਚੇ ਸੰਦੇਸ਼ਵਾਹਕ ਅਤੇ ਵੱਡੇ ਵਿਦਵਾਨ ਸਨ। ਗਿਆਨੀ ਦਿੱਤ ਸਿੰਘ ਦੀ ਤੀਖਣ ਬੁੱਧੀ, ਤਰਕਸ਼ੀਲਤਾ, ਅਕੱਟ-ਦਲੀਲਾਂ ਸਾਹਮਣੇ ਨਿਰਉੱਤਰ ਹੋਏ ਸੁਆਮੀ ਦਯਾਨੰਦ ਬਾਰੇ ਉਨ੍ਹਾਂ ਦੇ ਵਿਚਾਰ ਇਸ ਤਰ੍ਹਾਂ ਸਨ: "ਸਾਧ ਜੀ ਇਤਨੀ ਬੁੱਧੀ ਨਹੀਂ ਰਖਤੇ ਥੇ ਜਿਤਨੀ ਲੋਗ ਖਿਆਲਤੇ ਹੈਂ। ਉਹ ਇਕ ਸਾਦੇ ਖਿਆਲ ਸੁਭਾਅ ਕੇ ਪੁਰਸ਼ ਥੇ। ਜਿਸ ਕੋ ਜੋ ਮਨ ਮੇ ਆ ਜਾਤਾ ਥੋ ਲਿਖ ਮਾਰਤੇ ਥੇ। ਯੋਗ-ਅਯੋਗ ਨਹੀਂ ਵਿਚਾਰਤੇ ਥੇ।"

ਕਮਾਲ ਦੀ ਗੱਲ ਇਹ ਹੈ ਕਿ ਉਹ ਵੱਖ-ਵੱਖ ਧਰਮਾਂ-ਮਤਾਂ ਦੇ ਸਥਾਨਾਂ ਦਾ ਭਰਮਣ ਕਰਨ ਅਤੇ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਉਪਰੰਤ ਜਵਾਨੀ ਦੀ ਉਮਰ ਵਿਚ ਹੀ ਪ੍ਰੋ. ਗੁਰਮੁਖ ਸਿੰਘ ਦੀ ਸੰਗਤ ਵਿਚ ਆ ਕੇ ਇਕ ਪ੍ਰੋੜ ਸਿੱਖ ਵਿਦਵਾਨ ਬਣੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ, ਨਕਲੀ ਪੀਰਾਂ-ਫਕੀਰਾਂ, ਪਖੰਡੀ ਸਾਧਾਂ ਅਤੇ ਲੋਕਾਂ ਨੂੰ ਭਰਮ-ਭੁਲੇਖਿਆਂ ਵਿਚ ਫਸਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ ਡੇਰੇਦਾਰਾਂ ਵਿਰੁੱਧ ਇਕ ਜ਼ੋਰਦਾਰ ਲਹਿਰ ਅਰੰਭੀ। ਗਿਆਨੀ ਜੀ ਨੇ ਪਿੰਗਲ, ਵੇਦਾਂਤ ਅਤੇ ਰਾਜਨੀਤੀ ਦੇ ਗ੍ਰੰਥਾਂ ਦਾ ਖੂਬ ਅਧਿਐਨ ਕੀਤਾ ਅਤੇ ਆਪ ਜੀ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਗਿਆਤਾ ਸਨ। ਆਪ ਨੇ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਬਣਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ, ਸਿਧਾਂਤਾਂ ਅਤੇ ਗੁਰਮਤਿ ਮਾਰਗ ਦਾ ਜ਼ੋਰਦਾਰ ਪ੍ਰਚਾਰ ਕੀਤਾ। ਗਿਆਨੀ ਦਿੱਤ ਸਿੰਘ ਜੀ ਨੇ ਪੰਜਾਬੀ ਪੱਤਰਕਾਰੀ ਨੂੰ ਵੀ ਪ੍ਰਫੁਲਿਤ ਕੀਤਾ ਅਤੇ ਉਸ ਨੂੰ ਆਪਣੇ ਸਿੱਖ ਧਰਮ ਦੇ ਪ੍ਰਚਾਰ ਅਤੇ ਵਿਸਥਾਰ ਦਾ ਸਾਧਨ ਬਣਾਇਆ ਜਿਵੇਂ ਕਿ ੧੩ ਜੂਨ, ੧੮੮੬ ਈ. ਤੋਂ ਆਪਣੇ ਆਖਰੀ ਦਮ ੧੯੦੧ ਈ. ਤਕ ਖਾਲਸਾ ਅਖਬਾਰ ਲਾਹੌਰ ਦੀ ਸੰਪਾਦਨਾ ਕੀਤੀ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਪਹੁੰਚ ਕੇ ਵਿਚਾਰ-ਗੋਸ਼ਟੀਆਂ ਕੀਤੀਆਂ ਅਤੇ ਮਿਸ਼ਨਰੀ-ਸਪਿਰਟ ਨਾਲ ਪਾਠਕਾਂ ਅਤੇ ਸਰੋਤਿਆਂ ਦੇ ਸੁਝਾਅ ਵੀ ਪ੍ਰਾਪਤ ਕੀਤੇ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗੁੰਝਲਦਾਰ ਅਤੇ ਜਟਿਲ ਪ੍ਰਸ਼ਨਾਂ ਦੇ ਉੱਤਰ ਦੇ ਕੇ ਗੁਰਮਤਿ ਫ਼ਲਸਫ਼ੇ ਨੂੰ ਸਹੀ ਅਤੇ ਸ਼ੁੱਧ ਰੂਪ ਵਿਚ ਸਮਝਾਇਆ। ਸ੍ਰੀ ਦਸਮ ਗ੍ਰੰਥ ਸੰਬੰਧੀ ਅਨੇਕਾਂ ਸ਼ੰਕਿਆਂ ਨੂੰ ਦੂਰ ਕਰਨ ਹਿੱਤ ਉਨ੍ਹਾਂ ਨੇ ੧੮੯੯ ਈ. ਵਿਚ 'ਦੁਰਗਾ ਪ੍ਰਬੋਧ' ਪੁਸਤਕ ਛਾਪ ਕੇ ਹਮੇਸ਼ਾ ਲਈ ਸਿੱਖ ਜਗਤ ਨੂੰ ਸਪੱਸ਼ਟਤਾ ਪ੍ਰਦਾਨ ਕੀਤੀ। ਗਿਆਨੀ ਦਿੱਤ ਸਿੰਘ ਨੇ ਭਾਵੇਂ ਸ਼ਹੀਦੀ ਦਾ ਕਾਵਿ ਰੂਪ ਪ੍ਰਸੰਗ ਲਿਖਿਆ ਭਾਵੇਂ ਕੁਝ ਹੋਰ ਵਿਸ਼ਿਆਂ ਉੱਤੇ ਲਿਖ ਕੇ ਵਡਮੁੱਲੀ ਸੇਵਾ ਕੀਤੀ, ਉਸ ਵਿਚ ਨੌਜਵਾਨ ਸਿੱਖ ਪੀੜ੍ਹੀ ਨੂੰ ਪਤਿਤਪੁਣੇ, ਨਸ਼ੇ ਆਦਿ ਸਮਾਜਿਕ ਬੁਰਾਈਆਂ ਨੂੰ ਤਿਆਗਣ ਲਈ ਪ੍ਰੇਰਦੇ। ਪ੍ਰਸਿੱਧ ਵਿਦਵਾਨ ਪ੍ਰੋ. ਡਾ. ਇੰਦਰਜੀਤ ਸਿੰਘ ਗੋਗੋਆਣੀ ਅਨੁਸਾਰ, "ਉਨ੍ਹਾਂ ਦੀਆਂ ਰਚਿਤ ਪੁਸਤਕਾਂ ਇਤਿਹਾਸਿਕ ਜੀਵਨੀਆਂ, ਸਿੱਖ ਸਹਾਦਤਾਂ, ਧਰਮ ਤੇ ਫ਼ਲਸਫ਼ਾ, ਵਿਅੰਗ ਤੇ ਆਲੋਚਨਾ, ਨੀਤੀ-ਸਾਸ਼ਤਰ, ਗੁਰਬਾਣੀ ਵਿਆਖਿਆ, ਕਿੱਸਾ ਕਾਵਿ ਅਤੇ ਗੁਲਾਬ ਦਾਸੀ ਸਹਿਤ ਨਾਲ ਸੰਬੰਧਿਤ ਸਨ। ਮੂਲ ਮਿਸ਼ਨ ਸਭਨਾ ਦਾ ਪ੍ਰਚਾਰ ਤੇ ਸੁਧਾਰ ਹੈ।" ਗਿਆਨੀ ਦਿੱਤ ਸਿੰਘ ਨੇ ਖਾਲਸਾ ਪੰਥ ਦੇ ਅਣਗੌਲੇ ਕੀਤੇ ਪ੍ਰੰਤੂ ਨਿਰੋਏ ਅੰਗ, ਸਿਕਲੀਗਰਾਂ ਦੇ ਸਿੱਖੀ

ਵਿਚ ਪਰਪੱਕ ਹੋਣ ਸੰਬੰਧੀ ਪਰੰਤੂ ਆਰਥਿਕ ਮੰਦਹਾਲੀ ਵਿਚ ਜਿਉ ਰਹੀ ਇਸ ਕੜੀ ਬਾਰੇ ਵੀ ਪੰਥ ਦੇ ਲੀਡਰਾਂ ਨੂੰ ਸੁਚੇਤ ਕੀਤਾ। ਗਿਆਨੀ ਜੀ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ ਕਿ ਜਿੰਨਾ ਚਿਰ ਸਾਡਾ 'ਇਸਤਰੀ ਵਰਗ' ਧਰਮ-ਕਰਮ ਵਿਚ ਪ੍ਰਪੱਕ ਸਿੱਖਿਅਤ ਅਤੇ ਸੋਝੀਵਾਨ ਨਹੀਂ ਹੁੰਦਾ ਉਨ੍ਹਾਂ ਚਿਰ ਕੌਮ ਦੀ ਤਰੱਕੀ ਸੰਭਵ ਨਹੀਂ ਜਾਪਦੀ। ਉਹ ੯ ਅਗਸਤ, ੧੯੦੧ ਈ. ਦੇ ਖਾਲਸਾ ਅਖ਼ਬਾਰ ਲਾਹੌਰ ਵਿਚ ਲਿਖਦੇ ਹਨ, "ਜਿਸ ਕੌਮ ਦੀਆਂ ਇਸਤਰੀਆਂ ਧਰਮ ਵਿਚ ਦ੍ਰਿੜ੍ਹ ਅਤੇ ਸ੍ਰੇਸ਼ਟਤਾਚਾਰ ਵਿਚ ਪ੍ਰੇਮ ਰੱਖਦੀਆਂ ਹਨ। ਉਸ ਕੌਮ ਦੇ ਹੋਣਹਾਰ ਬੱਚੇ ਭੀ ਛੋਟੀ ਉਮਰਾਂ ਤੋਂ ਹੀ ਧਰਮ ਦੀਆਂ ਗੱਲਾਂ ਆਪਣੀ ਮਾਈ ਪਾਸੋਂ ਸੁਣਦੇ ਰਹਿੰਦੇ ਹਨ, ਜਿਸ 'ਤੇ ਉਨ੍ਹਾਂ ਦੇ ਹਿਰਦਿਆਂ ਵਿਚ ਧਰਮ ਦਾ ਅੰਕੁਰ ਦ੍ਰਿੜ੍ਹ ਹੋ ਜਾਂਦਾ ਹੈ ਪਰੰਤੂ ਜਿਸ ਕੌਮ ਦੀਆਂ ਇਸਤ੍ਰੀਆਂ ਧਰਮ-ਕਰਮ ਵਿਚ ਪ੍ਰੇਮ ਨਾ ਰੱਖਦੀਆਂ ਹੋਣ ਉਹ ਕੌਮਾਂ ਕਦੇ ਭੀ ਆਪਣੀ ਉੱਨਤੀ ਨਹੀਂ ਕਰ ਸਕਦੀਆਂ।"

ਗਿਆਨੀ ਜੀ ਜਿੱਥੇ ਇਕ ਸੱਚੇ ਸਮਾਜ-ਸੁਧਾਰਕ ਹੋਣ ਨਾਤੇ ਸਮਾਜਿਕ ਸੰਸਕਾਰਾਂ ਜਨਮ, ਮਰਨ, ਵਿਆਹ, ਸ਼ਾਦੀਆਂ ਵਿਚ ਕੀਤੀ ਜਾਂਦੀ ਫਜ਼ੂਲ ਖਰਚੀ ਦੇ ਵਿਰੁੱਧ ਸਨ, ਉੱਥੇ ਸਮਾਜ ਅੰਦਰ ਫੈਲੇ ਫੋਕਟ ਕਰਮ-ਕਾਂਡ, ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸਾਂ ਦਾ ਵੀ ਪੂਰੇ ਜ਼ੋਰ ਨਾਲ ਖੰਡਨ ਕਰਦੇ ਸਨ। ਗਿਆਨੀ ਜੀ ਦਾ ਆਪਣੇ ਗੁਰੂ ਅਤੇ ਗੁਰਬਾਣੀ ਉਤੇ ਅੱਟਲ ਨਿਸਚਾ ਸੀ ਅਤੇ ਉਹ *"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥"* ਦੇ ਸਿਧਾਂਤ ਉੱਤੇ ਦ੍ਰਿੜ੍ਹ ਸਨ। ਉਹ ਹਮੇਸ਼ਾਂ ਲੋਕਾਂ ਨੂੰ ਗੁਰਮਤਿ ਫ਼ਲਸਫ਼ੇ ਅਨੁਸਾਰ ਇਕੋ ਹੀ ਅਕਾਲ ਜੋਤ ਦੀ ਪੂਜਾ ਦ੍ਰਿੜ੍ਹ ਕਰਵਾਉਂਦੇ ਸਨ। ਆਪ ਦੀ ਪੁਸਤਕ 'ਗੁਗਾ ਗਪੋੜਾ' ਵਿਚ ਇਨ੍ਹਾਂ ਵਿਸ਼ਿਆਂ ਉੱਤੇ ਭਰਪੂਰ ਚਾਨਣਾ ਪਾਇਆ ਗਿਆ ਹੈ। ਦੇਹਧਾਰੀ ਗੁਰੂਆਂ ਨੂੰ ਉਹ ਕਬੀਰ ਭਗਤ ਜੀ ਵਾਂਗ 'ਬਨਾਰਸ ਕੇ ਠਗ' ਅਤੇ ਪੰਥ ਦੋਖੀ ਗਰਦਾਨਦੇ ਹਨ। ਗਿਆਨੀ ਜੀ ਆਪਣੇ ੧੧ ਸਤੰਬਰ, ੧੯੬੩ ਈ. ਦੇ ਖਾਲਸਾ ਅਖ਼ਬਾਰ ਲਾਹੌਰ ਵਿਚ ਇਸ ਬਾਰੇ ਇਉਂ ਲਿਖਦੇ ਹਨ:

*ਕੰਨ ਵਿਚ ਜੋ ਮੰਤ੍ਰ ਦੇ ਹੈਂ। ਪੁਨ ਆਗੈ ਹੋ ਕੇ ਜੋ ਲੈ ਹੈਂ॥*
*ਪਹਿਲਾ ਠੱਗ ਬਨਾਰਸ ਭਾਰਾ। ਦੂਜਾ ਧੋਖੇ ਵਿਚ ਵਿਚਾਰਾ॥*
*ਓਹ ਜਾਣੈ ਮੈਂ ਬੁੱਧੂ ਕੀਤਾ। ਦੂਜਾ ਸਮਝੇ ਗੁਰ ਧਰ ਲੀਤਾ॥*
*ਮੰਤਰ ਦਾਤਾ ਲੋਭ ਗ੍ਰਸਿਆ। ਦੂਜਾ ਮੂਰਖ ਪੰਛੀ ਫਸਿਆ॥*

ਇਸ ਤਰ੍ਹਾਂ ਗਿਆਨੀ ਜੀ ਨੇ ਵੱਖ-ਵੱਖ ਵਿਸ਼ਿਆਂ ਉਤੇ ਅਨੇਕਾਂ ਪੁਸਤਕਾਂ ਲਿਖ ਕੇ, ਪ੍ਰਚਾਰ ਦੌਰੇ ਕਰ ਕੇ ਪਖੰਡੀ ਤੇ ਕਰਮ-ਕਾਂਡੀ ਲੋਕਾਂ ਨੂੰ ਪੂਰੇ ਤਰਕ-ਵਿਤਰਕ ਨਾਲ ਸਿੱਧੇ ਰਸਤੇ ਪਾ ਕੇ ਅਤੇ ਸਿੱਖਾਂ ਅੰਦਰ ਫੈਲ ਰਹੀਆਂ ਸਮਾਜਿਕ ਅਤੇ ਧਾਰਮਿਕ ਬੁਰਾਈਆਂ, ਕਮੀਆਂ ਅਤੇ ਕਮਜ਼ੋਰੀਆਂ ਵਿਰੁੱਧ ਪੂਰੀ ਦ੍ਰਿੜ੍ਹਤਾ ਅਤੇ ਗੰਭੀਰਤਾ, ਸੰਜੀਦਗੀ ਅਤੇ ਸਿਦਕਦਿਲੀ ਨਾਲ ਪ੍ਰਚਾਰ ਕੀਤਾ। ਸਮੇਂ ਦੀਆਂ ਵੱਡੀਆਂ ਤੋਂ ਵੱਡੀਆਂ ਰੁਕਾਵਟਾਂ ਅਤੇ ਔਕੜਾਂ ਗਿਆਨੀ ਜੀ ਨੂੰ ਆਪਣੇ ਮਿਸ਼ਨ ਤੋਂ ਲਾਂਭੇ ਨਹੀਂ ਕਰਾ ਸਕੀਆਂ।

ਅਜਿਹੇ ਸਮੇਂ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗੇ ਮਹਾਨ ਕ੍ਰਾਂਤੀਕਾਰੀਆਂ ਦੀ ਲੋੜ ਹੈ ਅਤੇ ਇਕ ਨਵੀਂ 'ਸਿੰਘ ਸਭਾ ਲਹਿਰ' ਖੜੀ ਕਰਨ ਦੀ ਲੋੜ ਹੈ।

---

ਇਹ ਗੱਲ ਪੂਰੀ ਤਸੱਲੀ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬ ਤਥਾ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਿਹੜੀ ਚਿਣਗ ਭਾਈ ਮਹਾਰਾਜ ਸਿੰਘ ਨੇ ਸ਼ਹੀਦੀ ਦੇ ਕੇ ਅਤੇ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਵੱਲੋਂ ਚਲਾਈ "ਸਿੰਘ ਸਭਾ ਲਹਿਰ" ਨੇ ਪੰਜਾਬ ਅੰਦਰ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਾਮਾਗਾਟਾ ਮਾਰੂ ਜਹਾਜ਼ ਦੇ ਸੰਘਰਸ਼ੀ ਯੋਧਿਆਂ ਦੀ ਇਤਿਹਾਸਿਕ ਗਾਥਾ ਆਦਿ ਨੂੰ ਜਨਮ ਦਿੱਤਾ ਅਤੇ ਇਸ ਸਭ ਕੁਝ ਨੇ ਦੇਸ਼ ਦੀ "ਜੰਗ-ਏ-ਅਜ਼ਾਦੀ" ਨੂੰ ਪੂਰੀ ਤਰ੍ਹਾਂ ਪ੍ਰਚੰਡ ਕਰ ਦਿੱਤਾ ਅਤੇ ਅੰਤ ੧੫ ਅਗਸਤ, ੧੯੪੭ ਈ. ਨੂੰ ਇਹ 'ਸਿੰਘ ਸਭਾ ਲਹਿਰ' ਦੇ ਪਰਵਾਨਿਆਂ ਦੇ ਅਕਾਲ ਚਲਾਣੇ ਤੋਂ ਤਕਰੀਬਨ ਅੱਧੀ ਸਦੀ ਬਾਅਦ ਦੇਸ਼ ਅਜ਼ਾਦ ਹੋ ਗਿਆ। ਸਾਰਾ ਦੇਸ਼ ਅਤੇ ਖਾਲਸਾ ਪੰਥ ਉਨ੍ਹਾਂ ਅਦੁੱਤੀ ਤੇ ਕ੍ਰਾਂਤੀਕਾਰੀ ਯੋਧਿਆਂ ਦਾ ਸਦਾ ਲਈ ਅਹਿਸਾਨਮੰਦ ਰਹੇਗਾ। ਆਓ! ਉਨ੍ਹਾਂ ਮਹਾਨ ਸਿਰੜੀ-ਕ੍ਰਾਂਤੀਕਾਰੀ, ਸਿਦਕੀ, ਸੁਹਿਰਦ ਅਤੇ ਬਿਬੇਕ ਬੁਧੀ ਵਾਲੇ ਮਰਜੀਵੜਿਆਂ ਦੀਆਂ ਮਿਸਾਲੀ ਜ਼ਿੰਦਗੀਆਂ, ਘਾਲਣਾਵਾਂ, ਰਚਨਾਵਾਂ ਅਤੇ ਸੰਘਰਸ਼ ਤੋਂ ਸਬਕ ਸਿੱਖੀਏ ਅਤੇ ਆਪਣੇ ਦੇਸ਼, ਕੌਮ, ਪੰਥ ਅਤੇ ਪੰਜਾਬ ਨੂੰ ਖੁਸ਼ਹਾਲ ਅਤੇ ਗੌਰਵਮਈ ਬਣਾਈਏ। ਇਸੇ ਵਿਚ ਸਾਡਾ ਸਭ ਦਾ ਭਲਾ ਹੈ। ਇਹ ਸਾਡਾ ਆਪਣਾ ਗੌਰਵ ਹੋਵੇਗਾ। ਇਹ ਸਾਡੀ ਆਪਣੀ ਸ਼ਾਨ ਹੋਵੇਗੀ ਅਤੇ ਇਹ ਸਾਡਾ ਆਪਣਾ ਮਾਣ ਹੋਵੇਗਾ। ਇਨ੍ਹਾਂ ਦੋਹਾਂ ਹੀ ਮਹਾਨ ਸੰਘਰਸ਼ੀ ਅਤੇ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਲਿਖੀਆਂ ਪੁਸਤਕਾਂ ਸੰਬੰਧੀ ਸੂਚੀ ਨਿਮਨ ਅਨੁਸਾਰ ਹੈ। ਨਿਸਚੇ ਹੀ ਇਨ੍ਹਾਂ ਪੁਸਤਕਾਂ ਨਾਲ ਪੰਜਾਬੀ ਸਾਹਿਤ ਨੂੰ ਇਕ ਨਰੋਆ ਖ਼ਜ਼ਾਨਾ ਪ੍ਰਾਪਤ ਹੋਇਆ ਹੈ।

ਅੰਤ ਵਿਚ ਮੈਂ ਅੱਜ ਜਦੋਂ ਖਾਲਸਾ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧ ਅਕਤੂਬਰ, ੨੦੨੩ ਤੋਂ 'ਸਿੰਘ ਸਭਾ ਲਹਿਰ' ਦਾ ੧੫੦-ਸਾਲਾ ਸਥਾਪਨਾ ਦਿਵਸ ਪੂਰੇ ਖਾਲਸਾਈ ਜੋਸ਼, ਜਜ਼ਬੇ ਅਤੇ ਮਰਿਆਦਾ ਅਨੁਸਾਰ ਮਨਾਉਣ ਹਿੱਤ ਸਮਾਗਮ, "*ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ॥ ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ॥*" ਅਨੁਸਾਰ ਕਰਨ ਜਾ ਰਹੀ ਹੈ। ਆਓ! ਸਮੂਹ ਪੰਥ ਦਰਦੀ ਸੰਸਥਾਵਾਂ, ਜਥੇਬੰਦਕ ਸਿੰਘ ਸਭਾਵਾਂ ਆਦਿ ਆਪਣਾ ਪੂਰਾ ਪੂਰਾ ਯੋਗਦਾਨ ਪਾਈਏ ਤਾਂ ਜੋ ਮੁੜ ਸਿੰਘ ਸਭਾ ਲਹਿਰ ਵਾਲੀਆਂ ਭਾਵਨਾਵਾਂ ਨੂੰ ਪ੍ਰਚੰਡ ਕਰ ਕੇ ਖਾਲਸਾ ਪੰਥ ਦੀ ਵਡਮੁਲੀ ਸੇਵਾ ਨਿਭਾ ਸਕੀਏ।

ਅਕਾਲ ਪੁਰਖ ਅੰਗ ਸੰਗ!

■

# ਗਿ. ਦਿੱਤ ਸਿੰਘ ਤੇ ਸਿੰਘ ਸਭਾਈ ਗੁਰਬਾਣੀ ਵਿਆਖਿਆ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਸਿੰਘ ਸਭਾਈ ਗੁਰਬਾਣੀ ਵਿਆਖਿਆ ਲਈ ਅਸੀਂ ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਨੂੰ ਆਧਾਰ ਬਣਾਇਆ ਹੈ ਕਿਉਂਕਿ ਸਿੰਘ ਸਭਾ ਲਹਿਰ ਦੇ ਪ੍ਰਾਰੰਭ ਤੋਂ ਲੈ ਕੇ ਗੁਰਮਤਿ ਪ੍ਰਚਾਰ ਤੇ ਪਸਾਰ ਸਮੇਂ ਗਿਆਨੀ ਜੀ ਨੇ ਗੁਰਬਾਣੀ ਵਿਆਖਿਆ ਨੂੰ ਹੀ ਆਧਾਰ ਬਣਾਇਆ ਸੀ। ਉਸ ਸਿੰਘ ਸਭਾਈ ਗੁਰਬਾਣੀ ਵਿਆਖਿਆ ਪ੍ਰਤੀ ਸੰਖੇਪ ਵਿਚਾਰ ਕਰਦੇ ਹਾਂ। ਗਿ. ਦਿੱਤ ਸਿੰਘ ਦੇ ਜਨਮ (੨੧ ਅਪ੍ਰੈਲ, ੧੮੫੦ ਈ.) ਸਮੇਂ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ਾਂ ਦਾ ਗੁਲਾਮ ਹੋ ਚੁੱਕਾ ਸੀ। ਸੰਨ ੧੮੪੯ ਈ. ਵਿਚ ਅੰਗਰੇਜਾਂ ਦਾ ਸ਼ਾਸਨ ਸਥਾਪਤ ਹੋ ਜਾਣ ਪਿਛੋਂ ਈਸਾਈ ਮਿਸ਼ਨਰੀਆਂ ਨੂੰ ਸਰਕਾਰ ਦਾ ਸਮਰਥਨ, ਸਰਪ੍ਰਸਤੀ ਤੇ ਸਹਾਇਤਾ ਪਰਾਪਤ ਹੋਈ। ਧਾਰਮਿਕ ਦ੍ਰਿਸ਼ਟੀ ਤੋਂ ਸਿੱਖਾਂ ਵਿਚ ਸਿਧਾਂਤਕ ਪੱਖੋਂ ਗਿਰਾਵਟ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਹੀ ਆ ਗਈ ਸੀ ਪਰ ਹੁਣ ਰਹਿੰਦੀ ਕਸਰ ਅੰਗਰੇਜ਼ ਸਾਮਰਾਜ ਪੂਰੀ ਕਰ ਰਿਹਾ ਸੀ। ਸਮੁੱਚੇ ਰੂਪ ਵਿਚ ਸੰਨ ੧੮੫੦ ਤੋਂ ੧੮੮੦ ਤਕ ਜਿੱਥੇ ਕੌਮ ਉੱਪਰ ਬਾਹਰੋਂ ਈਸਾਈ ਮਿਸ਼ਨਰੀਆਂ ਦਾ ਹੱਲਾ ਹੋਇਆ, ਉਥੇ ਅੰਦਰੋਂ ਸਿੱਖਾਂ ਵਿਚੋਂ ਸੋਢੀ, ਬੇਦੀ ਭੱਲੇ ਆਦਿ ਗੁਰੂਡੰਮ੍ਹ ਦੀ ਆੜ ਹੇਠ ਆਪੋ ਆਪਣੀ ਪੂਜਾ ਕਰਵਾਉਣ ਲੱਗ ਪਏ ਸਨ।

ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ੧੮੫੩ ਈ. ਵਿਚ ਮਹਾਰਾਜਾ ਦਲੀਪ ਸਿੰਘ ਨੇ ਈਸਾਈ ਧਰਮ ਧਾਰਨ ਕਰ ਲਿਆ ਸੀ। ਸੰਨ ੧੮੭੩ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਵਿਚ ਸ਼ਾਮਲ ਹੋਣ ਦੀ ਇੱਛਾ ਜ਼ਾਹਰ ਕਰ ਦਿੱਤੀ। ਸਿੱਖ ਪੰਥ ਵਿਚ ਐਸੇ ਰੁਝਾਨ ਨੂੰ ਰੋਕਣ ਦੇ ਜਤਨ ਵਜੋਂ ਅਕਤੂਬਰ ੧੮੭੩ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੋਈ। ਸਿੰਘ ਸਭਾ ਦੇ ਉਦੇਸ਼ ਨੂੰ ਸਿਰੇ ਲਾਉਣ ਲਈ ਨਵੰਬਰ ੧੮੭੯ ਈ. ਨੂੰ ਸਿੰਘ ਸਭਾ ਲਾਹੌਰ ਸਥਾਪਿਤ ਹੋਈ। ਇਸ ਕਾਰਜ ਵਿਚ ਪ੍ਰੋ. ਗੁਰਮੁਖ ਸਿੰਘ ਤੇ ਗਿ. ਦਿੱਤ ਸਿੰਘ ਨੇ ਮੋਹਰੀ ਭੂਮਿਕਾ ਨਿਭਾਈ। ਸੰਨ ੧੮੮੩ ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ ਅਤੇ ੧੮੮੬ ਵਿਚ ਖਾਲਸਾ ਦੀਵਾਨ ਲਾਹੌਰ ਬਣਿਆ। ਖ਼ਾਲਸਾ ਦੀਵਾਨ ਲਾਹੌਰ ਦੇ ਉਦੇਸ਼ਾਂ ਵਿਚ ਮੁੱਖ ਰੂਪ ਵਿਚ ਸਿੱਖ ਫ਼ਿਲਾਸਫ਼ੀ ਤੇ ਇਤਿਹਾਸ ਦਾ ਪ੍ਰਚਾਰ ਕਰਨਾ ਅਤੇ ਸਿੱਖ ਧਰਮ ਦੀ ਵਿਲੱਖਣਤਾ ਨੂੰ ਸਥਾਪਤ ਕਰਨਾ ਸੀ। ਇਸ ਸਮੇਂ ਇਕ ਪਾਸੇ ਇਸਾਈ ਮਿਸ਼ਨਰੀ ਸਿੱਖਾਂ ਨੂੰ ਧਰਮ ਪਰਿਵਰਤਨ ਲਈ ਉਤਸ਼ਾਹਿਤ ਕਰ ਹਰੇ ਸਨ, ਦੂਜਾ ਸਿੱਖਾਂ ਵਿਚ ਹੀ ਗੁਰੂਡੰਮ੍ਹ ਅਤੇ ਹੋਰਨਾਂ ਸਮਾਜਿਕ-ਧਾਰਮਿਕ ਕੁਰੀਤੀਆਂ ਕਾਰਨ ਸਿੱਖ ਸਿਧਾਂਤ ਤੇ ਮਰਯਾਦਾ ਗਾਇਬ ਹੋ ਰਹੀ ਸੀ ਅਤੇ ਤੀਜਾ ਆਰੀਆ ਸਮਾਜ ਸਿੱਖ ਧਰਮ ਵਿਰੁੱਧ ਪ੍ਰਚਾਰ ਵਿਚ ਜੁਟਿਆ ਹੋਇਆ ਸੀ। ਅਜਿਹੇ ਮਾਹੌਲ ਵਿਚ ਸਿੰਘ ਸਭਾਈ ਦ੍ਰਿਸ਼ਟੀ ਤੋਂ

**ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀ:ਸੈਕੰ: ਸਕੂਲ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯੮੫੫੫੯*

ਗੁਰਬਾਣੀ ਵਿਆਖਿਆ ਆਰੰਭ ਹੋਈ।

ਕੁਝ ਪਿਛੋਕੜ ਵਿਚ ਜਾਈਏ ਤਾਂ ਜਰਮਨ ਮਿਸ਼ਨਰੀ ਡਾਕਟਰ ਈ. ਟ੍ਰੰਪ ਨੇ ੧੮੬੯ ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਰੇਜ਼ੀ ਅਨੁਵਾਦ ਦਾ ਕੰਮ ਸ਼ੁਰੂ ਕਰ ਕੇ ੧੮੭੭ ਈ. ਵਿਚ ਸ੍ਰੀ ਰਾਗ, ਮਾਝ ਰਾਗ, ਭਗਤ ਬਾਣੀ ਤੇ ਕੁਝ ਚੋਣਵੀਆਂ ਬਾਣੀਆਂ ਦੀ ਪ੍ਰਕਾਸ਼ਨਾ ਕੀਤੀ। ਸਿੱਖ ਵਿਦਵਾਨਾਂ ਨੇ ਇਹਨਾਂ ਦੇ ਅਰਥ ਨੂੰ ਅਨਰਥ ਕਿਹਾ। ਫਿਰ ਫ਼ਰੀਦਕੋਟ ਦਰਬਾਰ ਨੇ ਸਿੱਖ ਜਗਤ ਦੀ ਇਸ ਭਾਵਨਾ ਨੂੰ ਸਮਝ ਕੇ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਗਿ. ਬਦਨ ਸਿੰਘ ਪਾਸੋਂ ਕਰਵਾਇਆ। ਉਹਨਾਂ ੧੮੭੭ ਈ. ਨੂੰ ਸ਼ੁਰੂ ਕਰ ਕੇ ੧੮੮੩ ਵਿਚ ਸੰਪੂਰਨ ਕੀਤਾ।

ਸਿੰਘ ਸਭਾਈ ਵਿਆਖਿਆ ਪ੍ਰਣਾਲੀ ਦਾ ਅਧਿਐਨ ਕਰਨ ਤੋਂ ਪਹਿਲਾਂ ਇਕ ਗੱਲ ਵਿਚਾਰਨੀ ਜ਼ਰੂਰੀ ਹੈ ਕਿ ਡਾ. ਤਾਰਨ ਸਿੰਘ ਜੀ ਨੇ ਜੋ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਵਿਚ ਸਿੰਘ ਸਭਾਈ ਪ੍ਰਣਾਲੀ ਦਾ ਜ਼ਿਕਰ ਕੀਤਾ ਹੈ, ਉਸ ਦਾ ਇਤਿਹਾਸ ਭਾਈ ਵੀਰ ਸਿੰਘ ਤੋਂ ਆਰੰਭ ਕੀਤਾ ਹੈ । ਡਾ. ਸਾਹਿਬ ਨੇ ਉਕਤ ਵਿਆਖਿਆ ਪ੍ਰਣਾਲੀ ਵਿਚ ਗਿਆਨੀ ਦਿੱਤ ਸਿੰਘ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਈ ਵੀਰ ਸਿੰਘ ਜੀ ਦਾ ਕਾਰਜ ਖੇਤਰ ਗੁਰਬਾਣੀ ਵਿਆਖਿਆ ਸੰਬੰਧੀ ਅਤਿ ਮਹੱਤਵਪਰਨ ਹੈ ਪਰ ਇਸ ਤੋਂ ਪਹਿਲਾਂ ਗਿ. ਦਿੱਤ ਸਿੰਘ ਦੇ ਕੀਤੇ ਕਾਰਜ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਭਾਈ ਵੀਰ ਸਿੰਘ ਜੀ ਦੇ ਜਨਮ (੫ ਦਸੰਬਰ, ੧੮੭੨ ਈ.) ਤਕ ਗਿਆਨੀ ਦਿੱਤ ਸਿੰਘ ਸਿੱਖ ਪੰਥ ਵਿਚ ਇਕ ਤਕੜੇ ਪ੍ਰਚਾਰਕ ਦੇ ਤੌਰ 'ਤੇ ਸਥਾਪਤ ਹੋ ਚੁੱਕੇ ਸਨ।

ਸਾਡੀ ਦ੍ਰਿਸ਼ਟੀ ਤੋਂ ਸਿੰਘ ਸਭਾਈ ਗੁਰਬਾਣੀ ਵਿਆਖਿਆ ਪ੍ਰਣਾਲੀ ਦਾ ਆਗਾਜ਼ ਗਿ. ਦਿੱਤ ਸਿੰਘ ਜੀ ਤੋਂ ਹੁੰਦਾ ਹੈ, ਉਹਨਾਂ ਦੀਆਂ ਰਚਿਤ ਪੁਸਤਕਾਂ ਤੋਂ ਖ਼ਾਲਸਾ ਅਖ਼ਬਾਰ ਲਾਹੌਰ ਇਸਦਾ ਆਧਾਰ ਹਨ । ਸਿੰਘ ਸਭਾ ਲਾਹੌਰ ਦੇ ਉਦੇਸ਼ਾਂ ਤੇ ਆਸ਼ਿਆਂ ਦੇ ਪ੍ਰਚਾਰ ਲਈ ੧੩ ਜੂਨ, ੧੮੮੬ ਈ. ਨੂੰ ਖ਼ਾਲਸਾ ਅਖ਼ਬਾਰ ਲਾਹੌਰ ਸ਼ੁਰੂ ਹੋਇਆ। ਇਸਦੇ ਸੰਪਾਦਕ ਗਿ. ਦਿੱਤ ਸਿੰਘ ਸਨ ਅਤੇ ੧੪ ਜੂਨ, ੧੮੮੭ ਈ. ਤੋਂ ਇਸ ਸਪਤਾਹਕ ਅਖ਼ਬਾਰ ਵਿਚ ਇਕ ਕਾਲਮ ਸ਼ੁਰੂ ਹੋਇਆ, ਜਿਸ ਦਾ ਟਾਈਟਲ ਸੀ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼"। ਇਹ ਕਾਲਮ ੧੧ ਜੂਨ, ੧੮੮੭ ਤੋਂ ਸਤੰਬਰ ੧੯੦੧ ਤਕ ਹਰ ਹਫ਼ਤੇ ਪ੍ਰਬੋਧ ਪ੍ਰਕਾਸ਼ਤ ਹੁੰਦਾ ਰਿਹਾ। ਇਸ ਵਿਚ ੫੫੦ ਦੇ ਕਰੀਬ ਸ਼ਬਦ, ਸਲੋਕ ਜਾਂ ਗੁਰਬਾਣੀ ਟੂਕਾਂ ਦੀ ਵਿਆਖਿਆ ਹੋਈ ਹੈ। ਇਸ ਤੋਂ ਇਲਾਵਾ ਉਹਨਾਂ ਦੀ ਪੁਸਤਕ 'ਗੁਰਬਾਣੀ ਪ੍ਰਬੋਧ' ਵਿਚ ੮੯ ਸ਼ਬਦਾਂ ਦੀ ਵਿਆਖਿਆ ਹੈ। ਸ੍ਰੀ ਗੁਰੂ ਅਰਜਨ ਵਿਚ ੫੧ ਸ਼ਬਦ ਸ੍ਰੀ ਰਾਗ ਮਹਲਾ ਪੰਜਵਾਂ ਦੀ ਵਿਆਖਿਆ ਹੈ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿਚ 'ਲਾਵਾਂ' ਤੇ 'ਰਾਮਕਲੀ ਸਦ' ਬਾਣੀ ਉੱਪਰ ਗੰਭੀਰ ਵੀਚਾਰ ਕੀਤੀ ਹੈ। 'ਗੁਰਮਤਿ ਆਰਤੀ ਪ੍ਰਬੋਧ', 'ਸ੍ਰੀ ਗੁਰੂ ਨਾਨਕ ਪ੍ਰਬੋਧ', 'ਡਰਪੋਕ ਸਿੰਘ ਦਲੇਰ ਸਿੰਘ', 'ਧਰਮ ਦਰਪਨ', 'ਗੁੱਗਾ ਗਪੌੜਾ-ਸੁਲਤਾਨ ਪੁਆੜਾ', 'ਮੀਰਾਂ ਮਨੌਤ ਤੇ ਸੈਲਾਨੀ ਸਿੰਘ ਆਦਿ ਰਚਨਾਵਾਂ ਵਿਚ ਵੀ ਸਮਕਾਲੀ ਸਮੱਸਿਆਵਾਂ ਦਾ ਗੁਰਬਾਣੀ ਦੀ ਵਿਆਖਿਆ ਰਾਹੀਂ ਸਮਾਧਾਨ ਕੀਤਾ ਹੈ।

ਗਿਆਨੀ ਦਿੱਤ ਸਿੰਘ ਨੇ ਸਿੱਖ ਸਿਧਾਂਤ, ਸਮਾਜਿਕ ਜੀਵਨ ਜਾਚ ਤੋਂ ਰਹਿਤ ਦੇ ਵੱਖ-ਵੱਖ ਵਿਸ਼ਿਆਂ ਪ੍ਰਤੀ ਗੁਰਬਾਣੀ ਦੀਆਂ ਉਦਾਹਰਨਾਂ ਦੇ ਕੇ ਸਿੱਖੀ ਦ੍ਰਿੜ੍ਹ ਕਰਵਾਈ ਹੈ। ਸਮਕਾਲੀ ਸਿੱਖ ਸਮਾਜ ਦੀ ਧਾਰਮਿਕ ਤੇ ਸਮਾਜਿਕ ਪਹਿਚਾਣ ਸਥਾਪਤ ਕਰਨ ਲਈ ਅਨੇਕਾਂ ਸਵਾਲਾਂ ਦੇ ਜਵਾਬ ਉਹ ਗੁਰ ਸ਼ਬਦ ਰਾਹੀਂ ਸਪੱਸ਼ਟ ਕਰਦੇ ਸਨ। ਮੈਕਾਲਫ਼ ਨੂੰ ਅੰਗਰੇਜ਼ੀ ਵਿਚ ਟੀਕਾ ਕਰਨ ਲਈ ਗਿ. ਦਿੱਤ ਸਿੰਘ ਨੇ ਵੀ ਪੂਰਾ ਸਹਿਯੋਗ ਦਿੱਤਾ। ਮੈਕਾਲਫ ਨੇ ਸਿੱਖ ਰਿਲੀਜ਼ਨ ਦੇ ਆਰੰਭ ਵਿਚ ਜੋ ਪੰਜ ਵਿਦਵਾਨਾਂ ਦੇ ਚਿੱਤਰ ਦਿੱਤੇ ਹਨ ਉਹਨਾਂ ਵਿਚ ਗਿਆਨੀ ਜੀ ਸ਼ਾਮਲ ਹਨ। ਬੜੀ ਹੈਰਾਨੀ ਹੈ ਕਿ ਸਿੱਖ ਧਰਮ ਅਧਿਐਨ ਦੇ ਵਿਦਵਾਨਾਂ ਨੇ ਗਿਆਨੀ ਦਿੱਤ ਸਿੰਘ ਦਾ ਗੁਰਬਾਣੀ ਵਿਆਖਿਆ ਵਿਚ ਪਾਏ ਯੋਗਦਾਨ ਦਾ ਕੋਈ ਜ਼ਿਕਰ ਨਹੀਂ ਕੀਤਾ।

**ਸਿੰਘ ਸਭਾਈ ਧਾਰਨਾਵਾਂ :**

(ੳ) ਸਿੰਘ ਸਭਾ ਲਹਿਰ ਦਾ ਜੋ ਉਦੇਸ਼ ਸੀ ਉਸ ਅਨੁਸਾਰ ਸਿੱਖ ਪੰਥ ਦੀ ਸੁਤੰਤਰ ਧਾਰਮਿਕ ਹੋਂਦ ਨੂੰ ਸਥਾਪਨ ਕਰਨ ਦਾ ਪੂਰਾ ਯਤਨ ਕਰਨਾ। ਬਿਪਰਵਾਦ ਤੋਂ ਆਜ਼ਾਦ ਕਰਾਉਣ ਲਈ ਰਹਿਤ, ਬਹਿਤ ਤੇ ਮਰਯਾਦਾ ਦਾ ਪ੍ਰਚਾਰ ਕਰਨਾ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਲ ਹੋਰ ਕੋਈ ਗੁਰੂ ਹੋ ਹੀ ਨਹੀਂ ਸਕਦਾ। ਇਸ ਤਰ੍ਹਾਂ ਦੇਹਧਾਰੀ ਗੁਰੂਡੰਮ੍ਹ ਤੇ ਪਾਖੰਡਵਾਦ ਦਾ ਡਟ ਕੇ ਖੰਡਨ ਕਰਨਾ।

(ੲ) ਫੋਕਟ ਕਰਮਕਾਂਡ, ਮੜ੍ਹੀ ਮਸਾਣ ਦੀ ਪੂਜਾ, ਜੰਤਰਾਂ-ਮੰਤਰਾਂ-ਤੰਤਰਾਂ ਦੇ ਭਰਮ, ਥਿਤ ਵਾਰ ਕੇ ਦਿਨਾਂ ਦਿਹਾਰਾਂ ਦੇ ਭਰਮ ਦਾ ਖੰਡਨ ਕਰਕੇ ਗੁਰਮਤਿ ਦ੍ਰਿੜ੍ਹ ਕਰਵਾਉਣੀ।

ਹੁਣ ਅਸੀਂ ਗਿ. ਦਿੱਤ ਸਿੰਘ ਜੀ ਦੀ ਪਹੁੰਚ ਗੁਰਬਾਣੀ ਵਿਆਖਿਆ ਪ੍ਰਣਾਲੀ ਦੇ ਨਜ਼ਰੀਏ ਤੋਂ ਗੁਰਮਤਿ ਦੇ ਕੁਝ ਵਿਸ਼ਿਆਂ ਪ੍ਰਤੀ ਦਿੱਤੀ ਜਾਣਕਾਰੀ ਨੂੰ ਨਮੂਨੇ ਦੇ ਤੌਰ 'ਤੇ ਦੇਖਾਂਗੇ:

**ਅਕਾਲ ਪੁਰਖ ਦੇ ਸਰੂਪ ਦੀ ਵਿਆਖਿਆ :**

ਗਿ. ਦਿੱਤ ਸਿੰਘ ਜੀ ਅਕਾਲ ਪੁਰਖ ਦੇ ਸਰੂਪ ਦੀ ਵਿਆਖਿਆ ਕਰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਕਾਲਮ ਵਿਚ ਲਿਖਦੇ ਹਨ, "ਅਕਾਲ ਪੁਰਖ ਦੇ ਸਰੂਪ ਨੂੰ ਹਰ ਇਕ ਮੱਤ ਵਾਲੇ ਨੇ ਅਪੁਨੀ ਅਪੁਨੀ ਬੁੱਧੀ ਅਨੁਸਾਰ ਕਥਨ ਕੀਤਾ ਹੈ ਜਿਸ ਪਰ ਉਨ੍ਹਾਂ ਦੇ ਮਤ ਅਨੁਗਾਮੀ ਲੋਕ ਵੱਡੀ ਸ਼ਰਧਾ ਕਰਕੇ ਚਲ ਰਹੇ ਹਨ ਪੇਂਡੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਕਾਲ ਪੁਰਖ ਦਾ ਲੱਖਣ ਉਹ ਕਥਨ ਕੀਤਾ ਹੈ, ਜੋ ਸਾਰੇ ਮਤਾਂ ਵਾਲਿਯਾਂ ਨੂੰ ਮੰਨਨਾ ਪੈਂਦਾ ਹੈ ਅਤੇ ਸਭ ਨੂੰ ਪਿਆਰਾ ਹੈ, ਜੈਸਾ ਕਿ ਕਥਨ ਹੈ,ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਸ ਮੂਲ ਮੰਤ੍ਰ ਵਿਚ ਅਕਾਲ ਪੁਰਖ ਦੀ ਪ੍ਰਾਥਨਾ ਉਸ ਦੇ ਲਖਣਾ ਅਨੁਸਾਰ ਕੀਤੀ ਹੈ ਜਿਸ ਦਾ ਭਾਵ ਇਹ ਹੈ ਕਿ ਉਸ ਜਗਦੀਸ਼ਵਰ ਦਾ ਨਾਮ ਸਤਿ ਹੈ-ਅਰਥਾਤ ਤ੍ਰੈ ਕਾਲ ਅਬਾਧ ਹੈ ਜੋ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ। ਫੇਰ ਉਹ ਸ੍ਰਿਸਟੀ ਕਰਤਾ ਹੈ-ਏਥੇ ਕਰਤਾ ਸ਼ਬਦ ਪਾਲਨ ਸੰਹਾਰ ਕਰਤਾ ਭੀ ਅੰਗੀਕਾਰ ਕਰਨਾ ਚਾਹੀਏ ਫੇਰ ਉਹ ਪਰਮਾਤਮਾ ਪੁਰਖ ਹੈ ਅਰਥਾਤ ਨਰਕ ਜੋ ਮਹਾਨ ਦੁੱਖ ਹੈ ਉਸਤੇ ਰਖਯਾ ਕਰਨੇ ਵਾਲਾ ਹੈ ਦੂਸਰਾ ਨਿਰਭਉ ਹੈ ਕਿਉਂਕਿ ਭਉ ਆਪ ਤੇ ਬਲਵਾਨ ਨੂੰ ਦੇਖ ਕੇ ਹੁੰਦਾ ਹੈ, ਸੋ ਉਸ ਤੇ ਹੋਰ ਕੋਈ ਬਲਵਾਨ

ਨਹੀਂ ਹੈ, ਜਿਸ 'ਤੇ ਉਸਨੂੰ ਭੈਅ ਹੋਵੇ, ਫੇਰ ਉਹ ਵੈਰ ਰਹਿਤ ਹੈ ਕਿਉਂਕਿ ਵੈਰ ਉਸ ਨਾਲ ਹੁੰਦਾ ਹੈ, ਜੋ ਅਪੁਨਾ ਵਿਰੋਧੀ ਹੁੰਦਾ ਹੈ ਸੋ ਉਸ ਪਰਮਾਤਮਾ ਦਾ ਕੋਈ ਵਿਰੋਧੀ ਨਹੀਂ ਹੈ। ਜਿਸ ਤੇ ਉਸਦਾ ਕਿਸੇ ਨਾਲ ਵੈਰ ਹੋਵੇ ਉਸਦੀ ਮੂਰਤ ਕੋਈ ਕਾਠ ਯਾ ਪਿੱਤਲ ਯਾ ਪੱਥਰ ਆਦਿਕ ਵੀ ਨਹੀਂ ਹੈ ਪਰੰਤੂ ਅਕਾਲ ਅਰਥਾਤ ਨਾਸ਼ ਰਹਿਤ ਹੀ ਉਸਦੀ ਮੂਰਤਿ ਹੈ ਫੇਰ ਉਹ ਪਰਮਾਤਮਾ ਅਜੋਨੀ ਅਰਥਾਤ ਅਜਨਮ ਹੈ, ਜਿਸ ਪ੍ਰਕਾਰ ਲੋਕ ਠਾਕੁਰਾਂ ਦਾ ਜਨਮ ਮੰਨਦੇ ਹਨ ਅਤੇ ਨਾਸ਼ ਹੋਣਾ ਵੀ ਅੰਗੀਕਾਰ ਕਰਦੇ ਹਨ। ਇਸ ਪ੍ਰਕਾਰ ਪਰਮਾਤਮਾ ਨਹੀਂ ਹੈ ਅਰਥਾਤ ਜਨਮ ਰਹਿਤ ਹੈ ਅਤੇ ਸੁਤੰਤਰ ਕਿਸੇ ਦੇ ਆਸਰੇ ਨਹੀਂ ਹੈ। ਇਹ ਮੂਲ ਮੰਤ੍ਰ ਪਰਮਾਤਮਾ ਦੇ ਵਿਸ਼ੇਸ਼ ਨੂੰ ਪ੍ਰਗਟ ਕਰ ਰਿਹਾ ਹੈ ਜਿਸਦਾ ਸੰਖੇਪ ਅਗਲੇ ਮੰਤ੍ਰ ਵਿਚ ਕਥਨ ਕੀਤਾ ਹੈ ਕਿ ਅਜਿਹੇ ਅਕਾਲ ਪੁਰਖ ਨੂੰ ਜੋ ਗੁਰੂ ਅਰਥਾਤ ਵੱਛਾ ਅਤੇ ਦਯਾਲੂ ਹੈ, ਉਸਦਾ ਅਰਾਧਨ ਕਰੋ ਜੋ ਸੰਸਾਰ ਦੇ ਆਦਿ ਕਾਲ ਵਿਚ ਭੀ ਸਭ ਸੀ ਸੰਸਾਰ ਦੀ ਉਤਪਤੀ ਵਿਚ ਭੀ ਸੱਤ ਸੀ ਵਰਤਮਾਨ ਕਾਲ ਵਿਚ ਵੀ ਸਤ ਹੈ ਅਤੇ ਅੱਗੇ ਨੂੰ ਸੱਤ ਹੋਵੇਗਾ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਮੰਤ੍ਰ ਦੇਖ ਕੇ ਤੇ ਅਕਾਲ ਪੁਰਖ ਦੀ ਮੂਰਤੀ ਜੋ ਅਮੂਰਤ ਮੂਰਤੀ ਹੈ, ਉਸਦਾ ਪੁਰਖ ਨੂੰ ਸਹਿਜੇ ਹੀ ਅਨੁਭਵ ਹੋ ਜਾਂਦਾ ਹੈ ਇਸ ਸਿਧਾਂਤ ਨੂੰ ਸਭ ਸੁਣ ਕਰਕੇ ਭੀ ਜੇ ਸਿੱਖ ਲੋਕ ਅਕਾਲ ਪੁਰਖ ਦਾ ਜਨਮ ਮਰਨ ਮੰਨਦੇ ਹਨ ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਉਪਦੇਸ਼ ਤੇ ਬਿਲਕੁਲ ਬਿਮੁਖ ਹਨ ਤਾਂ ਤੇ ਹੈ ਭਾਈਓ ਜੇ ਆਪ ਗੁਰੂ ਦੇ ਸੱਚੇ ਪ੍ਰੇਮੀ ਹੋਂ ਤਾਂ ਤੁਸੀਂ ਉਸ ਜਗਦੀਰ ਨੂੰ ਉਸੀ ਪ੍ਰਕਾਰ ਦਾ ਅੰਗੀਕਾਰ ਕਰੋ ਜੇਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਕਥਨ ਕੀਤਾ ਹੈ-ਆਸ਼ਾ ਹੈ ਜੋ ਸਾਡੇ ਸਿੱਖ ਭਾਈ ਇਨ੍ਹਾਂ ਉਪਦੇਸ਼ਾਂ ਨੂੰ ਵਿਚਾਰਨਗੇ(੨੩ ਮਾਰਚ, ੧੯੯੯, ਖਾਲਸਾ ਅਖ਼ਬਾਰ ਲਾਹੌਰ, ਪੰਨਾ ੩)

**ਨਸ਼ਿਆਂ ਤੋਂ ਰੋਕਣ ਦਾ ਢੰਗ :** ਨਸ਼ਾ ਗ੍ਰਸਤ ਸਮਾਜ ਆਪਣੇ ਵਿਕਾਸ ਦੇ ਰਸਤੇ 'ਚ ਖ਼ੁਦ ਹੀ ਅਟਕ ਕੇ ਰਹਿ ਜਾਂਦਾ ਹੈ। ਗਿਆਨੀ ਜੀ ਨਸ਼ਾ ਮੁਕਤੀ ਲਈ ਸਿੱਖ ਸਮਾਜ ਨੂੰ ਗੁਰਬਾਣੀ ਦੇ ਹਵਾਲਿਆਂ ਨਾਲ ਪ੍ਰੇਰਤ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਸਿਰਲੇਖ ਹੇਠ ਗਿਆਨੀ ਜੀ ਇਉਂ ਵਿਆਖਿਆ ਕਰਦੇ ਹਨ:

ਸ਼ਰਾਬ ਦਾ ਪੀਣਾ ਸ਼ਾਸਤ੍ਰਕਾਰ ਅਤੇ ਵੱਡੇ ਵੱਡੇ ਮਹਾਤਮਾ ਨੇ ਬਹੁਤ ਬੁਰਾ ਕਥਨ ਕੀਤਾ ਹੈ-ਅੱਜਕਲ੍ਹ ਜਗਹਿ ਜਗਹਿ ਕਮੇਟੀਆਂ ਇਸਦੇ ਦੂਰ ਕਰਨ ਲਈ ਦੇਸ ਦੇ ਵਿਚ ਹੋ ਰਹੀਆਂ ਹਨ। ਕਈ ਅਖਬਾਰਾਂ ਦੇ ਵਿਚ ਮਜ਼ਮੂਨ ਅਤੇ ਕਈ ਰਸਾਲਿਆਂ ਦੇ ਵਿਚ ਇਸਦਾ ਰੱਦ ਕੀਤਾ ਜਾਂਦਾ ਹੈ। ਹਰ ਇਕ ਮਜ਼ਹਬ ਜੋ ਆਪਣੇ ਆਪ ਨੂੰ ਚੰਗਾ ਸਾਬਤ ਕਰਦਾ ਹੈ, ਸੋ ਇਹੋ ਦੱਸਦਾ ਹੈ ਕਿ ਸ਼ਰਾਬ ਦਾ ਪੀਣਾ ਸਾਡੇ ਮਜ਼ਹਬ ਦੇ ਵਿਚ ਗੁਨਾਹ ਹੈ ਅਤੇ ਇਸਦਾ ਤਿਆਗਨਾ ਹੀ ਪੁੰਨ ਦਾ ਫਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਸ਼ਰਾਬ ਬਾਰੇ ਦਸਿਆ ਗਿਯਾ ਹੈ ਕਿ ਸ਼ਰਾਬ ਇਹ ਨਹੀਂ ਹੈ ਜੋ ਕਲਾਲਾਂ ਦੀ ਦੁਕਾਨ ਪਰ ਬਿਕਦੀ ਹੈ ਯਾ ਲਾਇਸੰਸ ਲੈ ਕਰਕੇ ਆਦਮੀ ਬੇਚਦੇ ਹਨ ਪ੍ਰੰਤੂ ਇਹ ਉਹ ਸ਼ਰਾਬ ਹੈ ਜੋ ਆਤਮਾ ਦੇ ਨਾਲ ਸੰਬੰਧ ਰਖਦੀ ਹੈ, ਜਿਸਦੇ ਪੀਣੇ ਤੋਂ ਮਨ ਮਤਵਾਲਾ ਹੁੰਦਾ ਹੈ ਅਕਾਲ ਪੁਰਖ ਦੇ ਨਾਲ ਜੀਵ ਦਾ ਸੰਬੰਧ ਹੁੰਦਾ ਹੈ। ਇਸ ਲਈ ਇਹ ਸ਼ਰਾਬ ਇਕ ਸੱਚੀ ਸ਼ਰਾਬ ਹੈ ਅਤੇ ਹਰ ਇਕ ਭਗਤ ਜਨ ਨੂੰ ਪੀਣੀ ਚਾਹੀਦੀ ਹੈ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥

*ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥*

ਇਹ ਪੂਰਾ ਸ਼ਬਦ ਦੇ ਕੇ ਫਿਰ ਵਿਆਖਿਆ ਹੈ, "ਇਸ ਸ਼ਬਦ ਦਾ ਭਾਵ ਇਹ ਕਿ ਇਸ ਪੁਰਸ਼ ਨੂੰ ਇਸ ਪ੍ਰਕਾਰ ਦਾ ਨਸ਼ਾ ਪੀਣਾ ਚਾਹੀਏ ਜੋ ਇਸ ਪ੍ਰਕਾਰ ਦੇ ਮਸਾਲੇ ਪਾ ਕਰਕੇ ਕਢਿਆ ਹੋਇਯਾ ਹੋਵੇ ਜਿਸ ਵਿਚ ਗੁੜ ਯਾ ਧਾਵੈ ਗਿਯਾਨ ਰੂਪੀ ਹੋਣ-ਅਰਥਾਤ ਅਕਾਲ ਪੁਰਖ ਦਾ ਗਿਯਾਨ ਹੋਵੇ ਅਤੇ ਕਰਣੀ ਰੂਪੀ ਕਸ ਅਰਥਾਤ ਕਿਕਰ ਦਾ ਛਿਲਕਾ ਹੋਵੇ ਜਿਸ ਨੂੰ ਅਕਾਲ ਪੁਰਖ ਦੀ ਭਾਵਨਾ ਰੂਪੀ ਭੱਠੀ ਪਰ ਚੜ੍ਹਾ ਕੇ ਪ੍ਰੇਮ ਰੂਪੀ ਪੋਚਾ ਦਿੱਤਾ ਹੋਵੇ। ਇਹ ਰੀਤੀ ਨਾਲ ਉਹ ਅੰਮ੍ਰਿਤ ਚੁਆਇਆ ਜਾਵੇ ਉਸ ਅਕਾਲ ਪੁਰਖ ਦੇ ਅਨੰਦ ਰੂਪੀ ਰਸ ਨਾਲ ਇਹ ਮਨ ਮਤਵਾਲਾ ਹੋਵੇ ਅਰਥਾਤ ਇਸ ਰਸ ਨੂੰ ਪੀ ਕੇ ਸਹਿਜੇ ਹੀ ਉਸਦੇ ਰੰਗ ਵਿਚ ਰਚ ਜਾਵੇ।"

ਅੰਤ ਵਿਚ ਸਿੱਟਾ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਵਿਸ਼ਵਾਸ ਰਖਨੇ ਵਾਲੇ ਭਾਈਆਂ ਪ੍ਰਤਿ ਪ੍ਰਾਥਨਾ ਹੈ ਕਿ ਜੇਕਰ ਆਪ ਨੇ ਸ਼ਰਾਬ ਪੀਣੀ ਹੈ ਤਾਂ ਇਹ ਸ਼ਰਾਬ ਪੀਓ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਥਨ ਕਰਦੇ ਹਨ।" (ਖਾਲਸਾ ਅਖ਼ਬਾਰ ਲਾਹੌਰ, ੩੦ ਮਾਰਚ, ੧੮੯੯, ਪੰਨਾ ੩)

**ਫੋਕਟ ਕਰਮਕਾਂਡਾਂ ਪ੍ਰਤੀ :** ਮਾਨਵਤਾ ਦਾ ਵੱਡਾ ਹਿੱਸਾ ਬਿਬੇਕ ਬੁੱਧੀ ਅਨੁਸਾਰ ਜੀਵਨ ਬਸਰ ਨਹੀਂ ਕਰਦਾ ਸਗੋਂ ਦਿਖਾਵੇ ਤੇ ਬਾਹਰੀ ਫੋਕਟ ਕਰਮਾਂ ਤਕ ਖਚਿਤ ਹੋ ਕੇ ਰਹਿ ਜਾਂਦਾ ਹੈ। ਇਥੇ ਗਿਆਨੀ ਜੀ ਸ਼ਬਦ ਦੀ ਟੇਕ ਲੈ ਕੇ ਵਿਆਖਿਆ ਕਰਦੇ ਹਨ।

ਇਸ ਸੰਸਾਰ ਦੇ ਪ੍ਰਾਣੀ ਅੰਤਹਿਕਰਣ ਦੀ ਸੁਧੀ ਯਾ ਪਾਪਾਂ ਦੀ ਨਿਵਿਰਤੀ ਅਤੇ ਸਵਰਗ ਦੀ ਪ੍ਰਾਪਤੀ ਲਈ ਨਾਨਾ ਪ੍ਰਕਾਰ ਦੇ ਕਰਮ ਕਰਦੇ ਹਨ-ਜਿਨ੍ਹਾਂ ਵਿਚੋਂ ਇਕ ਤੀਰਥਾਂ ਪਰ ਜਾ ਕੇ ਇਸ਼ਨਾਨ ਕਰਨਾ ਭੀ ਹੈ ਜਿਸਦੇ ਕਰਨੇ ਤੇ ਉਹ ਲੋਕ ਪਾਪਾਂ ਦੀ ਨਿਵਿਰਤੀ ਅਤੇ ਸਵਰਗ ਦੀ ਪ੍ਰਾਪਤੀ ਸਮਝਦੇ ਹਨ-ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਇਸ ਬਾਹਰਲਿਆਂ ਕਰਮਾਂ ਦਾ ਖੰਡਨ ਕੀਤਾ ਹੈ ਜੈਸਾ ਕਿ ਕਥਨ ਹੈ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
*ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥*

ਅਰਥਾਤ ਜੇਕਰ ਪੁਰਖ ਦੇ ਹਿਰਦੇ ਵਿਚ ਅਵਿੱਦਿਆ ਅਤੇ ਪਾਪਾਂ ਰੂਪੀ ਮਲ ਹੈ ਅਤੇ ਉਹ ਤੀਰਥਾਂ ਪਰ ਜਾ ਕਰਕੇ ਇਸ਼ਨਾਨ ਕਰਦਾ ਹੈ ਤੇ ਆਸ਼ਾ ਰਖਦਾ ਹੈ ਕਿ ਸੁਰਗ ਨੂੰ ਜਾਵਾਂਗਾ, ਸੋ ਉਹ ਕਦੇ ਵੀ ਉਸਨੂੰ ਪ੍ਰਾਪਤ ਨਹੀਂ ਹੋਵੇਗਾ-ਲੋਕਾਂ ਦੇ ਪਤੀਜਣੇ ਅਰਥਾਤ ਮਾਣ ਵਡਿਆਈ ਦੇ ਕਰਨੇ ਕਰਕੇ ਕੁਛ ਨਹੀਂ ਹੁੰਦਾ ਕਿਉਂਕਿ ਪਰਮੇਸ਼ਵਰ ਕੋਈ ਬਾਲਕ ਨਹੀਂ ਹੈ ਜੋ ਮਾਲਾ ਪਕੜ ਕੇ ਰਾਮ ਰਾਮ ਕਰਨ ਤਾਂ ਕਿਸੇ ਵਸ਼ੇਸ਼ ਜਲ ਦੇ ਵਿਚ ਇਸ਼ਨਾਨ ਕਰਨੇ, ਪਰ ਖੁਸ਼ ਹੋ ਜਾਵੇਗਾ। (ਖਾਲਸਾ ਅਖਬਾਰ ਲਾਹੌਰ, ੭ ਜੁਲਾਈ ੧੬੯੮, ਪੰਨਾ ੩)

**ਗੁਰਮਤਿ ਅਨੁਸਾਰ ਜੀਵਨ-ਮਰਨ ਕੀ ਹੈ?** ਗਿਆਨੀ ਦਿੱਤ ਸਿੰਘ ਗੁਰਮਤਿ ਦੇ ਨਜ਼ਰੀਏ ਤੋਂ ਜੀਵਨ-ਮਰਨ ਦੀ ਵਿਆਖਿਆ ਇਉਂ ਕਰਦੇ ਹਨ, "ਇਸ ਸੰਸਾਰ ਦੇ ਪ੍ਰਾਣੀ ਅਪਨੇ ਆਪ ਨੂੰ ਪ੍ਰਾਣਾਂ ਦੇ ਰੱਖਨੇ ਕਰਕੇ ਜੀਵਨ ਅਤੇ ਪ੍ਰਾਣ ਤਯਾਗ ਤੇ ਅਪਨਾ ਮਰਨ ਸਮਝਦੇ ਹਨ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਾਣ ਰੱਖਨ ਨੂੰ ਜੀਵਨ ਨਹੀਂ ਦੱਸਦੇ ਕਿੰਤੂ ਉਸਥੋਂ ਉਲਟ ਇਹ ਉਪਦੇਸ਼ ਕਰਦੇ ਹਨ

ਯਥਾ : *ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

ਇਸ ਪਵਿੱਤ੍ਰ ਉਪਦੇਸ਼ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਓਹੋ ਪੁਰਖ ਜੀਉਂਦਾ ਹੈ ਜਿਸਦੇ ਮਨ ਵਿਚ ਅਕਾਲ-ਪੁਰਖ ਦਾ ਸਰੂਪ ਵਿਰਾਜ ਰਿਹਾ ਹੈ, ਕਿਉਂਕਿ ਅਕਾਲ-ਪੁਰਖ ਹੀ ਸਭ ਜੀਵਨ ਦਾ ਜੀਵਨ ਹੈ, ਉਸਤੋਂ ਬਿਨਾਂ ਹੋਰ ਕੋਈ ਇਸ ਸੰਸਾਰ ਪਰ ਜੀਉਂਦਾ ਨਹੀਂ ਰਹੇਗਾ, ਅਰਥਾਤ ਸਭ ਚਲਾਇਵਾਨ ਹੈ ਪਰੰਤੂ ਜੇਕਰ ਕੋਈ ਪੁਰਖ ਅਪਨੀ ਇੱਜ਼ਤ ਨੂੰ ਖੋਹ ਕੇ ਇਸ ਸੰਸਾਰ ਪਰ ਜੀਊਂਦਾ ਹੈ ਜੋ ਉਸ ਵਾਸਤੇ ਖਾਣਾ ਪੀਣਾ ਸਾਰਾ ਹਰਾਮ ਹੈ ਕਿਉਂਕਿ ਬੇਇੱਜ਼ਤ ਹੋ ਕੇ ਜ਼ਿੰਦਾ ਰਹਨਾ ਧਿਕਾਰਤਾ ਦਾ ਕੰਮ ਹੈ ਇਸਤੇ ਇਹ ਭਾਵ ਨਿਕਲਦਾ ਹੈ ਕਿ ਜੀਉਨਾ ਓਹ ਸਫਲ ਹੈ ਜੋ ਅਕਾਲ-ਪੁਰਖ ਦੇ ਸਮਰਨ ਅਤੇ ਇੱਜ਼ਤ ਨਾਲ ਸੰਸਾਰ ਪਰ ਰਹਿਨਾ ਹੈ ਕਿੰਤੂ ਇਸਤੇ ਬਿਨਾਂ ਪੁਰਖ ਦਾ ਖਾਣਾ ਪੀਣਾ ਹੀ ਹਰਾਮ ਹੈ। ਕਜ਼ਾ ਇਸ ਸ਼ਬਦ ਪਰ ਵਿਸ੍ਵਾਸ ਰਖਨੇ ਵਾਲੇ ਮਹਾਤਮਾ ਭੀ ਅਪਨੇ ਆਪ ਨੂੰ ਬੇਇੱਜਤ ਅਤੇ ਅਕਾਲ ਪੁਰਖ ਤੇ ਬੇਮੁੱਖ ਹੋ ਕੇ ਜ਼ਿੰਦਾ ਸਮਝਨਗੇ? (ਖਾਲਸਾ ਅਖਬਾਰ ਲਾਹੌਰ, ੨ ਜਨਵਰੀ ੧੮੯੬, ਪੰਨਾ ੩)

**ਸਮਕਾਲੀ ਹਾਲਤਾਂ ਅਨੁਸਾਰ ਸਮਝਾਉਣ ਦਾ ਢੰਗ :**

ਗਿ. ਦਿੱਤ ਸਿੰਘ ਨੇ ਸਿੰਘ ਸਭਾਈ ਦ੍ਰਿਸ਼ਟੀ ਤੋਂ ਸਿੱਖ ਸਮਾਜ ਨੂੰ ਗੁਰਮਤਿ ਸਿੱਖਿਆ ਦਿੰਦਿਆਂ ਲਾਲਾਂ ਵਾਲੇ ਪੀਰ ਦੀ ਮੰਨਤਾ ਤੋਂ ਮੋੜਨ ਲਈ ਗੁਰਸ਼ਬਦ ਦੀ ਇਉਂ ਵਿਆਖਿਆ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਬਹੁਤ ਸਾਰੇ ਪੁਰਖ ਆਪਣੇ ਮਨਾਂ ਵਿਚ ਅਰ ਆਪਸ ਵਿਚ ਮਿਲਕੇ ਇਹ ਵਿਚਾਰ ਕਰਦੇ ਹਨ ਕਿ ਕੀ ਸਬੱਬ ਹੈ ਜੋ ਸਾਡੇ ਮਨੋਰਥ ਹੋਰ ਹਨ ਅਰ ਉਨ੍ਹਾਂ ਦੇ ਵਰਤਾਰੇ ਹੋਰ ਹਨ, ਜਿਨ੍ਹਾਂ ਦਾ ਕੋਹਾਂ ਦਾ ਫਰਕ ਦਿਸਦਾ ਹੈ ਇਸ ਵਿਚ ਕਿਆ ਕਾਰਨ ਹੈ ? ਦੂਸਰਾ ਕਈ ਭਾਈ ਜੋ ਸਤਿ ਕਰਮ ਯਾ ਆਚਾਰਿ ਬਿਹਾਰ ਦੇ ਪਰਵਾਰ ਵਿਚ ਫੈਲਾਉਨ ਦਾ ਯਤਨ ਕਰਦੇ ਹਨ ਸੋ ਨਹੀਂ ਫੈਲਦਾ ਅਤੇ ਸਗੋਂ ਆਖਦੇ ਹਨ ਕਿ ਅਜੇ ਸਾਡੇ ਘਰਾਂ ਵਿਚ ਇਸ ਸੁਕਰਮ ਪ੍ਰਚਾਰ ਦਾ ਸਮਯ ਨਹੀਂ ਆਇਆ। ਇਸ ਦਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਇਹ ਕਥਨ ਕਰਦੇ ਹਨ, ਯਥਾ :

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*

ਇਸ ਸ਼ਬਦ ਦਾ ਭਾਵ ਇਹ ਹੈ ਕਿ ਐਸੇ ਕਲਜੁਗ ਅਰਥਾਤ ਕਲੇਸ਼ ਦੇ ਸਮਯ ਵਿਚ ਸਾਉ ਸੁਭਾਵ ਵਾਲੇ ਦੇਵਤੇ ਤਾਂ ਹੋਨੇ ਅਤਿ ਕਠਨ ਹਨ ਪਰੰਤੂ ਜਿਨ੍ਹਾਂ ਪੁਰਖਾਂ ਦੇ ਗ੍ਰਹਿ ਵਿਚ ਰਜੋ ਗੁਣ ਅਤੇ ਤਮੋ ਗੁਣ ਜਿਆਦਹ ਵਰਤ ਰਹੇ ਹਨ ਉਨ੍ਹਾਂ ਦੇ ਅੱਗੇ ਪੈਦਾਵਾਰੀ ਭੀ ਜਿੰਨ੍ਹਾਂ ਦੀ ਹੀ ਹੁੰਦੀ ਹੈ ਜੋ ਪੁੱਤ ਪੈਦਾ ਹੋਵੇਗਾ ਸੋ ਭੀ ਜਨੂਰਾ ਅਰ ਜੋ ਧੀ ਜੰਮੇਗੀ ਤਾਂ ਭੀ ਜਿੰਨੀ ਅਤੇ ਘਰ ਵਿਚ ਜੋ ਇਸਤ੍ਰੀ ਹੈ ਸੋ ਅੱਗੇ ਹੀ ਜਿੰਨਾਂ ਦੀ ਸਰਦਾਰ ਹੈ। ਹੋਰ ਅਜੇਹੇ ਘਰ ਵਿਚ ਜਦੋਂ ਪੁਰਖ ਆਖਦਾ ਹੈ ਕਿ ਅਸੀਂ ਸਿੱਖ ਹਾਂ ਤਦ ਜੋਰੂ ਜਿੰਨਾਂ ਦੀ ਸਰਦਾਰ ਬੋਲਦੀ ਹੈ ਕਿ ਕਿਆ ਗੁਰੂ ਲਾਲਾਂ ਵਾਲੇ ਪੀਰ ਨਾਲੋਂ ਵੱਡਾ ਹੈ? ਅੱਗੇ ਮੁੰਡਾ ਆਖਦਾ ਹੈ

ਵੱਡਾ ਨਹੀਂ ਹੈ ਲਾਲਾਂ ਵਾਲਾ ਤਾਂ ਲੱਖਾਂ ਦਾ ਦਾਤਾ ਹੈ। ਜਿਸ ਪਰ ਧੀ ਜਨੂਰੀ ਗਵਾਹੀ ਦੇਂਦੀ ਹੈ ਕਿ ਮੇਰੇ ਸਾਹੁਰੇ ਦੀ ਇਕ ਘੋੜੀ ਚੁਰਾਈ ਹੋਈ ਲਾਲਾਂ ਵਾਲੇ ਨੇ ਲੁਭਾਇ ਦਿੱਤੀ ਸੀ, ਸੋ ਜਿਸ ਜਗਾ ਪਰ ਅਜੇਹਾ ਪ੍ਰਵਾਰ ਹੈ ਉਸ ਜਗਾ ਸੱਚ ਮੁੱਚ ਕਲਜੁਗ ਅਤੇ ਉਸ ਵਿਚ ਜੋ ਓਹ ਘਰ ਬਾਰੀ ਹਨ ਸੋ ਸਾਰੇ ਜਿੰਨਾਂ ਦਾ ਅਵਤਾਰ ਸਮਝਨੇ ਚਾਹੀਏ ਜਿਨ੍ਹਾਂ ਦੇ ਚਿੱਤਾਂ ਵਿਚੋਂ ਅਕਾਲ ਪੁਰਖ ਦੀ ਭਗਤੀ ਦੂਰ ਹੋ ਗਈ ਹੈ। ਕਿਆ ਪਾਠਕ ਜਨ ਅਜੇਹੇ ਜਿੰਨਾਂ ਦੇ ਨਮੂਨੇ ਵਾਲੇ ਪਰਵਾਰ ਨੂੰ ਦੇਵਤਾ ਬਨਾਉਣ ਲਈ ਯਤਨ ਨਹੀਂ ਕਰਨਗੇ ? (ਖਾਲਸਾ ਅਖਬਾਰ ਲਾਹੌਰ, ੧੯ ਜੂਨ ੧੯੬, ਪੰਨਾ ੩.)

ਇਸ ਪ੍ਰਕਾਰ ਗਿਆਨੀ ਦਿੱਤ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼' ਸਿਰਲੇਖ ਹੇਠ ੫੫੦ ਦੇ ਕਰੀਬ ਸ਼ਬਦਾਂ ਦੀ ਵਿਆਖਿਆ ਕੀਤੀ ਹੈ। ਇਹਨਾਂ ਵਿਚ ਸਿੰਘ ਸਭਾਈ ਦ੍ਰਿਸ਼ਟੀ ਤੋਂ ਗੁਰਬਾਣੀ ਵਿਆਖਿਆ ਹੋਈ ਹੈ। ਬੇਅੰਤ ਵਿਸ਼ਿਆਂ ਉੱਪਰ ਵਿਚਾਰ ਕਰਦਿਆਂ ਸਮਕਾਲੀ ਸਿੱਖ ਸਮਾਜ ਨੂੰ ਨਾਮ ਜਪਣ, ਵੰਡ ਛਕਣ, ਕਿਰਤ ਕਰਨ, ਦੇਹਧਾਰੀ ਗੁਰੂ ਡੰਮ੍ਹ ਦਾ ਤਿਆਗ ਕਰਨ, ਨਸ਼ੇ ਤਿਆਗਣ, ਉਦਮਸ਼ੀਲ ਹੋਣ, ਆਰੀਆ ਸਮਾਜੀਆਂ ਦੀਆਂ ਕੁਤਰਕਾਂ ਦਾ ਉਤਰ, ਜਨਮ ਸੰਸਕਾਰ, ਵਿਆਹ ਸੰਸਕਾਰ, ਮ੍ਰਿਤਕ ਸੰਸਕਾਰ, ਆਦਿ ਵਿਸ਼ਿਆਂ 'ਤੇ ਵਿਆਖਿਆ ਕਰਕੇ, ਗੁਰਮਤੀ ਜੀਵਨ ਜਾਂਚ ਦ੍ਰਿੜ੍ਹ ਕਰਵਾਈ ਹੈ। ਇਸ ਦੇ ਨਾਲ ਫੋਕਟ ਕਰਮ ਕਾਂਡ, ਜੰਤਰਾਂ, ਮੰਤਰਾਂ, ਤੰਤਰਾਂ ਦੇ ਭਰਮ, ਪੁਜਾਰੀ ਸ਼੍ਰੇਣੀ ਦੀ ਲੁੱਟ-ਖਸੁੱਟ ਤੇ ਪਾਖੰਡ ਤੋਂ ਜਾਗਰਤ ਕੀਤਾ ਹੈ।

**ਰਚਿਤ ਪੁਸਤਕਾਂ ਵਿਚ ਗੁਰਬਾਣੀ ਵਿਆਖਿਆ :** ਹੁਣ ਅਸੀਂ ਗਿ. ਦਿੱਤ ਸਿੰਘ ਰਚਿਤ ਗੁਰਬਾਣੀ ਵਿਆਖਿਆ ਦੀਆਂ ਪੁਸਤਕਾਂ ਸੰਬੰਧੀ ਵਿਚਾਰ ਕਰਦੇ ਹਾਂ ਜਦ ਉਹ ਆਪਣੀ ਪੁਸਤਕ 'ਗੁਰਬਾਣੀ ਪ੍ਰਬੰਧ ਦੀ ਸ਼ੁਰੂਆਤ ਕਰਦੇ ਹਨ ਤਾਂ ਕੌਮ ਲਈ ਉਪਦੇਸ਼ ਦਿੰਦੇ ਹਨ : ਮੁਸਲਮਾਨ ਲੋਗ ਜਦ ਕੋਈ ਕੰਮ ਆਰੰਭ ਕਰਨਾ ਚਾਹੁੰਦੇ ਹਨ ਤਦ ਖੁਦਾ ਅੱਗੇ ਬੇਨਤੀ ਕਰਦੇ ਹਨ ਅਤੇ ਇਸੀ ਪ੍ਰਕਾਰ ਹਿੰਦੂ ਲੋਗ ਗਨੇਸ਼ ਨੂੰ ਸਾਰੇ ਬਿਘਨਾਂ ਦਾ ਦੂਰ ਕਰਨੇ ਵਾਲਾ ਜਾਨਕੇ ਉਸ ਦੀ ਪੂਜਾ ਕਰਦੇ ਹਨ, ਪਰੰਤੂ ਖਾਲਸਾ ਲਈ ਆਪਣੇ ਕਾਰਜ ਦੇ ਆਰੰਭ ਸਮਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਪ੍ਰਕਾਰ ਦੀ ਪ੍ਰਾਰਥਨਾ ਦਾ ਉਪਦੇਸ਼ ਕਰਦੇ ਹਨ, ਯਥਾ : *ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥* ਪੂਰਾ ਸ਼ਬਦ ਦੇ ਕੇ ਕਥਨ ਕਰਦੇ ਹਨ, ਇਸ ਪਵਿਤ੍ਰ ਸ਼ਬਦ ਦਾ ਭਾਵ ਇਹ ਹੈ ਕਿ ਪੁਰਖ ਜਦ ਕਿਸੇ ਕਾਰਜ ਦੇ ਕਰਨ ਦਾ ਅਰੰਭ ਕਰੇ ਅਰਥਾਤ ਉਸਨੂੰ ਕੀਤਾ ਲੋੜੇ ਤਾਂ ਉਹ ਕਿਸੇ ਹੋਰ ਦੇਵੀ ਦੇਵਤੇ ਦਾ ਧਿਆਨ ਨਾ ਕਰੇ ਅਤੇ ਨਾ ਉਸ ਤੇ ਮਦਦ ਚਾਹੇ, ਕਿੰਤੂ ਇਹ ਪੁਰਖ ਹਰਿ ਅਰਥਾਤ ਅਕਾਲ ਪੁਰਖ ਅੱਗੇ ਇਕ ਮਨ ਹੋ ਕੇ ਬੇਨਤੀ ਕਰੇ ਅਤੇ ਇਹ ਕਹੇ ਕਿ ਹੇ ਸਚੇ ਮਹਾਨ ਪ੍ਰਮਾਤਮਾ ਆਪ ਮੇਰੇ ਮਨ ਦੇ ਸਾਖੀ ਹੋ ਤਾਂ ਤੇ ਮੇਰੇ ਮਨ ਦੇ ਮਨੋਰਥ ਨੂੰ ਸਿਧ ਕਰੋ ਜਿਸ ਤੇ ਮੈਂ ਅਪਨੇ ਮਨ ਦਾ ਮਨੋਰਥ ਪੂਰਾ ਕਰਕੇ ਆਪ ਜੀ ਦੇ ਭਗਤਾਂ ਨਾਲ ਮਿਲ ਕੇ ਆਪ ਜੀ ਦੇ ਯਸ਼ ਦਾ ਅੰਮ੍ਰਿਤਪਾਨ ਕਰਾਂ। ਕਿਆ ਇਸ ਸ਼ਬਦ ਦੇ ਵਿਚਾਰਨ ਵਾਲੇ ਭਾਈ ਵੀ ਕਿਸੇ ਕਾਰਜ ਦੇ ਆਰੰਭ ਵਿਚ ਗਨੇਸ਼ ਦੀ ਪੂਜਾ ਕਰਨਗੇ ?

ਗੁਰਬਾਣੀ ਪ੍ਰਬੋਧ ਰਚਨਾ ਵਿਚ ੯੯ ਸ਼ਬਦ ਹਨ। ਜਿਸ ਵਿਚ ਅਨੇਕ ਵਿਸ਼ਿਆਂ

ਦੀ ਵਿਆਖਿਆ ਹੈ। ਹੋਰ ਵਿਸ਼ਿਆਂ ਦੇ ਨਾਲ ਇਸ ਵਿਚ ਸਿੱਖ ਪੰਥ ਨੂੰ ਜਨਮ ਸੰਸਕਾਰ ਪ੍ਰਤੀ ਜਾਗਰਤ ਕੀਤਾ ਗਿਆ ਹੈ ਪੂਰੇ ਸ਼ਬਦ ਦੀ ਵਿਆਖਿਆ ਦੇ ਅੰਤ ਤੱਤਸਾਰ ਦਿੱਤਾ ਹੈ ਕਿ ਕਿਆ ਇਸ ਸ਼ਬਦ ਨੂੰ ਛੱਡ ਕੇ ਸਾਡੇ ਸਿੱਖ ਭਾਈ ਗੋਹਾ ਅਤੇ ਗੋ ਮੂਤ੍ਰ ਮਲ ਕੇ ਜਨਮ ਸੰਸਕਾਰ ਕਰਨਗੇ?

ਇਸੇ ਤਰ੍ਹਾਂ ਭਗਤ ਕਬੀਰ ਜੀ ਦੇ ਸ਼ਬਦ ਦੀ ਵਿਆਖਿਆ ਕਰ ਕੇ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ। ਇਸ ਵਿਚ ਮਹਲਾ ਪਹਿਲਾ, ਤੀਜਾ, ਚੌਥਾ, ਪੰਜਵਾਂ, ਨੌਵਾਂ ਤੇ ਭਗਤ ਕਬੀਰ ਜੀ ਦੀ ਬਾਣੀ ਨੂੰ ਅਧਾਰ ਬਣਾ ਕੇ ਬਹੁਤ ਸਾਰੇ ਵਿਸ਼ਿਆਂ 'ਤੇ ਵਿਚਾਰ ਚਰਚਾ ਕੀਤੀ ਹੈ। ਇਹਨਾਂ ਸਭ ਸ਼ਬਦਾਂ ਦੀ ਵਿਆਖਿਆ ਕਰਦਿਆਂ ਸਿੰਘ ਸਭਾਈ ਉਦੇਸ਼ਾਂ ਨੂੰ ਮੁੱਖ ਰੱਖ ਕੇ ਧਰਮ ਪ੍ਰਚਾਰ ਨਜ਼ਰੀਏ ਤੋਂ ਸਮਝਾਇਆ ਗਿਆ ਹੈ। ਗਿਆਨੀ ਦਿੱਤ ਸਿੰਘ ਨੇ ਆਪਣੀ ਪੁਸਤਕ 'ਨਕਲੀ ਸਿੱਖ ਪ੍ਰਬੋਧ' ਵਿਚ 'ਰਾਮਕਲੀ ਸਦ' ਅਤੇ ਲਾਵਾਂ ਬਾਣੀ ਦੀ ਵਿਆਖਿਆ ਕਰਦਿਆਂ ਗੁਰਮਤਿ ਦ੍ਰਿੜ੍ਹ ਕਰਵਾਈ ਹੈ। ਨਮੂਨੇ ਲਈ:

*ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥*
*ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ ॥*

ਇਸ ਪਉੜੀ ਵਿਚ ਗੁਰੂ ਜੀ ਨੇ ਆਪਣੇ ਪਰਵਾਰ ਅਤੇ ਸਿੱਖਾਂ ਪ੍ਰਤਿ ਏਹ ਕਥਨ ਕੀਤਾ ਕਿ ਸਾਨੂੰ ਹੁਣ ਅਕਾਲ ਪੁਰਖ ਦਾ ਭਾਣਾ ਭਾਇਆ ਅਰਥਾਤ ਚੰਗਾ ਲਗਿਆ, ਜਿਸਤੇ ਅਸੀਂ ਹੁਣ ਉਸਦੇ ਸਮੀਪ ਪ੍ਰਾਪਤ ਹੋਵਾਂਗੇ

ਅੰਤ ਤੱਤਸਾਰ ਹੈ ਕਿ, ਇਸ ਪਉੜੀ ਤੋਂ ਇਹ ਸਿੱਧ ਹੁੰਦਾ ਹੈ ਕਿ ਅੰਤ ਸਮੇਂ ਗਊ ਦਾਨ ਕਰਨਾ ਯਾ ਹੋਰ ਚੀਜ਼ਾਂ ਮਨਸਣੀਆਂ ਪੁਰਖ ਦੀ ਸਹਾਇਤਾ ਨਹੀਂ ਕਰਦੀਆਂ ਅਤੇ ਨਾ ਅਕਾਲ ਪੁਰਖ ਦੇ ਸਮੀਪ ਆਦਰ ਹੀ ਕਰਾਉਂਦੀਆਂ ਹਨ। ਚੌਥੀ ਪਉੜੀ ਦਾ ਤੱਤਸਾਰ ਦਿੰਦੇ ਹਨ ਕਿ "ਏਸ ਪਉੜੀ ਵਿਚ ਗੁਰੂ ਜੀ ਨੇ ਹਿੰਦੂਆਂ ਵਿਚ ਜੋ ਫੂੜ੍ਹੀ ਦੀ ਰਸਮ ਹੈ ਉਸਨੂੰ ਦੂਰ ਕੀਤਾ, ਕਿਉਂਕਿ ਜਦ ਇਹ ਖਾਲਸਾ ਕੌਮ ਦੋਨ੍ਹਾਂ ਤੋਂ ਜੁਦੀ ਹੋਵੇਗੀ ਤਦ ਫੂੜ੍ਹੀ ਨਾ ਪਾ ਬੈਠੇ।" ਪੰਜਵੀਂ ਪਉੜੀ ਦਾ ਪਹਿਲਾਂ ਮੂਲ ਪਾਠ ਦਿੱਤਾ ਹੈ। *ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥ ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥* ਪੰਜਵੀਂ ਪਉੜੀ ਦੀ ਵਿਆਖਿਆ ਕਰਦਿਆਂ ਕੇਸੋ ਗੋਪਾਲ' ਦੇ ਵਿਸ਼ੇਸ਼ ਅਰਥ ਕਰਕੇ ਸਮਝਾਇਆ ਹੈ : ਕੇਸੋ ਅਤੇ ਗੋਪਾਲ ਇਹ ਦੋਨੋਂ ਨਾਮ ਅਕਾਲ ਪੁਰਖ ਦੇ ਹਨ ਇਸ ਵਾਸਤੇ ਏਥੇ ਕਿਸੇ ਪੁਰਖ ਦਾ ਨਾਮ ਨਹੀਂ ਸਮਝਣਾ ਜੈਸਾ ਕਈ ਕੁ ਗਿਆਨੀ ਆਖਦੇ ਹਨ ਕਿ ਕੇਸੋ ਉਨ੍ਹਾਂ ਦਾ ਪ੍ਰੋਹਤ ਸੀ, ਸੋ ਇਹ ਠੀਕ ਨਹੀਂ ਹੈ, ਕਿਉਂ ਜੋ ਗੁਰੂ ਜੀ ਨੇ ਹਰਿ ਹਰਿ ਕਥਾ ਦੱਸੀ ਹੈ ਨਾ ਕਿ ਗਰੜ ਦੀ।

ਨਕਲੀ ਸਿੱਖ ਪ੍ਰਬੋਧ ਸੰਨ ੧੮੯੮ ਦੀ ਰਚਨਾ ਹੈ। ਇਸ ਸਮੇਂ ਸਿੰਘ ਸਭਾਵਾਂ ਦਾ ਪ੍ਰਚਾਰ ਪੂਰੇ ਜ਼ੋਰਾਂ 'ਤੇ ਸੀ। ਗਿਆਨੀ ਜੀ ਨੇ ਮ੍ਰਿਤਕ ਸੰਸਕਾਰ ਸੰਬੰਧੀ ਅਨੇਕ ਕਰਮਾਂ ਤੇ ਅੰਧ ਵਿਸ਼ਵਾਸਾਂ ਤੇ ਕੌਮ ਨੂੰ ਜਾਗਤ ਕੀਤਾ ਹੈ। ਸਦ ਬਾਣੀ ਦੀ ਪੰਜਵੀਂ ਪਉੜੀ ਦੀ ਪੂਰੀ ਵਿਆਖਿਆ ਦੇਣੀ ਕੁਥਾਂ ਨਹੀਂ ਹੋਵੇਗੀ ਜੋ ਗਿਆਨੀ ਜੀ ਨੇ ਚਾਰ ਦੀ ਦ੍ਰਿਸ਼ਟੀ ਤੋਂ ਕੀਤੀ ਹੈ। ਏਸ ਪੰਜਵੀਂ ਪਉੜੀ ਵਿਚ ਗੁਰੂ ਜੀ ਨੇ ਆਪਣਾ ਸਾਰਾ ਬਿਵਹਾਰ ਦੱਸ ਦਿਤਾ ਕਿ ਤੁਸਾਂ ਕੋਈ ਪ੍ਰੇਤ ਕਿਰਿਆ ਨਹੀਂ ਕਰਨੀ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ

ਪੰਥ ਦੀ ਨੀਂਵ ਰੱਖੀ ਹੈ ਸੋ ਇਹ ਉਸਦਾ ਧਰਮ ਨਹੀਂ ਹੈ, ਪਰੰਤੂ ਉਸ ਵਾਸਤੇ ਇਹ ਕ੍ਰਿਯਾ ਕਰਮ ਹੈ ਜੋ ਮੈਂ ਦੱਸਦਾ ਹਾਂ। ਇਸ ਵਾਸਤੇ ਗੁਰੂ ਜੀ ਨੇ ਜੋ ਕ੍ਰਿਯਾ ਆਪਣੇ ਲਈ ਦੱਸੀ ਸੋ ਇਹ ਹੈ ਕਿ ਤੁਸੀਂ ਸਾਡੇ ਪਿੱਛੇ ਨਿਰਬਾਣ ਜੋ ਪਰਮਾਤਮਾ ਹੈ, ਉਸਦਾ ਕੀਰਤਨ ਅਰਥਾਤ ਯੱਸ ਕਰਨਾ ਕਿਤੇ ਢੋਲਕ ਪਕੜਕੇ ਕਿਸੇ ਦੇਹਧਾਰੀ ਦੇ ਚਬੋਲੇ ਨਾ ਗਾਉਣ ਲੱਗ ਪੈਣੇ, ਅਤੇ ਚੰਨੂੰ ਯਾ ਨੌਧਾ ਮਿਸਰ ਸੱਦ ਕੇ ਗਰੜ ਪੁਰਾਣ ਦੀ ਕਥਾ ਨਾ ਕਰਨ ਲੱਗ ਜਾਣਾ, ਤੁਸੀਂ ਕੇਸੋ ਗੋਪਾਲ ਅਰਥਾਤ ਪਰਮਾਤਮਾ ਰੂਪੀ ਪੰਡਿਤ ਨੂੰ ਜੋ ਸਰਬੱਗ ਹੈ, ਨੂੰ ਸੱਦਣਾ ਅਰਥਾਤ ਅਰਾਧਨ ਕਰਨਾ ਅਤੇ ਅਕਾਲ ਪੁਰਖ ਦੇ ਕਥਨ ਦੀ ਕਥਾ ਦਾ ਹੀ ਪੁਰਾਣ ਪੜ੍ਹਨਾ ਅਰ ਓਸੇ ਨੂੰ ਸੁਣਨਾ, ਇਸਤੋਂ ਬਿਨਾ ਹੋਰ ਕੋਈ ਪੁਰਾਣ ਨਾ ਖੋਲ੍ਹਣਾ। ਫੇਰ ਜਗਤ ਵਿਚ ਇਹ ਮਰਯਾਦਾ ਹੈ ਜੋ ਬੁੱਢਿਆਂ ਦਾ ਬਿਬਾਣ ਕੱਢਦੇ ਹਨ, ਸੋ ਤੁਸੀਂ ਇਹ ਬਿਬਾਣ ਨਾ ਕੱਢਯੋ, ਸਾਡਾ ਬਿਬਾਣ ਪਰਮਾਤਮਾ ਨਾਲ ਰੰਗਣਾ ਹੈ ਜੋ ਸਾਨੂੰ ਭਾਉਂਦਾ ਹੈ ਅਤੇ ਇਹੋ ਹਰਿ ਦੇ ਰੰਗ ਦੀ ਪ੍ਰੀਤੀ ਮੇਰਾ ਪਿੰਡ ਪੱਤਲ ਕ੍ਰਿਯਾ ਅਤੇ ਦੀਵਾ ਹੈ; ਇਸ ਤੋ ਬਿਨਾ ਮੇਰੇ ਵਾਸਤੇ ਹੋਰ ਕੋਈ ਪਿੰਡ ਪੱਤਲ ਦੀਵਾ ਯਾ ਕ੍ਰਿਯਾ ਆਦਿਕ ਨਾ ਕਰਨੇ ਅਤੇ ਏਹੋ ਕਰਨੇ ਜੋ ਮੈ ਕਥਨ ਕੀਤੇ ਹਨ।

ਅੱਗੇ ਆਸਾ ਮਹਲਾ ੧ ਦਾ ਪੂਰਾ ਸ਼ਬਦ '*ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ* ' ਦੇ ਕੇ *ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ* ' ਦੀ ਵਿਆਖਿਆ ਦੇ ਕੇ ਸਦ ਬਾਣੀ ਦੀ ਪੰਜਵੀਂ ਪਉੜੀ ਦੇ ਪ੍ਰਕਰਣ ਦੀ ਪ੍ਰੋੜ੍ਹਤਾ ਕੀਤੀ ਹੈ।

ਇਸੇ ਪੁਸਤਕ ਦੇ ਅੱਗੇ ਪੰਨਾ ੫੧ ਤੋਂ ੫੫ ਤਕ ਲਾਵਾਂ ਦੀ ਵਿਆਖਿਆ ਹੈ। ਇਸ ਵਿਚ ਸਿੰਘ ਸਭਾਈ ਪ੍ਰਚਾਰ ਦੇ ਨਜ਼ਰੀਏ ਤੋਂ ਨਾਨਕ ਨਿਰਮਲ ਪੰਥ ਦੀ ਨਿਆਰੀ ਹੋਂਦ ਨੂੰ ਪ੍ਰਗਟਾਉਂਦਿਆਂ ਵਿਆਹ ਸੰਸਕਾਰ ਸੰਬੰਧੀ ਵਿਚਾਰ ਹਨ। ਗੁਰੂ ਰਾਮਦਾਸ ਜੀ ਨੇ ਸ਼ਾਦੀ ਵਾਲੀ ਰਸਮ ਹਿੰਦੂਆਂ ਨਾਲੋਂ ਭਿੰਨ ਕਰਨ ਲਈ ਇਕ ਨਵੀਆਂ ਲਾਵਾਂ ਰਚ ਦਿੱਤੀਆਂ, ਇਹ ਚਾਰੇ ਲਾਵਾਂ ਵੱਡੇ ਤੱਤ ਨਾਲ ਪੂਰਤ ਹਨ ਜਿਨ੍ਹਾਂ ਵਿਚ ਬਿਵਾਹਾ ਦੀ ਪੂਰੀ ਪੂਰੀ ਰੀਤੀ ਪ੍ਰਗਟ ਹੋ ਜਾਂਦੀ ਹੈ। ਇਥੇ ਚਾਰ ਲਾਵਾਂ ਦਾ ਪਾਠ ਦੇ ਕੇ ਵਿਆਖਿਆ ਕੀਤੀ ਗਈ ਹੈ। ਨਮੂਨੇ ਦੇ ਤੌਰ 'ਤੇ ਚੌਥੀ ਲਾਵ ਦੇ ਮੂਲ ਪਾਠ ਤੋਂ ਬਾਅਦ ਵਿਆਖਿਆ ਤੇ ਪ੍ਰੇਰਨਾ ਹੈ : ਚੌਥੀ ਲਾਵ ਵਿਚ ਅੰਤ ਦਾ ਫਲ ਕਥਨ ਕੀਤਾ ਹੈ, ਕਿ ਇਸ ਤਰ੍ਹਾਂ ਜੀਵਨ ਬਤੀਤ ਕਰਨੇ ਤੇ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ, ਅਰ ਅੱਛੇ ਪੁਰਖਾਂ ਦੇ ਨਾਲ ਅਚਾਰ ਬਿਹਾਰ ਰਖਨੇ ਕਰਕੇ ਆਪਣੇ ਮਨ ਅਤੇ ਤਨ ਨੂੰ ਉਸ ਪਿੱਛੋਂ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਤੇ ਮਨ ਦੀ ਇੱਛਾ ਵਾਲਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਇਹ ਕਾਰਜ ਪਰਮਾਤਮਾ ਦੇ ਵਲੋਂ ਹੀ ਅਰਥਾਤ ਉਸਦੀ ਇੱਛਾ ਤੋਂ ਹੀ ਆਰੰਭ ਕੀਤਾ ਗਿਆ ਹੈ। ਇਸ ਤੇ ਇਸ ਤਰ੍ਹਾਂ ਇਸ ਕੰਨਯਾ ਨੂੰ ਵਰ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੋਇਆ ਹੈ, ਇਸ ਪ੍ਰਕਾਰ ਤੁਸੀਂ ਉਸ ਅਬਿਨਾਸ਼ੀ ਪਦ ਨੂੰ ਪ੍ਰਾਪਤ ਹੋ ਕੇ ਆਨੰਦ ਹਾਸਿਲ ਕਰੋ। ਇਨ੍ਹਾਂ ਲਾਵਾਂ ਤੇ ਸਾਫ਼ ਸਿੱਧ ਹੈ ਕਿ ਗੁਰੂ ਜੀ ਨੇ ਇਸ ਕੌਮ ਦੀ ਵਿਵਾਹ ਰੀਤੀ ਭੀ ਚਿੰਨ ਕਰ ਦਿੱਤੀ ਸੀ ਅਤੇ ਉਨ੍ਹਾਂ ਨੇ ਆਪ ਹੀ ਆਪਣੇ ਜੀਵਨ ਵਿਚ ਅਪਨੇ ਸਿੱਖਾਂ ਪਰ ਇਸ ਰੀਤੀ ਨੂੰ ਵਰਤਿਆ ਸੀ। ਗਿ. ਦਿੱਤ ਸਿੰਘ ਦੀ ਤੀਸਰੀ ਪੁਸਤਕ 'ਸ੍ਰੀ ਗੁਰੂ ਅਰਜਨ ਪ੍ਰਬੋਧ' ਵਿਚ ਸ੍ਰੀ ਰਾਗ ਮਹਲਾ ਪੰਜਵਾ ਦੇ ੫੧ ਸ਼ਬਦਾਂ ਦੀ ਵਿਆਖਿਆ ਹੈ। ਇਸ ਦੇ ਮੁੱਖ ਪੰਨੇ

'ਤੇ ਲਿਖਿਆ ਹੈ, ਭਾਵ ਅਰਥਾਂ ਸਹਿਤ ਸ੍ਰੀ ਰਾਗ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਬਾਣੀ ਦਾ ਪ੍ਰਮਾਨਾਂ ਨਾਲ ਵਿਸਥਾਰ ਪੂਰਕ ਟੀਕਾ' ਇਸ ਵਿਚ ਪੰਨਾ ੧੦ ਤਕ ਪਹਿਲੇ ੪ ਸ਼ਬਦਾਂ ਦੇ ਕਠਿਨ ਸ਼ਬਦਾਂ ਦੇ ਸਰਲ ਅਰਥ ਵੀ ਕੀਤੇ ਹਨ ਅਤੇ ਵਿਆਖਿਆ ਦੇ ਕੇ ਅੰਤ ਵਿਚ ਸਿੱਖ ਕੌਮ ਨੂੰ ਇਕ ਸਵਾਲ ਕੀਤਾ ਹੈ। ਪ੍ਰਮਾਣ ਵਜੋਂ, ਹੇ ਪ੍ਰਾਣੀ ਜੋ ਤੂੰ ਬਹੁਰੰਗੇ ਹੈਕਰ-ਸ੍ਰੇਸ਼ਟ ਘੋੜੇ; ਗੈਵਰ-ਸ੍ਰੇਸਟ ਹਾਥੀ) ਤੇ ਅਥਾਕ-ਨ ਥਾਕਨੇ ਵਾਲੇ ਰੱਥ ਅਕੱਠੇ ਕਰ ਰਿਹਾ ਹੈਂ ਇਹ ਭੀ ਕੁਲ ਨਾਸ਼ਵੰਤ ਹਨ। ਇਹ ਨਿਮਨ ਲਿਖਤ ਸ਼ਬਦ ਦੀ ਵਿਆਖਿਆ ਹੈ:

*ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ॥*
ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥

ਅੰਤ ਤੱਤਸਾਰ ਦਿੱਤਾ ਹੈ, "ਕਿਯਾ ਇਸ ਸ਼ਬਦ ਤੇ ਭਰੋਸਾ ਰਖਨੇ ਵਾਲੇ ਸਜਨ ਵੀ ਕਦੀ ਨਾਸ਼ਵੰਤ ਮਾਇਕੀ ਪਦਾਰਥਾਂ ਦੇ ਰਸਾਂ ਵਿਚ ਖਚਿਤ ਹੋ ਕੇ ਸਤਿਗੁਰੂ ਤੋਂ ਬੇਮੁੱਖ ਹੋ ਬੈਠਨਗੇ? ਇਸ ਪੁਸਤਕ ਵਿਚੋਂ ਅਸੀਂ ਇਕ ਸ਼ਬਦ ਦਾ ਮੂਲ ਪਾਠ ਦੇ ਕੇ ਕੀਤੀ ਹੋਈ ਵਿਆਖਿਆ ਤੇ ਉਦੇਸ਼ ਦਾ ਅਧਿਐਨ ਕਰਕੇ ਗਿਆਨੀ ਦਿੱਤ ਸਿੰਘ ਦੀ ਕੀਤੀ ਵਿਆਖਿਆ ਨੂੰ ਸਮਝਣ ਦਾ ਯਤਨ ਕਰਾਂਗੇ।

*ਸਿਰੀਰਾਗੁ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ॥*
*ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥*
*ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥*
*ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥*
*ਮਨ ਚਿੰਦੇ ਸੋਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥*
*ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥*
*ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥*

ਜਿਸ ਦਾ ਭਾਵ ਇਹ ਹੈ ਕਿ ਹੇ ਮੇਰੇ ਪਿਆਰੇ ਮਨ ਅਤੇ ਆਤਮਾ ਮਿਤ੍ਰਾ ਅਕਾਲ ਪੁਰਖ ਦਾ ਨਾਮ ਅੰਗੀਕਾਰ ਕਰ, ਹੇ ਪਿਆਰੇ ਮਨ ਅਤੇ ਆਤਮਾ ਮਿਤ੍ਰ। ਅਕਾਲ ਪੁਰਖ ਹੀ ਤੇਰੇ ਨਾਲ ਨਿਭੇਗਾ ਜੋ ਨਾਲ ਰਹਿਨੇ ਵਾਲਾ ਅਤੇ ਸਹਾਇਤਾ ਕਰਨ ਵਾਲਾ ਹੈ ਉਸਨੂੰ ਪਿਆਏ ਓਹ ਤੇਰੇ ਨਾਲ ਜਾਵੇਗਾ ਓਹ ਨਾਮ ਧਿਆਇਆ ਹੋਇਆ ਬਿਰਥਾ ਨਹੀਂ ਜਾਂਦਾ। ਜੋ ਚਰਨ ਕਮਲਾਂ ਵਿਚ ਅਪਨੇ ਚਿਰ ਨੂੰ ਲਾਉਂਦਾ ਹੈ। ਓਹ ਪ੍ਰਮਾਤਮਾ ਜਲਾਂ ਵਿਚ, ਥਲਾਂ ਵਿਚ ਬਿਆਪਕ ਹੋ ਰਹਿਆ ਹੈ, ਹਰ ਇਕ ਘਟ ਵਿਚ ਅਪਨੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ। ਗੁਰੂ ਜੀ ਮਹਾਰਾਜ ਫਰਮਾਉਂਦੇ ਹਨ ਕਿ ਪਿਆਰਾ ਮਨ ਨੂੰ ਸਿੱਖਿਆ ਦਿੰਦਾ ਹੈ ਅਤੇ ਸਾਧ ਸੰਗਤ ਦੁਆਰਾ ਸਭ ਭਰਮ ਦੂਰ ਹੋ ਜਾਂਦੇ ਹਨ। ਕਿਆ ਇਸ ਸ਼ਬਦ ਦੇ ਵਿਚਾਰ ਕਰਨੇ ਵਾਲੇ ਭਾਈ ਅਕਾਲ ਪੁਰਖ ਨੂੰ ਇਸ ਲੋਕ ਅਤੇ ਪ੍ਰਲੋਕ ਵਿਚ ਸੱਚਾ ਸਹਾਈ ਸਮਝਕੇ ਉਸਦਾ ਸਿਮਰਨ ਨਹੀਂ ਕਰਨਗੇ।

ਇਹਨਾਂ ਤਿੰਨ ਪੁਸਤਕਾਂ ਤੋਂ ਇਲਾਵਾ ਗਿ. ਦਿੱਤ ਸਿੰਘ ਦੀਆਂ ਹੋਰ ਰਚਨਾਵਾਂ ਵਿਚ ਵੀ ਗੁਰਬਾਣੀ ਵਿਆਖਿਆ ਦਾ ਸਰੂਪ ਮਿਲਦਾ ਹੈ। ਗੁਰਮਤਿ ਆਰਤੀ ਪ੍ਰਬੋਧ ਪੁਸਤਕ ਵਿਚ ਦੀਵਿਆਂ ਵਾਲੀ ਆਰਤੀ ਦਾ ਖੰਡਨ ਕਰਦਿਆਂ '*ਗਗਨ ਮੈ ਥਾਲੁ ਰਵਿ ਚੰਦੁ ਦੀਪਕ*

ਬਨੇ' ਪੂਰਾ ਸ਼ਬਦ ਦੇ ਕੇ ਭਾਵ ਅਰਥ ਸਮਝਾਏ ਹਨ। ਇਸ ਵਿਚ ਧਨਾਸਰੀ ਰਵਿਦਾਸ ਜੀ, ਭਗਤ ਸੈਣ ਜੀ, ਭਗਤ ਕਬੀਰ ਜੀ ਤੇ ਭਗਤ ਪੀਪਾ ਜੀ ਦੇ ਸ਼ਬਦਾਂ ਦੀ ਵਿਆਖਿਆ ਕਰਕੇ ਲੋਕ ਭਰਮ ਦੂਰ ਕੀਤੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਪ੍ਰਬੋਧ' ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਵੀਚਾਰ ਕਰਦਿਆਂ ਬਹੁਤ ਸਾਰੇ ਗੁਰਬਾਣੀ ਦੇ ਸਲੋਕਾਂ ਤੇ ਸ਼ਬਦਾਂ ਨੂੰ ਅਧਾਰ ਬਣਾਇਆ ਹੈ। ਡਰਪੋਕ ਸਿੰਘ ਦਲੇਰ ਸਿੰਘ' ਤੇ 'ਧਰਮ ਦਰਪਨ', 'ਗੁੱਗਾ ਗਪੌੜਾ ਸੁਲਤਾਨ ਪੁਆੜਾ', 'ਮੀਰਾਂ ਮਨੌਤ ਤੋਂ ਸੈਲਾਨੀ ਸਿੰਘ' ਆਦਿ ਪੁਸਤਕਾਂ ਵਿਚ ਜਾਤ ਪਾਤ ਦੇ ਧਰਮ ਅਤੇ ਸਿੱਖ ਪੰਥ ਦੇ ਨਿਆਰੇ ਹੋਣ ਦੀ ਵਿਆਖਿਆ ਕਰਦਿਆਂ ਗੁਰਬਾਣੀ ਦੇ ਹਵਾਲੇ ਦੇ ਕੇ ਸਮਝਾਇਆ ਗਿਆ ਹੈ। ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਧਾਰਮਿਕ-ਸਮਾਜਿਕ ਦ੍ਰਿਸ਼ਟੀ ਤੋਂ ਬੜੀ ਖਿੱਚੋਤਾਣ ਵਾਲੇ ਸਨ। ਇਹ ਉਹ ਸਮਾਂ ਸੀ ਜਦੋਂ ਇਕ ਧਰਮ ਦੇ ਪ੍ਰਚਾਰਕ ਦੂਜੇ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਪ੍ਰਵਰਤਿਤ ਕਰਕੇ ਆਪਣੇ ਧਰਮ ਦੀ ਵਿਰਧੀ ਚਾਹੁੰਦੇ ਸਨ। ਗਿਆਨੀ ਦਿੱਤ ਸਿੰਘ ਦੀ ਗੁਰਬਾਣੀ ਵਿਆਖਿਆ ਉਪਰੋਕਤ ਮਾਹੌਲ ਵਿਚੋਂ ਪੈਦਾ ਹੋਏ ਸਿੱਖ ਸਰੋਕਾਰਾਂ ਨਾਲ ਸੰਬੰਧਿਤ ਹੈ। ਗਿਆਨੀ ਦਿੱਤ ਸਿੰਘ ਦੀ ਗੁਰਬਾਣੀ ਵਿਆਖਿਆ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ :

**(ੳ)** ਗੁਰਮਤਿ ਸਿਧਾਂਤਾਂ ਨੂੰ ਸਪੱਸ਼ਟ ਕਰਦਿਆਂ ਸਿੱਖੀ ਦ੍ਰਿੜ੍ਹ ਕਰਵਾਈ ਹੈ।

**(ਅ)** ਦੇਹਧਾਰੀ ਗੁਰੂ ਡੰਮ੍ਹ ਤੇ ਵਿਅਕਤੀਗਤ ਪੂਜਾ ਪ੍ਰਤਿਸ਼ਠਾ ਤੋਂ ਸਾਵਧਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉਚਤਾ ਦਾ ਪ੍ਰਚਾਰ ਕੀਤਾ ਹੈ।

**(ੲ)** ਸਮਕਾਲੀ ਫੋਕਟ ਕਰਮ-ਕਾਂਡਾਂ ਪ੍ਰਤੀ ਸਿੱਖ ਸਮਾਜ ਨੂੰ ਸੁਚੇਤ ਕਰਦਿਆਂ ਗੁਰਬਾਣੀ ਦੇ ਹਵਾਲੇ ਦੇ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਹੈ।

**(ਸ)** ਸਿੱਖ ਜੀਵਨ ਜਾਚ ਤੇ ਮਰਯਾਦਾ ਪ੍ਰਪੱਕ ਕਰਨ ਲਈ ਗੁਰਬਾਣੀ ਵਿਆਖਿਆ ਨੂੰ ਅਧਾਰ ਬਣਾਇਆ ਹੈ ।

**(ਹ)** ਜਨਮ ਸੰਸਕਾਰ, ਵਿਵਾਹ ਸੰਸਕਾਰ, ਮ੍ਰਿਤਕ ਸੰਸਕਾਰ ਤੇ ਹੋਰ ਸਮਕਾਲੀ ਰੀਤਾਂ ਰਸਮਾਂ ਪ੍ਰਤੀ ਗੁਰਬਾਣੀ ਵਿਆਖਿਆ ਨੂੰ ਆਧਾਰ ਬਣਾ ਕੇ ਚਾਨਣਾ ਪਾਇਆ ਹੈ।

**(ਕ)** ਸਿੰਘ ਸਭਾਈ ਦ੍ਰਿਸ਼ਟੀ ਤੋਂ ਵਿਆਖਿਆ ਕਰਦਿਆ ਜੰਤਰ-ਮੰਤਰ-ਤੰਤਰ, ਮੜ੍ਹੀ ਮਸਾਣ ਦੀ ਪੂਜਾ, ਦਿਨਾਂ ਦਿਹਾਰਾਂ ਦੇ ਭਰਮ, ਪਾਂਧੇ ਪੱਤਰੀਆਂ, ਗੁੱਗੇ ਦੀ ਪੂਜਾ ਦਾ ਖੰਡਨ ਕਰਦਿਆਂ ਗੁਰਬਾਣੀ ਵਿਆਖਿਆ ਰਾਹੀਂ ਮੰਡਨ ਵਿਧੀ ਅਪਣਾਈ ਗਈ ਹੈ।

**(ਖ)** ਗੁਰਬਾਣੀ ਦੀ ਵਿਆਖਿਆ ਕਰਦਿਆਂ ਤੁਕ ਦਾ ਇੱਕੋ ਹੀ ਅਰਥ ਕੀਤਾ ਹੈ ਪਰ ਅੰਤ ਵਿਚ ਕੌਮ ਨੂੰ ਸਿਧਾਂਤਕ ਸੁਨੇਹਾ ਵੀ ਦਿੱਤਾ ਹੈ। ਤੱਤਸਾਰ ਵਜੋਂ ਗਿਆਨੀ ਦਿੱਤ ਸਿੰਘ ਜੀ ਦੇ ਲਿਖਤੀ ਤੇ ਬਤੌਰ ਪ੍ਰਚਾਰਕ ਕੀਤੇ ਕਾਰਜ ਨੂੰ ਵਾਚਦਿਆਂ ਕਿਹਾ ਜਾ ਸਕਦਾ ਹੈ ਕਿ ਆਪ 'ਸਿੰਘ ਸਭਾਈ ਗੁਰਬਾਣੀ ਵਿਆਖਿਆ ਪ੍ਰਣਾਲੀ' ਦੇ ਮੋਢੀ ਵਿਆਖਿਆਕਾਰ ਸਨ।

■

# ਸਿੰਘ ਸਭਾ ਲਹਿਰ ਦਾ ਪੰਜਾਬੀ ਪੱਤਰਕਾਰੀ ਵਿਚ ਯੋਗਦਾਨ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਪੰਜਾਬੀ ਪੱਤਰਕਾਰੀ ਦੀ ਅਰੰਭਤਾ ਦੇ ਸਮੇਂ ਬਾਰੇ ਵਿਦਵਾਨ ਇਕ ਮਤ ਨਹੀਂ ਹਨ[੧], ਪਰ ਸਹੀ ਅਰਥਾਂ ਵਿਚ ੧੮੭੨ ਈ. ਵਿਚ ਸਿੰਘ ਸਭਾ ਲਹਿਰ ਦੀ ਸਥਾਪਤੀ ਨਾਲ ਪੰਜਾਬੀ ਪੱਤਰਕਾਰੀ ਨੇ ਜਨਮ ਲਿਆ, ਭਾਵੇਂ ਇਸ ਤੋਂ ਪਹਿਲਾਂ ੧੮੬੭ ਈ. ਵਿਚ ਮੁਨਸ਼ੀ ਹਰੀ ਨਾਰਾਇਣ ਤੇ ਫਿਰਾਇਆ ਲਾਲ ਵੱਲੋਂ ਗੁਰਮੁਖੀ ਅੱਖਰਾਂ ਵਿਚ ਪਹਿਲਾ ਪੱਤਰ 'ਸ੍ਰੀ ਦਰਬਾਰ ਸਾਹਿਬ' ਜਾਰੀ ਕੀਤਾ ਗਿਆ ਸੀ। ਇਸ ਦੀ ਬੋਲੀ ਹਿੰਦੀ ਸੀ ਅਤੇ ਇਸ ਦਾ ਨਿਸ਼ਾਨਾ ਵੀ ਸਿੱਖਾਂ ਵਿਚ ਹਿੰਦੂ ਮਤ ਦਾ ਪ੍ਰਚਾਰ ਕਰਨਾ ਸੀ। ਅਖ਼ਬਾਰ ਦਾ ਨਾਂ ਤਾਂ ਪ੍ਰਸਿਧ ਸਿੱਖ ਸਥਾਨ 'ਤੇ ਸੀ ਪਰ ਪਹੁੰਚ ਸਿੱਖਾਂ ਦੇ ਉਲਟ ਸੀ।[੨] ਮਿਸਾਲ ਵਜੋਂ ਇਸ ਪੱਤਰ ਦੇ ਛਪਣ ਸਮੇਂ ਕੂਕਾ ਲਹਿਰ ਜ਼ੋਰਾਂ 'ਤੇ ਸੀ, ਪਰ ਇਸ ਅਖ਼ਬਾਰ ਵਿਚ ਉਸਦਾ ਕੋਈ ਜ਼ਿਕਰ ਨਹੀਂ ਸੀ ਹੁੰਦਾ। ਹਰ ਪੱਖ ਤੋਂ ਇਹ ਸਰਕਾਰ ਦੀ ਹਮਾਇਤ ਕਰਦਾ ਸੀ। ਇਸ ਸਮੇਂ ਦੋ ਹੋਰ ਮਾਸਿਕ ਪੱਤਰ ਗੁਰਮੁਖੀ ਅੱਖਰਾਂ ਵਿਚ ਜਾਰੀ ਹੋਏ ਇਕ 'ਸੁਕਾਵਿਯ ਸੰਬੋਧਨੀ' (੧੮੭੫ ਈ.) ਜੋ ਪੰਡਿਤ ਸੰਤੋਖ ਸਿੰਘ ਨੇ ਜਾਰੀ ਕੀਤਾ। ਡਾ. ਬਲਬੀਰ ਸਿੰਘ ਅਨੁਸਾਰ ਸੁਕਾਵਿਯ ਸੰਬੋਧਨੀ ਉਹ ਨੀਂਹ ਹੈ, ਜਿਸ ਉੱਪਰ ਗੁਰਮੁਖੀ ਅਖ਼ਬਾਰਾਂ ਦਾ ਮਹਲ ਉਸਾਰਿਆ ਗਿਆ ਅਤੇ ਹਜ਼ਾਰਾ ਸਿੰਘ ਦੀ ਪ੍ਰੇਰਨਾ ਅਤੇ ਚਰਨ ਸਿੰਘ ਦੀ ਅਸੀਸ ਇਸ ਪਰਚੇ ਨੂੰ ਨਸੀਬ ਸੀ ਅਤੇ ਦੂਸਰਾ ਅਖ਼ਬਾਰ 'ਕਵੀ ਚੰਦਰੋਦਿਯਾ'(੧੮੭੬ ਈ.) ਸੀ।[੩] ਇਨ੍ਹਾਂ ਦੋਹਾਂ ਅਖ਼ਬਾਰਾਂ ਦੀ ਵਿਸ਼ੇਸ਼ਤਾ ਸੀ ਕਿ ਇਹ ਕਾਵਿ-ਰੂਪ ਵਿਚ ਨਿਕਲਦੇ ਸਨ ਅਤੇ ਜਿਤਨਾ ਪਿੰਗਲ ਦੀ ਗੂੜ੍ਹ ਵਿੱਦਿਆ ਨੂੰ ਇਨ੍ਹਾਂ ਨੇ ਪ੍ਰਗਟ ਕੀਤਾ ਹੈ, ਇਸ ਕਿਸਮ ਦੀ ਲੰਮੀ ਚੌੜੀ ਨਿਰੋਲ ਕਾਵਿ ਸੰਬੰਧੀ ਵਾਕਫੀਅਤ ਉਸ ਸਮੇਂ ਦੇ ਕਿਸੇ ਵੀ ਪੰਜਾਬੀ ਮਾਸਿਕ ਪੱਤਰ ਨੇ ਪੰਜਾਬੀ ਸਾਹਿਤਕ ਸੰਸਾਰ ਨੂੰ ਨਹੀਂ ਦਿੱਤੀ।[੪]

ਪ੍ਰੋ. ਗੁਰਮੁਖ ਸਿੰਘ ਨੇ ੧੮੮੦ ਈ. ਵਿਚ ਲਾਹੌਰ ਤੋਂ ਸਪਤਾਹਿਕ 'ਗੁਰਮੁਖੀ ਅਖ਼ਬਾਰ' ਜਾਰੀ ਕਰ ਕੇ ਪੰਜਾਬੀ ਪੱਤਰਕਾਰੀ ਦਾ ਬਾਕਾਇਦਾ ਅਰੰਭ ਕਰ ਦਿੱਤਾ। ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਸ਼ੁਧ ਪੰਜਾਬੀ ਦਾ ਇਹ ਪਹਿਲਾ ਪਰਚਾ ਸੀ।[੫]

ਸਿੰਘ ਸਭਾ ਲਹਿਰ ਦੇ ਪ੍ਰਸੰਗ ਵਿਚ ਉਨ੍ਹੀਵੀਂ ਸਦੀ ਦੇ ਅਖੀਰਲੇ ਦੋ ਦਹਾਕਿਆਂ ਵਿਚ ਜਿਹੜੇ ਹੋਰ ਸਪਤਾਹਿਕ, ਅੱਠ ਜਾਂ ਦਸ ਰੋਜ਼ਾ ਪੱਤਰ ਪ੍ਰਕਾਸ਼ਿਤ ਹੋਏ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

**੧. ਗੁਰਮੁਖੀ ਅਖਬਾਰ :** ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ੧੮੮੧ ਈ. ਵਿਚ ਸ਼ੁਰੂ ਹੋਇਆ[੬] 'ਗੁਰਮੁਖੀ ਅਖਬਾਰ' ਸ਼ੁਧ ਪੰਜਾਬੀ ਵਿਚ ਛਪਣ ਵਾਲਾ ਪਹਿਲਾ ਅਖ਼ਬਾਰ ਸੀ। ਇਹ ਪੱਥਰ ਛਾਪੇ ਦੁਆਰਾ ਛਪਦਾ ਸੀ। ਇਸ ਦੇ ਪਹਿਲੇ

**ਪ੍ਰਿੰਸੀਪਲ, ਮੀਰੀ ਪੀਰੀ ਖ਼ਾਲਸਾ ਕਾਲਜ, ਭਦੌੜ, ਜ਼ਿਲ੍ਹਾ ਬਰਨਾਲਾ- ੧੪੮੧੦੨; ਮੋ. ੯੪੬੩੮-੬੧੩੧੬*

ਸੰਪਾਦਕ ਪ੍ਰੋ. ਗੁਰਮੁਖ ਸਿੰਘ ਸਨ, ਪਰ ਪਿਛੋਂ ਇਨ੍ਹਾਂ ਦੇ ਸ੍ਰੀ ਅੰਮ੍ਰਿਤਸਰ ਚਲੇ ਜਾਣ ਨਾਲ ਸ. ਅਵਤਾਰ ਸਿੰਘ ਵਹੀਰੀਆ ਇਸ ਦੇ ਸੰਪਾਦਕ ਬਣੇ। ੧੮੯੩ ਈ. ਵਿਚ ਰਾਜਾ ਫਰੀਦਕੋਟ ਦੇ ਇਕ ਕਰਮਚਾਰੀ ਸ. ਅੰਤਰ ਸਿੰਘ ਇਸ ਦੇ ਸੰਪਾਦਕ ਬਣੇ।[੭] ਇਸ ਪੱਤਰ ਦਾ ਮੰਤਵ ਨਿਰੋਲ ਸਿੰਘ ਸਭਾ ਲਹਿਰ ਦੇ ਆਸ਼ਿਆਂ ਨੂੰ ਪ੍ਰਚਾਰਨਾ ਸੀ ਅਤੇ ਇਸ ਦੇ ਪ੍ਰਭਾਵ ਸਦਕਾ ਹੀ ਕੁਝ ਵਰ੍ਹਿਆਂ ਅੰਦਰ ਪੰਜਾਬ ਵਿਚ ਸਿੰਘ ਸਭਾਵਾਂ ਦਾ ਜਾਲ ਵਿਛ ਗਿਆ, ਜਿਨ੍ਹਾਂ ਦੀਆਂ ਕਾਰਵਾਈਆਂ ਨੂੰ ਸੰਗਠਿਤ ਕਰਨ ਵਾਸਤੇ ੧੮੮੩ ਈ. ਵਿਚ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਅਤੇ ੧੮੮੫ ਈ. ਵਿਚ ਖ਼ਾਲਸਾ ਦੀਵਾਨ ਲਾਹੌਰ ਕਾਇਮ ਕੀਤੇ ਗਏ।[੮] ਸੰਪਾਦਕੀ ਤੋਂ ਬਿਨਾਂ ਇਸ ਵਿਚ ਸਿੱਖ ਧਰਮ ਸੰਬੰਧੀ ਲੇਖ ਤੇ ਚਿੱਠੀਆਂ ਵੀ ਛਪਦੀਆਂ ਸਨ।

**੨. ਖਾਲਸਾ ਅਖਬਾਰ :** ਇਸ ਦਾ ਪਹਿਲਾ ਪਰਚਾ ੧੨ ਜੂਨ, ੧੮੮੬ ਈ. ਨੂੰ ਖ਼ਾਲਸਾ ਦੀਵਾਨ ਲਾਹੌਰ ਦੀਆਂ ਨੀਤੀਆਂ ਦੀ ਤਰਜਮਾਨੀ ਕਰਨ ਲਈ ਪ੍ਰਕਾਸ਼ਿਤ ਹੋਇਆ ਸੀ। ਪ੍ਰੋ. ਗੁਰਮੁਖ ਸਿੰਘ ਦੁਆਰਾ ਸ਼ੁਰੂ ਕੀਤੇ ਗਏ ਇਸ ਅਖ਼ਬਾਰ ਦੇ ਪਹਿਲੇ ਸੰਪਾਦਕ ਗਿਆਨੀ ਝੰਡਾ ਸਿੰਘ ਫਰੀਦਕੋਟੀ ਅਤੇ ਸਰਦਾਰ ਬਸੰਤ ਸਿੰਘ ਸਨ। ਪਿੱਛੋਂ ਗਿਆਨੀ ਦਿੱਤ ਸਿੰਘ ਨੇ ਇਸ ਨੂੰ ਸੰਭਾਲਿਆ ਤੇ ਆਪਣੀ ਜ਼ੋਰਦਾਰ ਕਲਮ ਨਾਲ ਇਸ ਵਿਚ ਨਵੀਂ ਰੂਹ ਫੂਕ ਦਿੱਤੀ। ਤਿੰਨ ਸਾਲ ਇਸ ਨੇ ਪੱਤਰਕਾਰੀ ਦੇ ਮੈਦਾਨ ਵਿਚ ਧਾਂਕ ਜਮਾਈ ਰੱਖੀ ਕਿਉਂਕਿ ਗਿਆਨੀ ਦਿੱਤ ਸਿੰਘ ਨਾ ਕੇਵਲ ਪ੍ਰਭਾਵਸ਼ਾਲੀ ਪੱਤਰਕਾਰ ਸਨ, ਸਗੋਂ ਉਨ੍ਹਾਂ ਦਾ ਗੁਰਬਾਣੀ ਅਤੇ ਵੇਦ ਸ਼ਾਸਤਰਾਂ ਦਾ ਗਿਆਨ ਵੀ ਬੜਾ ਕਮਾਲ ਦਾ ਸੀ। ਉਨ੍ਹਾਂ ਦੀਆਂ ਨਿੱਗਰ ਦਲੀਲਾਂ ਦਾ ਜਵਾਬ ਵਿਰੋਧੀਆਂ ਨੂੰ ਘੱਟ ਹੀ ਔੜਦਾ ਸੀ। ਆਰੀਆ ਸਮਾਜ ਦੇ ਬੁਲਾਰੇ ਤੇ ਪ੍ਰਚਾਰਕ ਉਨ੍ਹਾਂ ਤੋਂ ਕੰਨੀ ਕਤਰਾਉਂਦੇ ਸਨ। ਉਹ ਕਵੀ ਵੀ ਸਨ ਤੇ ਕਈ ਵਾਰ ਮੁੱਖ ਲੇਖ ਤੇ ਟਿੱਪਣੀਆਂ ਵੀ ਕਵਿਤਾ ਵਿਚ ਲਿਖ ਜਾਂਦੇ ਸਨ। ਧਾਰਮਿਕ ਬਹਿਸ-ਮੁਬਾਹਸਿਆਂ ਦੀ ਉਹ ਜਿੰਦ-ਜਾਨ ਸਨ। ਖ਼ਾਸ ਤੌਰ 'ਤੇ ਆਰੀਆ ਸਮਾਜੀਆਂ ਨਾਲ ਉਨ੍ਹਾਂ ਦੀਆਂ ਵਿਚਾਰ-ਬਹਿਸਾਂ ਤਾਰੀਖੀ ਹੈਸੀਅਤ ਰੱਖਦੀਆਂ ਹਨ, ਜਿਨ੍ਹਾਂ ਵਿਚ ਸਵਾਮੀ ਦਇਆ ਨੰਦ ਨਾਲ ਹੋਇਆ ਸੰਵਾਦ ਵਰਣਨਯੋਗ ਹੈ। ਆਪ ਦੀ ਪੰਜਾਬੀ ਪੱਤਰਕਾਰੀ ਵਿਚ ਉਹੀ ਥਾਂ ਸੀ ਜੋ ਤੀਹ ਸਾਲ ਮਗਰੋਂ ਜਾ ਕੇ ਉਰਦੂ ਦੀ ਪੱਤਰਕਾਰੀ ਵਿਚ ਮੌਲਾਨਾ ਜ਼ਫਰ ਅਲੀ ਖਾਂ ਮਰਹੂਮ ਨੂੰ ਨਸੀਬ ਹੋਈ ਸੀ।[੯]

**੩. ਗੁਰਮਤ ਪ੍ਰਕਾਸ਼ਕ :** ਇਹ ਦਸ ਰੋਜ਼ਾ ਪੱਤਰ ੧੩ ਅਪ੍ਰੈਲ, ੧੮੯੩ ਈ. ਨੂੰ ਸ੍ਰੀ ਅੰਮ੍ਰਿਤਸਰ ਤੋਂ ਛਪਣ ਲਗਿਆ ਸੀ। ਇਸ ਦਾ ਸੰਪਾਦਕ ਗਿਆਨੀ ਅਵਤਾਰ ਸਿੰਘ ਵਹੀਰੀਆ ਸੀ। ਇਸ ਪੱਤਰ ਦੀ ਨੀਤੀ ਬਾਬਾ ਖੇਮ ਸਿੰਘ ਬੇਦੀ ਧੜੇ ਦੀ ਪਿੱਠ ਪੂਰਨਾ ਸੀ। ਇਸ ਵਿਚ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਬੜੀਆਂ ਜ਼ੋਰਦਾਰ ਅਪੀਲਾਂ ਹੁੰਦੀਆਂ ਸਨ। ਇਸ ਦੇ ਪਹਿਲੇ ਅੰਕ ਦੇ ਅਰੰਭ ਵਿਚ ਆਪਣੇ ਮਨੋਰਥ ਨੂੰ ਸਪੱਸ਼ਟ ਕਰਦਿਆਂ ਲਿਖਿਆ ਹੈ :

"ਸ੍ਰਬਤ ਸ੍ਰੀ ਗੁਰੂ ਨਾਨਕ ਘਰ ਦੀ ਸੰਗਤ ਖ਼ਾਲਸਾ ਜੀ, ਸ੍ਰਬਤ ਪੰਜਾਬ ਦੇਸ਼ ਦੇ ਹਿਤਕਾਰੀਆਂ ਪ੍ਰਤੀ ਪ੍ਰਗਟ ਹੈ ਕਿ ਇਹ ਗੱਲ ਬੁਧੀਮਾਨਾਂ ਦਾ ਫੈਸਲਾ ਪਾ ਚੁਕੀ ਹੈ ਕਿ ਕਿਸੇ

ਦੇਸ਼ ਦੇ ਤੇਜ ਬਲ ਅਤੇ ਸੁਭਾਗਤਾ ਦੀ ਸ਼ੋਭਾ ਵਡਿਆਈ ਦੀ ਬ੍ਰਿਧੀ ਤਦ ਤੋੜੀ ਨਹੀਂ ਹੋ ਸਕਦੀ, ਜਦ ਤੋੜੀ ਉਸ ਦੇਸ ਦੀ ਅਸਲੀ ਭਾਸ਼ਾ ਦੀ ਬ੍ਰਿਧੀ ਨਾ ਹੋਵੇ . . . ਤਾਂ ਤੇ ਇਸ ਕਰਕੇ ਪੰਜਾਬ ਦੇਸ ਵਿਚ ਗੁਰਮੁਖੀ ਪੰਜਾਬੀ ਭਾਸ਼ਾ ਦੇ ਅਖ਼ਬਾਰਾਂ ਦੀ ਲੋੜ ਹੈ। ”[੧੦]

**੪. ਖ਼ਾਲਸਾ ਪ੍ਰਕਾਸ਼ :** ਇਹ ਸਪਤਾਹਿਕ ਪੱਤਰ ਦੀਵਾਨ ਬੂਟਾ ਸਿੰਘ ਦੇ ਉੱਦਮ ਨਾਲ ੧੮੮੬ ਈ. ਵਿਚ ਜਾਰੀ ਹੋਇਆ। ਪਹਿਲੇ ਸੰਪਾਦਕ ਸ. ਬੂੜ ਸਿੰਘ ਤੇ ਪਿੱਛੋਂ ਸ. ਦਯਾ ਸਿੰਘ ਬਣ ਗਏ।[੧੧] ਸਿੱਖ ਧਰਮ ਦਾ ਪ੍ਰਚਾਰ ਇਸ ਦਾ ਮਨੋਰਥ ਸੀ। ਪਰ ਕੁਝ ਸਮੇਂ ਬਾਅਦ ੧੮੮੯ ਈ. ਵਿਚ ਇਹ ਬੰਦ ਹੋ ਗਿਆ।

**੫. ਖ਼ਾਲਸਾ :** ਇਹ ਸਪਤਾਹਿਕ ਪੱਤਰ ੧੮੮੬ ਈ. ਵਿਚ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਹੋਇਆ। ਪਿੱਛੋਂ ਇਹ ਲਾਹੌਰ ਤੋਂ ਕੁਝ ਚਿਰ ਛਪਦਾ ਰਿਹਾ। ਭਾਈ ਲਹਿਣਾ ਸਿੰਘ ਗਿਆਨੀ ਇਸ ਦੇ ਸੰਪਾਦਕ ਸਨ। ਇਸ ਦੀ ਨੀਤੀ ਸਿੰਘ ਸਭਾ ਲਹਿਰ ਦੇ ਆਸ਼ਿਆਂ ਦਾ ਪ੍ਰਚਾਰ ਕਰਨਾ ਸੀ। ਪਰ ਛੇਤੀ ਹੀ ਮਾਇਆ ਦੀ ਤੰਗੀ ਕਾਰਨ ਇਹ ਬੰਦ ਹੋ ਗਿਆ।

**੬. ਖਾਲਸਾ (ਅੰਗਰੇਜ਼ੀ) :** ਇਸ ਨਾਂ ਦਾ ਪਹਿਲਾ ਅੰਗਰੇਜ਼ੀ ਪੱਤਰ ਭਗਤ ਲਛਮਣ ਸਿੰਘ ਦੀ ਸੰਪਾਦਨਾ ਹੇਠ ਛਪਣ ਲੱਗਾ। ਕੁਝ ਚਿਰ ਭਾਈ ਮਈਆ ਸਿੰਘ ਵੀ ਇਸ ਦੇ ਸੰਪਾਦਕ ਰਹੇ। ਇਸ ਪੱਤਰ ਦਾ ਮੰਤਵ ਸਿੱਖਾਂ ਦੀ ਸੁਤੰਤਰ ਹੋਂਦ ਅਤੇ ਹਿੰਦੂਆਂ ਨਾਲੋਂ ਭਿੰਨਤਾ ਤੇ ਵਿਲੱਖਣਤਾ ਨੂੰ ਸਿੱਧ ਕਰਨਾ ਸੀ। ਪਟਿਆਲੇ ਦੇ ਵਿੱਤ ਮੰਤਰੀ ਕਰਨਲ ਜੀਵਨ ਸਿੰਘ ਵੱਲੋਂ ਪ੍ਰਾਪਤ ਮਾਇਕ ਸਹਾਇਤਾ ਨਾਲ ਇਹ ਪੱਤਰ ਚਲਦਾ ਰਿਹਾ।[੧੨]

**੭. ਸਿੰਘ ਸਭਾ ਗਜ਼ਟ :** ਸਿੰਘ ਸਭਾ ਲਹਿਰ ਦੀਆਂ ਧਾਰਮਿਕ ਸਰਗਰਮੀਆਂ ਨੂੰ ਪੇਸ਼ ਕਰਨ ਲਈ ਸ੍ਰੀ ਅੰਮ੍ਰਿਤਸਰ ਤੋਂ ੧੮੯੦ ਈ. ਵਿਚ 'ਸਿੰਘ ਸਭਾ ਗਜ਼ਟ' ਨਾਂ ਦਾ ਸਪਤਾਹਿਕ ਪੱਤਰ ਜਾਰੀ ਹੋਇਆ, ਜਿਸ ਦੇ ਸੰਪਾਦਕ ਸ. ਲਾਹੌਰਾ ਸਿੰਘ ਸਨ। ਇਹ ਅਖ਼ਬਾਰ ਚਸ਼ਮਾਏ-ਨੂਰ ਪ੍ਰੈਸ ਵਿਚ ਛਪਦਾ ਸੀ। ੧੮੯੫ ਈ. ਵਿਚ ਇਹ ਪੱਤਰ ਬੰਦ ਹੋ ਗਿਆ।[੧੩]

**੮. ਲਾਇਲ ਖ਼ਾਲਸਾ ਗਜ਼ਟ :** ਇਹ ਸਪਤਾਹਿਕ ਪੱਤਰ ੧੮੯੧ ਈ. ਵਿਚ ਗੁਰੂ ਗੋਬਿੰਦ ਸਿੰਘ ਪ੍ਰੈਸ ਸਿਆਲਕੋਟ ਤੋਂ ਛਪਣਾ ਸ਼ੁਰੂ ਹੋਇਆ। ਇਹ ਅੱਧਾ ਉਰਦੂ ਵਿਚ ਤੇ ਅੱਧਾ ਪੰਜਾਬੀ ਵਿਚ ਹੁੰਦਾ ਸੀ। ਇਸ ਦੇ ਪਹਿਲੇ ਸੰਪਾਦਕ ਸ. ਗੁਰਦਿਤ ਸਿੰਘ ਸਨ, ਬਾਅਦ ਵਿਚ ੧੮੯੩ ਈ. ਤੋਂ ਸ. ਰਾਜਿੰਦਰ ਸਿੰਘ ਨੇ ਸੰਪਾਦਕੀ ਦੀ ਜ਼ਿੰਮੇਵਾਰੀ ਸੰਭਾਲੀ। ਇਹ ਪੱਤਰ ਹਰ ਮਹੀਨੇ (ਅੰਗਰੇਜ਼ੀ) ਦੀ ੧, ੮, ੧੬ ਅਤੇ ੨੪ ਤਾਰੀਕ ਨੂੰ ਛਪਦਾ ਸੀ। ਇਸ ਦਾ ਮਨੋਰਥ ਵੀ ਸਿੱਖਾਂ ਦੀ ਸਮਾਜਿਕ ਤੇ ਸਦਾਚਾਰਕ ਬਿਹਤਰੀ ਸੀ। ਇਸ ਅਖ਼ਬਾਰ ਨਾਲ ਉਰਦੂ ਪੜ੍ਹਿਆਂ ਨੂੰ ਬਹੁਤ ਲਾਭ ਹੋਇਆ।[੧੪]

**੯. ਖ਼ਾਲਸਾ ਗਜ਼ਟ :** ਉਰਦੂ ਭਾਸ਼ਾ ਦਾ ਇਹ ਪੱਤਰ ੧੮੮੫ ਈ. ਵਿਚ ਲਾਹੌਰ ਤੋਂ ਨਿਕਲਣਾ ਸ਼ੁਰੂ ਹੋਇਆ, ਜਿਸ ਦੇ ਸੰਪਾਦਕ ਮਈਆ ਸਿੰਘ ਸਨ। ਫਿਰ ੧੮੯੪ ਈ. ਤੋਂ ਪੰਜਾਬੀ ਵਿਚ ਨਿਕਲਣ ਸਮੇਂ ਇਸ ਦੇ ਸੰਪਾਦਕ ਪ੍ਰੋ. ਗੁਰਮੁਖ ਸਿੰਘ ਅਤੇ ਫਿਰ ਸ. ਬਸੰਤ ਸਿੰਘ ਬਣੇ।[੧੫] ਇਹ ਪੱਤਰ ਸਿੰਘ ਸਭਾ ਲਾਹੌਰ ਦੇ ਉਦੇਸ਼ਾਂ ਦਾ ਪ੍ਰਚਾਰ ਕਰਦਾ ਸੀ।

**੧੦. ਪੰਜਾਬ ਦਰਪਣ :** ਇਹ ਸਪਤਾਹਿਕ ਪੱਤਰ ਜੁਲਾਈ ੧੮੯੫ ਈ. ਨੂੰ ਸ੍ਰੀ ਅੰਮ੍ਰਿਤਸਰ ਤੋਂ ਛਪਣਾ ਸ਼ੁਰੂ ਹੋਇਆ।[੧੬] ਇਸ ਦੇ ਸੰਪਾਦਕ ਸ. ਲਾਹੌਰਾ ਸਿੰਘ ਸਨ। ਜੋ ਆਪਣੇ ਪਿਤਾ ਸ. ਤਾਰਾ ਸਿੰਘ ਵਾਂਙੂ ਹੀ ਗੁਰਮੁਖੀ ਦੇ ਬਹੁਤ ਵਧੀਆ ਲਿਖਾਰੀ ਸਨ ਅਤੇ ਬਹੁਤ ਸਾਰੇ ਛਾਪੇ ਖਾਨਿਆਂ ਦਾ ਕੰਮ ਕਰਦੇ ਸਨ। ਪਰ ਪੱਤਰਕਾਰੀ ਦਾ ਤਜ਼ਰਬਾ ਨਾ ਹੋਣ ਕਰਕੇ ਅਤੇ ਮਾਇਆ ਦੀ ਥੁੜ ਕਾਰਨ ਇਹ ਅਖ਼ਬਾਰ ਕੁਝ ਮਹੀਨਿਆਂ ਵਿਚ ਹੀ ਬੰਦ ਹੋ ਗਿਆ। ਪੰਜਾਬ ਦਰਪਣ ਨੇ ੩ ਅਗਸਤ, ੧੮੯੫ ਈ. ਦੇ ਅੰਕ ਵਿਚ ਸ੍ਰੀ ਦਰਬਾਰ ਸਾਹਿਬ ਦੀ ਉਸ ਵੇਲੇ ਦੀ ਦਸ਼ਾ ਦਾ ਬੜੇ ਦੁਖ ਭਰੇ ਸ਼ਬਦਾਂ ਵਿਚ ਜ਼ਿਕਰ ਕੀਤਾ:

"ਸੰਸਾਰ ਵਿਚ ਕੋਈ ਮੰਦਰ ਐਸਾ ਨਹੀਂ ਕਿ ਜਿਸ ਵਿਚ ਉਨ੍ਹਾਂ ਲੋਕਾਂ ਤੋਂ ਬਿਨਾਂ ਜਿਨ੍ਹਾਂ ਦਾ ਕਿ ਉਹ ਮੰਦਰ ਹੈ, ਕੋਈ ਹੋਰ ਮਜ਼ਬ ਵਾਲਾ, ਉਸ ਵਿਚ, ਯਾ ਉਸ ਦੀ ਹਦ ਅੰਦਰ ਆਪਣੇ ਮਜ਼ਬ ਦੀ ਬਾਤ-ਚੀਤ ਕਰਨਾ ਚਾਹੁੰਦਾ ਹੋਵੇ। ਜੇ ਕਰਦਾ ਵੀ ਹੈ ਤਾਂ ਉਸ ਨੂੰ ਮੰਦਰ ਦੇ ਮਾਲਿਕ ਜਾਂ ਉਹ ਆਦਮੀ, ਜਿਨ੍ਹਾਂ ਦਾ ਉਹ ਧਾਰਮਿਕ ਅਸਥਾਨ ਹੈ, ਨਾਲ ਕੋਈ ਉਸ ਧਰਮ ਬਾਰੇ ਹੀ ਗੱਲਬਾਤ ਹੁੰਦੀ ਹੈ।"[੧੭]

ਅਖ਼ਬਾਰ ਦੀ ਉਕਤ ਟਿੱਪਣੀ ਕੋਈ ਅਤਿਕਥਨੀ ਨਹੀਂ ਸੀ। ਡਾ. ਬਲਬੀਰ ਸਿੰਘ ਵੀ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਦਸ਼ਾ ਬਾਰੇ ਇਤਿਹਾਸ ਦੇ ਹਵਾਲੇ ਨਾਲ ਜ਼ਿਕਰ ਕਰ ਰਹੇ ਹਨ :

"ਯਾਂ ਤਾਂ ਉਹ ਜ਼ਮਾਨਾ ਸੀ ਕਿ ਇਸ ਮੰਦਰ ਵਿਚ ਸਿੱਖ ਨੂੰ ਕੋਈ ਕੁਝ ਨਹੀਂ ਕਹਿ ਸਕਦਾ ਸੀ ਅਰ ਕੀ ਹੁਣ ਹਾਲ ਹੈ ਕਿ ਜਿਸ ਜਗ੍ਹਾ ਸਿਰਫ ਸਿਖ ਧਰਮ ਦੀ ਚਰਚਾ ਹੁੰਦੀ ਸੀ ਉਥੇ ਹਾਫ਼ਜ਼ ਅਰ ਨਜ਼ੀਰ ਦੀਆਂ ਗ਼ਜ਼ਲਾਂ ਅਰ ਆਪਣੀਆਂ ਬਣਾਈਆਂ ਹੋਈਆਂ ਡਿਓਢਾਂ ਪੜੀਆਂ ਜਾਂਦੀਆਂ ਹਨ, ਅਰ ਪ੍ਰਸੰਨ ਹੋਕੇ ਲੋਕੀਂ ਸੁਣਦੇ ਹਨ...........ਪ੍ਰਕਰਮਾ ਵਿਚ ਪੁਰਾਨਾ ਦੀ ਕਥਾ ਇਕ ਸਾਧਾਰਣ ਫ਼ੀਚਰ ਸੀ। ਹਰ ਸੰਪਰਦਾ ਤੇ ਹਰ ਮਤ ਤੇ ਹਰ ਖਿਆਲ ਦਾ ਆਦਮੀ, ਆਪਣੀ ਹੀ ਕਿਸਮ ਦੀ ਪੂਜਾ, ਪਾਠ ਯੱਗ, ਹਵਨ ਕਰਦਾ ਸੀ।"[੧੮]

**੧੧. ਸੱਤ ਧਰਮ ਪ੍ਰਚਾਰਕ :** ਇਹ ਪੱਤਰ ਸਿੰਘ ਸਭਾ ਲਾਹੌਰ ਵੱਲੋਂ ੧੮੯੫ ਈ. ਵਿਚ ਜਾਰੀ ਹੋਇਆ। ਕੁਝ ਮਹੀਨੇ ਚਲ ਕੇ ਹੀ ਇਹ ਪੱਤਰ ਬੰਦ ਹੋ ਗਿਆ ਸੀ।

**੧੨. ਖ਼ਾਲਸਾ ਨੌਜਵਾਨ ਬਹਾਦਰ :** ਇਹ ਪੰਦਰਾਂ ਰੋਜ਼ਾ ਪੱਤਰ ੫ ਅਕਤੂਬਰ, ੧੮੯੯ ਈ. ਨੂੰ ਛਪਣਾ ਸ਼ੁਰੂ ਹੋਇਆ। ਇਸ ਦਾ ਮੰਤਵ ਸਿੱਖ ਨੌਜਵਾਨਾਂ ਨੂੰ ਸਿਖੀ ਹਿਤ ਪ੍ਰੇਰਨਾ ਦੇਣਾ ਸੀ। ਇਸ ਦੇ ਪਹਿਲੇ ਸੰਪਾਦਕ ਸ. ਸੁੰਦਰ ਸਿੰਘ ਅਕਾਲੀ ਸਨ। ਪਿਛੋਂ ਸ. ਜ਼ੈਮਲ ਸਿੰਘ ਬਣੇ।

**੧੩. ਖਾਲਸਾ ਐਡਵੋਕੇਟ :** ਅੰਗਰੇਜ਼ ਸਰਕਾਰ ਵਿਚ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਕਰਨ ਅਤੇ ਯੋਗ ਮੰਗਾਂ ਸਰਕਾਰ ਤਕ ਪਹੁੰਚਾਉਣ ਲਈ ਇਹ ਹਫ਼ਤਾਵਰੀ ਅੰਗਰੇਜ਼ੀ ਅਖ਼ਬਾਰ ੧੯੦੪ ਈ. ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ਼ੁਰੂ ਕੀਤਾ ਗਿਆ। ਬਾਅਦ ਇਸ ਦੇ ਅੰਕ ਪੰਜਾਬੀ ਵਿਚ ਵੀ ਪ੍ਰਕਾਸ਼ਿਤ ਹੋਣ ਲਗੇ। ਇਸ ਅਖ਼ਬਾਰ ਨੂੰ ਨਾਜ਼ੁਕ ਹਾਲਤ ਵਿੱਚੋਂ ਕੱਢਣ ਲਈ ਖ਼ਾਲਸਾ ਸਮਾਚਾਰ ਵਿਚ ਵੀ ਇਸ ਨੂੰ ਪੂਰਨ

ਸਹਾਇਤਾ ਦੇਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਸਨ।[੧੯]

**੧੪. ਸ਼ੇਰ ਬਬਰ :** ਉਰਦੂ ਦਾ ਇਹ ਅਖ਼ਬਾਰ ਅਪ੍ਰੈਲ ੧੯੦੮ ਵਿਚ ਲਾਹੌਰ ਤੋਂ ਪੰਥਕ ਉਨਤੀ ਦੇ ਮੰਤਵ ਨਾਲ ਸ਼ੁਰੂ ਹੋਇਆ।

**੧੫. ਇਸਤਰੀ ਸੁਧਾਰ :** ਇਹ ਅੱਠ ਪੰਨਿਆਂ ਦਾ ਹਫ਼ਤਾਵਰੀ ਅਖ਼ਬਾਰ ਜੁਲਾਈ ੧੯੨੫ ਤੋਂ ਸ੍ਰੀ ਅੰਮ੍ਰਿਤਸਰ ਤੋਂ ਇਸਤਰੀ ਜਾਤੀ ਦੇ ਸੁਧਾਰ ਹਿਤ ਨਿਕਲਣਾ ਸ਼ੁਰੂ ਹੋਇਆ। ਪਹਿਲੇ ਸੰਪਾਦਕ ਬੀਬੀ ਦੁਸਟ ਦਮਨ ਕੌਰ ਹੋਏ।[੨੦]

ਉਪਰੋਕਤ ਤੋਂ ਬਿਨਾਂ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਕੁਝ ਮਾਸਿਕ ਪੱਤਰ ਵੀ ਇਸ ਸਮੇਂ ਵਿਚ ਜਾਰੀ ਹੋਏ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

**੧. ਵਿਦਿਆਰਕ ਪੰਜਾਬ :** ਇਹ ਮਾਸਿਕ ਪੱਤਰ ਪ੍ਰੋ. ਗੁਰਮੁਖ ਸਿੰਘ ਦੀ ਸੰਪਾਦਨਾ ਅਧੀਨ ੧੮੮੧ ਈ. ਵਿਚ ਖਾਲਸਾ ਪ੍ਰੈਸ ਲਾਹੌਰ ਤੋਂ ਜਾਰੀ ਹੋਇਆ।[੨੧] ਇਸ ਦਾ ਉਦੇਸ਼ ਪੰਜਾਬੀਆਂ ਵਿਚ ਵਿੱਦਿਆ ਦਾ ਚਾਨਣ ਫੈਲਾਉਣਾ ਸੀ। ਇਸ ਦੇ ਪਹਿਲੇ ਪਰਚੇ ਵਿਚ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਰੀਤਾਂ, ਵਿੱਦਿਆ ਆਦਿ ਬਾਰੇ ਇਸ ਦੇ ਮਨੋਰਥਾਂ ਦਾ ਜ਼ਿਕਰ ਕੀਤਾ ਗਿਆ। ਇਹ ਪੱਤਰ ਕੁਝ ਮਹੀਨੇ ਚੱਲ ਕੇ ਉਸੇ ਸਾਲ ਬੰਦ ਹੋ ਗਿਆ

**੨. ਸੁਧਾਰਕ :** ਇਹ ਮਾਸਿਕ ਪੱਤਰ ਵੀ ਪ੍ਰੋ. ਗੁਰਮੁਖ ਸਿੰਘ ਵੱਲੋਂ ੧੮੮੫ ਈ. ਵਿਚ ਲਾਹੌਰ ਤੋਂ ਸਿੱਖ ਧਰਮ, ਫ਼ਿਲਾਸਫ਼ੀ ਅਤੇ ਸਾਹਿਤ ਸੰਬੰਧੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਜਾਰੀ ਹੋਇਆ।[੨੨] ਇਹ ਪੱਤਰ ਪਿਛਾਂਹ-ਖਿੱਚੂ ਜਾਂ ਸਨਾਤਨੀ ਵਿਚਾਰਾਂ ਵਾਲੇ ਲੋਕਾਂ ਨੂੰ ਰੜਕਦਾ ਸੀ। ਇਨ੍ਹਾਂ ਲੋਕਾਂ ਵਿਚ ਖ਼ਾਸ ਤੌਰ 'ਤੇ ਸਿੰਘ ਸਭਾ ਅੰਮ੍ਰਿਤਸਰ ਦੇ ਬਾਬਾ ਖੇਮ ਸਿੰਘ ਦੀ ਅਗਵਾਈ ਵਾਲੇ ਲੋਕ ਸ਼ਾਮਿਲ ਸਨ, ਕਿਉਂਕਿ ਇਸ ਪੱਤਰ ਦੇ ਸਮਰਥਕ, ਬਾਬਾ ਖੇਮ ਸਿੰਘ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੀ ਲਗਾ ਕੇ ਬੈਠਣ ਦੀ ਨਿਖੇਧੀ ਕਰਦੇ ਸਨ। ਇਨ੍ਹਾਂ ਲਿਖਤਾਂ ਦਾ ਸਿਟਾ ਹੀ ਸੀ ਕਿ ਸ੍ਰੀ ਅੰਮ੍ਰਿਤਸਰ ਧੜੇ ਦੇ ਆਗੂਆਂ ਬਾਬਾ ਖੇਮ ਸਿੰਘ, ਰਾਜਾ ਬਿਕਰਮ ਸਿੰਘ, ਗਿ. ਬਦਨ ਸਿੰਘ ਅਤੇ ਗਿ. ਝੰਡਾ ਸਿੰਘ ਆਦਿ ਨੇ ਪ੍ਰੋ. ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਵਾ ਕੇ ੧੮ ਮਾਰਚ, ੧੮੮੭ ਈ. ਨੂੰ ਸਿੱਖ ਪੰਥ ਵਿੱਚੋਂ ਖ਼ਾਰਜ ਕਰਵਾ ਦਿਤਾ ਸੀ।[੨੩] ਉਪਰੰਤ ਸਿੱਖ ਪੰਥ ਵਿਚ ਕਈ ਵਾਦ-ਵਿਵਾਦ ਛਿੜਨ ਨਾਲ ੧੮੮੮ ਈ. ਵਿਚ ਇਹ ਪੱਤਰ ਬੰਦ ਹੋ ਗਿਆ। ਪਹਿਲੀ ਵਾਰ ਇਸ ਪੱਤਰ ਵਿਚ ਵਿਰੋਧੀਆਂ 'ਤੇ ਵਿਅੰਗ ਕੱਸਣ ਲਈ ਕਾਰਟੂਨ ਛਪਣੇ ਸ਼ੁਰੂ ਹੋਏ ਸਨ।

**੩. ਸੁਧਾਰ ਪਤ੍ਰਿਕਾ :** ਪੰਜਾਬ ਤੋਂ ਬਾਹਰ ਪੰਜਾਬੀ ਵਿਚ ਛਪਣ ਵਾਲਾ ਇਹ ਪਹਿਲਾ ਪੱਤਰ ਸੀ, ਜਿਹੜਾ ਹੈਦਰਾਬਾਦ ਤੋਂ ਦੋ ਸਹਿਜਧਾਰੀ ਸਿੱਖਾਂ ਗਿਦੂ ਮੱਲ ਤੇ ਸੰਤ ਦਾਸ ਦੇ ਉੱਦਮ ਨਾਲ ੧੮੯੧ ਈ. ਵਿਚ ਛਪਣ ਲਗਾ। ਇਸ ਦਾ ਮਨੋਰਥ ਵੀ ਸਿਖ ਧਰਮ ਦੇ ਪ੍ਰਚਾਰ ਅਤੇ ਸਮਾਜਿਕ ਰੀਤਾਂ ਦੇ ਸੁਧਾਰ ਵਾਸਤੇ ਲਿਖਣਾ ਸੀ।[੨੪]

**੪. ਸੁਧਾ ਸਾਗਰ :** ਮਹਾਰਾਜਾ ਹੀਰਾ ਸਿੰਘ ਨਾਭਾ ਦੀ ਸਰਪ੍ਰਸਤੀ ਹੇਠ ਛਪਣ ਵਾਲਾ ਇਹ ਪਹਿਲਾ ਰਿਆਸਤੀ ਪੰਜਾਬੀ ਪੱਤਰ ਸੀ, ਜੋ ੧੮੯੨ ਈ. ਵਿਚ ਨਾਭੇ ਤੋਂ

ਭਾਈ ਪ੍ਰੇਮ ਸਿੰਘ ਦੀ ਸੰਪਾਦਨਾ ਹੇਠ ਜਾਰੀ ਹੋਇਆ। ਪਰ ਬੋਲੀ 'ਤੇ ਹਿੰਦੀ ਦਾ ਰੰਗ ਵਧੇਰੇ ਸੀ।

**੫. ਵਿਦਿਆ ਪ੍ਰਚਾਰ :** ਇਸ ਨਾਮ ਦਾ ਮਾਸਿਕ ਪੱਤਰ ਗਿਆਨੀ ਉਤਮ ਸਿੰਘ ਦੀ ਸੰਪਾਦਨਾ ਹੇਠ ਗੁਲਜ਼ਾਰ-ਏ-ਮੁਹੰਮਦ ਪ੍ਰੈਸ ਲਾਹੌਰ ਤੋਂ ੧੮੮੮ ਈ. ਵਿਚ ਜਾਰੀ ਹੋਇਆ। ਇਸ ਪੱਤਰ ਵਿਚ ਖ਼ਾਸ ਤੌਰ 'ਤੇ ਜੱਟ ਸਿੱਖਾਂ ਦੀ ਫ਼ਜ਼ੂਲ ਖਰਚੀ ਨੂੰ ਭੰਡਿਆ ਜਾਂਦਾ ਸੀ ਅਤੇ ਵਿੱਦਿਆ ਪ੍ਰਾਪਤੀ 'ਤੇ ਜ਼ੋਰ ਦਿਤਾ ਜਾਂਦਾ ਸੀ।

**੬. ਖ਼ਾਲਸਾ ਧਰਮ ਪ੍ਰਚਾਰਕ :** ਇਹ ਮਾਸਿਕ ਪੱਤਰ ੧੭ ਮਈ, ੧੮੯੩ ਈ. ਨੂੰ ਅੰਮ੍ਰਿਤਸਰ ਤੋਂ ਛਪਣਾ ਸ਼ੁਰੂ ਹੋਇਆ। ਇਸ ਦੇ ਸੰਪਾਦਕ ਲਾਹੌਰਾ ਸਿੰਘ ਸਨ। ਇਹ ਸਿੰਘ ਸਭਾ ਅੰਮ੍ਰਿਤਸਰ ਦੇ ਆਸ਼ਿਆਂ ਦਾ ਪ੍ਰਚਾਰ ਕਰਦਾ ਸੀ।

**੭. ਸ੍ਰੀ ਗੁਰ ਪ੍ਰਤਾਪ ਸੂਰਜ ਊਦੈ :** ਇਹ ਪੱਤਰ ੧੮੮੨ ਈ. ਵਿਚ ਨਾਨਕ ਪ੍ਰਕਾਸ਼ ਪ੍ਰੈਸ ਲਾਹੌਰ ਤੋਂ ਉਰਦੂ-ਪੰਜਾਬੀ ਮਿਸ਼ਰਤ ਭਾਸ਼ਾ ਵਿਚ ਛਪਣਾ ਸ਼ੁਰੂ ਹੋਇਆ ਸੀ। ਬੇਦੀ ਉਦੈ ਸਿੰਘ ਇਸ ਦੇ ਸੰਪਾਦਕ ਸਨ।[੨੫]

**੮. ਸ਼ੁਧੀ ਪੱਤਰ :** ਇਹ ਮਾਸਿਕ ਪੱਤਰ ਲਾਹੌਰ ਸ਼ੁਧੀ ਸਭਾ ਦੇ ਪ੍ਰਬੰਧ ਅਧੀਨ, ਐਂਗਲੋ-ਸੰਸਕ੍ਰਿਤ ਪ੍ਰੈਸ ਲਾਹੌਰ ਤੋਂ ੧੮੯੬ ਈ. ਵਿਚ ਚਾਲੂ ਹੋਇਆ। ਇਸ ਦਾ ਉਦੇਸ਼ ਹੋਰ ਧਰਮਾਂ ਵਿੱਚੋਂ ਸਿੱਖੀ ਵਿਚ ਪ੍ਰਵੇਸ਼ ਕਰਨ ਵਾਲੇ ਵਿਅਕਤੀਆਂ ਨੂੰ ਜੀ ਆਇਆਂ ਆਖਣਾ ਅਤੇ ਸਿੱਖੀ ਤੋਂ ਪਤਿਤ ਹੋਇਆਂ ਨੂੰ ਮੁੜ ਸਿੱਖ ਧਰਮ ਵਿਚ ਆਉਣ ਲਈ ਪ੍ਰੇਰਨਾ ਅਤੇ ਉਤਸ਼ਾਹ ਦੇਣਾ ਸੀ। ਇਹ ਪੱਤਰ ਵਾਦ-ਵਿਵਾਦ ਦਾ ਵਿਸ਼ਾ ਵੀ ਸੀ, ਕਿਉਂਕਿ ਸ਼ੁਧੀ ਦੀ ਮੁਹਿੰਮ ਵਿਚ ਇਹ ਪੰਜਾਬ ਦੇ ਆਰੀਆ ਸਮਾਜੀਆਂ ਦਾ ਸਹਿਯੋਗੀ ਸੀ, ਜਿਸ ਕਰਕੇ ਸਿੰਘ ਸਭਾ ਵਾਲੇ ਇਸ ਦੀ ਵਿਰੋਧਤਾ ਕਰਦੇ ਸਨ। ਖ਼ਾਸ ਤੌਰ 'ਤੇ ਸਨਾਤਨੀ ਵਿਚਾਰਾਂ ਵਾਲੇ ਸਿੱਖ, ਸ਼ੁਧੀ ਲਹਿਰ ਦੇ ਹੱਕ ਵਿਚ ਨਾ ਹੋਣ ਕਰਕੇ ਇਸ ਪੱਤਰ ਦਾ ਡਟ ਕੇ ਵਿਰੋਧ ਕਰਦੇ ਸਨ। ੧੮੯੯ ਈ. ਵਿਚ ਇਹ ਪੱਤਰ ਬੰਦ ਹੋ ਗਿਆ। ਇਸ ਸਮੇਂ ਦੌਰਾਨ ਇਸ ਨੂੰ ਵੱਖ-ਵੱਖ ਸੰਪਾਦਕਾਂ ਦੀ ਅਗਵਾਈ ਪ੍ਰਾਪਤ ਹੋਈ।[੨੬]

**੯. ਸ੍ਰੀ ਗੁਰਮਤ ਪ੍ਰਚਾਰ :** ਸਿੱਖ ਧਰਮ ਦੇ ਪ੍ਰਚਾਰ ਅਤੇ ਸੁਧਾਰ ਵਾਸਤੇ ੧੮੯੨ ਈ. ਵਿਚ ਸ਼ੁਰੂ ਹੋਇਆ ਇਹ ਮਾਸਿਕ ਪੱਤਰ ਇਕ-ਦੋ ਅੰਕੇ ਛਪਣ ਤੋਂ ਬਾਅਦ ਬੰਦ ਹੋ ਗਿਆ ਸੀ।

**੧੦. ਅਮਰ ਪਤ੍ਰਿਕਾ ਜਾਂ ਅਮਰ ਕੁੰਡ :** ਸਿੱਖ ਧਰਮ ਦੇ ਪ੍ਰਚਾਰ ਹਿਤ ਇਹ ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਤੋਂ ੧੮੯੭ ਈ. ਵਿਚ ਜਾਰੀ ਹੋਇਆ। ਭਾਈ ਨੱਥਾ ਸਿੰਘ ਇਸ ਦੇ ਮਾਲਕ ਤੇ ਸੰਪਾਦਕ ਸਨ। ਕੁਝ ਮਹੀਨਿਆਂ ਬਾਅਦ ਇਹ ਪੱਤਰ ਬੰਦ ਹੋ ਗਿਆ।[੨੭]

**੧੧. ਖਾਲਸਾ ਸੇਵਕ :** ਇਹ ਮਾਸਿਕ ਪੱਤਰ ੧੯੦੩ ਈ. ਵਿਚ ਸ੍ਰੀ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ ਸੀ, ਪਰ ਪ੍ਰੈਸ ਦੀਆਂ ਕੁਝ ਦਿੱਕਤਾਂ ਕਾਰਨ ਬੰਦ ਕਰਨਾ ਪਿਆ। ਬਾਅਦ ਵਿਚ ਫਿਰ ਜਨਵਰੀ ੧੯੧੩ ਈ. ਵਿਚ ਸ਼ੁਰੂ ਹੋ ਗਿਆ ਸੀ।[੨੮]

**੧੨. ਦੂਖ ਨਿਵਾਰਣ :** ਇਹ ਮਾਸਿਕ ਪੱਤਰ ਭਾਈ ਮੋਹਨ ਸਿੰਘ ਵੈਦ ਵੱਲੋਂ ੧

ਜਨਵਰੀ, ੧੯੦੬ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਵਾਲੇ ਦਿਨ ਸਰੀਰਕ, ਆਤਮਕ, ਧਾਰਮਿਕ ਅਤੇ ਦੇਸ ਦੀ ਦਸ਼ਾ ਦੇ ਸੁਧਾਰ ਹਿਤ ਤਰਨ ਤਾਰਨ ਤੋਂ ਸ਼ੁਰੂ ਕੀਤਾ ਗਿਆ ਸੀ।[੨੯]

ਉਪਰੋਕਤ ਪੰਜਾਬੀ, ਅੰਗਰੇਜ਼ੀ ਪੱਤਰਾਂ ਤੋਂ ਇਲਾਵਾ ਉਸ ਸਮੇਂ ਦੇ ਕੁਝ ਪੱਤਰ ਹੋਰ ਭਾਸ਼ਾਵਾਂ ਵਿਚ ਵੀ ਛਪਦੇ ਸਨ, ਜਿਨ੍ਹਾਂ ਵਿਚ ਆਫ਼ਤਾਬਿ-ਪੰਜਾਬ (ਪੰਦਰਾਂ ਰੋਜ਼ਾ), ਹਮਦਰਦ ਖਾਲਸਾ (ਮਾਸਿਕ), ਖਾਲਸਾ ਬਹਾਦਰ (ਸਪਤਾਹਿਕ), ਸਿੰਘ ਸਹਾਇ (ਸਪਤਾਹਿਕ) ਆਦਿ ਉਰਦੂ ਵਿਚ ਛਪਦੇ ਸਨ। ਪਰ ਸਿੱਖਾਂ ਵਿਚ ਗੁਰਮੁਖੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਦੇ ਅਖ਼ਬਾਰ ਨੂੰ ਬਹੁਤਾ ਪਸੰਦ ਨਹੀਂ ਕੀਤਾ ਜਾਂਦਾ ਸੀ। ਮਿਸਾਲ ਵਜੋਂ ਜਦੋਂ ਸ੍ਰੀ ਗੁਰ ਉਪਕਾਰ ਪ੍ਰਚਾਰਨੀ ਸਭਾ ਸ੍ਰੀ ਅੰਮ੍ਰਿਤਸਰ ਵੱਲੋਂ ਉਰਦੂ 'ਚ ਅਖ਼ਬਾਰ ਕੱਢਣ ਲਈ ਪਹਿਲਾਂ ਸੰਗਤਾ ਕੋਲੋਂ ਹਾਂ ਪੱਖੀ ਰਾਇ ਲੈਣ ਵਾਸਤੇ ਦਰਖ਼ਾਸਤਾਂ ਦੀ ਮੰਗ ਕੀਤੀ ਗਈ ਤਾਂ ਥੋੜੀਆਂ ਕੁ ਦਰਖ਼ਾਸਤਾਂ ਹੀ ਪੁੱਜੀਆਂ ਸਨ।[੩੦]

**ਪੰਜਾਬੀ ਅਖ਼ਬਾਰਾਂ ਦੀਆਂ ਸਮੱਸਿਆਵਾਂ**

ਉਪਰੋਕਤ ਅਖ਼ਬਾਰਾਂ ਦੀ ਸੰਖੇਪ ਵਿਚ ਸੂਚੀ ਅਤੇ ਪ੍ਰਬੰਧਕੀ ਹਾਲਤ ਬਾਰੇ ਜਾਣਕਾਰੀ ਦੇਣ ਨਾਲ ਇਹ ਸਿਧ ਕਰਨਾ ਹੈ ਕਿ ਖ਼ਾਲਸਾ ਸਮਾਚਾਰ ਦੇ ਅਰੰਭ ਹੋਣ ਸਮੇਂ ਪੰਜਾਬੀ ਵਿਚ ਸਮਾਚਾਰ ਪੱਤਰਾਂ ਦਾ ਅਭਾਵ ਨਹੀਂ ਸੀ, ਸਗੋਂ ਇਹ ਗਿਣਤੀ ਪੱਖੋਂ ਤਾਂ ਕਿਸੇ ਗੱਲੋਂ ਵੀ ਘੱਟ ਨਹੀਂ ਸਨ। ਜੇ ਅਭਾਵ ਹੈ ਸੀ ਤਾਂ ਆਪਣੇ ਸਾਧਨਾਂ ਅਤੇ ਭਵਿੱਖ-ਦ੍ਰਿਸ਼ਟੀ ਦਾ ਸੀ। ਇਹੀ ਕਾਰਨ ਹੈ ਕਿ ਇਕ-ਦੋ[੩੧] ਪੱਤਰਾਂ ਨੂੰ ਛੱਡ ਕੇ ਬਾਕੀ ਪੱਤਰ ਬਹੁਤਾ ਚਿਰ ਨਹੀ ਟਿਕ ਸਕੇ। ਇਨ੍ਹਾਂ ਵਿੱਚੋਂ ਬਹੁਤੇ ਪੱਤਰ ਕਿਸੇ ਵਿਸ਼ੇਸ਼ ਮਨੋਰਥ ਨੂੰ ਸਾਹਮਣੇ ਰੱਖ ਕੇ ਸ਼ੁਰੂ ਹੋਏ ਸਨ, ਜਦੋਂ ਮਨੋਰਥ ਪੂਰਾ ਹੋ ਗਿਆ ਤਾਂ ਅਖ਼ਬਾਰ ਆਪਣੇ ਆਪ ਬੰਦ ਹੋ ਜਾਂਦਾ ਸੀ। ਦੂਜਾ ਕੁਝ ਪੱਤਰ ਰੀਸੋ ਰੀਸ ਤਜ਼ਰਬਾ ਨਾ ਹੋਣ ਕਾਰਨ ਸ਼ੁਰੂ ਕੀਤੇ ਜਾਂਦੇ, ਜੋ ਛੇਤੀ ਹੀ ਬੰਦ ਹੋ ਜਾਂਦੇ ਸਨ।

ਇਨ੍ਹਾਂ ਸਾਰਿਆਂ ਪੱਤਰਾਂ ਬਾਰੇ ਖ਼ਾਸ ਕਰਕੇ ਜਿਹੜੇ 'ਖ਼ਾਲਸਾ ਸਮਾਚਾਰ' ਤੋਂ ਪਹਿਲਾਂ ਪ੍ਰਕਾਸ਼ਿਤ ਹੋਣੇ ਅਰੰਭ ਹੋਏ, ਦੋ ਗੱਲਾਂ ਸਾਂਝੀਆਂ ਸਨ। ਇਕ ਇਹ ਕਿ ਸਾਰੇ ਆਰਥਿਕ ਤੰਗੀ ਦਾ ਸ਼ਿਕਾਰ ਸਨ ; ਦੂਜਾ ਇਨ੍ਹਾਂ ਕੋਲ ਆਪਣੀ ਪ੍ਰੈਸ ਦਾ ਪ੍ਰਬੰਧ ਨਹੀਂ ਸੀ। ਕਈ ਵਾਰ ਇਨ੍ਹਾਂ ਨੂੰ ਛਾਪਾਖਾਨਾ ਨਹੀਂ ਸੀ ਮਿਲਦਾ। ਜੇ ਛਾਪਾਖਾਨਾ ਮਿਲ ਜਾਂਦਾ ਤਾਂ ਕਈ ਵਾਰ ਮਾਲਕ ਕਿਸੇ ਹੋਰ ਧਿਰ ਨਾਲ ਜੁੜਿਆ ਹੁੰਦਾ, ਉਸ ਨੂੰ ਛਾਪਣ ਤੋਂ ਇਨਕਾਰ ਕਰ ਦਿੰਦਾ। ਬੇਸ਼ਕ ਸਰਕਾਰ ਨਾਲ ਵੀ ਇਨ੍ਹਾਂ ਦੀ ਕੋਈ ਟੱਕਰ ਨਹੀਂ ਸੀ ਅਤੇ ਤਕਰੀਬਨ ਇਹ ਸਾਰੇ ਪੱਤਰ ਸਮਾਜ ਸੁਧਾਰ ਤੇ ਵਿੱਦਿਆ ਦੇ ਸਾਧਨਾਂ 'ਤੇ ਜ਼ੋਰ ਦਿੰਦੇ ਸਨ, ਪਰ ਫਿਰ ਵੀ ਛਪਾਈ ਦੀਆਂ ਸਹੂਲਤਾਂ ਕਈ ਵਾਰ ਨਹੀਂ ਮਿਲਦੀਆਂ ਸਨ। ੧੯੦੦ ਈ. ਤਕ ਛਾਪੇਖਾਨੇ ਥੋੜੇ ਅਤੇ ਪੱਤਰ ਵੱਧ ਹੋਣ ਕਾਰਨ ਇਨ੍ਹਾਂ ਪੱਤਰਾਂ ਨੂੰ ਮਜਬੂਰੀ ਵਸ ਪੱਥਰ ਦੇ ਛਾਪੇਖਾਨੇ ਵਿਚ ਹੀ ਛਾਪਣਾ ਪੈਂਦਾ ਸੀ। ਉਦਾਹਰਨ ਲਈ ੧੯੦੩ ਈ. ਵਿਚ ਸ਼ੁਰੂ ਹੋਇਆ 'ਖਾਲਸਾ ਸੇਵਕ' ਗੁਰਮੁਖੀ ਦਾ ਮਾਸਿਕ ਪੱਤਰ ਸੀ, ਪਰ ਅਚਾਨਕ ਛਾਪੇਖਾਨੇ ਦੀ ਦਿੱਕਤ ਕਾਰਨ ਇਸ ਦੇ ਕੁਝ ਅੰਕ ਪ੍ਰਕਾਸ਼ਿਤ ਨਾ ਹੋ ਸਕੇ। ਉਸ ਨੇ ਹੇਠਲੇ

ਸ਼ਬਦਾਂ ਵਿਚ ਪਾਠਕਾਂ ਕੋਲੋਂ ਖਿਮਾ ਵੀ ਮੰਗੀ:

"ਪਿਆਰੇ ਸਜਨੋਂ ! ਇਹ ਪਤਰ ਜੂਨ ਮਹੀਨੇ ਵਿਚ ਨਿਕਲਣਾ ਸੀ ਪਰ ਸਤੰਬਰ ਮਹੀਨੇ ਵਿਚ ਨਿਕਲਿਆ ਹੈ। ਅਰਥਾਤ ਪਿਛਲੇ ਦੋ ਮਹੀਨਿਆਂ, ਜੁਲਾਈ ਅਤੇ ਅਗਸਤ ਦੇ ਪਰਚੇ ਨਹੀਂ ਛਪੇ। ਉਨ੍ਹਾਂ ਦੇ ਨਾ ਛਪਣ ਦਾ ਕੀ ਕਾਰਣ ਹੈ?...ਪਰੰਤੂ ਇਹ ਮਾਲੂਮ ਕਰਕੇ ਕਿ ਅਗੇ ਇਹ ਪਤਰ ਟਾਈਪ ਵਿਚ ਛਪਦਾ ਸੀ ਪਰ ਐਤਕੀ ਪੱਥਰ ਪਰ ਛਪਿਆ ਹੋਇਆ ਆਇਆ ਹੈ ਇਸ ਦਾ ਕੀ ਕਾਰਨ ਹੈ ? ਇਸ ਮਾਮਲੇ ਪਰ ਰਤਾ ਦੀਰਘ ਵਿਚਾਰ ਕਰਕੇ ਹੀ ਸਾਰੇ ਸੰਸੇ ਨਵਿਰਤ ਹੋ ਜਾਣਗੇ। ਪਿਆਰੇ ਭਰਾਵੋ ! ਇਸ ਦੇ ਨਾਂ ਛਪਣ ਵਿਚ ਦੇਰੀ ਹੋਣ ਦਾ ਕਾਰਨ ਨਾ ਤਾਂ ਕਿਸੇ ਵਿਰੋਧੀ ਦਾ ਭੈ ਹੈ. ਨਾ ਹੀ ਮਾਯਾ ਦੀ ਤੋਟ ਹੈ, ਨਾ ਹੀ ਸਾਡੀ ਅਣਗਹਿਲੀ ਤੇ ਸੁਸਤੀ ਹੈ ਅਤੇ ਨਾ ਹੀ ਅਜਿਹਾ ਕੋਈ ਹੋਰ ਕਾਰਣ ਹੈ। ਇਸ ਦਾ ਅਸਲ ਕਾਰਣ ਪ੍ਰੈਸ ਦੀਆਂ ਦਿਕਤਾਂ ਹਨ। ਇਸ ਦੇ ਛਪਣ ਵਿਚ ਵਿਰੋਧੀਆਂ ਨੇ ਬੜੀਆਂ ਰੁਕਾਵਟਾਂ ਪਾ ਛਡੀਆਂ ਹਨ। ਇਸ ਕਰਕੇ ਸਾਨੂੰ ਮਜਬੂਰੀ, ਲਾਚਾਰੀ ਤੇ ਬੇਬਸੀ ਕਾਰਣ ਇਹ ਪੱਥਰ ਪਰ ਛਪਵਾਨਾ ਪਿਆ ਹੈ। ਜੋ ਕਠਨਾਈਆਂ ਅਤੇ ਤਕਲੀਫ਼ਾਂ ਸਾਨੂੰ ਪੇਸ਼ ਆ ਰਹੀਆਂ ਹਨ, ਉਹ ਅਸੀਂ ਹੀ ਜਾਣਦੇ ਹਾਂ। ਬਾਹਰ ਬੈਠੇ ਸੱਜਨਾਂ ਨੂੰ ਇਸ ਕੀ ਪਤਾ ਲਗ ਸਕਦਾ ਹੈ ? ਅਖ਼ਬਾਰ ਦੀ ਉਨਤੀ ਉਸ ਦੇ ਆਪਣੇ ਛਾਪੇਖਾਨੇ ਬਿਨਾਂ ਅਸੰਭਵ ਹੈ। ਇਸ ਲਈ ਪਿਆਰੇ ਮਿਤਰੋ ! ਜੇਕਰ ਤੁਹਾਨੂੰ ਇਸ ਅਖ਼ਬਾਰ ਨਾਲ ਹਮਦਰਦੀ ਹੈ, ਪਿਆਰ ਹੈ, ਜੇਕਰ ਤੁਹਾਨੂੰ ਇਸ ਦੀ ਸੇਵਾ ਪਸੰਦ ਹੈ। ਜੇਕਰ ਤੁਹਾਨੂੰ ਇਸ ਦੀ ਉਨਤੀ ਦਾ ਚਾਉ ਹੈ, ਜੇਕਰ ਇਸ ਨੂੰ ਅਟੱਲ ਰਖਣ ਦੀ ਅਭਿਲਾਸ਼ਾ ਹੈ, ਜੇਕਰ ਤੁਹਾਨੂੰ ਸੱਤ ਅਸੱਤ ਦੇਖਣ ਦਾ ਸ਼ੌਕ ਹੈ, ਤਾਂ "ਖਾਲਸਾ ਸੇਵਕ" ਲਈ ਪ੍ਰੈਸ ਦਾ ਸ਼ੀਘਰ ਉਪਰਾਲਾ ਕਰੋ।"[੩੨]

ਉਕਤ ਹਵਾਲੇ ਤੋਂ ਉਸ ਵੇਲੇ ਦੀ ਪੰਜਾਬੀ ਪੱਤਰਕਾਰੀ ਲਈ ਪ੍ਰੈਸ ਦੇ ਸਾਧਨਾਂ ਦੀ ਕਮੀ ਦੀ ਤਰਸਯੋਗ ਹਾਲਤ ਸਾਹਮਣੇ ਆਉਂਦੀ ਹੈ। ਇਸ਼ਤਿਹਾਰਬਾਜ਼ੀ, ਜਿਸ ਨੂੰ ਅਖ਼ਬਾਰਾਂ ਦੀ ਆਮਦਨੀ ਦਾ ਕਾਰਗਰ ਸਾਧਨ ਮੰਨਿਆਂ ਜਾਂਦਾ ਹੈ, ਇਨ੍ਹਾਂ ਅਖ਼ਬਾਰਾਂ ਕੋਲ ਬਹੁਤ ਘੱਟ ਹੁੰਦੀ ਸੀ। ਕੇਵਲ ਪੰਥਕ ਸੇਵਾ ਦੀ ਭਾਵਨਾ ਅਧੀਨ ਹੀ ਇਹ ਜਾਰੀ ਰਹਿੰਦੇ ਸਨ, ਭਾਵੇਂ ਇਹ ਪੱਤਰ ਪੇਸ਼ਗੀ ਚੰਦੇ ਲੈਣ ਦੀ ਮੰਗ ਵੀ ਕਰਿਆ ਕਰਦੇ ਸਨ, ਪਰ ਅਮਲੀ ਤੌਰ 'ਤੇ ਇਹ ਪਾਠਕਾਂ ਨੂੰ ਮੁਫ਼ਤ ਹੀ ਭੇਜੇ ਜਾਂਦੇ ਸਨ। ਜੇ ਕੋਈ ਆਪਣੇ ਆਪ ਚੰਦਾ ਭੇਜ ਦਿੰਦਾ ਤਾਂ ਠੀਕ, ਨਹੀ ਤਾਂ ਸਹਾਇਤਾ ਲਈ ਅਪੀਲਾਂ ਹੀ ਹੁੰਦੀਆਂ ਸਨ। ਇਹੀ ਕਾਰਨ ਸੀ ਕਿ ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਦਾ ਘੇਰਾ ਵੀ ਬੜਾ ਸੀਮਿਤ ਸੀ ਅਤੇ ਉਨ੍ਹੀਵੀਂ ਸਦੀ ਵਿਚ ਕੋਈ ਵੀ ਪੰਜਾਬੀ ਰੋਜ਼ਾਨਾ ਅਖ਼ਬਾਰ ਨਹੀਂ ਸੀ।[੩੩] ਇਨ੍ਹਾਂ ਦੇ ਸਮਕਾਲੀ ਉਰਦੂ 'ਪੈਸਾ ਅਖਬਾਰ' ਲਾਹੌਰ ਵਰਗੇ ਸਨ ਜਿਨ੍ਹਾਂ ਦੀ ਗਿਣਤੀ ਦਸ ਹਜ਼ਾਰ ਤੋਂ ਉਪਰ ਹੋ ਗਈ ਸੀ।[੩੪] ਇਸ ਤੋਂ ਇਲਾਵਾ ਹੋਰ ਉਰਦੂ ਅਖ਼ਬਾਰ ਜਿਵੇਂ 'ਵਤਨ', 'ਜ਼ਿਮੀਦਾਰ' 'ਰਫ਼ੀਕ' 'ਅਫਗਾਨ' ਅਤੇ ਹਿੰਦੀ ਅਖ਼ਬਾਰ 'ਦੇਸ਼' ਅਤੇ 'ਹਿੰਦੂ' ਆਦਿ ਤਰੱਕੀ ਕਰਕੇ ਰੋਜ਼ਾਨਾ ਹੋ ਗਏ ਸਨ।[੩੫] ਸਿੱਖ ਪੁਨਰ-ਜਾਗ੍ਰਿਤੀ ਕਾਲ ਵਿਚ ਪੰਜਾਬੀ ਅਖ਼ਬਾਰਾਂ ਦੀਆਂ ਉਕਤ ਸਮੱਸਿਆਵਾਂ ਦਾ ਪ੍ਰਮੁੱਖ ਕਾਰਨ ਆਪਣੀ ਪ੍ਰੈਸ ਦੀ ਅਣਹੋਂਦ ਸੀ। ਇਸ ਸਮੱਸਿਆ ਦਾ ਹੱਲ 'ਖਾਲਸਾ ਟ੍ਰੈਕਟ ਸੁਸਾਇਟੀ' ਅਤੇ 'ਖ਼ਾਲਸਾ ਸਮਾਚਾਰ'

ਅਰੰਭ ਹੋਣ ਸਮੇਂ 'ਵਜ਼ੀਰ ਹਿੰਦ ਪ੍ਰੈਸ' ਦੀ ਸਥਾਪਤੀ ਨਾਲ ਕਰ ਲਿਆ ਗਿਆ ਸੀ।

'ਖਾਲਸਾ ਟ੍ਰੈਕਟ ਸੁਸਾਇਟੀ' ਇਕ ਰਜਿਸਟਰਡ ਸਾਹਿਤ-ਸਮਿਤੀ ਸੀ ਜਿਸ ਦੀ ਰਜਿਸਟ੍ਰੇਸ਼ਨ ਮਾਰਚ ੧੮੯੭ ਈ. ਨੂੰ ਹੋਈ।[੩੬] ਇਸ ਦੇ ਸਕੱਤਰ ਤੇ ਪ੍ਰਧਾਨ ਦੀ ਚੋਣ ਹਰ ਸਾਲ ਅੰਤ੍ਰਿਗ ਕਮੇਟੀ ਕਰਦੀ ਸੀ। ਇਸ ਦਾ ਮੁੱਖ ਮੰਤਵ ਸਿੱਖਾਂ ਵਿੱਚੋਂ ਕੁਰੀਤੀਆਂ ਦੂਰ ਕਰ ਕੇ ਸੁਰੀਤੀਆਂ ਦਾ ਚਲਾਉਣਾ ਅਤੇ ਗੁਰਬਾਣੀ ਦਾ ਪ੍ਰਚਾਰ ਕਰਨਾ ਸੀ। ਸੁਸਾਇਟੀ ਵਲੋਂ ਇਸ ਦੇ ਸਹਿ-ਮੋਢੀ ਸੰਚਾਲਕ ਭਾਈ ਕੌਰ ਸਿੰਘ ਦੁਆਰਾ ਕੀਤੀ ਗਈ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਧਾਰਮਿਕ ਸਿੱਖਿਆ ਦੇ ਵਿਦਿਆਰਥੀਆਂ ਨੂੰ 'ਭਾਈ ਕੌਰ ਸਿੰਘ ਗੁਰਮੁਖੀ ਮੈਡਲ' ਦੇਣਾ ਵੀ ਆਰੰਭ ਕੀਤਾ ਗਿਆ ਸੀ।[੩੭] ਇਸ ਸੁਸਾਇਟੀ ਦੇ ਕੰਮਾਂ ਦੀ ਅਨਮਤੀ ਵੀ ਸ਼ਲਾਘਾ ਕਰਦੇ ਸਨ। ਇਸ ਦੇ ਟ੍ਰੈਕਟਾਂ ਦੇ ਰੀਵਿਊ 'ਪਾਇਓਨੀਅਰ' ਵਰਗੇ ਅੰਗਰੇਜ਼ੀ ਅਖ਼ਬਾਰਾਂ ਵਿਚ ਸ਼ਲਾਘਾ ਸਹਿਤ ਛਪਦੇ ਸਨ।[੩੮] ਸੁਸਾਇਟੀ ਵੱਲੋਂ ਚੀਫ਼ ਖ਼ਾਲਸਾ ਦੀਵਾਨ ਨੂੰ ਸ਼ੁਰੂ ਤੋਂ ਹੀ ਸਹਾਇਤਾ ਮਿਲਦੀ ਰਹੀ ਹੈ ਅਤੇ ਦੀਵਾਨ ਦੇ ਬਹੁਤ ਸਾਰੇ ਮੈਂਬਰ ਸੁਸਾਇਟੀ ਦੇ ਮੈਂਬਰ ਵੀ ਸਨ। ਪਰ 'ਖਾਲਸਾ ਟ੍ਰੈਕਟ ਸੁਸਾਇਟੀ' ਕਿਸੇ ਦੀਵਾਨ ਦੀ ਦੇਣ ਨਹੀਂ। ਇਹ ਤਾਂ ਸਿੰਘ ਸਭਾਵਾਂ ਅਤੇ ਖ਼ਾਲਸਾ ਦੀਵਾਨਾਂ ਦੀ ਆਪਸੀ ਫੁਟ ਉਪਰੰਤ, ਇਨ੍ਹਾਂ ਦੇ ਮੂਲ ਆਦਰਸ਼ਾਂ ਤੇ ਉਦੇਸ਼ਾਂ ਤੋਂ ਪ੍ਰਭਾਵਿਤ ਕੁਝ ਕੁ ਸਜਣਾਂ ਨੇ ਸਥਾਪਿਤ ਕੀਤੀ ਸੀ।

ਇਸ ਦੀ ਸਥਾਪਨਾ ਨਾਲ ਪੰਜਾਬੀ ਪੱਤਰਕਾਰੀ ਨੇ ਵਿਕਾਸ ਦੇ ਅਗਲੇਰੇ ਕਦਮ ਪੁੱਟੇ ਅਤੇ ਇਸ ਨੇ ਲੱਖਾਂ ਦੀ ਗਿਣਤੀ ਵਿਚ ਸਿੱਖ ਸਾਹਿਤ ਅਤੇ ਪੰਜਾਬੀ ਦੇ ਪਾਠਕ ਪੈਦਾ ਕੀਤੇ। ਇਸ ਸੁਸਾਇਟੀ ਨੇ ਸਿੱਖ ਪੁਨਰ-ਜਾਗ੍ਰਿਤੀ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ ਸੁਧਾਰ ਹਿੱਤ ਗੁਰਬਾਣੀ ਦੇ ਗੁਟਕੇ, ਸਲੋਗਨ (ਮਾਟੋ), ਫੋਟੋਆਂ, ਵਧਾਈ ਪੱਤਰ, ਬਾਣੀ ਦੇ ਭਾਵ ਪ੍ਰਕਾਸ਼ਨੀ ਟੀਕੇ, ਧਾਰਮਿਕ ਜੀਵਨੀਆਂ, ਮੌਲਿਕ ਰਚਨਾਵਾਂ, ਸ਼ਰਧਾਂਜਲੀਆਂ, ਧਰਮ ਰਖਿਆਤਮਕ ਅਤੇ ਫੁਟਕਲ ਟ੍ਰੈਕਟ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਦੀ ਆਪੋ-ਆਪਣੇ ਪ੍ਰਸੰਗ ਵਿਚ ਬੜੀ ਮਹੱਤਤਾ ਸੀ। ਇਨ੍ਹਾਂ ਤੋਂ ਇਲਾਵਾ ਖੇਤੀਬਾੜੀ, ਬਾਗ਼ਬਾਨੀ, ਖਗੋਲ ਵਿੱਦਿਆ, ਭੂਗੋਲ, ਸਰੀਰ ਵਿਗਿਆਨ, ਬਨਸਪਤੀ ਅਤੇ ਜੀਵ ਵਿਗਿਆਨ ਆਦਿ ਵਿਸ਼ਿਆਂ 'ਤੇ ਵੀ ਟ੍ਰੈਕਟ ਪ੍ਰਕਾਸ਼ਿਤ ਕੀਤੇ ਜਾਂਦੇ ਸਨ। ਜਿਵੇਂ ਅੰਗਰੇਜ਼ੀ ਸਾਹਿਤ ਵਿਚ ਐਡੀਸਨ ਨੇ 'ਸਪੈਕਟੇਟਰ' ਰਾਹੀਂ ਆਪਣੇ ਸਮਕਾਲੀ ਜੀਵਨ, ਧਰਮ, ਸਾਹਿਤ, ਦਰਸ਼ਨ, ਸਭਿਆਚਾਰ, ਫੈਸ਼ਨ ਆਦਿ ਵਿਸ਼ਿਆਂ 'ਤੇ ਸੁਲਝੇ ਹੋਏ ਵਿਚਾਰ ਪੇਸ਼ ਕੀਤੇ ਉਵੇਂ ਹੀ ਭਾਈ ਵੀਰ ਸਿੰਘ ਨੇ 'ਨਿਰਗੁਣੀਆਰਾ' ਰਾਹੀਂ ਸਿੱਖ ਧਰਮ, ਸਮਾਜ, ਦਰਸ਼ਨ, ਭਾਈਚਾਰਾ, ਪੰਜਾਬੀ ਬੋਲੀ, ਸਾਹਿਤ ਅਤੇ ਜਨਸਮੂਹ ਆਦਿ ਅਨੇਕ ਵਿਸ਼ਿਆਂ 'ਤੇ ਆਪਣੀ ਲੇਖਣੀ ਤੇ ਸੰਪਾਦਨ ਕਲਾ ਰਾਹੀਂ ਭਰਪੂਰ ਚਾਨਣਾ ਪਾਇਆ।[੩੯] ਭਾਈ ਵੀਰ ਸਿੰਘ ਤੋਂ ਇਲਾਵਾ ਗਿ. ਹਜ਼ਾਰਾ ਸਿੰਘ, ਡਾ. ਚਰਨ ਸਿੰਘ, ਭਾਈ ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਜੀ. ਬੀ. ਸਿੰਘ ਅਤੇ ਗਿਆਨੀ ਮਹਾਂ ਸਿੰਘ ਦੀਆਂ ਰਚਨਾਵਾਂ ਵੀ 'ਨਿਰਗੁਣੀਆਰੇ' ਦੇ ਸਾਹਿਤਕ ਸ਼ਿੰਗਾਰ ਦਾ ਹਿੱਸਾ ਬਣਦੀਆਂ ਰਹੀਆਂ।[੪੦] ਸੁਸਾਇਟੀ ਦੀ ਇਕ ਖ਼ੂਬੀ ਇਹ ਵੀ ਸੀ ਕਿ ਇਹ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਵੀ

ਟ੍ਰੈਕਟਾਂ ਵਿਚ ਥਾਂ ਦਿੰਦੀ ਸੀ, ਇਕ ਵਿਦਿਆਰਥੀ ਦਾ 'ਸੁਪਨਾ' ਨਾਮਕ ਟ੍ਰੈਕਟ ਪਾਠਕਾਂ ਵੱਲੋਂ ਬੜਾ ਸਾਲਾਹਿਆ ਗਿਆ ਸੀ।[੪੧] ਪੰਜਾਬੀ ਸਾਹਿਤ ਤੇ ਸਿੱਖ ਧਰਮ ਦੀ ਉਨਤੀ ਪ੍ਰਥਾਇ ਇਸ ਪੱਤਰ ਦੀਆਂ ਕੁਝ ਖ਼ਾਸ ਪ੍ਰਾਪਤੀਆਂ ਹਨ[੪੨] :

**੧**. ਟ੍ਰੈਕਟ ਦੇ ਸਾਰੇ ਅੰਕ ਕੇਂਦਰੀ ਪੰਜਾਬੀ ਵਿਚ ਲਿਖੇ ਜਾਂਦੇ ਸਨ। ਇਸ ਲਈ ਵਰਤਮਾਨ ਪੰਜਾਬੀ ਦੀ ਰੂਪ ਰੇਖਾ ਵਿਚ ਇਨ੍ਹਾਂ ਦਾ ਯੋਗਦਾਨ ਹੈ।

**੨**. ਕੁਝ ਉਘੀਆਂ ਤੇ ਲਾਭਦਾਇਕ ਪੱਛਮੀ ਤੇ ਏਸ਼ਿਆਈ ਰਚਨਾਵਾਂ ਦੇ ਪੰਜਾਬੀ ਪ੍ਰਕਾਸ਼ਨ ਦੀ ਪਹਿਲ ਕਰਨ ਦਾ ਸਿਹਰਾ ਵੀ ਇਸੇ ਪੱਤਰ ਦੇ ਸਿਰ ਹੈ। ਜਿਵੇਂ ਅੰਗਰੇਜ਼ੀ ਦੀ Hero and Hero-Worship ਦਾ 'ਕਲਾਧਾਰੀ ਤੇ ਕਲਾਧਾਰੀ ਪੂਜਾ'; ਜਾਪਾਨੀ ਦੇ Dwarf Trees ਦਾ 'ਬੌਣੇ ਬੂਟੇ' ਅਤੇ ਪਾਲੀ ਦੀ 'ਸ਼੍ਰਮਣ ਨਾਦ' ਦਾ 'ਕਰ ਭਲਾ ਹੋ ਭਲਾ', ਆਦਿ ਉਲੇਖਯੋਗ ਹਨ।

**੩.** ਸਿੱਖ ਸਾਹਿਤ ਦੀਆਂ ਉਚਤਮ ਕ੍ਰਿਤੀਆਂ (ਜਿਵੇਂ ਤੌਸੀਫ਼ੋਸਨਾ ਕ੍ਰਿਤ ਭਾਈ ਨੰਦ ਲਾਲ) ਲੱਭ ਕੇ ਸੰਪਾਦਨ, ਅਨੁਵਾਦਨ, ਵਿਆਖਿਆਉਣ ਅਤੇ ਪ੍ਰਕਾਸ਼ਨ ਆਦਿ ਦੀ ਲੀਹ ਵੀ ਇਸੇ ਨੇ ਤੋਰੀ।

**੪.** ਸਿੱਖਾਂ ਦੀਆਂ ਕੁਝ ਵਿਸ਼ੇਸ਼ ਧਾਰਮਿਕ ਤੇ ਸਭਿਆਚਾਰਕ ਲੋੜਾਂ ਨੂੰ ਮੁੱਖ ਰੱਖਦਿਆਂ ਸੁਸਾਇਟੀ ਨੇ 'ਖਾਲਸਾ ਹੀਰਾ ਜੰਤਰੀ' ਵੀ ਪ੍ਰਚਲਤ ਕੀਤੀ, ਜੋ ਅਜੇ ਵੀ ਹਰ ਵਰ੍ਹੇ ਛਪ ਰਹੀ ਹੈ।

**੫.** ਪੰਜਾਬੀ ਸਾਹਿਤ ਖੇਤਰ ਵਿਚ ਵਿਗਿਆਨਕ ਵਿਸ਼ਿਆਂ ਦਾ ਉਥਾਨ ਵੀ ਸੁਸਾਇਟੀ ਦੁਆਰਾ ਹੀ ਹੋਇਆ। ਸੁਸਾਇਟੀ ਨੇ ਵਿਗਿਆਨ ਦੇ ਬਹੁ ਪੱਖੀ ਵਿਸ਼ਿਆਂ 'ਤੇ ਟ੍ਰੈਕਟ ਪ੍ਰਕਾਸ਼ਿਤ ਕਰਕੇ ਆਪਣੇ ਪਾਠਕਾਂ ਤਕ ਪਹੁੰਚਾਏ।[੪੩]

**੬.** ਇਨ੍ਹਾਂ ਟ੍ਰੈਕਟਾਂ ਨੇ ਰਿਵਿਊ ਦੀ ਪ੍ਰਥਾ ਪਾਈ, ਜਿਸ ਨਾਲ ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚ ਇਸ ਖੇਤਰ ਦਾ ਮੁਢ ਬੰਨ੍ਹਿਆ ਗਿਆ।[੪੪]

ਇਸ ਤਰ੍ਹਾਂ 'ਖਾਲਸਾ ਟ੍ਰੈਕਟ ਸੁਸਾਇਟੀ' ਨੇ ਉਪਰੋਕਤ ਕਾਰਜਾਂ ਦੁਆਰਾ ਖ਼ਾਲਸਾ ਸਮਾਚਾਰ ਲਈ ਸਾਹਿਤ ਅਤੇ ਪਾਠਕ ਪੈਦਾ ਕਰਨ ਦੇ ਆਹਰ ਦੀ ਪਿਠ ਭੂਮੀ ਸਿਰਜੀ, ਜਿਸਦੀ ਛਾਪ ਇਸ ਦੇ ਸਾਰਥਕ ਸਿੱਟਿਆਂ ਦੀ ਲਿਹਾਜ਼ ਨਾਲ ਅਗਲੇ ਪੰਨਿਆਂ 'ਚੋਂ ਲੱਭੀ ਜਾ ਸਕਦੀ ਹੈ। ਭਾਈ ਵੀਰ ਸਿੰਘ ਹੁਰਾਂ ਦਾ ਇਹ ਸਫਲ ਤਜ਼ਰਬਾ ਸੀ, ਜੋ ਅੱਗੇ ਖ਼ਾਲਸਾ ਸਮਾਚਾਰ ਦੀ ਪ੍ਰਕਾਸ਼ਨਾ ਅਤੇ ਸਿਰਜਣਾ ਵਿਚ ਸਹਾਈ ਹੋਇਆ।

**ਖ਼ਾਲਸਾ ਸਮਾਚਾਰ**

ਪੰਜਾਬੀ ਪੱਤਰਕਾਰੀ ਦਾ ਭਾਵੇਂ ਪਹਿਲਾਂ ਮੁਢ ਬੱਝ ਚੁਕਿਆ ਸੀ ਪਰ ਖ਼ਾਲਸਾ ਸਮਾਚਾਰ ਇਸ ਪੱਖ ਤੋਂ ਇਕ ਮੀਲ ਪੱਥਰ ਹੈ। ਇਸ ਅਖ਼ਬਾਰ ਦੀ ਨੀਤੀ ਦੀ ਸ਼ਲਾਘਾ ਕਰਦਿਆਂ 'ਖਾਲਸਾ ਅਖਬਾਰ' ਦੇ ਪ੍ਰਸਿੱਧ ਸੰਪਾਦਕ ਅਤੇ ਵਿਦਵਾਨ ਭਾਈ ਦਿੱਤ ਸਿੰਘ ਨੇ ਕਿਹਾ ਸੀ :

"ਅਸੀਂ ਬਹੁਤੇ ਤੇਜ਼ ਸਾਂ ; ਪਰ ਜੋ ਨੀਤੀ ਖਾਲਸਾ ਸਮਾਚਾਰ ਨੇ ਬਧੀ ਹੈ ਬੜੀ ਹਛੀ ਰਹੇਗੀ।"[੪੫]

ਇਹ ਹਫ਼ਤਾਵਾਰੀ ਪੱਤਰ ੨੦ਵੀਂ ਸਦੀ ਦੇ ਅਖੀਰ (੧੭ ਨਵੰਬਰ, ੧੮੯੯ ਈ.) ਵਿਚ ਸ਼ੁਰੂ ਹੋਇਆ ਜੋ ਹੁਣ ਤਕ ਨਿਰੰਤਰ ਚੱਲ ਰਿਹਾ ਹੈ। ਖ਼ਾਲਸਾ ਸਮਾਚਾਰ ਆਰਥਿਕ ਲਾਭ ਲੈਣ ਲਈ ਨਹੀਂ ਚਾਲੂ ਕੀਤਾ ਸੀ, ਇਹ ਤਾਂ ਭਾਈ ਵੀਰ ਸਿੰਘ ਦੀ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਹਿਤ ਸੇਵਾ ਭਾਵਨਾ ਦੇ ਜਜ਼ਬੇ ਅਤੇ ਉਸ ਵਚਨ ਦੀ ਪੂਰਤੀ ਸੀ ਜਿਹੜਾ ਭਾਈ ਸਾਹਿਬ ਜੀ ਨੇ ਆਪਣੀ ਦਸਵੀਂ ਜਮਾਤ ਦੀ ਇਕ ਕਿਤਾਬ 'ਚ ਸਿੱਖਾਂ ਬਾਰੇ ਲੇਖ ਦੇ ਅਖੀਰਲੇ ਫਿਕਰੇ 'They are fast disappearing' (ਉਹ (ਸਿੱਖ) ਬੜੀ ਤੇਜ਼ੀ ਨਾਲ ਮਿਟ ਰਹੇ ਹਨ) ਨੂੰ ਪੜ੍ਹਕੇ ਕੀਤਾ ਸੀ ਕਿ 'ਨਹੀਂ, ਸਿੱਖ ਨਹੀ ਮਿਟ ਸਕਦੇ, ਗੁਰੂ ਕਰੇ ਤਾਂ ਮੈਂ ਆਪਣਾ ਜੀਵਨ ਇਸੇ ਹੀ ਸੇਵਾ ਵਿਚ ਸਫਲਾਵਾਂ'।[੪੬] ਇਸ ਤਰ੍ਹਾਂ ਭਾਈ ਸਾਹਿਬ ਦੇ ਇਸ ਜਜ਼ਬੇ ਅਤੇ ਸੇਵਾ ਭਾਵਨਾ ਸਦਕਾ ਜਿਹੜੀ (ਪੰਜਾਬੀ) ਬੋਲੀ ਨੂੰ ਲੋਕ ਵਿਆਹਾਂ ਦੇ ਗੀਤਾਂ ਜਾਂ ਸਿਠਣੀਆਂ ਤਕ ਹੀ ਸੀਮਿਤ ਸਮਝਦੇ ਸਨ, ਉਸ ਬੋਲੀ ਵਿਚ ਖ਼ਾਲਸਾ ਸਮਾਚਾਰ ਨੇ ਧਾਰਮਿਕ, ਦਾਰਸ਼ਨਿਕ ਅਤੇ ਸਾਹਿਤਕ ਪੱਖੋਂ ਉੱਚ ਪਾਏ ਦੀ ਵਾਰਤਕ ਪੈਦਾ ਕੀਤੀ। ਇਸ ਦੀਆਂ ਪਹਿਲੇ ਸਾਲ ਦੀਆਂ ਫਾਈਲਾਂ ਵੇਖਿਆਂ ਸਾਫ਼ ਨਜ਼ਰ ਆ ਜਾਂਦਾ ਹੈ ਕਿ ਉਸ ਵੇਲੇ ਇਸ ਨੇ ਵਕਤ ਦੀਆਂ ਸਭ ਸਮੱਸਿਆਵਾਂ ਨੂੰ ਕੌਮ ਦੀ ਆਵਾਜ਼ ਬਣਕੇ ਜਿਵੇਂ ਹੀ ਰੋਕਿਆ, ਮਾਨੋ ਸਿੱਖਾਂ ਦੇ ਹਿਰਦਿਆਂ 'ਤੇ ਬਹਾਰ ਆ ਗਈ ਹੋਵੇ। ਖ਼ਾਲਸਾ ਸਮਾਚਾਰ ਦੇ ਉਦੇਸ਼ ਬਾਰੇ ਇਸ ਦੇ ਪਹਿਲੇ ਅੰਕ ਦੇ ਪਹਿਲੇ ਹੀ ਪੰਨੇ 'ਤੇ ਪ੍ਰਬੰਧਕਾਂ ਵੱਲੋਂ ਇਸ ਪ੍ਰਕਾਰ ਦੀ ਸੂਚਨਾ ਦਿੱਤੀ ਗਈ :

"ਖਬਰਾਂ ਦੇ ਕਾਲਮ ਵਿਚ ਅਸੀਂ ਇਸ ਪਰਚੇ ਵਿਚ ਆਪ ਨੂੰ ਵਧਾਈ ਸਹਿਤ ਇਹ ਖੁਸ਼ਖਬਰੀ ਸੁਣਾਉਂਦੇ ਹਾਂ ਕਿ ਆਪ ਦੇ ਕੌਮੀ ਦਾਰੁਲਖ਼ਲਾਫੇ ਅਤੇ ਧਰਮ ਦੇ ਵਡੇ ਸ਼ਹਿਰ, ਆਪ ਦੇ ਸਤਿਗੁਰਾਂ ਦੀ ਵਸਾਈ ਨਗਰੀ ਅਰ, 'ਅੰਮ੍ਰਿਤਸਰੁ ਸਿਫਤੀ ਦਾ ਘਰ' ਦੇ ਵਰ ਨਾਲ ਵਡਿਆਏ ਸ਼ਹਿਰ ਵਿਚੋਂ 'ਖਾਲਸਾ ਸਮਾਚਾਰ' ਨਾਮੇ ਖਾਲਸੇ ਦਾ ਅਖਬਾਰ ਆਪ ਦੀ ਸਚੀ ਸੇਵਾ ਲਈ ਨਿਕਲਿਆ ਹੈ, ਅਰ ਇਸ ਵੇਲੇ ਆਪ ਦੇ ਹਥਾਂ ਵਿਚ ਫੜਿਆ ਦ੍ਰਿਸ਼ਟੀਗੋਚਰ ਹੋ ਰਿਹਾ ਹੈ......ਹੁਣ ਕਿਉਂਕਿ ਵਿਦਯਾ ਦਾ ਸਮਾ ਹੈ ਔਰ ਵਿਦਯਾ ਦੇ ਪਰਚਾਰਕ ਢੰਗਾਂ ਵਿਚੋਂ ਅਖਬਾਰ ਇਕ ਭਾਰੀ ਨਮਿਤ ਕੌਮੀ ਤੇ ਧਾਰਮਕ ਤਰਕੀ ਦਾ ਹੈ। ਇਸ ਲਈ ਆਪਣੀ ਕੌਮ ਦੀ ਸਚੀ ਸੇਵਾ ਕਰਨੇ ਲਈ, ਇਸ ਸ਼ਹਿਰ ਵਿਚੋਂ ਅਖਬਾਰ ਨਿਕਾਲਨੇ ਦੀ ਲੋੜ ਪ੍ਰਤੀਤ ਹੋ ਰਹੀ ਸੀ। ਉਸ ਨੂੰ ਪੂਰਾ ਕਰਨ ਲਈ ਇਹ ਅਖਬਾਰ ਨਿਕਲਿਆ ਹੈ।"[੪੭]

ਉਕਤ ਉਦੇਸ਼ਾਂ ਦੀ ਪੂਰਤੀ ਹਿਤ ਇਹ ਪੱਤਰ ਸਿੰਘ ਸਭਾ ਲਹਿਰ, ਸਿਖ ਐਜੂਕੇਸ਼ਨਲ ਕਾਨਫਰੰਸਾਂ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਅਨੁਵਾਨ ਹੇਠ ਕਾਰਜਸ਼ੀਲ ਸਿਖ ਪੁਨਰ-ਜਾਗ੍ਰਿਤੀ ਦੇ ਅਮਲ ਨੂੰ ਸਾਮੂਹਿਕ ਸਿਖ ਮਾਨਸਿਕਤਾ ਵਿਚ ਪ੍ਰਵਾਨ ਚੜ੍ਹਾਉਣ ਲਈ ਪੂਰਨ ਤੌਰ 'ਤੇ ਯਤਨਸ਼ੀਲ ਰਿਹਾ।

**ਸਾਰਾਂਸ਼**

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਿੰਘ ਸਭਾ ਲਹਿਰ ਨੇ ਜਿੱਥੇ ਸਿਖੀ ਦੀ ਪੁਨਰ-ਸੁਰਜੀਤੀ ਲਈ ਨਿਗਰ ਕਾਰਜ ਕੀਤੇ ਉੱਥੇ ਪੰਜਾਬੀ ਪੱਤਰਕਾਰੀ ਦਾ ਵੀ

ਭਰਪੂਰ ਵਿਕਾਸ ਕੀਤਾ। ਇਸ ਨਾਲ ਦੋਵੇਂ ਕਾਰਜਾਂ ਦੀ ਪੂਰਤੀ ਹੋਈ ; ਇਕ ਤਾਂ ਸਿੱਖੀ ਬਾਰੇ ਰਚਨਾਵਾਂ ਅਖਬਾਰਾਂ/ਪਤ੍ਰਿਕਾਵਾਂ ਰਾਹੀਂ ਲੋਕਾਂ ਤਕ ਪਹੁੰਚਾਈਆਂ ਜਾਣ ਲੱਗੀਆਂ, ਦੂਸਰਾ ਇਸ ਕਾਰਜ ਨਾਲ ਪੰਜਾਬੀ ਪੱਤਰਕਾਰੀ ਦੇ ਖੇਤਰ ਨੂੰ ਉਤਸ਼ਾਹ ਮਿਲ ਰਿਹਾ ਸੀ। ਭਾਵੇਂ ਪੰਜਾਬੀ ਪਤਰਕਾਰੀ ਲਈ ਕਈ ਸਮੱਸਿਆਵਾਂ ਦਰਪੇਸ਼ ਸਨ ਫਿਰ ਵੀ ਸਿੱਖ ਵਿਦਵਾਨਾਂ/ਆਗੂਆਂ ਦੇ ਅਥਾਹ ਜਜ਼ਬੇ ਨਾਲ ਪੱਤਰਕਾਰੀ ਦਾ ਵਿਕਾਸ ਲਗਾਤਾਰ ਹੋ ਰਿਹਾ ਸੀ। ਗਿਆਨੀ ਦਿੱਤ ਸਿੰਘ ਅਤੇ ਭਾਈ ਵੀਰ ਸਿੰਘ ਦੀ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਉਲੇਖਯੋਗ ਦੇਣ ਹੈ।

**ਹਵਾਲੇ:**


੧. ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੫, ਪੰਨਾ-੧੬੬,੧੬੭

੨. ਸੂਬਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ ਚੰਡੀਗੜ੍ਹ, ੧੯੭੪, ਪੰਨਾ-੨੭

੩. ਬਲਬੀਰ ਸਿੰਘ (ਡਾ.) *ਚਰਨ ਹਰਿ ਵਿਸਥਾਰ*, ਜਿਲਦ ੧, ਸੈਂਚੀ ੨, ਅੰਮ੍ਰਿਤਸਰ, ਪੰਨਾ-੭੬. (ਡਾ.ਸਤਿੰਦਰ ਕੌਰ, -ਉਹੀ-, ਪੰਨਾ-੧੬੮ ਤੋਂ ਉਧਰਿਤ)

੪. ਸਮਸ਼ੇਰ, ਗੁਰਬਖਸ਼ ਸਿੰਘ, *ਪੰਜਾਬੀ ਅਖਬਾਰਾਂ ਦਾ ਇਤਿਹਾਸ*, ਲਿਖਾਰੀ, (ਸੰਪਾ. ਸ.ਸ. ਅਮੋਲ), ਅੰਮ੍ਰਿਤਸਰ, ੧੯੩੪, ਪੰਨਾ-੯੬

੫. ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਪੱਤਰ ਕਲਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੫੩, ਪੰਨਾ-੧੮

੬. ਗੁਰਬਖਸ਼ ਸਿੰਘ ਸਮਸ਼ੇਰ, *ਪੰਜਾਬੀ ਅਖਬਾਰਾਂ ਦਾ ਇਤਿਹਾਸ*, ਲਿਖਾਰੀ, (ਸੰਪਾ. ਸ.ਸ. ਅਮੋਲ ) ਸ੍ਰੀ ਅੰਮ੍ਰਿਤਸਰ, ੧੯੩੪, ਪੰਨਾ-੧੦੨ ; ਗੁਰਬਖਸ਼ ਸਿੰਘ ਸਮਸ਼ੇਰ ਨੇ ੧੮੮੧ ਈ. ਵਿਚ ਸ਼ੁਰੂ ਹੋਏ ਇਸ ਅਖ਼ਬਾਰ ਦਾ ਪਹਿਲਾ ਸੰਪਾਦਕ ਗਿ. ਝੰਡਾ ਸਿੰਘ ਦੱਸਿਆ ਹੈ।

੭. ਪਰਮਿੰਦਰ ਸਿੰਘ, ਡਾ. *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੪੯

੮. ਸੂਬਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, ੧੯੭੪, ਪੰਨਾ-੩੦

੯. -ਉਹੀ-, ਪੰਨਾ-੩੨

੧੦.ਪਰਮਿੰਦਰ ਸਿੰਘ, ਡਾ. *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੧

੧੧.ਪਰਮਿੰਦਰ ਸਿੰਘ, ਡਾ. *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੨

੧੨.-ਉਹੀ-, ਪੰਨਾ-੧੫੨

੧੩. ਸਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਪਤਰ ਕਲਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੫੩, ਪੰਨਾ-੩੪;ਇਹ ਪੱਤਰ ੧੯੦੧ ਤਕ ਚਲਦਾ ਰਿਹਾ ਪਰ ਸਰਕਾਰ ਦੀਆਂ ਪ੍ਰੈਸ ਰਿਪੋਰਟਾਂ ਵਿਚ ੧੮੯੫ ਤੋਂ ਪਿੱਛੋਂ ਇਸ ਦਾ

ਕਿਧਰੇ ਜ਼ਿਕਰ ਨਹੀਂ ਮਿਲਦਾ।

੧੪. *ਖ਼ਾਲਸਾ ਸਮਾਚਾਰ*, ੪ ਸਤੰਬਰ ੧੯੧੩, ਪੰਨਾ-੬

੧੫. ਪਰਮਿੰਦਰ ਸਿੰਘ, ਡਾ. *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੩

੧੬. ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੫, ਪੰਨਾ-੧੭੦

੧੭. ਪਰਮਿੰਦਰ ਸਿੰਘ, ਡਾ. *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੪

੧੮. ਬਲਬੀਰ ਸਿੰਘ, ਡਾ., *ਚਰਣ ਹਰਿ ਵਿਸਥਾਰ*, ਪੰਨਾ-੭੬ (ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੫, ਪੰਨਾ-੧੫੪ ਤੋਂ ਉਧਰਿਤ)

੧੯. *ਖ਼ਾਲਸਾ ਸਮਾਚਾਰ*, ੧੭ ਜਲਾਈ ੧੯੧੯, ਪੰਨਾ-੫; ੨੦ ਫਰਵਰੀ ੧੯੦੭, ਪੰਨਾ-੧੦

੨੦. *ਖ਼ਾਲਸਾ ਸਮਾਚਾਰ*, ੯ ਜੁਲਾਈ ੧੯੨੫, ਪੰਨਾ-੫

੨੧. ਸੂਬਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, ੧੯੭੪, ਪੰਨਾ-੩੧

੨੨. -ਉਹੀ-, ਪੰਨਾ-੩੧

੨੩. ਪਰਮਿੰਦਰ ਸਿੰਘ, ਡਾ., *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੭

੨੪. ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਪੱਤਰ ਕਲਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੫੩, ਪੰਨਾ-੩੮

੨੫. ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ* ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੫, ਪੰਨਾ-੧੭੦

੨੬ ਪਰਮਿੰਦਰ ਸਿੰਘ, ਡਾ., *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ੧੯੮੭, ਪੰਨਾ-੧੫੯

੨੭. ਸਮਸ਼ੇਰ, ਗੁਰਬਖਸ਼ ਸਿੰਘ, *ਪੰਜਾਬੀ ਅਖਬਾਰਾਂ ਦਾ ਇਤਿਹਾਸ*, ਲਿਖਾਰੀ, (ਸੰਪਾ. ਸ.ਸ. ਅਮੋਲ), ਅਮ੍ਰਿਤਸਰ, ੧੯੩੪, ਪੰਨਾ-੧੦੨

੨੮. *ਖ਼ਾਲਸਾ ਸਮਾਚਾਰ*, ੨੬ ਦਸੰਬਰ ੧੯੧੨, ਪੰਨਾ-੫

੨੯. -ਉਹੀ-, ੨੧ ਮਾਰਚ ੧੯੦੬, ਜ਼ਮੀਮਾਂ

੩੦. -ਉਹੀ-, ੨੧ ਫਰਵਰੀ ੧੯੦੬, ਜ਼ਮੀਮਾਂ

੩੧. ਪਹਿਲਾਂ '*ਨਿਰਗੁਣੀਆਰਾ*' ਅਤੇ ਹੁਣ '*ਖ਼ਾਲਸਾ ਸਮਾਚਾਰ*' ਲਗਾਤਾਰ ਛਪਦਾ ਆ ਰਿਹਾ ਹੈ।

੩੨. ਸੂਬਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, ੧੯੭੪, ਪੰਨੇ-੩੯,੪੦

੩੩. ਸਮਸ਼ੇਰ, ਗੁਰਬਖਸ਼ ਸਿੰਘ, *ਪੰਜਾਬੀ ਅਖਬਾਰਾਂ ਦਾ ਇਤਿਹਾਸ*, ਲਿਖਾਰੀ, (ਸੰਪਾ. ਸ.ਸ. ਅਮੋਲ), ਅਮ੍ਰਿਤਸਰ, ੧੯੩੪, ਪੰਨਾ-੯੮

੩੪. ਸੂਬਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, ੧੯੭੪, ਪੰਨਾ-੩੯

੩੫. *ਖ਼ਾਲਸਾ ਸਮਾਚਾਰ,* ੧ ਮਈ ੧੯੧੩, ਪੰਨਾ-੬

੩੬. ਪਾਲ, ਗੁਰਿੰਦਰ ਸਿੰਘ, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ (*ਇਤਿਹਾਸ ਤੇ ਦੇਣ*), ਅਪ੍ਰਕਾਸ਼ਿਤ, ਪੰਨਾ-੫੬

੩੭. *ਖ਼ਾਲਸਾ ਸਮਾਚਾਰ*, ਪੰਨਾ-੯੩

੩੮. -ਉਹੀ-, ੧੫ ਅਗਸਤ ੧੯੦੬, ਪੰਨਾ-੭

੩੯. ਨਰਿੰਦਰ ਸਿੰਘ, ਪ੍ਰੋ., *ਭਾਈ ਵੀਰ ਸਿੰਘ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ*, ਸਾਹਿਤ ਸਮਾਚਾਰ, (ਜੂਨ ੧੯੫੭), ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੭, ਪੰਨਾ-੯੬

੪੦. ਪਾਲ, ਗੁਰਿੰਦਰ ਸਿੰਘ, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ (*ਇਤਿਹਾਸ ਤੇ ਦੇਣ*), ਅਪ੍ਰਕਾਸ਼ਿਤ, ਪੰਨਾ-੯੬

੪੧. *ਖ਼ਾਲਸਾ ਸਾਮਾਚਾਰ*, ੨੭ ਅਗਸਤ ੧੯੦੨, ਪੰਨਾ-੬

੪੨. ਸ਼ਾਨ, ਹਰਨਾਮ ਸਿੰਘ, ਸੰਪਾਦਕ ਭਾਈ ਵੀਰ ਸਿੰਘ, *ਭਾਈ ਵੀਰ ਸਿੰਘ ਜੀਵਨ*, ਸਮਾਂ ਅਤੇ ਰਚਨਾ (ਸੰਪਾ. ਸੁਰਿੰਦਰ ਸਿੰਘ ਕੋਹਲੀ ਅਤੇ ਹਰਨਾਮ ਸਿੰਘ ਸ਼ਾਨ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ੧੯੭੩, ਪੰਨਾ-੧੯੧,੧੯੨

੪੩. ਪਾਲ, ਗੁਰਿੰਦਰ ਸਿੰਘ, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ (*ਇਤਿਹਾਸ ਤੇ ਦੇਣ*), ਅਪ੍ਰਕਾਸ਼ਿਤ, ਪੰਨਾ-੧੫੬

੪੪. ਨਰਿੰਦਰ ਸਿੰਘ, ਪ੍ਰੋ., *ਭਾਈ ਵੀਰ ਸਿੰਘ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ*, ਸਾਹਿਤ ਸਮਾਚਾਰ, (ਜੂਨ ੧੯੫੭), ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੭, ਪੰਨਾ-੯੮

੪੫.ਥਿੰਦ, ਕਰਨੈਲ ਸਿੰਘ, *ਭਾਈ ਵੀਰ ਸਿੰਘ ਤਥਾ ਖਾਲਸਾ ਸਮਾਚਾਰ* ; ਇਕ ਯੁਗ-ਇਕ ਸੰਸਥਾ, ਸਾਹਿਤ ਸਮਾਚਾਰ, (ਜੂਨ ੧੯੫੭), ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੭ਪੰਨਾ-੧੪੨,੧੪੩

੪੬. ਰਾਜਿੰਦਰ ਸਿੰਘ, ਗਿਆਨੀ, ਜਦੋਂ ਖਾਲਸਾ ਸਮਾਚਾਰ ਨੇ ਜਨਮ ਲਿਆ, ਖਾਲਸਾ ਸਮਾਚਾਰ ਅਰਧ ਸ਼ਤਾਬਦੀ ਅੰਕ ੧੯੫੦, *ਖ਼ਾਲਸਾ ਸਮਾਚਾਰ*, ਅੰਮ੍ਰਿਤਸਰ, ਪੰਨਾ-੨੨

੪੭. ਸ਼ਾਨ, ਹਰਨਾਮ ਸਿੰਘ, ਸੰਪਾਦਕ ਭਾਈ ਵੀਰ ਸਿੰਘ, *ਭਾਈ ਵੀਰ ਸਿੰਘ ਜੀਵਨ ਸਮਾਂ ਤੇ ਰਚਨਾ*, (ਸੰਪਾ. ਸੁਰਿੰਦਰ ਸਿੰਘ ਕੋਹਲੀ, ਹਰਨਾਮ ਸਿੰਘ ਸ਼ਾਨ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ੧੯੭੩, ਪੰਨਾ-੧੯੪

■

## ਸਿੱਖ ਮਿਸ਼ਨ ਨੇਪਾਲ ਵੱਲੋਂ ਗੁਰਮਤਿ ਸਮਾਗਮ

ਸ. ਅਮਰਜੀਤ ਸਿੰਘ, ਇੰਚਾਰਜ, ਸਿੱਖ ਮਿਸ਼ਨ ਨੇਪਾਲ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨ ਤੋਂ ੧੨ ਜੁਲਾਈ, ੨੦੨੩ ਤਕ ਗੁਰਦੁਆਰਾ ਗੁਰੂ ਨਾਨਕ ਸਤਿਸੰਗ, ਕਾਠਮੰਡੂ ਵਿਖੇ ਵਿਸ਼ੇਸ਼ ਗੁਰਮਤਿ ਦੀਵਾਨ (ਸਮਾਗਮ) ਸਜਾਏ ਗਏ। ਇਸ ਮੌਕੇ ਨੇਪਾਲ ਦੇ ਪ੍ਰਧਾਨ ਮੰਤਰੀ ਸ੍ਰੀ ਪੁਸ਼ਪ ਕਮਲ ਦਾਹਾਲ ਪ੍ਰਚੰਡ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਭਾਰਤ ਤੋਂ ਨੇਪਾਲ ਸਿੱਖ ਕਿਸ ਤਰ੍ਹਾਂ ਆਏ ਅਤੇ ਸਿੱਖਾਂ ਦਾ ਕੀ ਯੋਗਦਾਨ ਰਿਹਾ? ਵਿਸ਼ੇ ਉਪਰ ਇਕ ਕਿਤਾਬ Roads To The Valley: The Legacy of Sardar Pritam Singh in Nepal ਵੀ ਜਾਰੀ ਕੀਤੀ।

# ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ ਦਾ ਸਿੰਘ ਸਭਾ ਲਹਿਰ ਲਈ ਸਾਹਿਤਕ ਯੋਗਦਾਨ: (ਫ਼ਰੀਦਕੋਟੀ ਟੀਕੇ ਦੇ ਹਵਾਲੇ ਨਾਲ)

*-ਡਾ. ਹਰਪ੍ਰੀਤ ਕੌਰ**

ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ੧੯੭੩ ਈ. ਵਿਚ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਹੋਈ। ਇਸ ਲਹਿਰ ਦੇ ਉਥਾਨ ਦਾ ਮੁੱਖ ਕਾਰਨ ਸਿੱਖ ਧਰਮ ਵਿਚ ਆਇਆ ਨਿਘਾਰ ਅਤੇ ਅਨਮਤਾਂ ਵੱਲੋਂ ਸਿੱਖੀ ਉੱਪਰ ਕੀਤੇ ਜਾ ਰਹੇ ਹਮਲੇ ਸਨ। ਸਿੰਘ ਸਭਾ ਲਹਿਰ ਦਾ ਮਨੋਰਥ ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰਨਾ, ਸਮਕਾਲੀਨ ਚੁਣੌਤੀਆਂ ਨਾਲ ਮੁਕਾਬਲਾ ਕਰਨਾ, ਸਿੱਖ ਸਾਹਿਤ ਦੀ ਪ੍ਰਕਾਸ਼ਨਾ ਆਦਿ ਕਰਨਾ ਸੀ। ਉਕਤ ਲਹਿਰ ਦੇ ਉਥਾਨ ਅਤੇ ਵਿਕਾਸ ਵਿਚ ਕਈ ਸਿੱਖ ਸ਼ਖ਼ਸੀਅਤਾਂ ਨੇ ਉੱਘਾ ਯੋਗਦਾਨ ਪਾਇਆ। ਸਿੰਘ ਸਭਾ ਲਹਿਰ ਨੂੰ ਪ੍ਰਫੁਲਿਤ ਕਰਨ ਵਿਚ ਫ਼ਰੀਦਕੋਟ ਰਿਆਸਤ ਦੇ ਮਹਾਰਾਜਾ ਬਿਕਰਮ ਸਿੰਘ ਨੇ ਵੀ ਅਹਿਮ ਭੂਮਿਕਾ ਨਿਭਾਈ। ਹਥਲੇ ਲੇਖ ਵਿਚ ਮਹਾਰਾਜਾ ਬਿਕਰਮ ਸਿੰਘ ਦਾ ਸੰਖੇਪ ਜੀਵਨ, ਉਨ੍ਹਾਂ ਦੁਆਰਾ ਫ਼ਰੀਦਕੋਟੀ ਟੀਕਾ ਕਰਵਾਉਣ ਵਿਚ ਪਾਏ ਯੋਗਦਾਨ ਅਤੇ ਫ਼ਰੀਦਕੋਟੀ ਟੀਕੇ ਸੰਬੰਧੀ ਵਿਚਾਰ ਕੀਤੀ ਜਾਵੇਗੀ।

ਮਹਾਰਾਜਾ ਬਿਕਰਮ ਸਿੰਘ ਦਾ ਜਨਮ ੧੯੪੨ ਈ. ਨੂੰ ਰਾਜਾ ਵਜ਼ੀਰ ਸਿੰਘ ਦੇ ਘਰ ਸ. ਸ਼ਾਮ ਸਿੰਘ ਮਾਨ ਦੀ ਸਪੁੱਤਰੀ ਰਾਣੀ ਇੰਦਰ ਕੌਰ ਦੀ ਕੁੱਖੋਂ ਹੋਇਆ।[੧] ੧੯੭੪ ਈ. ਵਿਚ ਆਪਣੇ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ੩੨ ਸਾਲ ਦੀ ਉਮਰ ਵਿਚ ਮਹਾਰਾਜਾ ਬਿਕਰਮ ਸਿੰਘ ਨੂੰ ਫ਼ਰੀਦਕੋਟ ਰਿਆਸਤ ਦੀ ਜ਼ਿੰਮੇਵਾਰੀ ਮਿਲੀ। ਮਹਾਰਾਜਾ ਬਿਕਰਮ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਵੱਖ-ਵੱਖ ਖੇਤਰਾਂ ਵਿਚ ਆਪਣਾ ਯੋਗਦਾਨ ਪਾਇਆ। ਇਨ੍ਹਾਂ ਨੇ ਜਿੱਥੇ ਆਪਣੀ ਰਿਆਸਤ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਉਥੇ ਲੋਕਾਂ ਦੀ ਸਹੂਲਤ ਲਈ ਧਰਮਸ਼ਲਾਵਾਂ, ਸਕੂਲ ਅਤੇ ਹਸਪਤਾਲ ਸਥਾਪਿਤ ਕੀਤੇ। ਸਿੰਘ ਸਭਾ ਦੇ ਨਾਲ-ਨਾਲ ਖ਼ਾਲਸਾ ਦੀਵਾਨ ਅੰਮ੍ਰਿਤਸਰ ਨੂੰ ਵੀ ਉਤਸ਼ਾਹਿਤ ਕੀਤਾ।[੨] ਦੂਜੇ ਅਫ਼ਗਾਨ ਯੁੱਧ ਵਿਚ ਸਰਕਾਰ ਦੀ ਹਰੇਕ ਪੱਖ ਤੋਂ ਸਹਾਇਤਾ ਕੀਤੀ, ਜਿਸਦੇ ਸਿੱਟੇ ਵਜੋਂ ਇਨ੍ਹਾਂ ਨੂੰ ਸਰਕਾਰ ਵੱਲੋਂ 'ਫ਼ਰਜ਼ੰਦੇ ਸਾਦਤ ਨਿਸ਼ਾਨ ਹਜਰਤੇ ਕੈਸਰੇ ਹਿੰਦ' ਖ਼ਿਤਾਬ ਪ੍ਰਾਪਤ ਹੋਇਆ।[੩]

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਬਿਜਲੀ ਦਾ ਪ੍ਰਬੰਧ ਕਰਨ ਵਿਚ ਵੀ ਮਹਾਰਾਜਾ ਬਿਕਰਮ ਸਿੰਘ ਦਾ ਵਿਸ਼ੇਸ਼ ਯੋਗਦਾਨ ਸੀ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬਿਜਲੀ ਦਾ ਪ੍ਰਬੰਧ ਲਿਆਉਣਾ ਸਿੰਘ ਸਭਾ

*ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:੯੬੪੬੭-੮੫੯੯੮

ਲਾਹੌਰ ਅਤੇ ਸਿੰਘ ਸਭਾ ਅੰਮ੍ਰਿਤਸਰ ਵਿਚਕਾਰ ਵਿਵਾਦ ਦਾ ਵਿਸ਼ਾ ਬਣ ਗਿਆ। ਸਿੰਘ ਸਭਾ ਲਾਹੌਰ ਬਿਜਲੀ ਲਿਆਉਣ ਦੇ ਵਿਰੁੱਧ ਸੀ ਜਦੋਂ ਕਿ ਸਿੰਘ ਸਭਾ ਅੰਮ੍ਰਿਤਸਰ ਬਿਜਲੀ ਦੇ ਪ੍ਰਬੰਧ ਦੀ ਹਿਮਾਇਤੀ ਸੀ। ਵੱਖ-ਵੱਖ ਥਾਵਾਂ 'ਤੇ ਇਸ ਕਾਰਜ ਲਈ ਫੰਡ ਇਕੱਠੇ ਕਰਨ ਦੀ ਮੁਹਿੰਮ ਚਲਾਈ ਗਈ। ਮਹਾਰਾਜਾ ਬਿਕਰਮ ਸਿੰਘ ਨੇ ਆਪਣੇ ਇਕ ਪ੍ਰਤੀਨਿਧ ਰਾਹੀਂ ੨੫ ਅਪ੍ਰੈਲ, ੧੮੯੭ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀਹ ਹਜ਼ਾਰ ਰੁਪਏ ਮਦਦ ਦਾ ਐਲਾਨ ਕੀਤਾ। ਬਾਅਦ ਵਿਚ ਮਹਾਰਾਜਾ ਬਿਕਰਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਬਿਜਲੀ ਸ਼ੁਰੂ ਕਰਨ ਅਤੇ ਲੰਗਰ ਦੀ ਨਵੀਂ ਇਮਾਰਤ ਲਈ ਇਕ ਲੱਖ ਰੁਪਏ ਭੇਟ ਕੀਤੇ। ਇਸੇ ਹੀ ਫੰਡ ਵਿੱਚੋਂ ਜਰਨੇਟਰ ਦਾ ਸਾਮਾਨ ਖਰੀਦਿਆ ਗਿਆ।[੪] ਇਨ੍ਹਾਂ ਨੇ ਹੋਰ ਵੀ ਅਨੇਕ ਗੁਰੂ-ਘਰਾਂ ਦੀਆਂ ਇਮਾਰਤਾਂ ਤਿਆਰ ਕਰਵਾਈਆਂ। ਮਹਾਰਾਜਾ ਦਲੀਪ ਸਿੰਘ ਨੂੰ ਦੁਬਾਰਾ ਰਾਜ-ਭਾਗ ਸੌਂਪਣ ਦੀ ਪ੍ਰੋੜ੍ਹਤਾ ਕੀਤੀ। ਮਹਾਰਾਜਾ ਬਿਕਰਮ ਸਿੰਘ ੮ ਅਗਸਤ, ੧੮੯੮ ਈ. ਨੂੰ ਅਕਾਲ ਚਲਾਣਾ ਕਰ ਗਏ।[੫]

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਕਰਾਉਣ ਵਿਚ ਯੋਗਦਾਨ

੧੮੪੯ ਈ. ਵਿਚ ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਅੰਗਰੇਜ਼ ਸਰਕਾਰ ਲਈ ਪੰਜਾਬ ਦੇ ਲੋਕਾਂ ਦੇ ਸੱਭਿਆਚਾਰ ਅਤੇ ਧਰਮ ਆਦਿ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਸੀ। ਉਨ੍ਹਾਂ ਦੁਆਰਾ ਈਸਾਈ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਈਸਾਈ ਮਿਸ਼ਨਰੀਆਂ ਦੁਆਰਾ ਬਹੁਤ ਸਾਰੇ ਕਾਰਜ ਵੀ ਕਰਵਾਏ ਗਏ। ਅੰਗਰੇਜ਼ ਸਿੱਖਾਂ ਦੀ ਬਹਾਦਰੀ ਤੋਂ ਬਹੁਤ ਪ੍ਰਭਾਵਿਤ ਸਨ। ਸਿੱਖ ਧਰਮ ਬਾਰੇ ਖੋਜ ਅਤੇ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਕਰਵਾ ਕੇ ਅੰਗਰੇਜ਼ ਸਿੱਖਾਂ ਦੇ ਧਰਮ ਗ੍ਰੰਥ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਸਿੱਟੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਅੰਗਰੇਜ਼ੀ ਅਨੁਵਾਦ ਦੇ ਕਾਰਜ ਲਈ ਵਿਚਾਰ ਕੀਤੀ ਗਈ। ਸਿੱਖਾਂ ਦੇ ਧਰਮ ਅਤੇ ਸੱਭਿਆਚਾਰ ਨੂੰ ਜਾਣਨ ਲਈ ਅੰਗਰੇਜ਼ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦਾ ਕਾਰਜ ਜਰਮਨ ਦੇ ਈਸਾਈ ਮਿਸ਼ਨਰੀ ਅਤੇ ਭਾਸ਼ਾ ਵਿਗਿਆਨੀ ਅਰਨਸਟ ਟਰੰਪ (੧੮੨੮-੧੮੮੫ ਈ.) ਨੂੰ ੧੮੬੯ ਈ. ਵਿਚ ਸੌਂਪਿਆ ਗਿਆ।

ਅਰਨਸਟ ਟਰੰਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਾਬਦਿਕ ਅਤੇ ਅਧੂਰਾ ਅਨੁਵਾਦ ਕੀਤਾ। ਉਹ ਇਕ ਗੈਰ-ਸਿੱਖ ਸੀ, ਜਿਸਨੇ ਗੁਰਬਾਣੀ ਅਨੁਵਾਦ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕੀਤਾ ਅਤੇ ਇਸ ਵਿਚ ਦੁਹਰਾਉ ਹੋਣ ਦੀ ਗੱਲ ਵੀ ਆਖੀ। ਉਸਨੇ ਕੇਵਲ ਸ੍ਰੀ ਰਾਗੁ, ਮਾਝ ਰਾਗੁ, ਗਉੜੀ ਰਾਗੁ, ਆਸਾ ਰਾਗੁ, ਭਗਤ ਕਬੀਰ ਜੀ ਅਤੇ ਭਗਤ ਫ਼ਰੀਦ ਜੀ ਦੇ ਸਲੋਕ, ਭੱਟਾਂ ਦੇ ਸਵੱਯੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਅੰਗਰੇਜ਼ੀ ਅਨੁਵਾਦ ਕੀਤਾ। ਇਸ ਤੋਂ ਇਲਾਵਾ ਬਾਲਾ ਜਨਮਸਾਖੀ ਦੇ ਕੁਝ ਹਿੱਸਿਆਂ ਅਤੇ ਕੋਲਬਰੁੱਕ ਵਾਲੀ ਜਨਮਸਾਖੀ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ ਅਤੇ ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਲੇਖ ਵੀ ਆਪਣੀ ਪੁਸਤਕ ਵਿਚ ਸ਼ਾਮਿਲ ਕੀਤੇ। ਅਰਨਸਟ ਟਰੰਪ ਦੁਆਰਾ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਦੇ ਅੰਗਰੇਜ਼ੀ ਅਨੁਵਾਦ ਦੀ ਪੁਸਤਕ The Adi Granth or the holy Scriptiures of the Sikhs ਸਿਰਲੇਖ ਹੇਠ ੧੮੭੭ ਈ. ਵਿਚ ਪ੍ਰਕਾਸ਼ਿਤ ਹੋਈ। ਇਹ ਅਨੁਵਾਦ ਅਧੂਰਾ ਹੋਣ ਦੇ ਨਾਲ-ਨਾਲ ਗ਼ਲਤ ਸੀ ਅਤੇ ਇਸ ਵਿਚ ਗੁਰਬਾਣੀ, ਸਿੱਖ ਗੁਰੂ ਸਾਹਿਬਾਨ, ਸਿੱਖ ਸਿਧਾਂਤਾਂ ਆਦਿ ਬਾਰੇ ਗ਼ਲਤ ਟਿੱਪਣੀਆਂ ਵੀ ਕੀਤੀਆਂ ਗਈਆਂ। ਸਿੱਟੇ ਵਜੋਂ ਇਹ ਅਨੁਵਾਦ ਸਿੱਖਾਂ ਵੱਲੋਂ ਪ੍ਰਵਾਨ ਨਾ ਕੀਤਾ ਗਿਆ। ਟਰੰਪ ਦੁਆਰਾ ਕੀਤੇ ਇਸ ਅੰਗਰੇਜ਼ੀ ਅਨੁਵਾਦ ਦੇ ਪ੍ਰਕਾਸ਼ਿਤ ਹੋਣ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਟੀਕਾ ਕਰਵਾਉਣਾ ਚਾਹੁੰਦੇ ਸਨ ਜੋ ਗੁਰਬਾਣੀ ਦੇ ਸਹੀ ਅਰਥਾਂ ਦੀ ਸੋਝੀ ਕਰਾਉਣ ਵਿਚ ਸਹਾਈ ਹੋ ਸਕੇ। ਸਿੱਖਾਂ ਦੀ ਇਸ ਮੰਗ ਨੂੰ ਪੂਰਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਉਣ ਦਾ ਖਿਆਲ ਵਿਸ਼ੇਸ਼ ਕਰਕੇ ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ ਦੇ ਮਨ ਵਿਚ ਉਪਜਿਆ। ਉਨ੍ਹਾਂ ਨੇ ਇਹ ਸ਼ੁਭ ਕਾਰਜ ਸੰਮਤ ੧੯੩੪ (੧੮੭੭ ਈ.) ਨੂੰ ਗਿਆਨੀ ਬਦਨ ਸਿੰਘ ਸੇਖਵਾਂ ਵਾਲਿਆਂ ਤੋਂ ਅਰੰਭ ਕਰਵਾਇਆ ਜੋ ਸੰਪ੍ਰਦਾਈ ਟਕਸਾਲ ਨਾਲ ਜੁੜੇ ਹੋਏ ਸਨ। ਇਹ ਟੀਕਾ ਸੰਮਤ ੧੯੪੦ (੧੮੮੩ ਈ.) ਵਿਚ ਸੰਪੂਰਨ ਹੋਇਆ। ਇਸ ਤੋਂ ਬਾਅਦ ਸ੍ਰੀ ਮਾਨ ਬਾਬਾ ਸੁਮੇਰ ਸਿੰਘ ਜੀ ਮਹੰਤ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੀ ਪ੍ਰਧਾਨਗੀ ਵਿਚ ਹੇਠ ਲਿਖੇ ਅੱਠ ਪ੍ਰਸਿੱਧ ਗਿਆਨੀ ਸਿੰਘਾਂ ਦੀ ਕਮੇਟੀ ਇਸ ਟੀਕੇ ਦੀ ਸੁਧਾਈ ਕਰਨ ਲਈ ਨਿਯਤ ਕੀਤੀ ਗਈ:

੧. ਭਾਈ ਹਰਭਜਨ ਸਿੰਘ ਜੀ ਗਿਆਨੀ ਸ੍ਰੀ ਅੰਮ੍ਰਿਤਸਰ
੨. ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ ਸਟੇਟ
੩. ਭਾਈ ਝੰਡਾ ਸਿੰਘ ਜੀ ਗਿਆਨੀ ਨਨਕਿਆਣਾ ਸਾਹਿਬ (ਸੰਗਰੂਰ)
੪. ਭਾਈ ਰਾਇ ਸਿੰਘ ਜੀ ਗਿਆਨੀ ਜੰਗੀ ਰਾਣਾ
੫. ਭਾਈ ਧਿਆਨ ਸਿੰਘ ਜੀ ਗਿਆਨੀ ਸੇਖਵਾਂ ਵਾਲਾ
੬. ਪੰਡਤ ਹਮੀਰ ਸਿੰਘ ਜੀ ਸੰਸਕ੍ਰਿਤੀ
੭. ਪੰਡਤ ਬਾਲਕ ਰਾਮ ਜੀ ਉਦਾਸੀ ਸੰਸਕ੍ਰਿਤੀ
੮. ਬਾਬਾ ਬਖਤਾਵਰ ਸਿੰਘ ਜੀ ਗਿਆਨੀ

ਮਹਾਰਾਜਾ ਬਿਕਰਮ ਸਿੰਘ ਵੱਲੋਂ ਗਿਆਨੀ ਬਦਨ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦੀ ਸੇਵਾ ਬਦਲੇ ਬਹੁਤ ਸਾਰਾ ਸਨਮਾਨ ਦਿੱਤਾ ਗਿਆ। ਕਮੇਟੀ ਦੇ ਮੈਂਬਰਾਂ ਦੇ ਲਈ ਮਹਾਰਾਜਾ ਨੇ ਜੋ ਸੇਵਾ ਕੀਤੀ ਉਸ ਦਾ ਖਰਚ ਲੱਖਾਂ ਦੀ ਗਿਣਤੀ ਵਿਚ ਹੋਇਆ। ਟੀਕਾ ਸੰਪੂਰਨ ਹੋਣ 'ਤੇ ਮਹਾਰਾਜਾ ਨੇ ਇਸਦੀ ਛਪਾਈ ਦਾ ਪ੍ਰਬੰਧ ਕੀਤਾ। ਪਰ ਵਾਹਿਗੁਰੂ ਦੇ ਹੁਕਮ ਅਨੁਸਾਰ ਮਹਾਰਾਜਾ ਬਿਕਰਮ ਸਿੰਘ ਟੀਕੇ ਦੀ ਛਪਾਈ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਾਅਦ ਮਹਾਰਾਜਾ ਦੇ ਸਪੁੱਤਰ ਬਲਬੀਰ ਸਿੰਘ ਜੀ (੧੮੬੯-੧੯੦੬ ਈ.) ਨੇ ਆਪਣੇ ਪਿਤਾ ਜੀ ਦੁਆਰਾ ਕਰਵਾਏ ਇਸ ਮਹਾਨ ਕਾਰਜ ਨੂੰ ਛਪਵਾਉਣ ਦੀ ਸੇਵਾ ਵਜ਼ੀਰ ਹਿੰਦ ਪ੍ਰੈੱਸ ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤੀ। ਤਿੰਨ ਜਿਲਦਾਂ ਮਹਾਰਾਜਾ ਬਲਬੀਰ ਸਿੰਘ ਦੀ ਹਾਜ਼ਰੀ ਵਿਚ ਸੰਪੂਰਨ ਹੋਈਆਂ ਪਰ ਚੌਥੀ ਜਿਲਦ ਦੇ

ਸੰਪੂਰਨ ਹੋਣ ਤੋਂ ਪਹਿਲਾਂ ਉਹ ਵੀ ਅਕਾਲ ਚਲਾਣਾ ਕਰ ਗਏ। ਟੀਕੇ ਦਾ ਬਾਕੀ ਹਿੱਸਾ ਮਹਾਰਾਜਾ ਬ੍ਰਿਜਇੰਦ੍ਰ ਸਿੰਘ (੧੮੯੬-੧੯੧੮ ਈ.) ਦੇ ਰਾਜ ਕਾਲ ਸਮੇਂ ਸਰਦਾਰ ਬਹਾਦਰ ਪ੍ਰਤਾਪ ਸਿੰਘ ਜੀ ਨੇ ਛਪਵਾਇਆ। ਇਸ ਤਰ੍ਹਾਂ ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ ਦੇ ਮੁਢਲੇ ਜਤਨਾਂ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਛਪ ਕੇ ਤਿਆਰ ਹੋ ਗਿਆ। ਛਪਾਈ ਤੋਂ ਬਾਅਦ ਟੀਕਾ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਸ਼ਰਧਾਵਾਨਾਂ ਨੂੰ ਪਹੁੰਚਾਇਆ ਗਿਆ, ਜਿਸ ਕਾਰਨ ਟੀਕੇ ਦੀਆਂ ਜਿਲਦਾਂ ਦੀ ਬਹੁਤ ਜਲਦੀ ਸਮਾਪਤੀ ਹੋ ਗਈ। ਦੁਬਾਰਾ ਟੀਕੇ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਇਸ ਦੀ ਦੂਜੀ ਐਡੀਸ਼ਨ ਦੀ ਛਪਾਈ ਇਕ ਹਜ਼ਾਰ ਸੈੱਟ ਦੀ ਸੇਵਾ ਭਾਈ ਬਹਾਦਰ ਸਿੰਘ ਜੀ ਵਜ਼ੀਰ ਹਿੰਦ ਪ੍ਰੈੱਸ ਸ੍ਰੀ ਅੰਮ੍ਰਿਤਸਰ ਨੂੰ ਸੌਂਪੀ ਗਈ।[੬] ਦੂਜੀ ਵਾਰ ਟੀਕਾ ਛਾਪਣ ਦੀ ਸੇਵਾ ਮਹਾਰਾਜਾ ਹਰਿਇੰਦ੍ਰ ਸਿੰਘ ਰਿਆਸਤ ਫ਼ਰੀਦਕੋਟ ਅਤੇ ਸਰਦਾਰ ਬਹਾਦਰ ਸਰਦਾਰ ਇੰਦ੍ਰ ਸਿੰਘ ਜੀ ਬੀ.ਏ. ਪ੍ਰੈਜ਼ੀਡੰਟ ਕੌਂਸਲ ਆਲੀਆ ਰਿਆਸਤ ਫ਼ਰੀਦਕੋਟ ਨੇ ਕਰਵਾਈ। ਇਹ ਟੀਕਾ ਰਿਆਸਤ ਫ਼ਰੀਦਕੋਟ ਦੇ ਰਾਜਿਆਂ ਦੁਆਰਾ ਕਰਵਾਉਣ ਕਰਕੇ ਇਸ ਨੂੰ ਫ਼ਰੀਦਕੋਟੀ ਟੀਕਾ ਕਿਹਾ ਜਾਂਦਾ ਹੈ।

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫ਼ਰੀਦਕੋਟੀ ਟੀਕਾ): ਸਰੂਪ**

ਗਿਆਨੀ ਬਦਨ ਸਿੰਘ ਦੁਆਰਾ ਕੀਤਾ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫ਼ਰੀਦਕੋਟ ਵਾਲਾ ਟੀਕਾ) ਨਾਂ ਹੇਠ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ। ਹਥਲੇ ਲੇਖ ਵਿਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਛਪੀ ਚੌਥੀ ਐਡੀਸ਼ਨ ਨੂੰ ਆਧਾਰ ਬਣਾਇਆ ਗਿਆ ਹੈ। ਟੀਕਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਚੌਥੀ ਐਡੀਸ਼ਨ ਦੀ ਪਹਿਲੀ ਜਿਲਦ ੧੯੮੯ ਈ. ਵਿਚ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਪਹਿਲਾਂ ਦੋ ਸ਼ਬਦ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਗਿਆਨੀ ਬਦਨ ਸਿੰਘ ਦੁਆਰਾ ਲਿਖੀ ਭੂਮਿਕਾ (ੳ-ੲ), ਮੁੱਖ ਬੰਦ (ਸ-ਖ) ਕਾਵਿ ਵਿਚ ਅਤੇ ਫਿਰ ਤਤਕਰਾ ਰਾਗਾਂ ਦਾ (੩-੬) ਦਿੱਤਾ ਗਿਆ ਹੈ। ਪਹਿਲਾਂ ਮੰਗਲ ੧ੴ ਸਤਿਗੁਰ ਪ੍ਰਸਾਦਿ ਦਰਜ ਹੈ। ਤਤਕਰਾ ਰਾਗਾਂ ਵਿਚ ਚਾਰਾਂ ਪੋਥੀਆਂ ਦਾ ਸੰਖੇਪ ਵੇਰਵਾ ਅਤੇ ਪੰਨਾ ਨੰ. ਦਿੱਤੇ ਗਏ ਹਨ। ਇਸ ਤੋਂ ਬਾਅਦ ਪਹਿਲੀ ਸੈਂਚੀ ਦਾ ਤਤਕਰਾ ਦਿੱਤਾ ਹੈ, ਜਿਸ ਵਿਚ ਸਭ ਤੋਂ ਪਹਿਲਾਂ ਮੰਗਲ ੧ੴ ਸਤਿਗੁਰ ਪ੍ਰਸਾਦਿ ਦਰਜ ਹੈ, ਫਿਰ ਤਤਕਰਾ ਸਿਰੀ ਰਾਗੁ, ਫਿਰ ਰਾਗੁ ਮਾਝ ਅਤੇ ਰਾਗੁ ਗਉੜੀ ਹੈ। ਇਸ ਤਰ੍ਹਾਂ ਪਹਿਲੀ ਜਿਲਦ ਵਿਚ ਤਿੰਨ ਰਾਗਾਂ ਦੀ ਵਿਆਖਿਆ ਹੈ। ਤਤਕਰੇ ਵਿਚ ਹਰੇਕ ਸ਼ਬਦ ਦੇ ਸ਼ੁਰੂਆਤੀ ਸ਼ਬਦ ਅਤੇ ਸੈਂਚੀ ਦਾ ਪੰਨਾ ਨੰ. ਦਿੱਤਾ ਹੈ। ਹਰੇਕ ਗੁਰੂ ਦੀ ਬਾਣੀ ਤੋਂ ਪਹਿਲਾਂ ਮਹਲਾ ੧, ਮਹਲਾ ੨ ਆਦਿਕ ਸੰਕੇਤ ਦਿੱਤੇ ਹਨ। ਇਸੇ ਤਰ੍ਹਾਂ ਭਗਤ ਬਾਣੀ ਜਾਂ ਹੋਰ ਬਾਣੀਆਂ ਸੰਬੰਧੀ ਵੀ ਤਤਕਰੇ ਵਿਚ ਸਿਰਲੇਖ ਦਰਜ ਕੀਤੇ ਹਨ। ੧ ਤੋਂ ੪੦ ਪੰਨੇ ਤਕ ਨਿਤਨੇਮ ਦੀ ਬਾਣੀ ਦਾ ਟੀਕਾ ਕੀਤਾ ਗਿਆ ਹੈ। ਪਹਿਲੀ ਪੋਥੀ ਪੰਨਾ ੧ ਤੋਂ ੭੫੬ ਤਕ ਹੈ। ਤਤਕਰੇ ਰਾਹੀਂ ਆਸਾਨੀ ਨਾਲ ਵਿਆਖਿਆ ਤਕ ਪਹੁੰਚ ਕੀਤੀ ਜਾ ਸਕਦੀ ਹੈ।

ਦੂਜੀ ਜਿਲਦ ੧੯੯੨ ਈ. ਵਿਚ ਪ੍ਰਕਾਸ਼ਿਤ ਹੋਈ, ਜਿਸ ਵਿਚ ਪਹਿਲਾਂ ਦੋ ਸ਼ਬਦ

ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਅੰਕਿਤ ਕੀਤੇ ਗਏ ਹਨ। ਦੂਜੀ ਜਿਲਦ ਦੇ ਪੰਨੇ ੭੫੭ ਤੋਂ ੧੪੯੮ ਤਕ ਹਨ। ਇਸ ਪੋਥੀ ਵਿਚ ਦਸ ਰਾਗਾਂ ਰਾਗੁ ਆਸਾ, ਰਾਗੁ ਗੂਜਰੀ, ਰਾਗੁ ਦੇਵਗੰਧਾਰੀ, ਰਾਗੁ ਬਿਹਾਗੜਾ, ਰਾਗੁ ਵਡਹੰਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਟੋਡੀ ਅਤੇ ਰਾਗੁ ਬੈਰਾੜੀ ਦਾ ਟੀਕਾ ਦਰਜ ਹੈ।

ਤੀਜੀ ਜਿਲਦ ੧੯੯੨ ਈ. ਵਿਚ ਪ੍ਰਕਾਸ਼ਿਤ ਹੋਈ, ਜਿਸ ਵਿਚ ਪਹਿਲਾਂ 'ਦੋ ਸ਼ਬਦ' ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਵੱਲੋਂ ਦਰਜ ਕੀਤੇ ਗਏ ਹਨ। ਤੀਜੀ ਜਿਲਦ ਦੇ ਪੰਨੇ ੧੪੯੯ ਤੋਂ ੨੨੬੩ ਤਕ ਹਨ। ਇਸ ਜਿਲਦ ਵਿਚ ਅੱਠ ਰਾਗਾਂ ਰਾਗੁ ਤਿਲੰਗ, ਰਾਗੁ ਸੂਹੀ, ਰਾਗੁ ਬਿਲਾਵਲ, ਰਾਗੁ ਗੋਂਡ, ਰਾਗੁ ਰਾਮਕਲੀ, ਰਾਗੁ ਨਟ ਨਰਾਇਨ, ਰਾਗੁ ਮਾਲੀ ਗਉੜਾ ਅਤੇ ਰਾਗੁ ਮਾਰੂ ਦਾ ਟੀਕਾ ਕੀਤਾ ਹੈ।

ਚੌਥੀ ਜਿਲਦ ੧੯੯੨ ਈ. ਵਿਚ ਪ੍ਰਕਾਸ਼ਿਤ ਹੋਈ, ਜਿਸ ਵਿਚ ਪਹਿਲਾਂ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਵੱਲੋਂ ਲਿਖੇ ਦੋ ਸ਼ਬਦ ਅੰਕਿਤ ਕੀਤੇ ਗਏ ਹਨ। ਇਸਦੇ ਪੰਨੇ ੨੨੬੫ ਤੋਂ ੨੯੨੩ ਤਕ ਹਨ। ਇਸ ਜਿਲਦ ਵਿਚ ਦਸ ਰਾਗਾਂ ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗੁ ਬਸੰਤ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਕਾਨੜਾ, ਰਾਗੁ ਕਲਿਆਨ, ਰਾਗੁ ਪ੍ਰਭਾਤੀ ਅਤੇ ਰਾਗੁ ਜੈਜਾਵੰਤੀ, ਸਲੋਕ ਸਹਸਕ੍ਰਿਤੀ ਮ:੧ ਤੇ ਮ:੫, ਗਾਥਾ ਮਹਲਾ ੫, ਫੁਨਹੇ ਮਹਲਾ ੫, ਚਉਬੋਲੇ ਮਹਲਾ ੫, ਸਲੋਕ ਭਗਤ ਕਬੀਰ, ਸਲੋਕ ਭਗਤ ਫਰੀਦ ਕੇ, ਸਵਯੇ ਸ੍ਰੀ ਮੁਖਵਾਕ੍ਯ ਮਹਲਾ ੫, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯, ਮੁੰਦਾਵਣੀ ਮਹਲਾ ੫ ਅਤੇ ਰਾਗਮਾਲਾ ਦਾ ਟੀਕਾ ਕੀਤਾ ਹੈ।

**ਟੀਕੇ ਦੀਆਂ ਮੁੱਖ ਪ੍ਰਵਿਰਤੀਆਂ**

ਗਿਆਨੀ ਬਦਨ ਸਿੰਘ ਅਨੁਸਾਰ ਅਨੁਭਵ ਤੋਂ ਬਿਨਾਂ ਕੇਵਲ ਵਿੱਦਿਆ ਦੀ ਚਤੁਰਾਈ ਨਾਲ ਗੁਰਬਾਣੀ ਦੇ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਸ਼ੁਧ ਅੰਤਹਕਰਣ ਨਾ ਹੋਣ ਕਾਰਨ ਗੁਰੂ ਆਸ਼ੇ ਨੂੰ ਅਨੁਭਵ ਕਰਨਾ ਹੋਰ ਵੀ ਔਖਾ ਹੈ।[੭] ਇਸ ਤਰ੍ਹਾਂ ਗਿਆਨੀ ਬਦਨ ਸਿੰਘ ਨੇ ਗੁਰਬਾਣੀ ਦੇ ਅਰਥ ਕਰਨ ਲਈ ਸ਼ੁਧ ਜੀਵਨ-ਜਾਚ ਅਤੇ ਅਨੁਭਵ ਨੂੰ ਪਹਿਲ ਦਿੱਤੀ ਹੈ। ਟੀਕੇ ਦੀਆਂ ਮੁੱਖ ਪ੍ਰਵਿਰਤੀਆਂ ਇਸ ਪ੍ਰਕਾਰ ਹਨ:

**੧. ਤੁਕਵਾਰ ਵਿਆਖਿਆ**

ਗਿਆਨੀ ਬਦਨ ਸਿੰਘ ਦੁਆਰਾ ਟੀਕਾ ਕਰਦਿਆਂ ਪਹਿਲਾਂ ਪੰਨੇ ਉੱਪਰ ਗੁਰਬਾਣੀ ਦੀ ਤੁਕ ਦਿੱਤੀ ਗਈ ਹੈ ਤੇ ਹੇਠਾਂ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਟੀਕੇ ਵਿਚ ਤੁਕਵਾਰ ਵਿਆਖਿਆ ਮਿਲਦੀ ਹੈ। ਜਿਵੇਂ:

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

"ਬਾਣੀ ਕੇ ਚੁਪ ਰਹਿਣੇ ਸੇ ਸੰਕਲਪ ਵਿਕਲਪੋਂ ਸੇ ਮਨ ਕੀ ਸਾਂਤੀ ਰੂਪ ਚੁਪ ਨਹੀਂ ਹੋਤੀ ਜੇ ਹੋ ਜਾਵੇ ਤੌ (ਲਿਵ) ਬ੍ਰਿਤੀ ਕੋ ਤੇਲ ਧਾਰਾਵਤ ਲਗਾਇ ਰੱਖੀਏ॥"[੮]

ਕਈ ਥਾਂਵਾਂ ਉਪਰ ਪਹਿਲਾਂ ਕਿਸੇ ਪਉੜੀ ਦੀਆਂ ਕੁਝ ਤੁਕਾਂ ਇਕੱਠੀਆਂ ਦੇ ਕੇ ਫਿਰ ਉਨ੍ਹਾਂ ਤੁਕਾਂ ਦੀ ਵਿਆਖਿਆ ਦਿੱਤੀ ਹੈ। ਜਿਵੇਂ ਜਪੁਜੀ ਸਾਹਿਬ ਵਿਚ '*ਗਾਵੈ ਕੋ ਤਾਣੁ ਹੋਵੈ*

*ਕਿਸੈ ਤਾਣੁ॥*'(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧) ਪਉੜੀ ਦੀਆਂ ਪਹਿਲੀਆਂ ਅੱਠ ਤੁਕਾਂ ਦਿੱਤੀਆਂ ਹਨ ਤੇ ਫਿਰ ਇਕੱਠੀਆਂ ਤੁਕਾਂ ਦੀ ਵਿਆਖਿਆ ਦਿੱਤੀ ਹੈ।[੯] ਇਸ ਤੋਂ ਇਲਾਵਾ ਆਮ ਤੌਰ 'ਤੇ ਇਕ ਤੁਕ ਦਾ ਇੱਕੋ ਅਰਥ ਕੀਤਾ ਹੈ।

## ੨. ਪ੍ਰਸ਼ਨ ਉੱਤਰ ਜੁਗਤ ਰਾਹੀਂ ਟੀਕਾ

ਗਿਆਨੀ ਬਦਨ ਸਿੰਘ ਨੇ ਗੁਰਬਾਣੀ ਦਾ ਟੀਕਾ ਕਰਦਿਆਂ ਪ੍ਰਸ਼ਨ ਉੱਤਰ ਜੁਗਤ ਦੀ ਵਰਤੋਂ ਕੀਤੀ ਹੈ। ਜਿਵੇਂ:

**ਪ੍ਰਸ਼ਨ–** ਆਪਨੇ ਜੋ ਹੁਕਮ ਮੇਂ ਰਾਜੀ ਹੋਕੇ ਚਲਣਾ ਕਹਾ ਹੈ ਸੋ ਹੁਕਮੁ ਕਿਤਨਾਕੁ ਹੈ ਜਿਸਕੋ ਨਿਸਚੇ ਹੋਵੇ ਔਰ ਅਪਨੀ ਅਹੰਤਾ ਛੁਟ ਜਾਵੇ॥

ਇਸ ਪ੍ਰਸ਼ਨ ਦੇ ਉਤਰ ਵਿਚ ਪਹਿਲਾਂ ਪਉੜੀ ਦਿੱਤੀ ਹੈ ਅਤੇ ਫਿਰ ਪਉੜੀ ਦਾ ਵਿਸਥਾਰ ਵਿਚ ਟੀਕਾ ਕੀਤਾ ਹੈ।

**ਉੱਤਰ–** *ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*[੧੦]

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

**ਪ੍ਰਸ਼ਨ–** ਜਗਤ ਕਾ ਗੁਰੂ ਔਰ ਮਾਤਾ ਪਿਤਾ ਕੌਣੁ ਹੈ॥

**ਉੱਤਰ–** *ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*[੧੧]

ਇਸ ਤੋਂ ਬਾਅਦ ਤੁਕ ਦਾ ਵਿਸਥਾਰ ਵਿਚ ਟੀਕਾ ਕੀਤਾ ਹੈ।

## ੩. ਸਮਾਨਾਰਥਕ ਸ਼ਬਦਾਂ ਦੀ ਵਰਤੋਂ

ਗਿਆਨੀ ਬਦਨ ਸਿੰਘ ਨੇ ਗੁਰਬਾਣੀ ਵਿਆਖਿਆ ਕਰਦਿਆਂ ਬਰੈਕਟ ਵਿਚ ਗੁਰਬਾਣੀ ਦਾ ਸ਼ਬਦ ਦੇਣ ਦੇ ਨਾਲ ਸਮਾਨਾਰਥਕ ਸ਼ਬਦ ਦੇਣ ਦੀ ਵਿਧੀ ਵੀ ਵਰਤੀ ਹੈ। ਜਿਵੇਂ:

(ਲਿਵ) ਬ੍ਰਿਤੀ, (ਨਾਲਿ) ਸਾਥ, (ਭੁਖਿਆ) ਤ੍ਰਿਸਨਾ, (ਸਚਿਆਰਾ) ਸਚੇ, (ਰਜਾਈ) ਰਾਜੀ, (ਵਿਖਮ) ਕਠਨੁ, (ਖੇਹ) ਨਾਸ, (ਹਾਦਰਾ ਹਦੂਰਿ) ਹਾਜਰ ਹਜੂਰ, (ਵਿਗਾਸ) ਅਨੰਦ ਆਦਿ।[੧੨]

## ੪. ਫੁੱਟ ਨੋਟਾਂ ਦੀ ਵਰਤੋਂ

ਟੀਕਾਕਾਰ ਨੇ ਕਿਸੇ ਸ਼ਬਦ ਦੇ ਅਰਥਾਂ ਨੂੰ ਹੋਰ ਵਿਸਥਾਰ ਦੇਣ ਲਈ ਫੁੱਟ ਨੋਟ ਵਰਤੇ ਹਨ। ਫੁੱਟ ਨੋਟਾਂ ਲਈ ਮੁੱਖ ਤੌਰ 'ਤੇ (*), (†), ( ) ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ:

*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥*(ਸ੍ਰੀ ਗੁਰੂ ਗ੍ਰੰਥ ਸਾਹਿਬ, ੧) ਤੁਕ ਦੀ ਵਿਆਖਿਆ ਕਰਦਿਆਂ ਰਤਨ, ਜਵਾਹਰ ਤੇ ਮਾਣਿਕ ਸ਼ਬਦਾਂ ਨੂੰ ਹੋਰ ਸਪੱਸ਼ਟ ਕਰਨ ਲਈ ਫੁੱਟ ਨੋਟ ਵਿਚ (*) ਚਿੰਨ੍ਹ ਦੀ ਵਰਤੋਂ ਰਾਹੀਂ ਵਿਸਥਾਰ ਦਿੱਤਾ ਹੈ:

"ਰਤਨ ਨਾਮ ਵੈਰਾਗ ਦਾ ਹੈ ਔਰ ਜਵਾਹਰ ਕਹੀਏ ਪਰਮੇਸੁਰ ਕਾ ਸਾਖਯਾਤ ਹੋਣਾ (ਮਾਣਿਕ) ਜੋ ਮਨਨ ਕਰਨਾ ਹੈ ਭਾਵ ਸ੍ਰਵਨ ਮਨਨ ਨਿਦਿਧਯਾਸਨ ਆਦੀ ਸੁਭ ਗੁਣ ਬੁਧੀ ਵਿਚੋਂ ਹੀ ਮਿਲ ਜਾਂਦੇ ਹੈਂ।"[੧੩]

ਇਸੇ ਤਰ੍ਹਾਂ *ਸੁਣਿਐ ਦੀਪ ਲੋਅ ਪਾਤਾਲ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੨) ਦਾ ਟੀਕਾ ਕਰਦਿਆਂ ਫੁੱਟ ਨੋਟ ਵਿਚ ਦੀਪ, ਲੋਅ ਅਤੇ ਪਾਤਾਲ ਦੀ ਗਿਣਤੀ ਦੱਸ ਕੇ ਨਾਂ ਵੀ ਦੱਸੇ ਹਨ:

"ਸਾਤੋ ਦੀਪ ਜੰਬੂ ੧, ਸਾਲਮਲ ੨, ਪਲਾਖਯ ੩, ਕੋਚ ੪, ਸਾਕ ੫, ਕੁਸ ੬, ਪੁਸਕਰ ੭, ਉਪਰ ਕੇ ਸਤ ਲੋਕ ਕਹਿਤੇ ਹੈਂ" ...[੧੪]

**੫. ਉਥਾਨਕਾ ਰਾਹੀਂ ਵਿਆਖਿਆ**

ਗਿਆਨੀ ਬਦਨ ਸਿੰਘ ਕਈ ਥਾਂਵਾਂ 'ਤੇ ਸ਼ਬਦ ਦਾ ਟੀਕਾ ਕਰਦੇ ਸਮੇਂ ਕੁਝ ਥਾਂਵਾਂ 'ਤੇ ਉਥਾਨਕਾ ਦੇਣ ਦੀ ਜੁਗਤ ਦੀ ਵਰਤੋਂ ਵੀ ਕਰਦੇ ਹਨ। ਜਿਵੇਂ ਸੋਦਰੁ ਦੇ ਸ਼ਬਦਾਂ ਦੀ ਸੰਖੇਪ ਉਥਾਨਕਾ ਦਿੱਤੀ ਹੈ ਅਤੇ ਸਿਰੀ ਰਾਗੁ ਵਿਚ '*ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥*' (ਸ੍ਰੀ ਗੁਰੂ ਗ੍ਰੰਥ ਸਾਹਿਬ, ੧੫) ਸ਼ਬਦ ਦੀ ਵਿਆਖਿਆ ਕਰਦੇ ਸਮੇਂ ਟੀਕਾਕਾਰ ਨੇ ਇਸ ਸ਼ਬਦ ਨਾਲ ਸੰਬੰਧਿਤ ਸਾਖੀ ਵੀ ਦਿੱਤੀ ਹੈ:

'ਏਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਮੈ ਗਏ ਤਬ ਪੰਡਤਾਦਿ ਬਹੁਤ ਲੋਗ ਮਿਲਿ ਕਰ ਦਰਸ਼ਨ ਕੋ ਆਏ। ਔਰੁ ਏਹ ਪਰਸ਼ਨ ਕੀਆ ਕਿ ਹੇ ਗੁਰੂ ਜੀ ਹਮ ਲੋਗ ਪੜਤੇ ਹੈਂ ਔਰੁ ਸ੍ਰਵਨ ਕਰਤੇ ਹੈਂ ਫਿਰ ਕੀ ਪਰਮੇਸ੍ਰਰ ਕਾ ਨਾਮ ਘਟ ਮੈ ਨਹੀ ਠਹਿਰਤਾ ਹੈ ਇਸਮੈ ਕਿਆ ਕਾਰਣੁ ਹੈ। ਤਿਸ ਪਰ ਸ੍ਰੀ ਗੁਰੂ ਜੀ ਨੇ ਸਬਦੁ ਉਚਾਰਣ ਕੀਆ॥'[੧੫]

**੬. ਬਾਣੀ ਸਿਰਲੇਖਾਂ ਦੀ ਵਿਆਖਿਆ**

ਗੁਰਬਾਣੀ ਵਿਚ ਵੱਖ-ਵੱਖ ਬਾਣੀਆਂ ਦੇ ਸਿਰਲੇਖ ਦਰਜ ਹਨ। ਕਿਸੇ ਵੀ ਬਾਣੀ ਦੇ ਅਰੰਭ ਵਿਚ ਉਸਦਾ ਸਿਰਲੇਖ ਦਿੱਤਾ ਹੋਇਆ ਹੈ। ਟੀਕਾਕਾਰ ਨੇ ਟੀਕਾ ਕਰਦਿਆਂ ਬਾਣੀ ਸਿਰਲੇਖਾਂ ਦੀ ਵਿਆਖਿਆ ਕੀਤੀ ਹੈ। ਉਦਾਹਰਨ ਵਜੋਂ ਸੋਹਿਲਾ ਬਾਣੀ ਦੇ ਅਰੰਭ ਵਿਚ ਇਸ ਬਾਣੀ ਸੰਬੰਧੀ ਟੀਕਾਕਾਰ ਨੇ ਇੰਝ ਵਿਆਖਿਆ ਕੀਤੀ ਹੈ:

"ਸੋਹਿਲਾ ਨਾਮੁ ਪਰਮੇਸ੍ਰਰ ਕੇ ਜਸ ਕਾ ਹੈ ਜੈਸੇ ਤੀਨ ਕਾਲ ਕੀ ਤੀਨ ਸੰਧਯਾ ਹੈਂ ਪ੍ਰਾਤ ਔਰੁ ਮਧਯਾਂਨ ਔਰੁ ਸਾਯੰਕਾਲ ਤੈਸੇ ਗੁਰੂ ਜੀ ਕੇ ਮਤ ਮੇਂ ਪ੍ਰਾਤਹਕਾਲ ਜਪਜੀ ਕਾ ਪਾਠੁ ਔਰ ਸਾਯੰਕਾਲ ਮੇਂ ਰਹਰਾਸਿ ਕਾ ਪਾਠ ਔਰ ਸੈਨ ਸਮੇਂ ਸੋਹਿਲੇ ਕਾ ਪਾਠ ਏਹੁ ਤੀਨ ਸੰਧਯਾ ਹੈਂ। ..."[੧੬]

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸਿੰਘ ਸਭਾ ਲਹਿਰ ਦੇ ਸਮੇਂ ਸਿੱਖਾਂ ਵਿਚ ਜਾਗ੍ਰਿਤੀ ਲਿਆਉਣ ਲਈ ਜਿੱਥੇ ਹੋਰ ਸਾਹਿਤਕ ਉਪਰਾਲੇ ਕੀਤੇ ਗਏ ਉੱਥੇ ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ ਦੇ ਯਤਨਾਂ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸੰਪੂਰਨ ਟੀਕਾ ਹੋਂਦ ਵਿਚ ਆਇਆ ਜੋ ਕਿ ਅਰਨਸਟ ਟਰੰਪ ਦੁਆਰਾ ਗੁਰਬਾਣੀ ਦੇ ਅਸ਼ੁੱਧ ਅਰਥਾਂ ਦੇ ਪ੍ਰਤੀਕਰਮ ਵਜੋਂ ਕਰਵਾਇਆ ਗਿਆ ਸੀ। ਗਿਆਨੀ ਬਦਨ ਸਿੰਘ ਦੁਆਰਾ ਬਹੁਤ ਮਿਹਨਤ ਨਾਲ ਤਿਆਰ ਕੀਤਾ ਇਹ ਟੀਕਾ ਗੁਰਬਾਣੀ ਨੂੰ ਸਮਝਣ ਲਈ ਅੱਜ ਵੀ ਮਾਰਗ-ਦਰਸ਼ਕ ਵਜੋਂ ਸੇਧ ਪ੍ਰਦਾਨ ਕਰਦਾ ਹੈ।

***ਹਵਾਲੇ:***

੧. *ਭਾਈ ਕਾਨ੍ਹ ਸਿੰਘ ਨਾਭਾ*, ਮਹਾਨ ਕੋਸ਼, *ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੨੦੦੬, ਪੰਨਾ ੮੧੨.*

੨. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਚੌਥਾ, ਗ੍ਰੇਸੀਅਸ ਬੁਕਸ ਪਟਿਆਲਾ, ੨੦੧੪, ਪੰਨਾ ੧੪੪੪.

੩. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ ੮੧੨.

੪. Madanjit Kaur, *The Golden Temple Past & Present,* Guru Nanak Dev University, Amritsar, ੧੯੮੩, pp. 82-83.

੫. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਭਾਗ ਚੌਥਾ, ਪੰਨਾ ੧੪੪੪.

੬. ਗਿਆਨੀ ਬਦਨ ਸਿੰਘ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟ ਵਾਲਾ ਟੀਕਾ), ਭਾਸ਼ਾ ਵਿਭਾਗ ਪੰਜਾਬ, ੧੯੮੯, ਭੂਮਿਕਾ(ੳ-ੲ)

੭. ਗਿਆਨੀ ਬਦਨ ਸਿੰਘ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟ ਵਾਲਾ ਟੀਕਾ), ਭੂਮਿਕਾ ੳ.

੮. ਉਹੀ, ਪੰਨਾ ੫.

੯. ਉਹੀ, ਪੰਨਾ ੬.

੧੦. ਉਹੀ, ਪੰਨਾ ੫.

੧੧. ਉਹੀ, ਪੰਨਾ ੨੭.

੧੨. ਉਹੀ, ਪੰਨੇ ੫-੬,੯.

੧੩. ਉਹੀ, ਪੰਨਾ ੮, ਫੁਟਨੋਟ.

੧੪. ਉਹੀ, ਪੰਨਾ ੯, ਫੁਟਨੋਟ.

੧੫. ਉਹੀ, ਪੰਨਾ ੪੩.

੧੬. ਉਹੀ, ਪੰਨਾ ੩੬.

■

## ਪਿੰਡ ਬਾਲਾ ਚੱਕ ਵਿਖੇ ਅੰਮ੍ਰਿਤ-ਸੰਚਾਰ

ਭਾਈ ਨੌਸ਼ੇਵਰਜੀਤ ਸਿੰਘ, ਪ੍ਰਚਾਰਕ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ ਸ਼ਹੀਦ, ਪਿੰਡ ਬਾਲਾ ਚੱਕ, ਜ਼ਿਲ੍ਹਾ ਤਰਨ ਤਾਰਨ ਵਿਖੇ ੯ ਜੁਲਾਈ, ੨੦੨੩ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਪ੍ਰੋ. ਗੁਰਮੁਖ ਸਿੰਘ : ਜੀਵਨ ਅਤੇ ਸਿੰਘ ਸਭਾ ਲਹਿਰ ਵਿਚ ਯੋਗਦਾਨ

*-ਡਾ. ਰਣਜੀਤ ਕੌਰ ਪੰਨਵਾਂ**

ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਦੇ ਸਿਰਕੱਢ ਵਿਦਵਾਨ, ਪੰਥਕ ਸੇਵਾ ਦੇ ਮੁਜਸਮੇ ਪ੍ਰੋ. ਗੁਰਮੁਖ ਸਿੰਘ ਦਾ ਜਨਮ ੧੫ ਅਪ੍ਰੈਲ, ੧੮੪੯ ਈ. ਵਿਚ ਪਿਤਾ ਸ. ਵਸਾਵਾ ਸਿੰਘ[੧] ਦੇ ਘਰ ਕਪੂਰਥਲਾ ਵਿਖੇ ਹੋਇਆ ਸੀ। ਉਸ ਸਮੇਂ ਪਿਤਾ ਰਾਜਾ ਨਿਹਾਲ ਸਿੰਘ ਜੀ ਕਪੂਰਥਲਾ ਦੇ ਲਾਂਗਰੀ ਸਨ। ਆਪ ਦਾ ਪਰਿਵਾਰ ਪਹਿਲਾਂ ਪਿੰਡ ਚੰਧੜ, ਜ਼ਿਲ੍ਹਾ ਗੁੱਜਰਾਂਵਾਲਾ (ਅੱਜਕਲ ਪਾਕਿਸਤਾਨ) ਵਿਖੇ ਰਹਿੰਦਾ ਸੀ। ਵਾਹੀਯੋਗ ਜ਼ਮੀਨ ਘੱਟ ਹੋਣ ਕਰਕੇ ਭਾਈ ਵਸਾਵਾ ਸਿੰਘ ਜੀ ਗ਼ੁਜਰ-ਬਸਰ ਕਰਨ ਲਈ ਮਹਾਰਾਜਾ ਸ਼ੇਰ ਸਿੰਘ ਦੇ ਕੋਲ ਭਰਤੀ ਹੋ ਗਏ, ਬਾਅਦ ਵਿਚ ਰਾਜਾ ਨਿਹਾਲ ਸਿੰਘ ਕੋਲ ਕਪੂਰਥਲੇ ਆ ਗਏ। ਇਥੇ ਰਹਿੰਦਿਆਂ ਹੀ ਕੰਵਰ ਬਿਕਰਮ ਸਿੰਘ ਜੀ ਨਾਲ ਮੇਲ ਹੋਣ 'ਤੇ ਉਸ ਦੇ ਰਸੋਈਏ ਭਰਤੀ ਹੋ ਗਏ ਅਤੇ ਹਰ ਵਕਤ ਉਸ ਦੀ ਸੇਵਾ ਵਿਚ ਤਤਪਰ ਰਹਿਣ ਲੱਗੇ।

ਕੰਵਰ ਬਿਕਰਮ ਸਿੰਘ ਜੀ ਸੁਜੱਗ ਵਿਦਵਾਨ, ਕਵੀ, ਸਾਹਿਤਕਾਰ ਅਤੇ ਨਾਮ-ਬਾਣੀ ਦੇ ਅਭਿਆਸੀ ਸਨ। ਉਨ੍ਹਾਂ ਦਾ ਆਪਣਾ ਮੁਢਲਾ ਜੀਵਨ ਅਧਿਆਤਮਿਕ, ਧਾਰਮਿਕ, ਸਾਹਿਤਕ ਅਤੇ ਵਿਦਿਅਕ ਮਾਹੌਲ ਵਿਚ ਬਤੀਤ ਹੋਇਆ ਸੀ। ਗੁਰਮੁਖ ਅਤੇ ਪਰਉਪਕਾਰੀ ਸੁਭਾਅ ਦੇ ਕਾਰਨ ਹੀ ਭਾਈ ਵਸਾਵਾ ਸਿੰਘ ਦੇ ਨਾਲ ਖਾਸ ਤੌਰ 'ਤੇ ਸੁਨੇਹ ਸੀ ਅਤੇ ਉਨ੍ਹਾਂ ਦੇ ਪੁੱਤਰ ਗੁਰਮੁਖ ਸਿੰਘ ਨੂੰ ਵੀ ਬਚਪਨ ਤੋਂ ਹੀ ਪਾਲਿਆ-ਪੋਸਿਆ ਤੇ ਪੜ੍ਹਾਇਆ। ਭਾਈ ਗੁਰਮੁਖ ਸਿੰਘ ਨੇ ਕੰਵਰ ਬਿਕਰਮ ਸਿੰਘ ਜੀ ਦੀ ਦੇਖ-ਰੇਖ ਹੇਠ ਮੈਟ੍ਰਿਕ ਤਕ ਵਿੱਦਿਆ ਕਪੂਰਥਲੇ ਤੋਂ ਪ੍ਰਾਪਤ ਕੀਤੀ ਤੇ ਫੇਰ ਉਚ ਵਿੱਦਿਆ (ਬੀ.ਏ.ਤਕ) ਦੀ ਡਿਗਰੀ[੨] ਗਵਰਨਮੈਂਟ ਕਾਲਜ ਲਾਹੌਰ ਤੋਂ ਹਾਸਲ ਕੀਤੀ। ਆਪ ਦੇ ਸ਼ੌਕ ਅਤੇ ਲਿਆਕਤ ਬਾਰੇ ਸ. ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ ਕਿ ਭਾਈ ਗੁਰਮੁਖ ਸਿੰਘ ਦੇ ਨਿੱਜੀ ਕਾਗਜ਼ਾਤ ਦੇਖਣ ਤੋਂ ਪਤਾ ਲਗਦਾ ਹੈ ਕਿ ਸ਼ੁਰੂ ਵਿਚ ਉਨ੍ਹਾਂ ਨੂੰ ਚਿਤ੍ਰਕਲਾ ਦਾ ਬੜਾ ਸ਼ੌਕ ਸੀ। ੧੮੭੩ ਈ. ਵਿਚ ਜਦ ਉਹ ਅਜੇ ਪੜ੍ਹਦੇ ਹੀ ਸਨ ਤਾਂ ਮਹਿਕਮਾ ਤਾਲੀਮ ਦੇ ਡਾਇਰੈਕਟਰ ਮਿਸਟਰ ਸੀ. ਪੀਅਰਸਨ ਦਾ ਚਿੱਤਰ ਉਨ੍ਹਾਂ ਨੇ ਬਹੁਤ ਸੋਹਣਾ ਬਣਾਇਆ, ਜਿਸ ਨੂੰ ਦੇਖ ਕੇ ਉਹ ਅੰਗਰੇਜ਼ ਬੜਾ ਹੀ ਖ਼ੁਸ਼ ਹੋਇਆ। ਉਸ ਨੇ ਭਾਈ ਗੁਰਮੁਖ ਸਿੰਘ ਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਰੁੜਕੀ ਭੇਜਣਾ ਚਾਹਿਆ ਪਰ ਆਪ ਨਾ ਮੰਨੇ। ਇਸ ਤਰ੍ਹਾਂ ਇਕ ਵੇਰ ਉਨ੍ਹਾਂ ਨੂੰ ਕੰਵਰ ਬਿਕਰਮ ਸਿੰਘ ਵਲੋਂ ਕਾਨੂੰਨ ਪੜ੍ਹਨ ਦੀ ਪ੍ਰੇਰਣਾ ਵੀ ਹੋਈ, ਪਰ ਉਹ ਇਸ ਪਾਸਿਓਂ ਵੀ ਕੰਡ ਭਵਾਂ ਗਏ। ਸੰਸਾਰਕ ਕੰਮਾਂ ਵੱਲੋਂ ਇਸ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮੫੧੫੧੩*

ਤਰ੍ਹਾਂ ਉਪਰਾਮਤਾ ਹੋਣ ਦਾ ਕਾਰਣ ਭਾਈ ਸਾਹਿਬ ਦੀਆਂ ਧਾਰਮਿਕ ਰੁਚੀਆਂ ਸਨ ਜੋ ਉਨ੍ਹਾਂ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਦੇ ਜੀਵਨ-ਇਤਿਹਾਸ ਵਿੱਚੋਂ ਪ੍ਰਾਪਤ ਹੋਈਆਂ ਸਨ।[੩]

ਦਰਅਸਲ ਗੁਰਮੁਖ ਸਿੰਘ ਆਪਣੇ ਭਵਿੱਖ ਬਾਰੇ ਫੈਸਲਾ ਕਰ ਚੁੱਕੇ ਸੀ। ਉਹ ਸੀ, ਸਿੱਖ ਸਮਾਜ ਵਿਚ ਪ੍ਰਚਲਤ ਧਾਰਮਿਕ, ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦੇ ਸਾਰਥਕ ਉਪਰਾਲੇ ਕਰਨ ਦੇ ਰਾਹ ਤੁਰਨ ਦਾ। ਇਸ ਕਾਰਜ ਲਈ ਕੰਵਰ ਬਿਕਰਮ ਸਿੰਘ ਨੇ ਉਨ੍ਹਾਂ ਨੂੰ ਬਚਪਨ ਤੋਂ ਹੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੱਖ ਧਰਮ ਨੂੰ ਅਨਮਤੀ ਪ੍ਰਭਾਵਾਂ ਤੋਂ ਨਿਜ਼ਾਤ ਦਿਵਾਉਣ ਲਈ ਅਤੇ ਖਾਲਸ ਸਰੂਪ ਦੇ ਪ੍ਰਚਾਰ ਲਈ 'ਸਿੰਘ ਸਭਾ ਲਹਿਰ' ਦੀ ਸਥਾਪਨਾ ੧੮੭੩ ਈ. ਵਿਚ ਅੰਮ੍ਰਿਤਸਰ ਵਿਖੇ ਹੋ ਚੁੱਕੀ ਸੀ ਅਤੇ ਕੰਵਰ ਬਿਕਰਮ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਸਨ। ਸਿੰਘ ਸਭਾ ਲਹਿਰ ਅੰਮ੍ਰਿਤਸਰ ਦੀਆਂ ਸਮੇਂ-ਸਮੇਂ ਸਿਰ ਹੋਣ ਵਾਲੀਆਂ ਇਕੱਤਰਤਾਵਾਂ ਵਿਚ ਭਾਈ ਗੁਰਮੁਖ ਸਿੰਘ ਵੀ ਕੰਵਰ ਬਿਕਰਮ ਸਿੰਘ ਦੇ ਨਾਲ ਜਾਂਦੇ ਰਹਿੰਦੇ ਸਨ, ਜਿਸ ਕਾਰਨ ਉਹ ਸਿੱਖ ਸਮਾਜ ਦੀ ਵਕਤੀ ਦਸ਼ਾ ਤੋਂ ਤੁਆਰੁਫ ਸਨ ਅਤੇ ਇਸ ਦੇ ਸੁਧਾਰ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਰਹੇ ਸਨ।

ਭਾਈ ਗੁਰਮੁਖ ਸਿੰਘ ੧੮੭੭ ਈ. ਵਿਚ ਓਰੀਐਂਟਲ ਕਾਲਜ, ਲਾਹੌਰ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਨੀਯਤ ਹੋ ਗਏ। ਇਸ ਕਾਲਜ ਵਿਚ ਵਿਦਿਆਰਥੀਆਂ ਨੂੰ ਸੰਸਕ੍ਰਿਤ, ਅਰਬੀ ਅਤੇ ਪਰਸ਼ੀਅਨ ਦੀ ਉਚ ਪੜ੍ਹਾਈ ਕਰਵਾਏ ਜਾਣ ਦੇ ਨਾਲ-ਨਾਲ ਉਹਨਾਂ ਨੂੰ ਹਿੰਦੀ ਜਾਂ ਉਰਦੂ ਦੇ ਮਾਧਿਅਮ ਦੁਆਰਾ ਗਣਿਤ ਇਤਿਹਾਸ, ਫ਼ਿਲਾਸਫ਼ੀ ਆਦਿ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ। ਭਾਈ ਗੁਰਮੁਖ ਸਿੰਘ ਦੀ ਨਿਯੁਕਤੀ ਇਹਨਾਂ ਵਿਸ਼ਿਆਂ ਨੂੰ ਹਿੰਦੀ ਵਿਚ ਪੜ੍ਹਾਉਣ ਲਈ ਕੀਤੀ ਗਈ। ਭਾਈ ਗੁਰਮੁਖ ਸਿੰਘ ਓਰੀਐਂਟਲ ਕਾਲਜ ਦੇ ਹਿੰਦੀ ਵਿਭਾਗ ਵਿਚ ਹੀ ਪਦ ਉਨਤੀ ਕਰਦਿਆਂ ੧੮੮੧ ਈਸਵੀਂ ਵਿਚ ਅਸਿਸਟੈਂਟ ਪ੍ਰੋਫੈਸਰ ਅਤੇ ੧੮੮੭ ਵਿਚ Alexandra Reader ਵਜੋਂ ਨਿਯੁਕਤ ਹੋਏ। ਉਹਨਾਂ ਦੀ ਅਗਲੀ ਸਾਰੀ ਜ਼ਿੰਦਗੀ ਇਸ ਕਾਲਜ ਵਿਚ ਇਸ ਪਦਵੀ ਉਤੇ ਸੇਵਾ ਕਰਦਿਆਂ ਬਤੀਤ ਹੋਈ। ਅਸਿਸਟੈਂਟ ਪ੍ਰੋਫੈਸਰ ਬਣਨ ਕਰਕੇ ਹੀ ਉਹਨਾਂ ਦੇ ਨਾਉਂ ਨਾਲ ਪ੍ਰੋਫੈਸਰ ਸ਼ਬਦ ਲਿਖਿਆ-ਬੋਲਿਆ ਜਾਣ ਲੱਗ ਪਿਆ।[੪]

ਪ੍ਰੋ. ਗੁਰਮੁਖ ਸਿੰਘ ਦੇ ਪਰਿਵਾਰਕ ਜੀਵਨ ਬਾਬਤ ਵਧੇਰੇ ਜਾਣਕਾਰੀ ਦਾ ਅਭਾਵ ਹੈ। ਉਹਨਾਂ ਦੇ ਇੱਕ ਸਮਕਾਲੀ ਭਗਤ ਲਛਮਣ ਸਿੰਘ ਦਸਦੇ ਹਨ ਕਿ ਪ੍ਰੋ. ਗੁਰਮੁਖ ਸਿੰਘ ਦੇ ਕੋਈ ਬੱਚਾ ਬੱਚੀ ਨਹੀਂ ਸੀ, ਕੇਵਲ ਇੱਕ ਸਿੰਘਣੀ ਹੀ ਸੀ, ਜੋ ਉਹਨਾਂ ਵਰਗੀ ਸਾਦ-ਮੁਰਾਦੀ ਅਤੇ ਸੇਵਾ ਭਾਵ ਨਾਲ ਭਰਪੂਰ ਸੀ। ਪ੍ਰੋ. ਗੁਰਮੁਖ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਹਨਾਂ ਬਾਰੇ ਖ਼ਾਲਸਾ ਅਖ਼ਬਾਰ ਵਿਚ ਛਪੀਆਂ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦਾ ਇਕ ਲੜਕਾ ਵੀ ਸੀ। ਪ੍ਰੋ. ਗੁਰਮੁਖ ਸਿੰਘ ਦੀ ਧਰਮ ਪਤਨੀ ਦਾ ਨਾਉਂ ਸ੍ਰੀ ਮਤੀ ਪ੍ਰਮੇਸ਼ਰੀ ਦੇਵੀ ਸੀ ਅਤੇ ਉਸ ਨੇ ੧੯੨੩ ਈ. ਵਿਚ ਚਲਾਣਾ ਕੀਤਾ ਸੀ।[੫]

**ਸਿੰਘ ਸਭਾ ਲਾਹੌਰ ਦੀ ਸਥਾਪਨਾ ਅਤੇ ਉਦੇਸ਼:** ਪ੍ਰੋ. ਗੁਰਮੁਖ ਸਿੰਘ ਕਾਲਜ ਵਿਚ ਡਿਊਟੀ ਬਾਅਦ ਬਾਕੀ ਸਮਾਂ ਸਿੰਘ ਸਭਾ ਅੰਮ੍ਰਿਤਸਰ ਦੀਆਂ ਗਤੀਵਿਧੀਆਂ ਵਿਚ ਭਾਗ

ਲੈਂਦੇ। ਪ੍ਰੋ. ਗੁਰਮੁਖ ਸਿੰਘ ਦੇ ਯਤਨਾਂ ਸਦਕਾ ਲਾਹੌਰ ਦੀਆਂ ਸਿੱਖ ਸੰਗਤਾਂ ਵੱਲੋਂ ਵੀ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸੋਚ ਵਿਚਾਰ ਆਰੰਭ ਹੋਈ ਅਤੇ ਭਵਿੱਖਤ ਕਾਰਜਾਂ ਦੀਆਂ ਯੋਜਨਾਵਾਂ ਉਲੀਕੀਆਂ ਗਈਆਂ। ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਉਨਾਂ ਦੇ ਕੁਝ ਸਾਥੀ ਸਿੱਖਾਂ ਦਾ ਉਦੇਸ਼ ਸਿੱਖ ਧਰਮ ਦੇ ਤੱਤ ਸਰੂਪ ਨੂੰ ਪ੍ਰਚਾਰਨਾ ਸੀ। ਪ੍ਰੋ. ਗੁਰਮੁਖ ਸਿੰਘ ਅਤੇ ਹੋਰ ਸਾਥੀ ਸਿੰਘਾਂ ਦੇ ਸਿੰਘ ਸਭਾ ਅੰਮ੍ਰਿਤਸਰ ਨਾਲ ਅਮਲੀ ਅਤੇ ਵਿਚਾਰਧਾਰਕ ਮਤਭੇਦ ਹੋਣ ਕਰਕੇ ਸਿੰਘ ਸਭਾ ਅੰਮ੍ਰਿਤਸਰ ਦੀ ਕਾਰਜਸ਼ੀਲਤਾ ਉਪਰ ਪ੍ਰਭਾਵ ਪਿਆ। ਨਤੀਜੇ ਵਜੋਂ ਕੰਵਰ ਬਿਕਰਮ ਸਿੰਘ, ਪ੍ਰੋ. ਗੁਰਮੁਖ ਸਿੰਘ ਆਦਿ ਸਭਨਾਂ ਨੇ ਲਾਹੌਰ ਵਿਖੇ ਸਿੰਘ ਸਭਾ ਦੀ ਸਥਾਪਨਾ ਹਿਤ ਯਤਨ ਆਰੰਭ ਦਿੱਤੇ। ਫਲਸਰੂਪ ੨ ਨਵੰਬਰ, ੧੮੭੯ ਈ. ਨੂੰ ਸਿੰਘ ਸਭਾ ਲਾਹੌਰ ਸਥਾਪਿਤ ਕਰਦਿਆਂ ਇਕ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਥਾਪੇ ਗਏ। ਅਗਲੇ ਹੀ ਦਿਨ ਇਸ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਹੋਰਨਾ ਤੋਂ ਇਲਾਵਾ ਸ. ਠਾਕਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ ਅਤੇ ਹੋਰ ਸਿਰਕਰਦਾ ਸਿੱਖ ਵੀ ਸ਼ਾਮਿਲ ਹੋਏ। ਹਰ ਸ਼ੁੱਕਰਵਾਰ ਨੂੰ ਕਮੇਟੀ ਦੀ ਮੀਟਿੰਗ ਅਤੇ ਹਰ ਐਤਵਾਰ ਨੂੰ ਆਮ ਜਲਸਾ ਕਰਨ ਦਾ ਫੈਸਲਾ ਵੀ ਕੀਤਾ ਗਿਆ। ਸਿੰਘ ਸਭਾ ਲਾਹੌਰ ਦੇ ਉਦੇਸ਼ ਨਿਮਨੁਸਾਰ ਨਿਸ਼ਚਿਤ ਕੀਤੇ ਗਏ:

- ਪਹਿਲਾ ਉਦੇਸ਼ ਧਰਮ ਪ੍ਰਚਾਰ ਲਈ ਬਾਣੀ ਪੜ੍ਹਣ-ਪੜ੍ਹਾਉਣ, ਕੀਰਤਨ ਕਰਨ ਲਈ ਬਾਣੀ ਨੂੰ ਛਪਾ ਕੇ ਵੰਡਣ ਆਦਿ ਕਾਰਜਾਂ ਨੂੰ ਕਰਨਾ।
- ਦੂਜਾ ਉਦੇਸ਼ ਪੰਜਾਬੀ ਭਾਸ਼ਾ ਵਿਚ ਸਿੱਖ ਸਾਹਿਤ ਨੂੰ ਛਪਾਉਣਾ, ਜਿਸ ਲਈ ਗੁਰਮੁਖੀ ਵਿਚ ਅਖਬਾਰ, ਰਸਾਲੇ ਕੱਢਣੇ।
- ਗੁਰਮੁਖੀ ਦੀ ਪੜ੍ਹਾਈ ਲਈ ਸਕੂਲ ਸਥਾਪਤ ਕਰਨੇ।
- ਸਿੱਖਾਂ ਨੂੰ ਧਾਰਮਿਕ ਤੇ ਵਿਹਾਰਿਕ ਵਿੱਦਿਆ ਦੇਣ ਦੇ ਯਤਨ ਕਰਨੇ।
- ਅਨਮਤ ਤੇ ਮਨਮਤ ਵਿਚ ਰਲ ਰਹੇ ਸਿੱਖਾਂ ਨੂੰ ਇਸ ਪਾਸਿਓਂ ਹਟਾ ਕੇ ਪੱਕੇ ਸਿੱਖ ਬਣਾਉਣਾ ਆਦਿ ਆਦਰਸ਼ ਮਿੱਥੇ ਗਏ।

ਸਕੱਤਰ ਦੀ ਜ਼ਿੰਮੇਵਾਰੀ ਸੌਂਪੇ ਜਾਣ ’ਤੇ ਪ੍ਰੋ. ਗੁਰਮੁਖ ਸਿੰਘ ਪੂਰੀ ਸ਼ਿੱਦਤ ਅਤੇ ਸਮਰਪਨ ਭਾਵਨਾ ਨਾਲ ਸਭਾ ਦੇ ਕੰਮਾਂ ਵਿਚ ਰੁਝ ਗਏ। ਦੂਰਅੰਦੇਸ਼ੀ ਨਾਲ ਉਹਨਾਂ ਨੇ ਬਹੁਤ ਸਾਰੇ ਸੁਹਿਰਦ ਸਿੱਖ ਵਿਦਵਾਨਾਂ, ਚਿੰਤਕਾਂ ਅਤੇ ਸਹਿਯੋਗੀਆਂ ਨੂੰ ਸਭਾ ਦੀ ਉਦੇਸ਼ ਪੂਰਤੀ ਹਿੱਤ ਸਿੱਖ-ਧਰਮ ਅਤੇ ਪੰਜਾਬੀ ਸਾਹਿਤ ਨਾਲ ਜੋੜਿਆ। ਪ੍ਰੋ. ਗੁਰਮੁਖ ਸਿੰਘ ਦੀ ਅਗਵਾਈ ਸਦਕਾ ਹੀ ਗਿਆਨੀ ਦਿੱਤ ਸਿੰਘ ਨੇ ਓਰੀਐਂਟਲ ਕਾਲਜ, ਲਾਹੌਰ ਤੋਂ ਗਿਆਨੀ ਪਾਸ ਕੀਤੀ ਅਤੇ ਫਿਰ ਇਸ ਕਾਲਜ ਵਿਚ ਹੀ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋਏ।

**ਪ੍ਰੋ. ਗੁਰਮੁਖ ਸਿੰਘ ਦੇ ਸ੍ਰੀ ਗੁਰੂ ਸਿੰਘ ਸਭਾ ਜਨਰਲ ਲਈ ਯਤਨ:** ਦੋਵੇਂ ਸਿੰਘ ਸਭਾਵਾਂ (ਅੰਮ੍ਰਿਤਸਰ ਅਤੇ ਲਾਹੌਰ) ਦੇ ਉਦੇਸ਼ ਤਾਂ ਇਕ ਸਨ ਪਰ ਵੱਖ-ਵੱਖ ਹੋਣਾ ਠੀਕ ਨਹੀਂ ਸੀ। ਆਪ ਨੇ ਦੋਹਾਂ ਸਭਾਵਾਂ ਦੇ ਮੁਖੀਆਂ ਨੂੰ ਆਪਸੀ ਤਾਲ ਮੇਲ ਨਾਲ ਕੰਮ ਕਰਨ ਦੀ ਪ੍ਰੇਰਨਾ ਦੇਣ ਹਿਤ ਮੁੱਖ ਭੂਮਿਕਾ ਅਦਾ ਕੀਤੀ। ਜਿਸ ਦੇ ਫਲਸਰੂਪ ਦੋਵਾਂ ਸਿੰਘ

ਸਭਾਵਾਂ ਨੇ ਵਿਚਾਰ ਵਟਾਂਦਰੇ ਬਾਅਦ ੧੧ ਅਪ੍ਰੈਲ, ੧੮੮੦ ਈ. ਨੂੰ ਸ੍ਰੀ ਗੁਰੂ ਸਿੰਘ ਸਭਾ ਜਨਰਲ, ਅੰਮ੍ਰਿਤਸਰ ਦੀ ਸਥਾਪਨਾ ਦੀ ਘੋਸ਼ਣਾ ਕਰ ਦਿੱਤੀ ਅਤੇ ਕੁਝ ਨਵੇਂ ਵਿਧੀ ਵਿਧਾਨ ਬਣਾਏ ਗਏ। ਪ੍ਰੋ. ਗੁਰਮੁਖ ਸਿੰਘ ਏਕੇ ਦੀ ਖ਼ੁਸ਼ੀ ਅਤੇ ਉਮਾਹ ਨਾਲ ਹੋਰ ਵੀ ਵਧੇਰੇ ਸਰਗਰਮੀ ਨਾਲ ਜਥੇਬੰਧਕ ਕਾਰਜਾਂ ਵਿਚ ਸਿਰਕਤ ਕਰਨ ਲੱਗੇ। ਕਾਲਜ ਤੋਂ ਉਪਰੰਤ ਉਹਨਾਂ ਕੋਲ ਜਿੰਨਾ ਸਮਾਂ ਹੁੰਦਾ, ਉਹ ਸਿੱਖ ਧਰਮ ਦਾ ਪ੍ਰਚਾਰ ਕਰਦੇ। ਇਹ ਕਹਿ ਲਉ ਕਿ ਉਹਨਾਂ ਆਪਣਾ ਆਪ ਪੰਥ ਸੇਵਾ ਨੂੰ ਸਮਰਪਣ ਕਰ ਦਿੱਤਾ ਅਤੇ ਹਰ ਥਾਂ ਜਾ ਕੇ ਧਰਮ-ਪ੍ਰਚਾਰ ਕਰਨ ਲੱਗੇ।

**ਪੰਜਾਬੀ ਪੱਤਰਕਾਰੀ ਵਿਚ ਪ੍ਰੋ. ਗੁਰਮੁਖ ਸਿੰਘ ਦੀ ਦੇਣ:** ਪੰਜਾਬੀ ਪੱਤਰਕਾਰੀ ਨੇ ਸਿੰਘ ਸਭਾ ਲਹਿਰ ਦੀ ਅਗਵਾਈ ਵਿਚ ਬਹੁਤ ਵਿਕਾਸ ਕੀਤਾ। ਪ੍ਰਚਾਰ ਦੇ ਮਨੋਰਥ ਦੀ ਪੂਰਤੀ ਹਿੱਤ ਅਖਬਾਰ ਦੀ ਲੋੜ ਸੀ। ਜਿਸ ਲਈ ਪ੍ਰੋ. ਗੁਰਮੁਖ ਸਿੰਘ ਦੇ ਮੁਢਲੇ ਯਤਨਾਂ ਸਦਕਾ ਸਪਤਾਹਕ ਅਖ਼ਬਾਰ 'ਗੁਰਮੁਖੀ' ਕੱਢਣ ਦਾ ਫ਼ੈਸਲਾ ਕੀਤਾ ਗਿਆ। ਗੁਰਮੁਖੀ ਦਾ ਪਹਿਲਾ ਅੰਕ ੧੦ ਨਵੰਬਰ, ੧੮੮੦ ਈ. ਨੂੰ ਪ੍ਰਕਾਸ਼ਿਤ ਹੋਇਆ। ਉਹਨਾਂ ਸਿੰਘ ਸਭਾ, ਲਾਹੌਰ ਦੇ ਅਧੀਨ ਇਕ ਹੋਰ ਮਾਸਿਕ ਪੱਤਰ 'ਵਿਦਿਯਾਰਕ ਪੰਜਾਬ' ਅਰਥਾਤ ਵਿਦਿਆ ਦਾ ਸੂਰਜ ਸਤੰਬਰ, ੧੮੮੧ ਈ. ਛਾਪਣਾ ਸ਼ੁਰੂ ਕੀਤਾ। ਪਹਿਲਾਂ ਸ਼ੁਰੂ ਕੀਤਾ 'ਗੁਰਮੁਖੀ' ਅਖਬਾਰ ਅੰਮ੍ਰਿਤਸਰ ਵਾਲੀ ਸਭਾ ਨੂੰ ਸੌਂਪਣ ਬਾਅਦ ਫਿਰ ਉਹਨਾਂ ਨੇ 'ਖਾਲਸਾ ਅਖ਼ਬਾਰ' ਨਾਉਂ ਦਾ ਸਪਤਾਹਕ-ਪੱਤਰ ਕੱਢਣ ਦਾ ਫੈਸਲਾ ਕੀਤਾ ਅਤੇ ਇਸ ਦਾ ਪਹਿਲਾ ਅੰਕ ੧੨ ਜੂਨ, ੧੮੮੬ ਈ. ਨੂੰ ਪ੍ਰਕਾਸ਼ਿਤ ਹੋਇਆ। ਜਿਸ ਦਾ ਉਦੇਸ਼ ਦਸਾਂ ਗੁਰੂਆਂ ਦੇ ਜੀਵਨ ਪ੍ਰਸੰਗ ਛਾਪਣੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫੇ, ਵਿੱਦਿਆ ਦੀ ਉੱਨਤੀ ਲਈ ਯਤਨ ਕਰਨੇ, ਸਿੰਘ ਸਭਾ ਦੇ ਮਨੋਰਥਾਂ ਦਾ ਪ੍ਰਚਾਰ ਕਰਨਾ ਤੇ ਖ਼ਾਲਸਾ ਧਰਮ ਦੇ ਅਨੁਯਾਈਆਂ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ। ਪ੍ਰੋ. ਗੁਰਮੁਖ ਸਿੰਘ ੧੮੯੮ ਈ. (ਆਪਣੇ ਚਲਾਣੇ) ਤਕ ਇਸ ਅਖ਼ਬਾਰ ਦੀ ਅਗਵਾਈ ਕਰਦੇ ਰਹੇ। ਸਿੱਖ ਸਮਾਜ ਵਿਚੋਂ ਬਹੁਪੱਖੀ ਸੁਧਾਰ ਅਤੇ ਪ੍ਰਚਾਰ ਦੇ ਉਦੇਸ਼ ਨਾਲ ਮਾਸਿਕ ਪੱਤਰ 'ਸੁਧਾਰਕ' ਦਾ ਆਰੰਭ ੧੮੮੬ ਈ. ਵਿਚ ਕੀਤਾ। 'ਖ਼ਾਲਸਾ ਗਜ਼ਟ' ਉਰਦੂ ਅਖ਼ਬਾਰ ਭਾਈ ਮਈਆ ਸਿੰਘ ਦੀ ਸੰਪਾਦਨਾ ਹੇਠ ੧੮੮੫ ਈ. ਵਿਚ ਲਾਹੌਰ ਤੋਂ ਸ਼ੁਰੂ ਹੋਇਆ। ਪ੍ਰੋ. ਗੁਰਮੁਖ ਸਿੰਘ ਇਸ ਦੇ ਸੰਪਾਦਕ ੧੮੯੪ ਈ. ਵਿਚ ਬਣੇ ਅਤੇ ਪੰਜਾਬੀ ਵਿਚ ਛਾਪਿਆ ਜਾਣ ਲੱਗਾ। ਇਹ ਪੱਤਰ ਵੀ ਲਾਹੌਰ, ਸਿੰਘ ਸਭਾ ਦੇ ਉਦੇਸ਼ ਦਾ ਹੀ ਪ੍ਰਚਾਰ ਕਰਦਾ ਸੀ। ਇਸ ਵਿਚ ਧਾਰਮਿਕ ਲੇਖ ਅਤੇ ਸਿੱਖ ਜਗਤ ਦੀਆਂ ਖ਼ਬਰਾਂ ਛਾਪੀਆਂ ਜਾਂਦੀਆਂ ਸਨ। ਪੱਤਰਕਾਰੀ ਦੇ ਖੇਤਰ ਵਿਚ ਪ੍ਰੋ. ਗੁਰਮੁਖ ਸਿੰਘ ਦੇ ਯੋਗਦਾਨ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ ਕਿ ਲਾਹੌਰ ਨੌਕਰੀ ਦੇ ਦੌਰਾਨ ਪ੍ਰੋ. ਗੁਰਮੁਖ ਸਿੰਘ ਨੇ ਪੰਜਾਬੀ ਪੱਤਰਕਾਰੀ ਦੀ ਬੁਨਿਆਦ ਰੱਖੀ ਅਤੇ ਇਕ ਤੋਂ ਬਾਅਦ ਦੂਜਾ ਪੱਤਰ ਜਾਰੀ ਕਰਦੇ ਰਹੇ, ਉਹਨਾਂ ਨੇ ਗੁਰਮੁਖੀ ਅਖ਼ਬਾਰ, ਵਿਦਿਯਾਰਕ, ਖ਼ਾਲਸਾ, ਸੁਧਾਰਕ ਅਤੇ ਖ਼ਾਲਸਾ ਗਜ਼ਟ ਪੱਤਰ ਜਾਰੀ ਕੀਤੇ।[੬] ਸਾਰੇ ਅਖ਼ਬਾਰਾਂ ਅਤੇ ਪੱਤਰਾਂ ਦਾ ਉਦੇਸ਼ ਸਿੰਘ ਸਭਾ ਲਹਿਰ ਦੇ ਆਦਰਸ਼ ਦਾ ਪ੍ਰਚਾਰ ਕਰਨਾ ਸੀ।

**ਪੰਜਾਬੀ ਭਾਸ਼ਾ ਅਤੇ ਵਿੱਦਿਅਕ ਪ੍ਰਗਤੀ ਲਈ ਯਤਨ:** ਪ੍ਰੋ. ਗੁਰਮੁਖ ਸਿੰਘ ਦੇ ਯਤਨਾਂ ਸਦਕਾ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਵੀ ਪੜ੍ਹਾਈ ਜਾਣ ਲੱਗੀ, ਇਸ ਲਈ ਉਹ ਪੰਜਾਬੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰਨ ਪ੍ਰਤੀ ਸੁਜਗ ਸਨ। ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉੱਨਤੀ ਦੇ ਹਾਮੀ ਸਨ। ਪੰਜਾਬੀ ਭਾਸ਼ਾ ਨੂੰ ਪਿਆਰ ਕਾਰਨ ਹੀ ਉਨ੍ਹਾਂ ਨੇ ਸਿੰਘ ਸਭਾ ਲਾਹੌਰ ਅਤੇ ਖਾਲਸਾ ਦੀਵਾਨ ਆਦਿ ਸੰਸਥਾਵਾਂ ਦੇ ਮੁੱਢਲੇ ਅਸੂਲ ਨਿਰਧਾਰਤ ਕਰਦਿਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਨੂੰ ਸਦਾ ਹੀ ਪ੍ਰਮੁੱਖ ਸਥਾਨ ਦਿੱਤਾ। ਉਹਨਾਂ ਦੇ ਉਪਰਾਲੇ ਸਦਕਾ ਹੀ ੧੮੮੦ ਈ. ਵਿਚ ਸਿੰਘ ਸਭਾ, ਲਾਹੌਰ ਵੱਲੋਂ ਪੰਜਾਬੀ ਸਕੂਲ ਖੋਲ੍ਹਿਆ ਗਿਆ, ਫੇਰ ਗੌਰਮਿੰਟ ਮਿਡਲ ਸਕੂਲ, ਲਾਹੌਰ ਵਿਚ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਣ ਲੱਗੀ ਅਤੇ ਪੰਜਾਬੀ ਨੂੰ ਐਂਟਰੈਂਸ ਦੇ ਇਮਤਿਹਾਨਾਂ ਵਿਚ ਵੀ ਪ੍ਰਵਾਨਗੀ ਮਿਲੀ। ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਪ੍ਰਤੀ ਆਪਣੇ ਯਤਨਾਂ ਨੂੰ ਇਕ ਲਹਿਰ ਦਾ ਰੂਪ ਦੇਣ ਲਈ ੧੮੮੨ ਈ. ਵਿਚ ਪੰਜਾਬੀ ਪਰਚਾਰਨੀ ਸਭਾ, ਲਾਹੌਰ ਦੀ ਸਥਾਪਨਾ ਕੀਤੀ ਅਤੇ ਇਸ ਦੇ ਮੁੱਖ ਸਲਾਹਕਾਰ ਵਜੋਂ ਇਸ ਦੀਆਂ ਗਤੀਵਿਧੀਆਂ ਨੂੰ ਸੇਧ ਦੇਣੀ ਸ਼ੁਰੂ ਕੀਤੀ। ਆਪ ਨੇ ਵਿਦਿਅਕ ਪਛੜੇਪਨ ਨੂੰ ਦੂਰ ਕਰਨ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ (੫ ਮਾਰਚ, ੧੮੯੨ ਈ.) ਕਾਇਮੀ ਲਈ ਸਿਰਤੋੜ ਯਤਨ ਕੀਤੇ।

ਉਸ ਸਮੇਂ ਲਾਹੌਰ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਹੋਸਟਲ ਦੀ ਸਹੂਲਤ ਨਹੀਂ ਸੀ। ਮੱਧ ਵਰਗੀ ਸਿੱਖ ਪਰਿਵਾਰਾਂ ਵਿੱਚੋਂ ਆਉਣ ਵਾਲੇ ਵਿਦਿਆਰਥੀਆਂ ਦੀ ਲਾਹੌਰ ਵਿਚ ਨਿਵਾਸ ਦੀ ਔਖ ਨੂੰ ਮਹਿਸੂਸ ਕਰਦਿਆਂ, ਮਹਾਰਾਜਾ ਨਾਭਾ ਤੋਂ ਸਹਾਇਤਾ ਲੈ ਕੇ ਇਕ 'ਖ਼ਾਲਸਾ ਸਟੂਡੈਂਟ ਬੋਰਡਿੰਗ ਹਾਊਸ' ਦੀ ਸਥਾਪਨਾ ਕਿਰਾਏ ਦੀ ਇਮਾਰਤ ਵਿਚ ਕੀਤੀ ਸੀ। ਅਪ੍ਰੈਲ, ੧੮੯੫ ਈ. 'ਚ ਹੋਸਟਲ ਨੂੰ ਸ਼ਹਿਰ ਦੇ ਬਾਹਰਵਾਰ ਇਕ ਖੁਲੀ ਕੋਠੀ ਵਿਚ ਬਦਲ ਦਿੱਤਾ ਗਿਆ ।

**ਖਾਲਸਾ ਦੀਵਾਨਾਂ ਦੀ ਸਥਾਪਨਾ:** ਸ੍ਰੀ ਗੁਰੂ ਸਿੰਘ ਸਭਾ ਜਨਰਲ, ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ ਮੁਖੀ ਸਿੱਖ ਆਪਸ 'ਚ ਰਲ ਕੇ ਨਾ ਚੱਲ ਸਕੇ ਤਾਂ ਨਤੀਜੇ ਵੱਜੋਂ ਖਾਲਸਾ ਦੀਵਾਨ, ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ, ਲਾਹੌਰ ਹੋਂਦ ਵਿਚ ਆਏ। ਵਿਭਿੰਨ ਸਿੰਘ ਸਭਾਵਾਂ ਦੁਆਰਾ ਕੀਤੇ ਜਾ ਰਹੇ ਕਾਰਜ ਨੂੰ ਵਧੇਰੇ ਕਾਰਜਸ਼ੀਲ ਬਣਾਉਣ ਲਈ ੧੧ ਅਪ੍ਰੈਲ, ੧੮੮੩ ਈ. ਨੂੰ ਖਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। ਰਾਜਾ ਬਿਕਰਮ ਸਿੰਘ ਫਰੀਦਕੋਟ ਇਸ ਦੇ ਸਰਪ੍ਰਸਤ, ਬਾਬਾ ਖੇਮ ਸਿੰਘ ਬੇਦੀ ਪ੍ਰਧਾਨ, ਭਾਈ ਮਾਨ ਸਿੰਘ ਮੀਤ ਪ੍ਰਧਾਨ ਅਤੇ ਭਾਈ ਗਣੇਸ਼ਾ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਥਾਪੇ ਗਏ। ਪ੍ਰੋ. ਗੁਰਮੁਖ ਸਿੰਘ ਨੇ ਖਾਲਸਾ ਦੀਵਾਨ ਦੇ ਨਿਯਮ, ਉਪ ਨਿਯਮ ਤਿਆਰ ਕੀਤੇ। ਫੇਰ ਲੰਮਾ ਵਕਤ ਇਕੱਠ ਨਾ ਨਿਭਣ ਅਤੇ ਸਿਧਾਂਤਕ ਵੱਖਰਤਾ ਕਾਰਨ ਖਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ੧੧ ਅਪ੍ਰੈਲ, ੧੮੮੬ ਈ. ਨੂੰ ਹੋਈ। ਮਹਾਰਾਜਾ ਹੀਰਾ ਸਿੰਘ ਨਾਭਾ ਇਸ ਦੇ ਸਰਪ੍ਰਸਤ, ਸ. ਅਤਰ ਸਿੰਘ ਭਦੌੜ ਪ੍ਰਧਾਨ ਅਤੇ ਪ੍ਰੋ. ਗੁਰਮੁਖ ਸਿੰਘ ਸਕੱਤਰ ਮੁਕਰਰ ਕੀਤੇ ਗਏ। ਬਹੁਤਾਤ ਸਿੰਘ ਸਭਾਵਾਂ ਨੇ ਆਪਣੇ

ਆਪ ਨੂੰ ਖ਼ਾਲਸਾ ਦੀਵਾਨ ਅੰਮ੍ਰਿਤਸਰ ਨਾਲੋਂ ਵੱਖਰਾ ਕਰਕੇ ਖ਼ਾਲਸਾ ਦੀਵਾਨ ਲਾਹੌਰ ਨਾਲ ਜੋੜ ਲਿਆ। ਉਕਤ ਵਰਨਿਤ ਅਖ਼ਬਾਰਾਂ, ਪੱਤਰਾਂ ਨੂੰ ਨਿਯਮਬੱਧ ਅਤੇ ਸੁਚੱਜੇ ਰੂਪ ਵਿਚ ਪ੍ਰਕਾਸ਼ਿਤ ਕਰਨ ਲਈ ਆਪਣੇ ਛਾਪੇਖਾਨੇ ਦੀ ਲੋੜ ਮਹਿਸੂਸ ਹੋਈ ਤਾਂ ਪ੍ਰੈਸ ਜਾਰੀ ਕਰਨ ਲਈ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਸਰ ਅਤਰ ਸਿੰਘ ਭਦੌੜ ਅਤੇ ਸਕੱਤਰ ਪ੍ਰੋ. ਗੁਰਮੁਖ ਸਿੰਘ ਨੂੰ ਥਾਪਿਆ ਗਿਆ ।

ਖ਼ਾਲਸਾ ਦੀਵਾਨ, ਲਾਹੌਰ ਨੇ ਬੜੀ ਤਨਦੇਹੀ ਨਾਲ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਪ੍ਰੋ. ਗੁਰਮੁਖ ਸਿੰਘ ਦੁਆਰਾ ਕੀਤੇ ਜਾਂਦੇ ਪ੍ਰਚਾਰ ਨਾਲ ਸੰਗਤ ਵਿਚ ਹਰਮਨ ਪਿਆਰਤਾ ਵਧਣ ਕਰਕੇ ਅਤੇ ਛਾਪੇ ਜਾਂਦੇ ਸਾਹਿਤ ਨਾਲ ਉਨ੍ਹਾਂ ਦਾ ਵਿਰੋਧ ਆਰੰਭ ਹੋ ਗਿਆ। 'ਸੁਧਾਰਕ' ਪੱਤਰ ਦੇ ਅੰਕ ਪ੍ਰਕਾਸ਼ਿਤ ਹੋਣ ਨਾਲ ਸਿਧਾਂਤਕ ਪ੍ਰਚਾਰ ਬਹੁਤ ਜੋਰ ਫੜ ਗਿਆ ਸੀ। ਸੁਧਾਰਕ ਦੇ ਅੰਕਾਂ ਵਿਚ ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਹੋ ਰਹੀਆਂ ਕੁਰੀਤੀਆਂ ਅਤੇ ਮੂਰਤੀ ਪੂਜਾ ਵੱਲ ਸਿੱਖ ਸੰਗਤਾਂ ਦਾ ਧਿਆਨ ਦਿਵਾ ਕੇ ਦਰਬਾਰ ਸਹਿਬ ਦੀ ਰਹੁ-ਰੀਤ ਨੂੰ ਗੁਰ ਮਰਿਯਾਦਾ ਦੇ ਅਨੁਸਾਰ ਕਰਨ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ। ਅੰਮ੍ਰਿਤਸਰੀ ਧੜੇ ਨੇ ਇਸ ਨੂੰ ਸਿੱਖੀ ਨੂੰ ਢਾਹ ਲਾਉਣ ਦਾ ਯਤਨ ਕਹਿਕੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ। ਸਿਧਾਂਤਕ ਅਤੇ ਵਿਚਾਰਕ ਮਤਭੇਦ ਇੰਨੇ ਵਧ ਗਏ ਕਿ ਨਤੀਜੇ ਵਜੋਂ ਪ੍ਰੋ. ਗੁਰਮੁਖ ਸਿੰਘ ਨੂੰ ੧੮ ਮਾਰਚ, ੧੮੮੭ ਈ. ਦਰਬਾਰ ਸਾਹਿਬ ਤੋਂ ਖ਼ਾਰਜ ਕਰਨ ਦਾ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕਰ ਦਿੱਤਾ ਗਿਆ।[੭] ਜੋ ਸੋਚਿਆ ਨਹੀਂ ਸੀ, ਅਜਿਹਾ ਵਾਪਰ ਜਾਣ 'ਤੇ ਪ੍ਰੋ. ਗੁਰਮੁਖ ਸਿੰਘ[੮] ਨੇ ਆਪਣੇ ਆਪ ਨੂੰ ਗੁਰੂ ਭਰੋਸੇ ਛੱਡ ਗੁਰਮਤਿ ਪ੍ਰਚਾਰ ਅਤੇ ਸਾਹਿਤਕ ਕਾਰਜ ਜਾਰੀ ਰੱਖਣ ਲਈ ਲਾਹੌਰ ਛੱਡ ਜਲੰਧਰ ਆ ਗਏ। ਕੰਵਰ ਬਿਕਰਮ ਸਿੰਘ ਦੀ ਸਟੇਟ ਉਹਨਾਂ ਲਈ ਸੁਰੱਖਿਅਤ ਥਾਂ ਸੀ। ਕੁਝ ਸਮੇਂ ਬਾਅਦ ਹੀ ਸਭ ਸਪੱਸ਼ਟ ਹੋ ਜਾਣ 'ਤੇ ਪ੍ਰੋ. ਗੁਰਮੁਖ ਸਿੰਘ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਲਾਹੌਰ ਤੋਂ ਸੱਦਾ ਮਿਲਦਿਆਂ ਹੀ ਵਾਪਸ ਆ ਗਏ ਅਤੇ ਸਿੰਘ ਸਭਾ ਦੇ ਪ੍ਰਚਾਰ ਵਿਚ ਲੱਗ ਗਏ। ਪ੍ਰੋ. ਗੁਰਮੁਖ ਸਿੰਘ ਨੇ ਫ਼ਰਵਰੀ, ੧੮੯੪ ਈ. ਵਿਚ ਲਾਹੌਰ ਦੀ ਸਥਾਨਕ ਸਿੰਘ ਸਭਾ ਦੇ ਦਫ਼ਤਰ ਦੀ ਨੀਂਹ ਰੱਖੀ ।

**ਸ਼ਖ਼ਸੀਅਤ:** ਉਹ ਇੱਕ ਸੱਚੇ ਸੁੱਚੇ ਅਤੇ ਦ੍ਰਿੜ੍ਹ ਇਰਾਦੇ ਵਾਲੇ ਗੁਰਸਿੱਖ ਵਿਅਕਤੀ ਸਨ ਅਤੇ ਉਹਨਾਂ ਦੇ ਮਨ ਵਿਚ ਸਿੱਖੀ ਪ੍ਰਤੀ ਅਥਾਹ ਪ੍ਰੇਮ ਸੀ। ਪ੍ਰੋ. ਗੁਰਮੁਖ ਸਿੰਘ ਦਾ ਸਿੱਖੀ ਪ੍ਰਤੀ ਦ੍ਰਿਸ਼ਟੀਕੋਣ ਬੜਾ ਨਰੋਆ, ਵਿਵੇਕਸ਼ੀਲ ਅਤੇ ਖਾਲਸ ਸੀ। ਉਹਨਾਂ ਆਪਣੀਆਂ ਲਿਖਤਾਂ ਵਿਚ ਕਈ ਥਾਵਾਂ ਉਤੇ ਗੁਰਮਤਿ ਲਈ ਖ਼ਾਲਸ ਧਰਮ ਸੰਗਿਆ ਦੀ ਵਰਤੋਂ ਕੀਤੀ ਹੈ। ਕਿਸੇ ਦਾ ਦਿਲ ਨਾ ਦੁਖਾਉਣ ਵਾਲੇ ਦ੍ਰਿੜ ਵਿਸ਼ਵਾਸੀ, ਅੰਧ-ਵਿਸ਼ਵਾਸ ਤੋਂ ਮੁਕਤ ਪੂਰਨ ਗੁਰਸਿੱਖ, ਖਾਲਸਾ ਧਰਮ ਦੇ ਪ੍ਰਮਾਣਿਕ ਵਿਆਖਿਆਕਾਰ, ਸੁਯੋਗ ਜਥੇਬੰਦਕ, ਅਣਥੱਕ ਪ੍ਰਚਾਰਕ, ਨਿਪੁੰਨ ਅਧਿਆਪਕ ਹੋਣ ਦੇ ਨਾਲ-ਨਾਲ ਖਗੋਲ ਵਿਗਿਆਨ, ਭਾਸ਼ਾ ਵਿਗਿਆਨ ਅਤੇ ਸਮਕਾਲੀ ਇਤਿਹਾਸਕ ਸਮਾਜਿਕ ਸਮਾਚਾਰਾਂ ਦੇ ਗਿਆਤਾ ਵਿਦਵਾਨ ਪੁਰਸ਼ ਸਨ। ਇੰਨੇ ਗੁਣਵੰਤ ਵਿਅਕਤੀ ਹੁੰਦਿਆਂ ਵੀ ਉਹਨਾਂ ਦੇ ਮਨ ਵਿਚ ਆਪਣੇ ਆਪ

ਨੂੰ ਮੋਹਰੀਆਂ ਵਿਚ ਵਿਖਾਉਣ ਦੀ ਲਾਲਸਾ ਬਿਲਕੁਲ ਹੀ ਨਹੀਂ ਸੀ। ਸਿੰਘ ਸਭਾ ਦੇ ਬਹੁਤ ਸਾਰੇ ਕਾਰਜ ਉਹਨਾਂ ਦੇ ਦਿਮਾਗ ਦੀ ਉਪਜ ਸਨ ਅਤੇ ਇਹਨਾਂ ਨੂੰ ਯਥਾਰਥ ਰੂਪ ਦੇਣ ਲਈ ਉਹ ਸਾਥੀਆਂ ਨੂੰ ਨਾਲ ਲੈ ਕੇ ਚੱਲਦੇ ਸਨ। ਸਿੱਖ ਸਮਾਜ ਦੇ ਵਿਗਾਸ ਲਈ ਕੀਤੇ ਜਾਣ ਵਾਲੇ ਕਾਰਜਾਂ 'ਤੇ ਹੋਣ ਵਾਲੇ ਖਰਚੇ ਲਈ ਉਹਨਾਂ ਨੇ ਰਾਜਿਆਂ ਤੋਂ ਮਾਇਕ ਸਹਾਇਤਾ ਪ੍ਰਾਪਤ ਕਰਨ ਲਈ ਸਫ਼ਲ ਯਤਨ ਕੀਤੇ ਅਤੇ ਅਜਿਹੇ ਮੌਕੇ ਆਪਣੇ ਸਾਥੀਆਂ ਨੂੰ ਸਦਾ ਹੀ ਅੱਗੇ ਰੱਖਿਆ। ਨਿਮਰਤਾ, ਸੰਤੁਲਤ ਸੋਚ ਦੇ ਸੁਆਮੀ ਆਪਣੇ ਗਿਆਨ ਵਿਚ ਜਿੱਥੇ ਕਿਧਰੇ ਵੀ ਉਹਨਾਂ ਨੂੰ ਘਾਟ ਪ੍ਰਤੀਤ ਹੁੰਦੀ ਸੀ, ਉਹ ਉਸ ਨੂੰ ਪ੍ਰਵਾਨ ਕਰਨ ਤੋਂ ਨਹੀਂ ਸਨ ਝਿਜਕਦੇ। ਪ੍ਰੋ. ਗੁਰਮੁਖ ਸਿੰਘ ਇਕ ਸੂਝਵਾਨ, ਬਾਖ਼ੂਬੀ ਫ਼ਰਜ਼ ਨਿਭਾਉਣ ਵਾਲੇ ਅਤੇ ਮਦਦਗਾਰ ਅਧਿਆਪਕ ਸਨ। ਉਹ ਸਾਹਿਤ-ਰਚਨਾ ਲਈ ਅਸਾਨ ਬੋਲੀ ਦੀ ਵਰਤੋਂ ਕਰਨ ਦੇ ਪੱਖ ਵਿਚ ਸਨ ਅਤੇ ਔਖੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦੇ ਸਨ।

**ਰਚਨਾਵਾਂ:** ਉਸ ਸਮੇਂ ਅਧਿਆਪਨ ਕਾਰਜ ਲਈ ਵਿਦਿਆਰਥੀਆਂ ਦੇ ਕੋਰਸਾਂ ਦੀਆਂ ਪੁਸਤਕਾਂ ਨਹੀਂ ਸਨ ਉਪਲਬਧ ਹੁੰਦੀਆਂ, ਇਸ ਕਾਰਨ ਸਿਲੇਬਸ ਪੁਸਤਕਾਂ ਤਿਆਰ ਕਰਨ ਦੀ ਜ਼ਿੰਮੇਵਾਰੀ ਵੀ ਅਧਿਆਪਕਾਂ ਨੂੰ ਆਪ ਹੀ ਨਿਭਾਉਣੀ ਪੈਂਦੀ ਸੀ। ਪ੍ਰੋ. ਗੁਰਮੁਖ ਸਿੰਘ ਨੇ ਸਿੰਘ ਸਭਾ ਦੀਆਂ ਜਥੇਬੰਦਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਵਿਦਿਆਰਥੀਆਂ ਲਈ ਲੋੜੀਂਦੀਆਂ ਪਾਠ-ਪੁਸਤਕਾਂ ਦੀ ਲੋੜ ਪੂਰੀ ਕਰਨ ਲਈ ਬਹੁਤ ਸਾਰੀਆਂ ਅੰਗਰੇਜ਼ੀ ਪੁਸਤਕਾਂ ਦਾ ਹਿੰਦੀ ਵਿਕਲਮਚ ਅਨੁਵਾਦ ਕੀਤਾ। ਉਹਨਾਂ ਦੁਆਰਾ ਅਨੁਵਾਦਿਤ ਪੁਸਤਕਾਂ ਵਿਚ ਮੈਨ ਰਚਿਤ 'ਖਗੋਲ ਵਿਗਿਆਨ' (Main's Astronomy) ਇਲਫਿਨਸਟਨ ਰਚਿਤ 'ਭਾਰਤ ਦਾ ਇਤਿਹਾਸ' (History of india by Elphinstone), ਪਾਰਕਿਨਸਨ ਰਚਿਤ 'ਪ੍ਰਕਾਸ਼ ਵਿਗਿਆਨ' (Parkinson's optics), ਪੇਜ ਰਚਿਤ 'ਭੌਤਿਕ ਭੂਗੋਲ' (Page's Physical Geography), ਟੇਲਰ ਰਚਿਤ 'ਪ੍ਰਾਚੀਨ ਇਤਿਹਾਸ' (Ancient History by Taylor) ਸ੍ਰੀਮਤੀ ਫਾਸੈਚ ਰਚਿਤ 'ਰਾਜਸੀ ਅਰਥ ਵਿਵਸਥਾ' (Political Economy by Mrs. Fawceh) ਆਦਿ ਹਨ। ਪ੍ਰੋ. ਗੁਰਮੁਖ ਸਿੰਘ ਖਗੋਲ ਵਿਗਿਆਨ ਦੀ ਚੰਗੀ ਮੁਹਾਰਤ ਰੱਖਦੇ ਸਨ। ਪ੍ਰੋ. ਗੁਰਮੁਖ ਸਿੰਘ ਦੁਆਰਾ ਰਚਿਤ ਪੰਜਾਬੀ ਪਾਠ-ਪੁਸਤਕਾਂ, ਅਨੁਵਾਦ ਤੋਂ ਇਲਾਵਾ ਹੋਰ ਲਿਖਤਾਂ ਦਾ ਵੇਰਵਾ ਇਹ ਹੈ: ਜੋਤਸ਼ ਵਿਗਿਆਨ, ਤਿਕੋਨ ਮਿਤੀ, ਰਾਜਨੀਤਕ-ਅਰਥ ਵਿਗਿਆਨ, ਇੰਗਲੈਂਡ ਦਾ ਇਤਿਹਾਸ, ਸੰਕ੍ਰਾਂਤੀ ਪੱਤਰ ਅਥਵਾ ਗੁਰ ਬਰਸ ੪੨੧, ਖਾਲਸਾ ਧਰਮ ਉਪਦੇਸ਼, ਪਹਿਲਾ ਵਿਆਖਿਆਨ, ਦੂਜਾ ਵਿਆਖਿਆਨ, ਤੀਜਾ ਵਿਆਖਿਆਨ, ਲਾਸਾਨੀ ਕਰਾਮਾਤ, ਇਸ ਤੋਂ ਇਲਾਵਾ ਆਪ ਨੇ ਬਹੁਤ ਪੁਸਤਕਾਂ ਦੀ ਭੂਮਿਕਾ ਲਿਖੀ, ਅਖ਼ਬਾਰਾਂ, ਰਸਾਲਿਆਂ ਵਿਚ ਲੇਖ ਲਿਖੇ ਅਤੇ ਕਵਿਤਾਵਾਂ ਲਿਖ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

**ਅਕਾਲ ਚਲਾਣਾ:** ਹਰ ਵਕਤ ਪੰਥਕ ਸੇਵਾ ਵਿਚ ਰਹਿਣ ਕਰਕੇ ਪ੍ਰੋ. ਗੁਰਮੁਖ ਸਿੰਘ ਦੀ ਸਿਹਤ ਖਰਾਬ ਰਹਿਣ ਲੱਗੀ। ਖ਼ਾਲਸਾ ਅਖ਼ਬਾਰ ਅਤੇ ਹੋਰ ਜਥੇਬੰਦਕ ਲੋੜਾਂ ਲਈ

ਸਤੰਬਰ, ੧੮੯੮ ਈ. ਵਿਚ ਉਹ ਇਕ ਡੈਪੂਟੇਸ਼ਨ ਲੈ ਕੇ ਰਾਣਾ ਸਾਹਿਬ ਬਹਾਦਰ ਧੌਲਪੁਰ ਪਾਸ ਚਾਇਲ ਵਿਖੇ ਗਏ ਅਤੇ ਸੋਲਾਂ ਹਜ਼ਾਰ ਰੁਪਏ ਦੀ ਮਦਦ ਪ੍ਰਾਪਤ ਕੀਤੀ। ਵਾਪਸੀ ਸਮੇਂ ਉਹ ਬੀਮਾਰ ਹੋ ਗਏ, ਜਿਸ ਕਾਰਨ ਕੰਡਾ ਘਾਟ, ਜ਼ਿਲ੍ਹਾ ਸ਼ਿਮਲਾ ਵਿਖੇ ਰੁਕ ਗਏ। ੨੩ ਸਤੰਬਰ, ੧੮੯੮ ਈ. ਦੇਰ ਰਾਤ ਗਈ ਤਕ ਲਿਖਣ-ਪੜ੍ਹਣ ਦਾ ਕੰਮ ਨਿਪਟਾ ਕੇ ਅਜਿਹਾ ਸੁੱਤੇ ਕਿ ਮੁੜ ਨਾ ਉੱਠੇ।

ਆਪ ਦੀ ਯਾਦਗਾਰ ਬਣਾਉਣ ਬਾਰੇ ਇਕਮਤ ਨਾ ਬਣਨ 'ਤੇ ਏਕਤਾ ਦੇ ਮੁਦਈ ਪ੍ਰੋ. ਗੁਰਮੁਖ ਸਿੰਘ ਨੂੰ ਯਾਦ ਕਰਦਿਆਂ ਸਿੰਘ ਸਭਾਵਾਂ ਨੂੰ ਅਗਵਾਈ ਦੇਣ ਲਈ ਖ਼ਾਲਸਾ ਦੀਵਾਨ, ਲਾਹੌਰ ਅਤੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨੂੰ ਇਕਜੁਟ ਕਰਕੇ ੧੯੦੨ ਈ. ਵਿਚ ਚੀਫ਼ ਖ਼ਾਲਸਾ ਦੀਵਾਨ. ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ, ਜਿਸ ਨੇ ਆਪਣੀਆਂ ਪੂਰਬਲੀਆਂ ਸੰਸਥਾਵਾਂ ਵੱਲੋਂ ਉਲੀਕੇ ਕਾਰਜਾਂ ਨੂੰ ਪੂਰਿਆਂ ਕਰਨ ਲਈ ਬਹੁਮੁਲਾ ਯੋਗਦਾਨ ਪਾਇਆ ਅਤੇ ਹੁਣ ਵੀ ਪਾ ਰਹੀ ਹੈ।

## ਹਵਾਲੇ ਅਤੇ ਟਿੱਪਣੀਆਂ:

੧. ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਅਸ਼ੋਕ ਪੁਸਤਕ ਮਾਲਾ, ਪਟਿਆਲਾ, ਮਾਰਚ, ੧੯੭੪. ਪੰਨਾ ੮੯, 'ਤੇ ਪਿਤਾ ਦਾ ਨਾਂ ਭਾਈ ਬਸਾਵਾ ਸਿੰਘ ਲਿਖਦੇ ਹਨ। ਹੋਰ ਵਿਦਵਾਨ ਗੁਰਦੇਵ ਸਿੰਘ (ਸਿੱਧੂ), ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੯. ਪੰਨਾ ੯ 'ਤੇ ਸ. ਵਸਾਵਾ ਸਿੰਘ ਲਿਖਦੇ ਹਨ। ਸ. ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਅਤੇ ਝੱਬਰ*, ਸ਼੍ਰੋਮਣੀ ਗੁ. ਪ੍ਰ. ਕਮੇਟੀ, ਮਈ, ੨੦20, ਪੰਨਾ ੧੦ 'ਤੇ ਭਾਈ ਵਸਾਖਾ ਸਿੰਘ ਲਿਖਦੇ ਹਨ ਅਤੇ ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼ ਭਾਗ ਪਹਿਲਾ, ਗੁਰਰਤਨ ਪਬਲਿਸ਼ਰਜ਼,ਪਟਿਆਲਾ, ੨੦੦੫. ਪੰਨਾ ੬੩੭. 'ਤੇ ਵੀ ਵਸਾਵਾ ਸਿੰਘ ਲਿਖਦੇ ਹਨ। ਵਧੇਰੇ ਵਿਦਵਾਨਾਂ ਦੁਆਰਾ ਸ. ਵਸਾਵਾ ਸਿੰਘ ਲਿਖਿਆ ਗਿਆ ਹੈ।

੨. ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਦੇ ਪੰਨਾ ੯੦ 'ਤੇ ਬੀ.ਏ. ਦੀ ਡਿਗਰੀ ਅਧਵਾਟੇ ਛੱਡ ਕੇ ਗੁਰਮਤਿ ਦੇ ਪ੍ਰਚਾਰ ਵਿਚ ਲੱਗਣ ਬਾਰੇ ਲਿਖਦੇ ਹਨ।

੩. ਉਹੀ, ਪੰਨਾ ੯੦.

੪. ਗੁਰਦੇਵ ਸਿੰਘ ਸਿੱਧੂ, ਪ੍ਰੋ. *ਗੁਰਮੁਖ ਸਿੰਘ ਜੀਵਨ ਤੇ ਰਚਨਾ*, ਪੰਨਾ ੧੦-੧੧.

੫. ਉਹੀ, ਪੰਨਾ ੨੨.

੬. *ਸਿੰਘ ਸਭਾ ਪਤ੍ਰਿਕਾ*, ਜਨਵਰੀ, ੧੯੭੫, ਪੰਨਾ ੪੧.

੭. ਗਿ. ਕਰਤਾਰ ਸਿੰਘ ਸਰਹੱਦੀ(ਸੰਪਾ.), *ਸਿੰਘ ਸਭਾ ਲਹਿਰ ਦਾ ਸੁਨਿਹਰੀ ਤੇ ਮਹਾਨ ਪਰਉਪਕਾਰੀ ਇਤਿਹਾਸ*, ਸੰਪਾਦਕ ਖੁਦ,ਅਪਰੈਲ,੧੯੭੪, ਪੰਨਾ ੫੧੪.

੮. ਪ੍ਰੋ. ਗੁਰਮੁਖ ਸਿੰਘ ਬਾਰੇ ਡਾ. ਚਮਕੌਰ ਸਿੰਘ ਲੇਖ 'ਪ੍ਰੋ. ਗੁਰਮੁਖ ਸਿੰਘ ਜੀ' ਦੇ ਫੁਟਨੋਟ ਵਿਚ ਲਿਖਦੇ ਹਨ, "ਇਥੇ ਇਹ ਵੀ ਵਰਣਨ ਯੋਗ ਹੈ ਕਿ ਸਤੰਬਰ ੧੯੯੫ ਈ. ਵਿਚ ਅੰਮ੍ਰਿਤਸਰ 'ਚ ਹੋਏ 'ਵਿਸ਼ਵ ਸਿੱਖ ਸੰਮੇਲਨ' ਦੌਰਾਨ ਪ੍ਰੋ. ਗੁਰਮੁਖ ਸਿੰਘ ਜੀ ਦੀਆਂ ਪੰਥਕ-ਸੇਵਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਪੰਥਕ ਪਰਿਵਾਰ ਨਾਲ ਉਨ੍ਹਾਂ ਦੇ ਅਟੁੱਟ ਰਿਸ਼ਤੇ ਨੂੰ ਪੂਰੀ ਸ਼ਿੱਦਤ ਨਾਲ ਪ੍ਰਚਾਨ ਕੀਤਾ ਗਿਆ।" ਡਾ. ਰੂਪ ਸਿੰਘ (ਸੰਪਾਂ), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ਛੇਵੀਂ ਵਾਰ ੨੦੧੮. ਪੰਨਾ ੧੯੯.

# ਨਾਭਾ ਦਿਵਸ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੀ ਪੰਥਪ੍ਰਸਤੀ

*-ਡਾ. ਚਮਕੌਰ ਸਿੰਘ**

"ਨਾਭੇ ਨੂੰ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।"

-੧-

ਸਿੱਖ ਇਤਿਹਾਸ ਵਿਚ ਵੱਖ-ਵੱਖ ਰਾਜਾਂ/ਰਿਆਸਤਾਂ ਨਾਲ ਸੰਬੰਧਤ ਰਾਜਿਆਂ/ਮਹਾਰਾਜਿਆਂ, ਨਵਾਬਾਂ, ਰਜਵਾੜਿਆਂ, ਚੌਧਰੀਆਂ ਆਦਿ ਦਾ ਜ਼ਿਕਰ ਅਕਸਰ ਹੀ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਇਨ੍ਹਾਂ ਵਿਚ ਗੁਰੂ-ਘਰ ਦੇ ਸ਼ਰਧਾਲੂ ਅਤੇ ਵਿਰੋਧੀ, ਦੋਵੇਂ ਤਰ੍ਹਾਂ ਦੇ ਸ਼ਾਸਕਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਰਾਜਿਆਂ/ਮਹਾਰਾਜਿਆਂ ਨੂੰ 'ਬਾਬੇ ਕੇ' ਅਤੇ 'ਬਾਬਰ ਕੇ' ਦੀ ਵਰਗਵੰਡ ਵਿਚ ਵੰਡ ਕੇ ਵੀ ਸਮਝਿਆ ਜਾ ਸਕਦਾ ਹੈ। ਗੁਰੂ ਕਾਲ ਅਤੇ ਉਸ ਤੋਂ ਬਾਅਦ ਦੇ ਇਤਿਹਾਸਕ ਪੰਨੇ ਫਰੋਲਿਆਂ ਪਤਾ ਲਗਦਾ ਹੈ ਕਿ ਵਧੇਰੇ ਸਰਕਾਰੀ ਅਹਿਲਕਾਰ ਅਤੇ ਅਧਿਕਾਰੀ ਅਕਸਰ ਸਿੱਖਾਂ ਦੇ ਵਿਰੋਧ ਵਿਚ ਹੀ ਭੁਗਤੇ, ਪਰੰਤੂ ਥੋੜ੍ਹੀ ਗਿਣਤੀ ਗੁਰੂ-ਘਰ ਦੇ ਹੱਕ ਵਿਚ ਜਾਂ ਸ਼ਰਧਾਲੂ ਵਜੋਂ ਵੀ ਵਿਚਰਦੀ ਰਹੀ।

ਅਠਾਰ੍ਹਵੀਂ ਸਦੀ ਵਿਚ ਸਿੱਖ ਮਿਸਲਾਂ ਦੀ ਸਥਾਪਨਾ ਸਮੇਂ ਜਦ ਵੱਖ-ਵੱਖ ਇਲਾਕਿਆਂ ਦਾ ਰਾਜ-ਪ੍ਰਬੰਧ ਸਿੱਖ ਸਰਦਾਰਾਂ ਦੇ ਹੱਥ ਵਿਚ ਆਉਣਾ ਸ਼ੁਰੂ ਹੋਇਆ ਤਾਂ ਕੁਝ ਸਿੱਖ ਸਰਦਾਰਾਂ ਵੱਲੋਂ ਵੀ ਰਾਜੇ/ਮਹਾਰਾਜਿਆਂ ਵਾਲੀਆਂ ਪਦਵੀਆਂ ਅਤੇ ਸ਼ਾਨੋ-ਸ਼ੌਕਤ ਨੂੰ ਧਾਰਨ ਕਰਨ ਦਾ ਰੁਝਾਨ ਹੋ ਗਿਆ। ਪੰਜਾਬ ਸਮੇਤ ਉੱਤਰ-ਪੱਛਮੀ ਭਾਰਤ ਦੇ ਅਨੇਕ ਇਲਾਕੇ, ਫੂਲਕੀਆ ਮਿਸਲ ਸਮੇਤ ੧੨ ਸਿੱਖ ਮਿਸਲਾਂ ਦੇ ਵੱਖ-ਵੱਖ ਸਰਦਾਰਾਂ ਨੇ ਮੱਲੇ/ਵੰਡੇ ਹੋਏ ਸਨ। ਇਨ੍ਹਾਂ ਵਿਚੋਂ ੧੧ ਮਿਸਲਾਂ 'ਦਲ ਖਾਲਸਾ' ਦਾ ਅੰਗ ਸਨ ਜਦਕਿ ਫੂਲਕੀਆ ਮਿਸਲ ਦਲ ਖਾਲਸਾ ਤੋਂ ਵੱਖਰੀ ਵਿਚਰਦੀ ਰਹੀ। ਫੂਲਕੀਆ ਘਰਾਣੇ ਦੇ ਵੱਖ-ਵੱਖ ਸਰਦਾਰਾਂ ਨੇ ਕਈ ਰਿਆਸਤਾਂ ਕਾਇਮ ਕਰ ਲਈਆਂ, ਜਿਨ੍ਹਾਂ ਵਿਚ ਪਟਿਆਲਾ, ਜੀਂਦ, ਨਾਭਾ ਆਦਿ ਪ੍ਰਮੁੱਖ ਸਨ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਫੂਲਕੀਆ ਰਿਆਸਤਾਂ ਦੀ ਸਥਾਪਨਾ ਛੇਵੇਂ-ਸਤਵੇਂ ਗੁਰੂ ਸਾਹਿਬਾਨ ਦੀ ਬਖਸ਼ਿਸ਼ ਸਦਕਾ ਹੋਈ ਹੈ ਪਰੰਤੂ ਸਮੇਂ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਸਰਕਾਰ-ਏ-ਖਾਲਸਾ ਦੇ ਮੁਕਾਬਲੇ, ਫੂਲਕੀਆ ਰਿਆਸਤਾਂ ਦਾ ਝੁਕਾਅ ਵਧੇਰੇ ਕਰਕੇ ਅੰਗਰੇਜ਼ੀ ਰਾਜ ਦੇ ਹੱਕ ਵਿਚ ਰਿਹਾ। ਇਸ ਦੇ ਉਲਟ, ਇਨ੍ਹਾਂ ਰਿਆਸਤਾਂ ਵਿਚੋਂ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦਾ ਝੁਕਾਅ ਪੰਥ ਦੀਆਂ ਸੰਘਰਸ਼ੀ ਧਿਰਾਂ ਤੇ ਅਜ਼ਾਦੀ-ਪਸੰਦ ਸੁਤੰਤਰਤਾ ਸੰਗਰਾਮੀਆਂ ਨਾਲ ਰਿਹਾ ਅਤੇ ਉਹ ਹਮੇਸ਼ਾ ਅੰਗਰੇਜ਼ੀ ਰਾਜ ਦੇ ਵਿਰੋਧ ਵਿਚ ਅਤੇ ਸਿੱਖਾਂ ਦੇ ਹੱਕ ਵਿਚ ਭੁਗਤੇ।

-੨-

## ਨਾਭਾ ਰਿਆਸਤ ਦਾ ਸਿੱਖ ਪ੍ਰਸੰਗ : ਇਤਿਹਾਸਕ ਪਿਛੋਕੜ

ਨਾਭਾ, ਫੂਲਕੀਆ ਰਿਆਸਤਾਂ ਵਿਚ ਸ਼ਾਮਲ ਨਾਭਾ ਰਿਆਸਤ ਦੀ ਰਾਜਧਾਨੀ ਰਿਹਾ ਹੈ। ਇਸ ਦੀ ਸਥਾਪਨਾ ਰਾਜਾ ਹਮੀਰ ਸਿੰਘ ਨੇ ੧੭੫੫ ਈਸਵੀ ਵਿਚ ਕਰ ਕੇ

**ਡਾਇਰੈਕਟਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿਖਇਜ਼ਮ, ਬਹਾਦਰਗੜ੍ਹ (ਪਟਿਆਲਾ)- ੧੪੭੦੨੧; ਮੋ. +੯੧੯੭੭੭੦੭੭੭੭੫*

ਆਪਣੀ ਰਿਆਸਤ ਦੀ ਰਾਜਧਾਨੀ ਬਣਾਇਆ। ਪਹਿਲਾਂ ਇਸ ਦੇ ਦਾਦਾ ਚੌਧਰੀ ਗੁਰਦਿੱਤ ਸਿੰਘ ਨੇ ਬਡਰੁੱਖਾਂ ਕਸਬੇ ਨੂੰ ਛੱਡ ਕੇ ਨਾਭਾ ਨਗਰ ਵਾਲੀ ਜਗ੍ਹਾ ਉਤੇ ਆਪਣਾ ਨਿਵਾਸ ਬਣਵਾਇਆ, ਜਿਸ ਨੂੰ 'ਚੌਧਰੀ ਦਾ ਘਰ' ਕਿਹਾ ਜਾਂਦਾ ਸੀ। ਹੌਲੀ-ਹੌਲੀ ਨਾਭਾ ਦਾ ਵਿਕਾਸ ਹੁੰਦਾ ਰਿਹਾ ਅਤੇ ਇਹ ਪੈਪਸੂ ਵਿਚ ਸ਼ਾਮਲ ਹੋਣ ਤਕ ਨਾਭਾ ਰਿਆਸਤ ਦੀ ਰਾਜਧਾਨੀ ਰਿਹਾ। ਇਸ ਨਗਰ ਦੇ ਨਾਮਕਰਨ ਬਾਰੇ ਇਕ ਪਰੰਪਰਾ ਬੜੀ ਪ੍ਰਸਿੱਧ ਹੈ ਕਿ ਇਹ ਲਾਹੌਰ ਅਤੇ ਦਿੱਲੀ ਦੇ ਵਿਚਕਾਰ (ਨਾਭੀ ਵਿਚ) ਸਥਿਤ ਹੋਣ ਕਰਕੇ ਨਾਭਾ ਅਖਵਾਇਆ। ਚੌਧਰੀ ਗੁਰਦਿੱਤ ਸਿੰਘ ਫੂਲਕੀਆ ਵੰਸ਼ ਦੇ ਵਡੇਰੇ ਬਾਬਾ ਫੂਲ ਦੇ ਪੋਤਰੇ ਅਤੇ ਚੌਧਰੀ ਤਰਲੋਕ ਸਿੰਘ ਦੇ ਵੱਡੇ ਪੁੱਤਰ ਸਨ। ਚੌਧਰੀ ਗੁਰਦਿੱਤ ਸਿੰਘ ਨੇ ਆਲੇ-ਦੁਆਲੇ ਦਾ ਕਾਫੀ ਇਲਾਕਾ ਮੱਲ ਕੇ ਕਈ ਪਿੰਡ ਆਬਾਦ ਕੀਤੇ। ਚੌਧਰੀ ਗੁਰਦਿੱਤ ਸਿੰਘ ਦਾ ਪੁੱਤਰ ਸੁਰਤੀਆ ਸਿੰਘ ਆਪਣੇ ਪਿਤਾ ਦੇ ਜਿਉਂਦੇ-ਜੀਅ ਚਲਾਣਾ ਕਰ ਗਿਆ ਸੀ। ਸੋ ਸੰਨ ੧੭੫੪ ਈਸਵੀ ਵਿਚ ਚੌਧਰੀ ਗੁਰਦਿੱਤ ਸਿੰਘ ਦਾ ਦੇਹਾਂਤ ਹੋਣ 'ਤੇ ਸੂਰਤੀਆ ਸਿੰਘ ਦਾ ਪੁੱਤਰ ਹਮੀਰ ਸਿੰਘ ਛੋਟੇ ਜਿਹੇ ਰਾਜ-ਭਾਗ ਦਾ ਮਾਲਕ ਬਣਿਆ। ਉਸ ਨੇ ੧੭੫੫ ਈਸਵੀ ਵਿਚ ਨਾਭਾ ਸ਼ਹਿਰ ਆਬਾਦ ਕੀਤਾ। ਉਸ ਨੇ ੧੭੬੩-੬੪ ਈਸਵੀ ਵਿਚ ਆਪਣੇ ਖ਼ਾਲਸਾ ਭਾਈਆਂ (ਦਲ-ਖ਼ਾਲਸਾ) ਨਾਲ ਮਿਲ ਕੇ ਸਰਹਿੰਦ ਦੇ ਸੂਬੇ ਜੈਨ ਖਾਂ ਨੂੰ ਹਰਾ ਕੇ ਅਮਲੋਹ ਦਾ ਇਲਾਕਾ ਨਾਭਾ ਰਿਆਸਤ ਵਿਚ ਮਿਲਾ ਲਿਆ। ਇਸੇ ਤਰ੍ਹਾਂ ੧੭੭੬ ਈਸਵੀ ਵਿਚ ਰੋੜੀ ਦੇ ਪਰਗਣੇ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ।

ਦਸੰਬਰ ੧੭੮੩ ਈਸਵੀ ਵਿਚ ਰਾਜਾ ਹਮੀਰ ਸਿੰਘ ਦੇ ਦੇਹਾਂਤ ਤੋਂ ਬਾਅਦ ਇਸ ਦਾ ਨਾਬਾਲਗ ਪੁੱਤਰ ਰਾਜਾ ਜਸਵੰਤ ਸਿੰਘ ੮ ਸਾਲ ਦੀ ਉਮਰ ਵਿਚ ਨਾਭਾ ਰਿਆਸਤ ਦੀ ਗੱਦੀ 'ਤੇ ਬੈਠਾ। ਇਹ ਪਰਜਾ ਦਾ ਸੇਵਕ ਅਤੇ ਧਾਰਮਿਕ ਬਿਰਤੀ ਵਾਲਾ ਸਿੱਧ ਹੋਇਆ, ਜਿਸ ਨੇ ਆਪਣੀ ਮਾਤਾ, ਮਾਈ ਦੇਸੋ ਅਤੇ ਸਿਆਣੇ ਮੰਤਰੀਆਂ ਦੀ ਸਲਾਹ ਨਾਲ ਆਪਣੇ ਅੰਤ (੨੨ ਮਈ, ੧੮੪੦ ਈਸਵੀ) ਤਕ ਰਾਜ-ਕਾਜ ਦਾ ਇੰਤਜ਼ਾਮ ਚੰਗੀ ਤਰ੍ਹਾਂ ਸੰਭਾਲਿਆ। ਇਸ ਤੋਂ ਬਾਅਦ ਰਾਜਾ ਦੇਵਿੰਦਰ ਸਿੰਘ ਗੱਦੀ 'ਤੇ ਬੈਠਾ। ਸਿੱਖਾਂ ਨਾਲ ਅੰਗਰੇਜ਼ਾਂ ਦੀ ਹੋਈ ਪਹਿਲੀ ਲੜਾਈ ਸਮੇਂ, ਇਸ ਨੇ ਲਾਹੌਰ ਦਰਬਾਰ ਨਾਲ ਹਮਦਰਦੀ ਜਤਾਈ। ਲੜਾਈ ਤੋਂ ਬਾਅਦ ੧੮੪੬ ਈਸਵੀ ਵਿਚ ਇਸ ਨੂੰ ਗੱਦੀਓਂ ਲਾਹ ਕੇ ੫੦ ਹਜ਼ਾਰ ਦੀ ਪੈਨਸ਼ਨ ਨਾਲ ਮਥਰਾ ਭੇਜ ਦਿੱਤਾ ਗਿਆ ਅਤੇ ਰਿਆਸਤ ਦਾ ਚੌਥਾ ਹਿੱਸਾ ਜ਼ਬਤ ਕਰ ਲਿਆ ਗਿਆ। ਇਹ ੮ ਦਸੰਬਰ, ੧੮੫੫ ਈਸਵੀ ਨੂੰ ਲਾਹੌਰ ਵਿਖੇ ਰਾਜਾ ਖੜਗ ਸਿੰਘ ਦੀ ਹਵੇਲੀ ਰੱਖਿਆ ਗਿਆ, ਜਿਥੇ ਨਵੰਬਰ ੧੮੬੫ ਈਸਵੀ ਨੂੰ ਉਸ ਦਾ ਦੇਹਾਂਤ ਹੋ ਗਿਆ। ਅੰਗਰੇਜ਼ੀ ਸਰਕਾਰ ਵੱਲੋਂ ਰਾਜਾ ਦੇਵਿੰਦਰ ਸਿੰਘ ਦੇ ੭ ਸਾਲਾਂ ਦੇ ਨਾਬਾਲਗ ਲੜਕੇ ਟਿੱਕਾ ਭਰਪੂਰ ਸਿੰਘ ਨੂੰ ਜਨਵਰੀ ੧੮੪੭ ਈਸਵੀ ਵਿਚ ਗੱਦੀ 'ਤੇ ਬੈਠਾਇਆ ਗਿਆ। ਇਹ ਗੁਰਬਾਣੀ ਦਾ ਪ੍ਰੇਮੀ ਅਤੇ ਪੱਕਾ ਨਿਤਨੇਮੀ ਸੀ। ੯ ਨਵੰਬਰ, ੧੮੬੩ ਈਸਵੀ ਵਿਚ ਇਸ ਦੇ ਦੇਹਾਂਤ ਤੋਂ ਬਾਅਦ ਇਸ ਦਾ ਭਰਾ ਭਗਵਾਨ ਸਿੰਘ ਗੱਦੀ 'ਤੇ ਬੈਠਾ ਜੋ ਅਰਾਮ-ਪਸੰਦ ਸੀ ਅਤੇ ਰਾਜ-ਪ੍ਰਬੰਧ ਲਈ ਯੋਗ ਨਹੀਂ ਸੀ। ੩੧ ਮਈ, ੧੮੭੧ ਈਸਵੀ ਨੂੰ ਰਾਜਾ ਭਗਵਾਨ ਸਿੰਘ ਦਾ ਦੇਹਾਂਤ ਹੋ ਗਿਆ। ਉਸ ਦੇ ਕੋਈ ਔਲਾਦ ਨਹੀਂ ਸੀ, ਇਸ ਕਰਕੇ ਫੂਲਕੀਆ ਘਰਾਣੇ ਵਿਚੋਂ ਬਡਰੁੱਖਾਂ ਦੇ ਸਰਦਾਰ ਸੁੱਖਾ ਸਿੰਘ ਦਾ ਪੁੱਤਰ

ਹੀਰਾ ਸਿੰਘ, ੧੦ ਅਗਸਤ, ੧੮੭੧ ਈਸਵੀ ਨੂੰ ਨਾਭਾ ਰਿਆਸਤ ਦਾ ਵਾਰਸ ਚੁਣਿਆ ਗਿਆ।

ਮਹਾਰਾਜਾ ਹੀਰਾ ਸਿੰਘ ਨੇ ਆਪਣੇ ਆਪ ਨੂੰ ਇਕ ਯੋਗ ਰਾਜਾ ਸਾਬਤ ਕੀਤਾ। ਵਿੱਦਿਆ ਦੇ ਪ੍ਰੇਮੀ ਹੋਣ ਕਰਕੇ ਉਸ ਨੇ ਨਾਭਾ ਰਿਆਸਤ ਵਿਚ ਕਈ ਸਕੂਲ ਖੋਲ੍ਹੇ ਅਤੇ ਵਿਦਿਆਰਥੀਆਂ ਨੂੰ ਵਜ਼ੀਫੇ ਦਿਤੇ। ਪਰਜਾ ਨੂੰ ਨਿਆਂ ਦੇਣ ਲਈ ਦਰਬਾਰ ਰੋਜ਼ਾਨਾ ਲਗਦਾ ਸੀ, ਜਿਥੇ ਹਰ ਆਦਮੀ ਮਹਾਰਾਜੇ ਤਕ ਪਹੁੰਚ ਸਕਦਾ ਸੀ। ਇਸ ਨੇ ਨਵੀਆਂ ਇਮਾਰਤਾਂ ਬਣਾਈਆਂ। ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਲਈ ਮਾਇਕ ਸਹਾਇਤਾ ਦਿੱਤੀ ਅਤੇ ਮੈਕਾਲਿਫ ਤੋਂ 'ਸਿੱਖ ਰਿਲੀਜਨ' (The Sikh Religion) ਲਿਖਵਾਉਣ ਲਈ ਉਸ ਦੀ ਕਈ ਤਰੀਕਿਆਂ ਨਾਲ ਮਦਦ ਕੀਤੀ।

੧੯੦੪ ਈਸਵੀ ਦੇ ਫੂਲਕੀਆ ਸਟੇਟ ਦੇ ਗਜ਼ਟੀਅਰ ਅਨੁਸਾਰ ਨਾਭੇ ਵਿਚ ਅੰਗਰੇਜ਼ੀ, ਗੁਰਮੁਖੀ, ਫਾਰਸੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ੧੮੯੮ ਈਸਵੀ (ਸੰਮਤ ੧੯੫੫) ਵਿਚ ਫੂਲ ਕਸਬੇ ਤੋਂ ਤਿੰਨ ਮੀਲ ਦੂਰ ਚੋਟੀਆਂ ਪਿੰਡ ਵਿਚ ਮਿਡਲ ਸਕੂਲ ਸਥਾਪਤ ਕੀਤਾ ਗਿਆ ਜੋ ਜ਼ਮੀਨਦਾਰੀ ਸਕੂਲ ਵਜੋਂ ਵੀ ਪ੍ਰਚਲਿਤ ਸੀ। ਇਸ ਸਕੂਲ ਵਿਚ ਕੇਵਲ ਖੇਤੀਬਾੜੀ ਕਰਨ ਵਾਲਿਆਂ ਦੇ ਬੱਚੇ ਹੀ ਪੜ੍ਹ ਸਕਦੇ ਸਨ। ਦਾਖਲਾ ਰਾਜਾ ਸਾਹਿਬ ਦੀ ਆਗਿਆ ਨਾਲ ਹੁੰਦਾ ਸੀ। ਕੋਈ ਫੀਸ ਨਹੀਂ ਸੀ। ਇਥੇ ਗੁਰਮੁਖੀ ਵੀ ਪੜ੍ਹਾਈ ਜਾਂਦੀ ਸੀ। ਨਾਭਾ ਵਿਖੇ ਇਕ ਇਸਤਰੀ ਅਧਿਆਪਕ ਲੜਕੀਆਂ ਨੂੰ ਪੜ੍ਹਾਉਣ ਲਈ ੧੮੯੨ ਈਸਵੀ ਵਿਚ ਰੱਖੀ ਗਈ, ਤਾਂ ਜੋ ਲੜਕੀਆਂ ਵੀ ਲੜਕਿਆਂ ਵਾਂਗ ਸਿੱਖਿਆ ਪ੍ਰਾਪਤ ਕਰ ਸਕਣ। ਅੰਗਰੇਜ਼ ਸਰਕਾਰ ਨੇ ਹੀਰਾ ਸਿੰਘ ਨੂੰ ਮਹਾਰਾਜਾ ਦੀ ਪਦਵੀ ਦਿੱਤੀ। ੨੫ ਦਸੰਬਰ, ੧੯੧੧ ਈਸਵੀ ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ ਅਤੇ ੨੪ ਜਨਵਰੀ, ੧੯੧੨ ਈਸਵੀ ਨੂੰ ਟਿੱਕਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਗੱਦੀ 'ਤੇ ਬਿਠਾਇਆ ਗਿਆ।

-੩-

ਮਹਾਰਾਜਾ ਰਿਪੁਦਮਨ ਸਿੰਘ ੧੯੧੨ ਈਸਵੀ ਤੋਂ ੧੯੨੩ ਈਸਵੀ ਤਕ ਨਾਭਾ ਰਿਆਸਤ ਦੇ ਰਾਜਾ ਰਹੇ। ਉਨ੍ਹਾਂ ਦਾ ਜਨਮ ੪ ਮਾਰਚ, ੧੮੮੩ ਈਸਵੀ ਨੂੰ ਮਹਾਰਾਜਾ ਹੀਰਾ ਸਿੰਘ ਦੇ ਘਰ ਮਹਾਰਾਣੀ ਜਸਮੇਰ ਕੌਰ ਦੀ ਕੁੱਖੋਂ ਹੋਇਆ। ਮਹਾਰਾਜਾ ਹੀਰਾ ਸਿੰਘ ਦੇ ਦੇਹਾਂਤ ਤੋਂ ਬਾਅਦ ਨਾਭਾ ਰਿਆਸਤ ਦੀ ਗੱਦੀ 'ਤੇ ਬਿਰਾਜਮਾਨ ਹੋ ਕੇ ਇਨ੍ਹਾਂ ਲੋਕ ਭਲਾਈ ਦੇ ਕਈ ਕਾਰਜ ਕੀਤੇ। ਰਾਜ-ਭਾਗ ਦੇ ਕਾਰਜਾਂ ਤੋਂ ਬਿਨਾਂ ਮਹਾਰਾਜਾ ਰਿਪੁਦਮਨ ਸਿੰਘ ਪੰਥਕ ਕਾਰਜਾਂ ਵਿਚ ਵੀ ਰੁਚੀ ਰਖਦੇ ਸਨ। ਇਨ੍ਹਾਂ ਦਾ ਸੁਭਾਅ ਅਜ਼ਾਦੀ-ਪਸੰਦ, ਅਗਾਂਹਵਧੂ ਅਤੇ ਪੰਥਪ੍ਰਸਤੀ ਵਾਲਾ ਸੀ। ਇਹ ਅੰਗਰੇਜ਼ੀ ਸਾਮਰਾਜ ਦੀਆਂ ਧੱਕੇਸ਼ਾਹ ਨੀਤੀਆਂ ਨੂੰ ਪਸੰਦ ਨਹੀਂ ਸੀ ਕਰਦੇ ਅਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਨਾਲ 'ਅਜ਼ਾਦੀ' ਅੰਦੋਲਨ ਦੇ ਵੱਡੇ ਸਮਰਥਕ ਸਨ, ਜੋ ਇਨ੍ਹਾਂ ਨੂੰ ਦੂਜੀਆਂ ਰਿਆਸਤਾਂ ਦੇ ਰਾਜਿਆਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਦੇ ਅਧਿਆਪਕ ਸਨ, ਜਿਨ੍ਹਾਂ ਨੇ ਇਨ੍ਹਾਂ ਨੂੰ ਗੁਰਮੁਖੀ, ਗੁਰਬਾਣੀ ਅਤੇ ਗੁਰਮਤਿ ਤੋਂ ਇਲਾਵਾ ਰਾਜਨੀਤੀ ਦੀ ਸਿੱਖਿਆ ਪ੍ਰਦਾਨ ਕੀਤੀ। ਇਨ੍ਹਾਂ ਦੇ ਮਨ ਵਿਚ ਧਾਰਮਿਕ ਪੁਰਸ਼ਾਂ ਦਾ ਬਹੁਤ ਸਤਿਕਾਰ ਸੀ ਅਤੇ ਇਹ ਸੰਤ

ਅਤਰ ਸਿੰਘ ਜੀ ਮਸਤੂਆਣਾ ਦੇ ਸੰਪਰਕ ਵਿਚ ਵੀ ਰਹੇ। ਇਨ੍ਹਾਂ ਦਾ ਵਿਆਹ ੧੯੦੧ ਈਸਵੀ ਨੂੰ ਸਰਦਾਰ ਗੁਰਦਿਆਲ ਸਿੰਘ ਮਾਨ ਦੀ ਸਪੁੱਤਰੀ ਬੀਬੀ ਜਗਦੀਸ਼ ਕੌਰ ਨਾਲ ਹੋਇਆ। ੧੯੧੮ ਈਸਵੀ ਵਿਚ ਇਨ੍ਹਾਂ ਦਾ ਦੂਜਾ ਵਿਆਹ ਮੇਜਰ ਪ੍ਰੇਮ ਸਿੰਘ ਰਾਏਪੁਰੀਆ ਦੀ ਸਪੁੱਤਰੀ ਬੀਬੀ ਸਰੋਜਨੀ ਦੇਵੀ ਨਾਲ ਹੋਇਆ। ਮਹਾਰਾਜਾ ਬਣਨ ਤੋਂ ਪਹਿਲਾਂ ਰਿਪੁਦਮਨ ਸਿੰਘ ਨੂੰ ੧੯੦੬ ਈਸਵੀ ਵਿਚ ਦੋ ਸਾਲਾਂ ਲਈ ਗਵਰਨਰ ਜਨਰਲ ਦੀ ਲੈਜਿਸਲੇਟਿਵ ਕਾਉਂਸਲ ਦਾ ਮੈਂਬਰ ਬਣਾਇਆ ਗਿਆ। ਇਸ ਦੌਰਾਨ ਇਹ ਕਈ ਮਾਮਲਿਆਂ ਵਿਚ ਕਾਂਗਰਸੀ ਮੈਂਬਰਾਂ ਆਦਿ ਜਿਵੇਂ ਗੋਪਾਲ ਕ੍ਰਿਸ਼ਨ ਗੋਖਲੇ, ਪੰਡਿਤ ਮਦਨ ਮੋਹਨ ਮਾਲਵੀਆ ਅਤੇ ਆਰ.ਬੀ. ਘੋਸ਼ ਆਦਿ ਦਾ ਸਮਰਥਨ ਕਰਦੇ ਰਹੇ। ਇਨ੍ਹਾਂ ਨੇ ਸਿੱਖ ਵਿਆਹਾਂ ਦੀ ਪ੍ਰਮਾਣਿਕਤਾ ਲਈ ਅਨੰਦ ਮੈਰਿਜ ਐਕਟ ਤਿਆਰ ਕਰਵਾਇਆ।

ਜਦ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ੨੫ ਦਸੰਬਰ, ੧੯੧੧ ਈਸਵੀ ਨੂੰ ਹੋਇਆ, ਉਸ ਵੇਲੇ ਰਿਪੁਦਮਨ ਸਿੰਘ ਫਰਾਂਸ ਵਿਚ ਸਨ। ਦੇਸ਼ ਵਾਪਸੀ ਉਪਰੰਤ ੨੪ ਜਨਵਰੀ, ੧੯੧੨ ਈਸਵੀ ਨੂੰ ਇਨ੍ਹਾਂ ਨੂੰ ਰਾਜਗੱਦੀ 'ਤੇ ਬਿਠਾਇਆ ਗਿਆ। ਇਨ੍ਹਾਂ ਨੇ ਆਪਣੀ ਤਾਜਪੋਸ਼ੀ ਦੀ ਰਸਮ, ਅੰਗਰੇਜ਼ੀ ਸਰਕਾਰ ਦੇ ਉਚ ਅਧਿਕਾਰੀ ਤੋਂ ਕਰਵਾਉਣ ਦੀ ਬਜਾਏ ਸਿੱਖ ਮਰਯਾਦਾ ਅਨੁਸਾਰ ਕਰਵਾਈ। ਗੁਰਦੁਆਰਾ ਸੁਧਾਰ ਲਹਿਰ ਵੇਲੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਹਮਦਰਦੀ ਅਕਾਲੀ ਲਹਿਰ ਨਾਲ ਰਹੀ। ਸੋ ਮਹਾਰਾਜਾ ਰਿਪੁਦਮਨ ਸਿੰਘ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਬਾਗੀ ਸੁਰ ਵਾਲੀਆਂ ਮੰਨ ਕੇ ਖੁਫੀਆ ਰਿਪੋਰਟਾਂ ਅੰਗਰੇਜ਼ੀ ਸਰਕਾਰ ਤਕ ਪਹੁੰਚਦੀਆਂ ਰਹੀਆਂ।

-੪-

## ਨਾਭਾ ਦਿਵਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ

ਮਹਾਰਾਜਾ ਰਿਪੁਦਮਨ ਸਿੰਘ ਸੁਤੰਤਰਤਾ ਸੰਗਰਾਮੀਆਂ, ਪੰਥਕ ਧਿਰਾਂ ਅਤੇ ਨੇਤਾਵਾਂ ਨਾਲ ਬਹੁਤ ਹਮਦਰਦੀ ਰਖਦੇ ਸਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਜਿਥੇ ਆਰੀਆ ਸਮਾਜੀਆਂ ਅਤੇ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦੀ ਪਿੱਠ ਠੋਕੀ, ਉਥੇ ਹੋਰ ਫੂਲਕੀਆ ਰਿਆਸਤਾਂ ਨੇ ਅਕਾਲੀ ਲਹਿਰ ਦਾ ਸਹਿਯੋਗ ਨਹੀਂ ਕੀਤਾ। ਇਸ ਦੇ ਮੁਕਾਬਲੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਦਿਲੋਂ ਸਮਰਥਨ ਕੀਤਾ। ਨਨਕਾਣਾ ਸਾਹਿਬ ਦੇ ਸਾਕੇ ਦੇ ਰੋਸ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ਮਹਾਰਾਜਾ ਨਾਭਾ ਨੇ ਆਪਣੀ ਰਿਆਸਤ ਵਿਚ ਰੋਸ ਗਤੀਵਿਧੀਆਂ ਨੂੰ ਇਜਾਜ਼ਤ ਦੇ ਰੱਖੀ ਸੀ। ਉਨ੍ਹਾਂ ਨੇ ਆਪ ਵੀ ਕਾਲੀ ਦਸਤਾਰ ਸਜਾ ਕੇ ਨਨਕਾਣਾ ਸਾਹਿਬ ਦੇ ਸਾਕੇ ਖ਼ਿਲਾਫ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਅਰਦਾਸ ਵਾਲੇ ਦਿਨ ਆਪਣੀ ਰਿਆਸਤ ਵਿਚ ਛੁੱਟੀ ਕੀਤੀ। ਮਹਾਰਾਜਾ ਨਾਭਾ ਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿਚੋਂ ਅੰਗਰੇਜ਼ੀ ਸਰਕਾਰ ਨੂੰ ਬਗਾਵਤੀ ਸੁਰਾਂ ਸੁਣਾਈ ਦੇਣ ਲਗੀਆਂ। ਹਕੂਮਤ ਦੇ ਮਨ ਵਿਚ ਘਬਰਾਹਟ ਸੀ ਕਿ ਮਹਾਰਾਜਾ ਨਾਭਾ ਸਿੱਖਾਂ ਦਾ ਆਗੂ ਨਾ ਬਣ ਜਾਵੇ। ਇਸ ਲਈ ਉਸ ਦੀਆਂ ਸਰਗਰਮੀਆਂ ਉਪਰ ਕੜੀ ਨਜ਼ਰ ਰੱਖੀ ਜਾਣ ਲੱਗੀ। ਆਨੇ-ਬਹਾਨੇ ਸਾਜ਼ਿਸ਼ਾਂ ਰਚ ਕੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਬਦਨਾਮ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਹੋਣ ਲੱਗੀਆਂ।

ਨਾਭਾ ਅਤੇ ਪਟਿਆਲਾ ਦੋਵੇਂ ਗੁਆਂਢੀ ਰਿਆਸਤਾਂ ਸਨ, ਜਿਨ੍ਹਾਂ ਦੇ ਆਪਸੀ ਝਗੜੇ

ਅਕਸਰ ਅੰਗਰੇਜ਼ੀ ਸਰਕਾਰ ਦੀ ਕਚਹਿਰੀ ਤਕ ਪਹੁੰਚਦੇ ਰਹਿੰਦੇ ਸਨ। ਮਹਾਰਾਜੇ ਦੀ ਬਗਾਵਤੀ ਰੁਚੀ ਤੋਂ ਪ੍ਰੇਸ਼ਾਨ ਅੰਗਰੇਜ਼ੀ ਸਰਕਾਰ ਨੇ ਪਟਿਆਲਾ ਨਾਲ ਸੰਬੰਧਤ ਇਕ ਮਾਮੂਲੀ ਝਗੜੇ ਨੂੰ ਮੁੱਦਾ/ਬਹਾਨਾ ਬਣਾ ਕੇ ਹਾਈਕੋਰਟ ਦੇ ਇਕ ਜੱਜ ਤੋਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਦੋਸ਼ੀ ਠਹਿਰਾ ਦਿੱਤਾ। ੭ ਜੁਲਾਈ, ੧੯੨੩ ਈਸਵੀ ਨੂੰ ਚਿੱਠੀ ਭੇਜ ਕੇ ਗੱਦੀ ਛੱਡਣ ਲਈ ਮਜਬੂਰ ਕੀਤਾ ਅਤੇ ਦਬਾਅ ਬਣਾ ਕੇ ਗੁਜ਼ਾਰਾ ਭੱਤਾ ਲੈਣ ਦਾ ਲਿਖਤੀ ਇਕਰਾਰਨਾਮਾ ਕਰਵਾ ਲਿਆ। ੯ ਜੁਲਾਈ, ੧੯੨੩ ਈਸਵੀ ਨੂੰ ੩ ਲੱਖ ਰੁਪਏ ਸਾਲਾਨਾ ਪੈਨਸ਼ਨ ਦੇ ਕੇ ਦੇਹਰਾਦੂਨ ਭੇਜ ਦਿੱਤਾ। ਅੰਗਰੇਜ਼ੀ ਸਰਕਾਰ ਨੇ ਰਿਆਸਤ ਨਾਭਾ ਦੇ ਪ੍ਰਬੰਧ ਲਈ ਮਹਾਰਾਜੇ ਦੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਨੂੰ ਨਾਭੇ ਦਾ ਸ਼ਾਸਕ (ruler) ਘੋਸ਼ਿਤ ਕਰ ਕੇ, ਉਸ ਦੇ ਨਾਲ ਇਕ ਅੰਗਰੇਜ਼ ਨੂੰ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ। ਇਸ ਤਰ੍ਹਾਂ ਅੰਗਰੇਜ਼ੀ ਸਰਕਾਰ ਨੇ ਆਪਣੀਆਂ ਕੋਝੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਬਣਾ ਕੇ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗੱਦੀ ਤੋਂ ਉਤਾਰਨ 'ਤੇ ਸਿੱਖ ਜਗਤ ਵਿਚ ਇਕ ਵੱਡਾ ਰੋਸ ਪੈਦਾ ਹੋਇਆ। ਜੈਤੋ ਦਾ ਮੋਰਚਾ ਇਸੇ ਰੋਸ ਵਿਚੋਂ ਉਤਪੰਨ ਇਕ ਵੱਡੀ ਇਤਿਹਾਸਕ ਘਟਨਾ ਹੋ ਨਿਬੜੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਘਟਨਾ ਦਾ ਜਬਰਦਸਤ ਵਿਰੋਧ ਕੀਤਾ ਗਿਆ। ੫ ਅਗਸਤ, ੧੯੨੩ ਈਸਵੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਵਿਚ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ। ਮਹਾਰਾਜਾ ਰਿਪੁਦਮਨ ਸਿੰਘ ਨਾਲ ਇਕਜੁਟਤਾ ਅਤੇ ਰੋਹ ਦਾ ਪ੍ਰਗਟਾਵਾ ਕਰਨ ਲਈ ੯ ਸਤੰਬਰ, ੧੯੨੩ ਈਸਵੀ ਨੂੰ ਨਾਭਾ ਦਿਵਸ (Nabha Day) ਮਨਾਉਣ ਦਾ ਫੈਸਲਾ ਹੋਇਆ। ਉਸ ਦਿਨ ਥਾਂ-ਥਾਂ ਜਲੂਸ ਕੱਢਣ, ਦੀਵਾਨ ਸਜਾ ਕੇ, ਮਤੇ ਪਾਸ ਕਰਨ ਅਤੇ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫੀ ਨੂੰ ਦੂਰ ਕਰਵਾਉਣ ਲਈ ਅਰਦਾਸੇ ਸੋਧਣ ਦੀ ਅਪੀਲ ਕੀਤੀ ਗਈ। ਪੂਰੇ ਪੰਜਾਬ ਤੋਂ ਇਲਾਵਾ ਸਿੱਖ ਰਿਆਸਤਾਂ ਅਤੇ ਦੂਜੇ ਰਾਜਾਂ ਦੀਆਂ ਸਿੱਖ ਸੰਗਤਾਂ ਉਪਰ ਇਸ ਅਪੀਲ ਦਾ ਭਾਰੀ ਅਸਰ ਹੋਇਆ। ਥਾਂ-ਥਾਂ ਜਲੂਸ ਕੱਢੇ ਗਏ, ਦੀਵਾਨ ਸਜਾ ਕੇ ਅਰਦਾਸੇ ਸੋਧੇ ਗਏ ਅਤੇ ਮਤੇ ਪਾਸ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਰਾਜਾ ਨਾਭਾ ਦੇ ਹੱਕ ਵਿਚ ਅਵਾਜ਼ ਉਠਾਉਣ ਦਾ ਅਸਰ ਇਹ ਹੋਇਆ ਕਿ ਸਰਕਾਰ ਵਿਰੁੱਧ ਲੋਕਾਂ ਦਾ ਰੋਹ, ਅੰਦੋਲਨ (agitation) ਦਾ ਰੂਪ ਲੈਣ ਲੱਗਿਆ। ਅੰਗਰੇਜ਼ੀ ਹਕੂਮਤ ਵੱਲੋਂ ਥਾਂ-ਥਾਂ ਗ੍ਰਿਫਤਾਰੀਆਂ ਅਤੇ ਤਸ਼ੱਦਦ ਦਾ ਸਿਲਸਿਲਾ ਸ਼ੁਰੂ ਹੋ ਗਿਆ।

੨੫, ੨੬ ਅਤੇ ੨੭ ਅਗਸਤ ਨੂੰ ਜੈਤੋ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਕਰ ਕੇ ਮਹਾਰਾਜਾ ਨਾਭਾ ਦੀ ਬਹਾਲੀ ਦਾ ਮਤਾ ਪਾਸ ਕੀਤਾ ਗਿਆ। ੧੪ ਸਤੰਬਰ, ੧੯੨੩ ਈਸਵੀ ਨੂੰ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਸਜੇ ਹੋਏ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦੌਰਾਨ ਸੰਗਤਾਂ ਗੁਰਬਾਣੀ ਦਾ ਪਾਠ ਸੁਣ ਰਹੀਆਂ ਸਨ ਤਾਂ ਵਰਦੀਧਾਰੀ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋ ਕੇ ਸੰਗਤ ਵਿਚ ਬੈਠੇ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਇਥੋਂ ਤਕ ਤਾਬਿਆ ਬੈਠੇ ਸਿੰਘ ਨੂੰ ਬਾਹੋਂ ਫੜ

ਕੇ ਘਸੀਟਦੇ ਹੋਏ ਗ੍ਰਿਫਤਾਰ ਕਰਕੇ ਲੈ ਗਏ ਅਤੇ ਗੁਰਦੁਆਰਾ ਸਾਹਿਬ ਵਿਚ ਕਿਸੇ ਦੇ ਵੀ ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਸਾਹਿਬ ਖੰਡਿਤ ਕਰ ਦਿੱਤਾ ਗਿਆ।

ਅੰਗਰੇਜ਼ੀ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੀ ਇਸ ਭੜਕਾਊ ਕਾਰਵਾਈ ਨੇ ਸਿੱਖ ਸੰਗਤਾਂ ਦੇ ਦਿਲਾਂ ਨੂੰ ਬੇਹੱਦ ਠੇਸ ਪਹੁੰਚਾਈ। ਇਹ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਪਾਸੇ ਫੈਲ ਗਈ, ਜਿਸ ਸਦਕਾ ਸਾਰੀਆਂ ਸਿੱਖ ਸੰਗਤਾਂ ਦੇ ਅੰਦਰ ਰੋਸ ਅਤੇ ਜੋਸ਼ ਦੀ ਲਹਿਰ ਭੜਕ ਉਠੀ। ਇਸ ਤਰ੍ਹਾਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹੁਣ ਵਾਲਾ ਮਾਮਲਾ, ਸਰਕਾਰ ਦੀ ਬੇਅਦਬੀ ਭਰੀ ਕਾਰਵਾਈ ਨੇ ਧਾਰਮਿਕ ਮਸਲਾ ਬਣਾ ਦਿੱਤਾ। ਸਾਰਾ ਸਿੱਖ ਪੰਥ ਇਕ ਅਵਾਜ਼ ਅਤੇ ਇਕਮੁੱਠ ਹੋ ਕੇ ਅੰਗਰੇਜ਼ੀ ਹਕੂਮਤ ਵਿਰੁੱਧ ਖੜ੍ਹਾ ਹੋ ਗਿਆ। ਸਰਕਾਰੀ ਜਬਰ ਦਾ ਟਾਕਰਾ ਕਰਨ ਲਈ ਜੈਤੋ ਦਾ ਮੋਰਚਾ ਸ਼ੁਰੂ ਹੋਇਆ, ਜਿਸ ਵਿਚ ਸੈਂਕੜੇ ਸਿੰਘਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਪੁਲਿਸ ਦਾ ਜਬਰ ਸਹਿਣ ਕੀਤਾ। ਮੋਰਚੇ ਦਾ ਮਕਸਦ ਸ੍ਰੀ ਅਖੰਡ ਪਾਠ ਸਾਹਿਬ ਨੂੰ ਖੰਡਿਤ ਕਰਨ ਦੇ ਪਛਤਾਵੇ ਵਜੋਂ ੧੦੧ ਅਖੰਡ ਪਾਠਾਂ ਦੇ ਭੋਗ ਪਾਉਣ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੀ ਮੁੜ ਬਹਾਲੀ ਕਰਵਾਉਣਾ ਸੀ। ਸ੍ਰੀ ਅਕਾਲ ਤਖਤ ਸਾਹਿਬ ਤੋਂ ਰੋਜ਼ਾਨਾ ੧੫ ਸਤੰਬਰ, ੧੯੨੩ ਈਸਵੀ ਤੋਂ ੨੫-੨੫ ਸਿੰਘਾਂ ਦੇ ਜਥੇ ਜੈਤੋ ਵੱਲ ਜਾਣੇ ਸ਼ੁਰੂ ਹੋਏ। ੧੩ ਅਕਤੂਬਰ, ੧੯੨੩ ਈਸਵੀ ਨੂੰ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਨੂੰਨ ਦੇ ਖਿਲਾਫ ਜਮਾਤਾਂ ਕਰਾਰ ਦੇ ਕੇ ਕਈ ਮੈਂਬਰਾਂ, ਮੁਲਾਜ਼ਮਾਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਦੇ ਬਾਵਜੂਦ ਜੈਤੋ ਵਿਖੇ ਜਥੇ ਭੇਜਣ ਦਾ ਇਹ ਸਿਲਸਿਲਾ ੭ ਮਹੀਨੇ ਤਕ ਜਾਰੀ ਰਿਹਾ।

ਜੈਤੋ ਦੇ ਮੋਰਚੇ ਦੌਰਾਨ ਇਸ ਪੰਥਕ ਫੈਸਲੇ/ਕਾਰਵਾਈ ਦਾ ਸਰਕਾਰ ਦੇ ਹੱਠ ਉਪਰ ਕੋਈ ਅਸਰ ਨਾ ਹੁੰਦਾ ਦੇਖ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ੯ ਫਰਵਰੀ, ੧੯੨੪ ਈਸਵੀ ਨੂੰ ਬਸੰਤ ਪੰਚਮੀ ਵਾਲੇ ਦਿਨ ੨੫ ਦੀ ਥਾਂ ੫੦੦ ਸਿੰਘਾਂ ਦਾ ਜਥਾ ਜਥੇਦਾਰ ਊਧਮ ਸਿੰਘ ਗੋਹਲਵੜ ਦੀ ਅਗਵਾਈ ਵਿਚ ਭੇਜਿਆ ਗਿਆ, ਜੋ ੨੧ ਫਰਵਰੀ, ੧੯੨੪ ਈਸਵੀ ਨੂੰ ਗੁਰਦੁਆਰਾ ਟਿੱਬੀ ਸਾਹਿਬ ਜੈਤੋ ਵਿਖੇ ਪਹੁੰਚਿਆ। ਜਥੇ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਪਰੰਤੂ ਸੰਗਤਾਂ ਦੇ ਜੋਸ਼ ਨੂੰ ਜਦ ਠੱਲ੍ਹਿਆ ਨਾ ਜਾ ਸਕਿਆ ਤਾਂ ਪੁਲਿਸ ਨੇ ਗੋਲੀ ਚਲਾ ਦਿੱਤੀ ਅਤੇ ਵੱਡਾ ਸਾਕਾ ਵਰਤ ਗਿਆ। ਇਕ ਅਨੁਮਾਨ ਅਨੁਸਾਰ ਇਸ ਸਾਕੇ ਦੌਰਾਨ ਤਕਰੀਬਨ ਇਕ ਸੌ ਸਿੰਘਾਂ ਦੀ ਸ਼ਹੀਦੀ ਹੋਈ ਅਤੇ ਤਕਰੀਬਨ ਦੋ ਸੌ ਸਿੰਘ ਫੱਟੜ ਹੋ ਗਏ ਅਤੇ ਸੈਂਕੜੇ ਹੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਘਟਨਾ ਤੋਂ ਬਾਅਦ ਸਿੱਖ ਪੰਥ ਪ੍ਰਚੰਡ ਰੋਹ ਵਿਚ ਆ ਗਿਆ ਅਤੇ ਫਿਰ ਜੈਤੋ ਵਿਖੇ ਸ਼ਹੀਦੀ ਜਥੇ ਭੇਜਣ ਦਾ ਸਿਲਸਿਲਾ ਚੱਲ ਪਿਆ। ਬੱਚਾ-ਬੱਚਾ ਗਲੀਆਂ ਵਿਚ ਗਾਉਂਦਾ ਫਿਰਦਾ ਸੀ - "ਨਾਭੇ ਨੂੰ ਜ਼ਰੂਰ ਜਾਵਾਂਗਾ ਭਾਵੇਂ ਸਿਰ ਕਟ ਜਾਵੇ ਮੇਰਾ।" ਨਾਭਾ ਜੇਲ੍ਹ ਵਿਚ ਵੀ ਬਹੁਤ ਸਾਰੇ ਸਿੰਘ ਕੈਦ ਕੀਤੇ ਗਏ ਅਤੇ ਇਨ੍ਹਾਂ ਉਤੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਜੇਲ੍ਹ ਭਰ ਜਾਣ 'ਤੇ ਬੀੜ ਦੁਸਾਂਝ ਦੇ ਜੰਗਲ ਵਿਚ ਛੱਡਿਆ ਜਾਣ ਲੱਗਾ। ਇਥੇ ਵੀ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ ਜਿਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਅਕਾਲਗੜ੍ਹ ਸਾਹਿਬ ਦਾ ਨਿਰਮਾਣ ਹੋਇਆ। ਉਪਰੰਤ ਅਪ੍ਰੈਲ ੧੯੨੫

ਈਸਵੀ ਤਕ ਵੱਖ-ਵੱਖ ਥਾਵਾਂ ਤੋਂ ਪੰਜ-ਪੰਜ ਸੌ ਦੇ ਅਨੇਕ ਜਥੇ ਜੈਤੋ ਵੱਲ ਭੇਜੇ ਗਏ। ਬਾਹਰਲੇ ਰਾਜਾਂ (ਕਲਕੱਤਾ) ਅਤੇ ਵਿਦੇਸ਼ਾਂ (ਕੈਨੇਡਾ, ਹਾਂਗਕਾਂਗ, ਸ਼ੰਘਾਈ ਆਦਿ ਥਾਵਾਂ) ਤੋਂ ਵੀ ਸਿੰਘ ਜਥਿਆਂ ਦੇ ਰੂਪ ਵਿਚ ਜੈਤੋ ਪਹੁੰਚੇ। ਸਰਕਾਰੀ ਜਬਰ ਉਸੇ ਤਰ੍ਹਾਂ ਜਾਰੀ ਰਿਹਾ ਪਰੰਤੂ ਅੰਤ ਵਿਚ ਮੋਰਚੇ ਦੀ ਜਿੱਤ ਹੋਈ ਅਤੇ ਗ੍ਰਿਫਤਾਰ ਕੀਤੇ ਸਿੰਘਾਂ ਦੀ ਰਿਹਾਈ ਹੋਈ। ਸਿੱਖ ਸੰਗਤਾਂ ਵੱਲੋਂ ੨੧ ਜੁਲਾਈ, ੧੯੨੫ ਈਸਵੀ ਨੂੰ ੧੦੧ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਅਤੇ ੬ ਅਗਸਤ ੧੯੨੫ ਨੂੰ ਭੋਗ ਪਾਏ ਗਏ।

ਇਥੇ ਇਹ ਜ਼ਿਕਰ ਕਰਨਾ ਵਾਜਿਬ ਹੋਵੇਗਾ ਕਿ ਜੈਤੋ ਦੇ ਮੋਰਚੇ ਦੀ ਹਮਾਇਤ ਵਿਚ ਮਦਨ ਮੋਹਨ ਮਾਲਵੀਆ, ਡਾ. ਸੈਫਉਦੀਨ ਕਿਚਲੂ ਅਤੇ ਏ. ਟੀ. ਗਿਡਵਾਨੀ ਵਰਗੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਕਈ ਜੇਲ੍ਹ ਵੀ ਗਏ। ਪਰੰਤੂ ਮਹਾਤਮਾ ਗਾਂਧੀ ਵਰਗੇ ਆਗੂ ਮੋਰਚੇ ਨਾਲ ਹਮਦਰਦੀ ਦਿਖਾਉਣ ਦੇ ਬਾਵਜੂਦ ਅਕਾਲੀਆਂ ਨੂੰ ਜੈਤੋ ਵਿਖੇ ਹੋਰ ਜਥੇ ਭੇਜਣ ਤੋਂ ਸੰਕੋਚ ਕਰਨ ਲਈ ਪ੍ਰੇਰਦੇ ਰਹੇ। ਇਥੋਂ ਤਕ ਕਿ ਉਹ ਮੋਰਚੇ ਦੇ ਆਗੂਆਂ ਉਤੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਮੁੜ ਬਹਾਲੀ ਦੇ ਮੁੱਦੇ ਤੋਂ ਦੂਰੀ ਬਣਾਉਣ ਉਤੇ ਜ਼ੋਰ ਵੀ ਪਾਉਂਦੇ ਰਹੇ।

ਇਤਿਹਾਸ ਨੇ ਇਸ ਕਦਰ ਕਰਵਟ ਲਈ ਕਿ ਮਹਾਰਾਜਾ ਨਾਭਾ ਦੀ ਮੁੜ-ਬਹਾਲੀ ਲਈ ਸ਼ੁਰੂ ਹੋਏ ਸੰਘਰਸ਼ ਦੇ 'ਜੈਤੋ ਦੇ ਮੋਰਚੇ' ਵਜੋਂ ਧਾਰਮਿਕ ਰੁਖ ਲੈ ਜਾਣ ਬਾਅਦ ਬਹਾਲੀ ਦਾ ਮੁੱਦਾ ਹਾਸ਼ੀਏ ਪੁਰ ਚਲਾ ਗਿਆ। ਉਧਰ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ੫ ਸਾਲ ਦੇਹਰਾਦੂਨ ਰਖਿਆ ਗਿਆ। ਇਸ ਦੌਰਾਨ ਹੀ ਉਸ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਅੰਮ੍ਰਿਤਪਾਨ ਕਰਕੇ ਆਪਣਾ ਨਾਮ ਗੁਰਚਰਨ ਸਿੰਘ ਰੱਖ ਲਿਆ। ਇਸ ਤੋਂ ਬਾਅਦ ਮਹਾਰਾਜਾ ਨਾਭਾ ਆਪਣਾ ਦਸਵੰਧ ਹਜ਼ੂਰ ਸਾਹਿਬ ਭੇਜਦੇ ਰਹੇ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਅਜ਼ਾਦੀ ਲਹਿਰ ਨਾਲ ਜੁੜੇ ਆਗੂਆਂ ਨਾਲ ਸੰਪਰਕ ਰਖਣ ਕਰਕੇ ਅੰਗਰੇਜ਼ੀ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਦੂਰ-ਦਖਣ ਤਾਮਿਲਨਾਡੂ ਦੇ ਕੋਡਈਕਨਾਲ (Kodaikanal) ਭੇਜ ਦਿੱਤਾ ਗਿਆ। ਦੋ ਸਾਲਾਂ ਬਾਅਦ ਉਨ੍ਹਾਂ ਦੀ ਪੈਨਸ਼ਨ ਤਿੰਨ ਲੱਖ ਰੁਪਏ ਸਾਲਾਨਾ ਦੀ ਬਜਾਏ ਇੱਕ ਲੱਖ ਵੀਹ ਹਜ਼ਾਰ ਕਰ ਦਿੱਤੀ ਗਈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਵਾਪਸ ਲੈ ਕੇ ਸਖਤ ਪਾਬੰਦੀਆਂ ਲਗਾ ਦਿੱਤੀਆਂ। ਉਥੇ ਉਹ ਕਈ ਪ੍ਰਕਾਰ ਦੀਆਂ ਬੀਮਾਰੀਆਂ, ਮੱਕਾਰੀਆਂ ਅਤੇ ਦੁਸ਼ਵਾਰੀਆਂ ਨਾਲ ਜੂਝਦੇ ੧੩ ਦਸੰਬਰ, ੧੯੪੨ ਨੂੰ ਅਕਾਲ ਚਲਾਣਾ ਕਰ ਗਏ।

-੫-

ਇਸ ਤਰ੍ਹਾਂ ਭਲੀ-ਭਾਂਤ ਪਤਾ ਲਗਦਾ ਹੈ ਕਿ ਜਦੋਂ ਹੋਰ ਰਿਆਸਤਾਂ ਦੇ ਰਾਜੇ/ ਮਹਾਰਾਜੇ ਆਪੋ-ਆਪਣੀ ਰਾਜਗੱਦੀ ਬਚਾਉਣ ਲਈ ਅੰਗਰੇਜ਼ੀ ਸਰਕਾਰ ਦੇ ਪੈਰਾਂ ਵਿਚ ਡਿੱਗ ਰਹੇ ਸਨ ਤਾਂ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਅੰਗਰੇਜ਼ਾਂ ਦੀ ਈਨ ਮੰਨਣ ਦੀ ਬਜਾਏ ਹਰ ਕਦਮ 'ਤੇ ਪੰਥਕ ਧਿਰਾਂ ਨਾਲ ਖੜ੍ਹੇ ਰਹੇ। ਉਨ੍ਹਾਂ ਦੇ ਇਸੇ ਸੁਭਾਅ ਅਤੇ ਨੀਤੀਆਂ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਗੱਦੀ ਤੋਂ ਉਤਾਰਨ ਦੇ ਵਿਰੋਧ ਵਿਚ ਮੁੜ ਬਹਾਲੀ ਲਈ ਹਰ ਸੰਭਵ ਉਪਰਾਲੇ ਕੀਤੇ ਗਏ। ਮਹਾਰਾਜਾ ਨਾਭਾ ਨੂੰ ਗੱਦੀ ਉਤੇ ਮੁੜ ਬੈਠਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ-ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਬਾ ਸੰਘਰਸ਼ ਵਿੱਢਿਆ ਗਿਆ, ਜਿਸ ਨੂੰ

ਸਿੱਖ ਇਤਿਹਾਸ ਵਿਚ ਅਸੀਂ 'ਜੈਤੋ ਦੇ ਮੋਰਚੇ' ਦੇ ਨਾਂ ਨਾਲ ਜਾਣਦੇ ਹਾਂ। ਇਸ ਸਮੁੱਚੇ ਸੰਘਰਸ਼ ਵਿਚ ਨਾਭਾ ਦਿਵਸ (Nabha Day) ਦਾ ਵਿਸ਼ੇਸ਼ ਮਹੱਤਵ ਹੈ, ਜਿਸ ਦਿਨ ਪੰਥਕ ਧਿਰਾਂ ਵੱਲੋਂ ਪੰਜਾਬ ਸਮੇਤ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਥਾਵਾਂ ਉਤੇ ਦੀਵਾਨ ਕਰਕੇ ਅਰਦਾਸੇ ਸੋਧੇ ਗਏ, ਜਲੂਸ ਕੱਢੇ ਗਏ ਅਤੇ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫੀ ਨੂੰ ਦੂਰ ਕਰਵਾਉਣ ਲਈ ਮਤੇ ਪਾਸ ਕੀਤੇ ਗਏ। ਭਾਵੇਂ ਅੰਗਰੇਜ਼ੀ ਸਰਕਾਰ ਨੇ ਆਪਣੀ ਸਾਜ਼ਿਸ਼ੀ ਬਿਰਤੀ ਨਾਲ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ 'ਤੇ ਮੁੜ ਬੈਠਾਉਣ ਦੀ ਥਾਂ ਉਸ ਦੇ ਸਪੁੱਤਰ ਟਿੱਕਾ ਪ੍ਰਤਾਪ ਸਿੰਘ ਨੂੰ ਬੈਠਾ ਕੇ ਸਿੱਖ ਸੰਗਤਾਂ ਦੇ ਰੋਹ ਨੂੰ ਠੰਡਾ ਕਰਨ ਦਾ ਜਤਨ ਕੀਤਾ ਪਰੰਤੂ ਅੰਗਰੇਜ਼ੀ ਸਰਕਾਰ ਦੀ ਇਸ ਬਦਨੀਤੀ ਦਾ ਪਤਾ ਹੋਣ ਕਰਕੇ ਇਹ ਰੋਹ ਸਗੋਂ ਹੋਰ ਪ੍ਰਚੰਡ ਹੋਇਆ, ਜਿਸ ਦਾ ਸਿੱਟਾ ਜੈਤੋ ਦੇ ਮੋਰਚੇ ਵਜੋਂ ਸਾਹਮਣੇ ਆਇਆ। ਦੂਰਦਰਸ਼ੀ ਅਗਵਾਈ ਦੀ ਘਾਟ ਅਤੇ ਹਾਲਾਤਾਂ ਦੇ ਮੱਦੇਨਜ਼ਰ ਭਾਵੇਂ ਮਹਾਰਾਜਾ ਰਿਪੁਦਮਨ ਸਿੰਘ ਦੀ ਮੁੜ ਬਹਾਲੀ ਨਾ ਹੋ ਸਕੀ, ਪਰੰਤੂ ਇਸ ਇਤਿਹਾਸਕ ਵਰਤਾਰੇ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਅਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨ ਵਿਚ ਵੱਡੀ ਭੂਮਿਕਾ ਨਿਭਾਈ।

ਅੱਜ ੧੦੦ ਸਾਲ ਬਾਅਦ ਮੁੜ ਉਨ੍ਹਾਂ ਲਮਹਿਆਂ ਨੂੰ ਸਿਮਰਤੀ ਵਿਚ ਤਾਜ਼ਾ ਰੱਖਣ ਦੀ ਲੋੜ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਨਾਭਾ ਦਿਵਸ ਦੇ ਸ਼ਤਾਬਦੀ ਪ੍ਰੋਗਰਾਮ ਕਰਨ ਦਾ ਉਪਰਾਲਾ, ਪੰਥਕ ਚੇਤਨਾ ਦੀ ਪ੍ਰਚੰਡਤਾ ਦਾ ਪ੍ਰਤੀਕ ਬਣ ਕੇ ਸਾਡੀ ਨਵੀਂ ਪੀੜ੍ਹੀ ਦਾ ਰਾਹ ਰੁਸ਼ਨਾਏਗਾ।

## ਸਹਾਇਕ ਸੂਚੀ


੧. ਸਰਦਾਰ ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ* (੧੯੨੦-੧੯੨੫), ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, ੧੯੭੮.

੨. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਆਰਸੀ ਪਬਲਿਸ਼ਰਜ਼, ਦਿੱਲੀ, ੨੦੧੬.

੩. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (ਭਾਗ ਪਹਿਲਾ ਅਤੇ ਦੂਜਾ), ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੦੪.

੪. ਜਥੇਦਾਰ ਊਧਮ ਸਿੰਘ ਵਰਪਾਲ, *ਸ਼ਹੀਦੀ ਯਾਤ੍ਰਾ ਅਥਵਾ ਸਾਕਾ ਜੈਤੋ (ਨਾਭਾ)*, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਅੰਮ੍ਰਿਤਸਰ, ੧੯੯੦.

੫. *Truth About Nabha,* Shiromani Gurdwara Parbandhak Committee, Amritsar, ੧੯੨੩.

੬. Harbans Singh (Editor-in-Chief), *The Encyclopaedia of Sikhism* (Vol. I to IV), Punjabi University, Patiala.

੭. J.S. Grewal and Indu Banga, *A Political Biography of Maharaja Ripudaman Singh of Nabha,* Oxford University Press, New Delhi, ੨੦੧੮

੮. *Punjab States Gazetteers: Phulkian States,* (The Punjab Government Press, Lahore, ੧੯੦੯), Revenue and Rehabilitation Department Punjab, Chandigarh, ੨੦੦੦.


■

# ਸਿੰਘ ਸਭਾ ਲਹਿਰ ਅਤੇ ਭਾਈ ਵੀਰ ਸਿੰਘ

*-ਡਾ. ਧਰਮ ਸਿੰਘ**

ਉਨ੍ਹੀਵੀਂ ਸਦੀ ਦੀ ਆਖਰੀ ਚੌਥਾਈ ਵਿਚ ਸਿੱਖ ਸਮਾਜ ਵਿਚ ਚੱਲ ਰਹੀ ਪੁਨਰ-ਜਾਗਰਣ ਦੀ ਲਹਿਰ ਸਿੰਘ ਸਭਾ ਲਹਿਰ ਅਖਵਾਈ ਜੋ ਇਕ ਧਾਰਮਿਕ, ਸਮਾਜਕ, ਵਿੱਦਿਅਕ ਅਤੇ ਸਭਿਆਚਾਰਕ ਲਹਿਰ ਸੀ ਜਿਸ ਨੇ ਵਿਆਪਕ ਰੂਪ ਵਿਚ ਸਿੱਖ ਸਮਾਜ ਨੂੰ ਪ੍ਰਭਾਵਿਤ ਕੀਤਾ। ਭਾਈ ਵੀਰ ਸਿੰਘ ਇਸ ਲਹਿਰ ਦੀ ਉਪਜ ਸਨ। ਡਾ. ਸੁਰਿੰਦਰ ਸਿੰਘ (ਕੋਹਲੀ) ਲਿਖਦੇ ਹਨ, "ਜਿਸ ਸਾਲ ਸਿੰਘ ਸਭਾ ਲਹਿਰ ਦਾ ਜਨਮ ਹੋਇਆ, ਉਸੇ ਸਾਲ ਭਾਈ ਵੀਰ ਸਿੰਘ ਦਾ ਜਨਮ ਹੋਇਆ। ਇਸ ਲਹਿਰ ਦੇ ਵਧਣ ਨਾਲ ਹੀ ਭਾਈ ਸਾਹਿਬ ਵੀ ਵੱਡੇ ਹੁੰਦੇ ਗਏ। ਜਦੋਂ ਭਾਈ ਵੀਰ ਸਿੰਘ ਜਵਾਨ ਹੋਏ, ਸਿੰਘ ਸਭਾ ਲਹਿਰ ਵੀ ਭਰ ਜੋਬਨ ਵਿਚ ਸੀ।"[੧]

ਸਿੰਘ ਸਭਾ ਅਤੇ ਭਾਈ ਵੀਰ ਸਿੰਘ ਨਾ ਕੇਵਲ ਹਮਉਮਰ ਸਨ, ਸਗੋਂ ਹਮਮਕਸਦ ਵੀ ਸਨ। ਏਸੇ ਲਈ ਸਿੱਖ ਪੁਨਰ-ਸੁਰਜੀਤੀ ਲਈ ਜਿੰਨੇ ਵੀ ਯਤਨ ਹੋਏ, ਭਾਈ ਸਾਹਿਬ ਕਿਸੇ ਨਾ ਕਿਸੇ ਰੂਪ ਵਿਚ ਉਸ ਨਾਲ ਜੁੜੇ ਰਹੇ। ਕਈਆਂ ਖੇਤਰਾਂ ਵਿਚ ਤਾਂ ਉਨ੍ਹਾਂ ਪਹਿਲ-ਕਦਮੀਆਂ ਵੀ ਕੀਤੀਆਂ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੀ ਗੱਲ ਹੈ ਕਿ ਪੰਜਾਬ ਵਿਚ ਥਾਂ-ਥਾਂ 'ਤੇ ਬਣੀਆਂ ਯੰਗਮੈਨ ਕ੍ਰਿਸਚੀਅਨ ਐਸੋਸੀਏਸ਼ਨਾਂ ਦਾ ਅਸਰ ਸਿੱਖ ਨੌਜਵਾਨਾਂ ਉੱਪਰ ਵੀ ਪੈਣਾ ਸ਼ੁਰੂ ਹੋ ਗਿਆ। ਏਥੇ ਇਹ ਦੱਸਣਾ ਉੱਚਿਤ ਹੋਵੇਗਾ ਕਿ ਧਾਰਮਿਕ ਮਹੱਤਤਾ ਕਰਕੇ ਅਜਿਹੇ ਹੁਕਮਰਾਨਾਂ ਦਾ ਸਾਰਾ ਜ਼ੋਰ ਇਸ ਸ਼ਹਿਰ ਦੀ ਪਵਿੱਤਰਤਾ ਨੂੰ ਪਲੀਤ ਕਰਨ ਲਈ ਲੱਗਿਆ ਹੋਇਆ ਸੀ। ਸਭ ਤੋਂ ਪਹਿਲਾ ਬੁਚੜਖਾਨਾ ਇੱਥੇ ਖੁਲ੍ਹਾ, ਸਭ ਤੋਂ ਪਹਿਲਾ ਗਿਰਜਾਘਰ ਇੱਥੇ ਖੁਲ੍ਹਾ ਅਤੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਪਰਿਕਰਮਾਂ ਵਿੱਚੋਂ ਕੁਝ ਥਾਂ ਗਿਰਜਾ ਬਣਾਉਣ ਲਈ ਵੀ ਮੱਲੀ ਗਈ। ਉੱਤਰ ਵਾਲੇ ਪਾਸੇ ਘੰਟਾ ਘਰ ਉਸਾਰਿਆ ਗਿਆ। ਸਭ ਤੋਂ ਪਹਿਲਾ ਮਿਸ਼ਨ ਸਕੂਲ ਵੀ ਸ੍ਰੀ ਅੰਮ੍ਰਿਤਸਰ ਵਿਖੇ ਹੀ ਖੁੱਲਾ ਜਿੱਥੋਂ ਦੇ ਚਾਰ ਸਿੱਖ ਵਿਦਿਆਰਥੀ ਸਿੱਖੀ ਤੋਂ ਪਤਿਤ ਹੋਣ ਲੱਗੇ ਸਨ। ਸਿੰਘ ਸਭਾ, ਦਰਅਸਲ ਇਸ ਸਾਰੇ ਪਿਛੋਕੜ ਵਿੱਚੋਂ ਕਾਇਮ ਹੋਈ।

ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਕ, ਵਿਰਸੇ ਪ੍ਰਤਿ ਸੁਚੇਤ ਕਰਨ, ਗੁਰਬਾਣੀ ਦੀ ਨਵੀਂ ਵਿਆਖਿਆ ਕਰਨ, ਸਿੱਖ ਇਤਿਹਾਸ ਪ੍ਰਤਿ ਚੇਤਨਾ ਜਾਗ੍ਰਿਤ ਕਰਨ ਅਤੇ ਇਨ੍ਹਾਂ ਵਿੱਚੋਂ ਪ੍ਰੇਰਨਾ ਲੈ ਕੇ ਸਹਿਤ ਰਚਨਾ ਕਰਨ ਵਿਚ ਭਾਈ ਵੀਰ ਸਿੰਘ ਦਾ ਯੋਗਦਾਨ ਸਭ ਤੋਂ ਵੱਧ ਹੈ, ਵਿਸ਼ੇਸ਼ ਕਰਕੇ ਸਿਰਜਣਾਤਮਕ ਸਾਹਿਤ ਦੇ ਪ੍ਰਸੰਗ ਵਿਚ। ਇਸੇ ਲਈ ਭਾਈ ਜੀ ਨੂੰ ਪੰਜਾਬ ਦਾ ਛੇਵਾਂ ਦਰਿਆ ਅਤੇ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਕਹਿ ਕੇ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਦੇ ਸਾਹਿਤ ਦੀ ਇਕ ਵੰਨਗੀ ਉਨ੍ਹਾਂ ਦੁਆਰਾ

** #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

ਰਚੇ ਗਏ ਨਾਵਲ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਹਨ। ਭਾਈ ਸਾਹਿਬ ਦੀ ਸਾਹਿਤ ਰਚਨਾ ਦਾ ਮਨੋਰਥ ਕੀ ਹੋਵੇਗਾ? ਜਿਸ ਦਾ ਸਪੱਸ਼ਟ ਉਲੇਖ ਉਨ੍ਹਾਂ ਨੇ ਇਨ੍ਹਾਂ ਨਾਵਲਾਂ ਦੀਆਂ ਭੂਮਿਕਾਵਾਂ ਵਿਚ ਕਰ ਦਿੱਤਾ ਹੈ। ਆਪਣੇ ਪਲੇਠੇ ਨਾਵਲ ਸੁੰਦਰੀ ਦੀ ਭੂਮਿਕਾ ਵਿਚ ਉਨ੍ਹਾਂ ਲਿਖਿਆ ਹੈ ਕਿ 'ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ਼ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਕੇ, ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ। ਏਸੇ ਤਰ੍ਹਾਂ 'ਬਿਜੈ ਸਿੰਘ' ਦੀ ਭੂਮਿਕਾ ਵਿਚ ਵੀ ਆਪ ਲਿਖਦੇ ਹਨ, "ਖਾਲਸਾ ਜੀ ਕਿਆ ਆਪ ਦੇ ਹਿਰਦੇ ਵਿਚ ਆਪਣੇ ਵੱਡਿਆਂ ਦੀ ਇਸ ਨਿਡਰ, ਬਹਾਦਰੀ ਅਰ ਨਿਸ਼ਚੈ ਵੱਲ ਵੇਖ ਕੇ ਕੁਝ ਪ੍ਰੇਮ ਪੈਦਾ ਨਹੀਂ ਹੁੰਦਾ? ਕਿਆ ਬੇਪਰਵਾਹੀ ਰੂਪੀ ਜਿੱਲਣ ਨਾਲ ਦੱਬੇ ਹੋਏ ਹੰਝੂ ਦੇ ਖੂਹ ਦਾ ਕਣ ਪਾ ਕੇ ਅੱਖਾਂ ਥੀਂ ਪ੍ਰਵਾਹ ਨਹੀਂ ਚਲਦਾ?"[੨] ਸਪੱਸ਼ਟ ਹੈ ਕਿ ਭਾਈ ਵੀਰ ਸਿੰਘ ਦੀ ਨਾਵਲ ਰਚਨਾ ਦਾ ਸੋਮਾ ਸਾਹਿਤਕ ਨਹੀਂ ਸਗੋਂ ਸਿੱਖ ਪ੍ਰੇਰਨਾਦਾਇਕ ਕਦਰਾਂ-ਕੀਮਤਾਂ ਸਨ। ਨਾਵਲ ਵਰਗੇ ਲੋਕਪ੍ਰਿਅ ਰੂਪਾਕਾਰ ਨੂੰ ਭਾਈ ਵੀਰ ਸਿੰਘ ਆਪਣੇ ਸਾਹਿਤਕ ਮਨੋਰਥ ਲਈ ਵਰਤਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਅਜਿਹਾ ਹੀ ਕੀਤਾ।

ਅਸੀਂ ਜਾਣਦੇ ਹਾਂ ਕਿ ਸਿੱਖ ਸ਼ਾਸਕਾਂ ਦੇ ਰੂਪ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਪੰਜਾਬੀਆਂ ਦਾ ਰਾਜ ਥੋੜ੍ਹ ਚਿਰਾ ਸੀ। ਮਹਾਰਾਜੇ ਦੀ ਮੌਤ ਪਿੱਛੋਂ ਅੰਗਰੇਜ਼ੀ ਸਾਮਰਾਜ ਨੇ ਰਾਜ ਖੋਹ ਲਿਆ। ਇਸ ਗੱਲ ਦਾ ਸਾਰੇ ਪੰਜਾਬੀਆਂ ਨੂੰ ਖ਼ਾਸ ਕਰਕੇ ਸਿੱਖਾਂ ਨੂੰ ਵਧੇਰੇ ਦੁੱਖ ਸੀ। ਸਮੇਂ ਦੀ ਮੰਗ ਸੀ ਕਿ ਭਾਈ ਵੀਰ ਸਿੰਘ ਸਿੱਖ ਇਤਿਹਾਸ, ਸਿੱਖ ਦਰਸ਼ਨ ਅਤੇ ਰਹਿਤ ਮਰਯਾਦਾ ਨੂੰ ਪੰਜਾਬ ਦੀ ਜਨਤਾ ਸਾਹਮਣੇ ਰੱਖਦੇ ਤਾਂ ਜੋ ਉਹ ਉਸ ਤੋਂ ਪ੍ਰੇਰਨਾ ਲੈ ਕੇ ਨਵੇਂ ਹਾਕਮਾਂ ਕੋਲੋਂ ਨਜ਼ਾਤ ਪਾਉਣ ਦੀ ਕੋਸ਼ਿਸ਼ ਕਰਨ। ਸੰਨ ੧੮੯੩-੯੪ ਵਿਚ ਜਦੋਂ ਭਾਈ ਵੀਰ ਸਿੰਘ ਨੇ ਵਾਰਤਕ ਲਿਖਣੀ ਸ਼ੁਰੂ ਕੀਤੀ ਤਾਂ ਆਧੁਨਿਕ ਪੰਜਾਬੀ ਵਾਰਤਕ ਅਰੰਭ ਹੋ ਚੁੱਕਾ ਸੀ ਅਤੇ ਛਾਪਾਖਾਨਾ ਲੱਗਣ ਨਾਲ ਪੱਤਰਕਾਰੀ ਵੀ ਪ੍ਰਚਲਿਤ ਹੋ ਚੁੱਕੀ ਸੀ। ਸਿੰਘ ਸਭਾ ਦੇ ਆਗੂਆਂ ਨੇ ਇਸ ਨੂੰ ਸਿੱਖ ਧਰਮ ਨੇ ਪ੍ਰਚਾਰ ਦਾ ਮਾਧਿਅਮ ਬਣਾ ਲਿਆ। ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਪ੍ਰਕਾਸ਼ਿਤ 'ਨਿਰਗੁਣੀਆਰਾ' ਅਤੇ 'ਖਾਲਸਾ ਸਮਾਚਾਰ' ਦਾ ਮੁੱਖ ਉਦੇਸ਼ ਸਿੱਖ ਧਰਮ ਵਿਚ ਪੁਨਰਜਾਗ੍ਰਤੀ ਲਿਆ ਕੇ ਸਮਾਜ-ਸੁਧਾਰ, ਵਿੱਦਿਆ ਪ੍ਰਚਾਰ, ਸਾਹਿਤ ਸੇਵਾ ਅਤੇ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨਾ ਸੀ। ਇਨ੍ਹਾਂ ਯਤਨਾਂ ਨੇ ਪੰਜਾਬੀ ਪੱਤਰਕਾਰੀ ਦਾ ਨਿਰਮਾਣ ਪੱਕੀਆਂ ਲੀਹਾਂ ਉੱਤੇ ਕੀਤਾ। ਭਾਈ ਵੀਰ ਸਿੰਘ ਇਸ ਸੁਸਾਇਟੀ ਨੂੰ ਕਾਇਮ ਕਰਨ ਤੋਂ ਲੈ ਕੇ ਆਪਣੇ ਅੰਤਲੇ ਸੁਆਸਾਂ ਤਕ ਇਸ ਨਾਲ ਜੁੜੇ ਰਹੇ। ਸਿੰਘ ਸਭਾ ਦੇ ਮਨੋਰਥਾਂ ਵਿੱਚੋਂ ਇਕ ਮਨੋਰਥ ਆਪਣੇ ਪੁਰਾਤਨ ਵਿਰਸੇ ਦੀ ਆਮ ਸਿੱਖਾਂ ਸਾਹਮਣੇ ਪੇਸ਼ਕਾਰੀ ਹੀ ਸੀ ਤਾਂ ਉਹ ਆਪਣੇ ਵਡੇਰਿਆਂ ਦੇ ਕਾਰਨਾਮਿਆਂ ਤੋਂ ਪ੍ਰੇਰਿਤ ਹੋ ਕੇ ਆਪਣੇ ਵਿਰਸੇ ਵਿਚ ਪੱਕੇ ਰਹਿਣ। ਵਿਰਾਸਤ ਵਿਚ ਜਿੱਥੇ ਹੋਰ ਕਈ ਚੀਜ਼ਾਂ ਸ਼ਾਮਲ ਹਨ, ਉਥੇ ਸਾਹਿਤਕ ਵਿਰਸਾ ਵੀ ਇਕ ਅਹਿਮ ਹੈ। ਸਿੱਖਾਂ ਨੂੰ ਤਾਂ ਗੁੜ੍ਹਤੀ ਹੀ ਸ਼ਬਦ, ਪੋਥੀ ਅਤੇ ਗ੍ਰੰਥ ਦੀ ਮਿਲੀ ਹੈ। ਏਸੇ ਲਈ ਅਸੀਂ ਵੇਖਦੇ ਹਾਂ ਕਿ ਹਰ ਯੁੱਗ ਵਿਚ ਸਿੱਖਾਂ ਵਿਚ ਸਾਹਿਤ ਰਚਣ ਦੀ ਚਿਣਗ ਮਘਦੀ

ਰਹੀ ਹੈ। ਭਾਈ ਵੀਰ ਸਿੰਘ ਨੂੰ ਇਨ੍ਹਾਂ ਗ੍ਰੰਥਾਂ ਬਾਰੇ ਭਲੀਭਾਂਤ ਜਾਣਕਾਰੀ ਸੀ ਕਿਉਂਕਿ ਉਨ੍ਹਾਂ ਦਾ ਘਰਾਣਾ ਤਾਂ ਹੈ ਹੀ ਵਿਦਵਾਨਾਂ ਦਾ ਸੀ। ਏਸੇ ਲਈ ਭਾਈ ਜੀ ਨੇ ਜਿਨ੍ਹਾਂ ਗ੍ਰੰਥਾਂ ਦੀ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਅਹਿਮੀਅਤ ਸਮਝੀ ਸੀ, ਉਨ੍ਹਾਂ ਨੂੰ ਯੋਗ ਭਾਂਤ ਸੰਪਾਦਿਤ ਕਰ ਕੇ ਉਨ੍ਹਾਂ ਦਾ ਸਰਲਾਰਥ ਕੀਤਾ। ਭਾਈ ਵੀਰ ਸਿੰਘ ਨੇ ਜਿਨ੍ਹਾਂ ਗ੍ਰੰਥਾਂ ਦਾ ਸੰਪਾਦਨ ਕੀਤਾ, ਉਹ ਹੇਠ ਲਿਖੇ ਅਨੁਸਾਰ ਹਨ:-

**ੳ**) ਸਿੱਖਾਂ ਦੀ ਭਗਤਮਾਲਾ (ਮਾਰਚ ੧੯੧੨ ਈ.)

**ਅ**) ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ (ਮਾਰਚ ੧੯੧੪ ਈ.)

**ੲ**) ਪੁਰਾਤਨ ਜਨਮ ਸਾਖੀ (੯ ਅਗਸਤ ੧੯੨੬ ਈ)

**ਸ**) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (੧੯੨੬-੧੯੩੫ ਈ.)

**ਹ**) ਮਾਲਵਾ ਦੇਸ਼ ਰਟਨ ਕੀ ਸਾਖੀ ਪੋਥੀ (੧੯੫੦ ਈ.)

ਭਾਈ ਵੀਰ ਸਿੰਘ ਦੀ ਸੰਪਾਦਨਾ ਕਲਾ ਬਾਰੇ ਸੰਖੇਪ ਵਿਚ ਦੋ ਗੱਲਾਂ ਕਰਨੀਆਂ ਜ਼ਰੂਰੀ ਭਾਸਦੀਆਂ ਹਨ। ਪਹਿਲੀ ਇਹ ਹੈ ਕਿ ਇਨ੍ਹਾਂ ਵਿਚ ਲਗਦੀ ਵਾਹੇ ਖੋਜ ਵਿਧੀ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਗੁਰਮਤਿ ਦੀ ਦ੍ਰਿਸ਼ਟੀ ਤੋਂ ਕੋਈ ਵੀ ਅਯੋਗ ਗੱਲ ਦੀ ਪੂਰੀ ਤਰ੍ਹਾਂ ਪੜਚੋਲ ਕਰਨ ਉਪਰੰਤ ਹੀ ਉਨ੍ਹਾਂ ਆਪਣੀ ਰਾਇ ਜ਼ਰੂਰ ਦਿੱਤੀ ਹੈ। ਜਿੱਥੇ ਕਿਤੇ ਨੁਕਤੇ ਦੀ ਸਪੱਸ਼ਟਤਾ ਦੀ ਲੋੜ ਪਈ ਹੈ, ਉੱਥੇ ਫੁੱਟ ਨੋਟ ਕਈਆਂ ਸਫ਼ਿਆਂ ਵਿਚ ਫੈਲ ਗਏ ਹਨ। ਅੱਜ ਟ੍ਰੈਕਟ ਜਾਂ ਕਿਤਾਬੜੀ ਦੇ ਰੂਪ ਵਿਚ ਭਾਈ ਜੀ ਦੀ ਇਕ ਛੋਟੀ ਜਿਹੀ ਰਚਨਾ 'ਦੇਵੀ ਪੂਜਨ ਪੜਤਾਲ' ਨਾਂ ਥੱਲੇ ਮਿਲਦੀ ਹੈ, ਉਹ ਅਸਲ ਵਿਚ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਇਕ ਫੁੱਟਨੋਟ ਹੀ ਹੈ ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੇਵੀ ਪੂਜਣ ਦੀ ਪੜਤਾਲ ਕਰ ਕੇ ਆਪਣੀ ਰਾਇ ਦਿੱਤੀ ਹੋਈ ਹੈ। ਭਾਈ ਸਾਹਿਬ ਦੀ ਸੰਪਾਦਨ ਕਲਾ ਦਾ ਪ੍ਰਭਾਵ ਪਿਛਲੀਆਂ ਸੰਪਾਦਨਾਵਾਂ ਉੱਪਰ ਵੀ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਉਦਾਹਰਨ ਗਿ. ਕਿਰਪਾਲ ਸਿੰਘ ਦੁਆਰਾ ਸੰਪਾਦਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਲਈ ਜਾ ਸਕਦੀ ਹੈ।

ਇਕ ਹੋਰ ਬੜੀ ਦਿਲਚਸਪ ਗੱਲ ਇਹ ਹੈ ਕਿ ਦੋ ਗ੍ਰੰਥਾਂ ਦੇ ਮੂਲ ਨਾਂ ਉਹ ਨਹੀਂ ਜੋ ਅੱਜ ਪ੍ਰਚਲਿਤ ਹਨ। 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ 'ਪੁਰਾਤਨ ਜਨਮਸਾਖੀ' ਅਜਿਹੇ ਹੀ ਨਾਂ ਹਨ ਜੋ ਭਾਈ ਜੀ ਦੇ ਦਿੱਤੇ ਹੋਏ ਹਨ। ਸ. ਰਤਨ ਸਿੰਘ ਭੰਗੂ ਵਾਲੇ ਗ੍ਰੰਥ ਦਾ ਮੂਲ ਨਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਹੈ, ਪਰ ਭਾਈ ਜੀ ਨੇ ਸੰਪਾਦਨਾ ਵੇਲੇ 'ਪ੍ਰਾਚੀਨ ਸ਼ਬਦ ਆਪਣੇ ਕੋਲੋਂ ਪਾ ਕੇ ਪ੍ਰਾਚੀਨ ਪੰਥ ਪ੍ਰਕਾਸ਼ ਬਣਾ ਦਿੱਤਾ ਅਤੇ ਅੱਜ ਏਹੋ ਨਾਂ ਪ੍ਰਚਲਿਤ ਹੈ।' 'ਪੁਰਾਤਨ ਜਨਮਸਾਖੀ' ਦਾ ਮੂਲ ਨਾਂ 'ਸਾਖੀ ਸ੍ਰੀ ਬਾਬੇ ਨਾਨਕ ਜੀ ਕੀ' ਹੈ ਪਰ ਭਾਈ ਜੀ ਦੇ ਜਨਮ ਸਾਖੀਆਂ ਦੀ ਪੜਚੋਲ ਕਰ ਕੇ ਇਸ ਨੂੰ ਸਭ ਤੋਂ ਵਧੇਰੇ ਪ੍ਰਾਚੀਨ ਜਾਣ ਕੇ ਇਸ ਦਾ ਨਾਂ 'ਪੁਰਾਤਨ ਜਨਮਸਾਖੀ' ਰੱਖ ਦਿੱਤਾ ਅਤੇ ਏਹੋ ਨਾਂ ਪ੍ਰਚਲਿਤ ਹੈ।

ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨਾ ਵੀ ਸ਼ੁਰੂ ਕੀਤਾ ਸੀ ਜਿਸ ਦੀਆਂ ਸੱਤ ਪੋਥੀਆਂ 'ਖਾਲਸਾ ਸਮਾਚਾਰ' ਵੱਲੋਂ ਪ੍ਰਕਾਸ਼ਿਤ ਵੀ ਹੋ ਚੁੱਕੀਆਂ ਸਨ। ਉਮਰ ਨੇ ਭਾਈ ਜੀ ਨਾਲ ਵਫ਼ਾ ਨਾ ਕੀਤੀ ਜਿਸ ਕਰਕੇ ਇਹ ਕੰਮ ਅਧੂਰਾ ਰਹਿ

ਗਿਆ। ਭਾਈ ਵੀਰ ਸਿੰਘ ਜੀ ਦੀ ਗੁਰਬਾਣੀ ਵਿਆਖਿਆ ਪ੍ਰਣਾਲੀ ਨੂੰ ਡਾ. ਤਾਰਨ ਸਿੰਘ ਨੇ 'ਸਿੰਘ ਸਭਾਈ ਪ੍ਰਣਾਲੀ' ਦਾ ਨਾਂ ਦਿੱਤਾ ਹੈ। ਉਨ੍ਹਾਂ ਦੇ ਸ਼ਬਦ ਹਨ, "ਜਿਵੇਂ ਭਾਈ ਵੀਰ ਸਿੰਘ ਜੀ ਦੀ ਰਚਨਾਤਮਕ ਪ੍ਰਤਿਭਾ ਦੁਆਰਾ ਪੰਜਾਬੀ ਸਾਹਿਤ ਨੇ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ ਉਵੇਂ ਉਸ ਪ੍ਰਤਿਭਾ ਦੁਆਰਾ ਗੁਰਬਾਣੀ ਦੀ ਟੀਕਾਕਾਰੀ ਵਿਆਖਿਆਕਾਰੀ ਅਤੇ ਸਿਧਾਂਤ ਨਿਰਣੇ ਨੇ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ। ਜੇ ਭਾਈ ਵੀਰ ਸਿੰਘ ਤੋਂ ਤੁਰੀ ਟੀਕਾਕਾਰੀ ਪਰੰਪਰਾ ਨੂੰ ਕੋਈ ਵਿਸ਼ੇਸ਼ ਨਾਂ ਦੇਣਾ ਹੋਵੇ ਤਾਂ ਇਸ ਨੂੰ 'ਸਿੰਘ ਸਭਾਈ ਪਰੰਪਰਾ' ਕਿਹਾ ਜਾ ਸਕਦਾ ਹੈ।"[੩]

ਸਿੰਘ ਸਭਾ ਦੇ ਆਸ਼ਿਆਂ ਵਿਚ ਪੰਜਾਬੀ ਜ਼ਬਾਨ ਨੂੰ ਤਰੱਕੀ ਦੇਣਾ, ਪ੍ਰਫੁਲਿਤ ਕਰਨਾ ਅਤੇ ਹਰ ਲਿਹਾਜ਼ ਨਾਲ ਸਮੇਂ ਦੀ ਹਾਣੀ ਬਣਾਉਣਾ ਸੀ। ਉਂਜ ਵੀ ਉਨ੍ਹੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਚੱਲੇ ਭਾਸ਼ਾਈ ਵਿਵਾਦਾਂ ਨੇ ਪੰਜਾਬੀ ਨੂੰ ਸਿੱਖਾਂ ਨਾਲ ਜੋੜ ਦਿੱਤਾ ਸੀ। ਸ਼ਾਇਦ ਏਸੇ ਕਰਕੇ ਉਨ੍ਹਾਂ ਨੇ ਆਪਣੇ ਵਿੱਦਿਅਕ ਅਤੇ ਧਾਰਮਿਕ ਮਨੋਰਥਾਂ ਦੀ ਪੂਰਤੀ ਲਈ ਇਸ ਨੂੰ ਅਪਣਾਅ ਲਿਆ ਸੀ। ਸਿੱਖਾਂ ਦੀਆਂ ਧਾਰਮਿਕ ਅਤੇ ਸਭਿਆਚਾਰਕ ਸਰਗਰਮੀਆਂ ਵਿਚ ਪੰਜਾਬੀ ਨੂੰ ਇਕ ਖਾਸ ਥਾਂ ਹਾਸਲ ਹੁੰਦੀ ਗਈ ਅਤੇ ਉਨ੍ਹਾਂ ਵੱਲੋਂ ਜਾਰੀ ਕੀਤੇ ਗਏ ਅਖ਼ਬਾਰਾਂ, ਰਸਾਲਿਆਂ ਵਿਚ ਪੰਜਾਬੀ ਦੇ ਕਾਜ਼ ਨੂੰ ਉਭਾਰਨਾ ਜ਼ਰੂਰੀ ਹੁੰਦਾ ਗਿਆ। ਭਾਈ ਵੀਰ ਸਿੰਘ ਨੇ ਪੰਜਾਬੀ ਪ੍ਰਚਾਰ ਦੇ ਕੰਮ ਨੂੰ ਇਕ ਧਾਰਮਿਕ ਫ਼ਰਜ਼ ਵਜੋਂ ਕਬੂਲਿਆ ਅਤੇ ਪੰਜਾਬੀ ਅਤੇ ਹਿੰਦੀ ਦੀ ਖਿੱਚੋਤਾਣ ਸੰਬੰਧੀ ਜੋ ਚਰਚਾ 'ਖਾਲਸਾ ਸਮਾਚਾਰ' ਵਿਚ ਹੋਈ ਮਿਲਦੀ ਹੈ ਉਹ ਕਿਸੇ ਹੋਰ ਸਮਕਾਲੀ ਅਖ਼ਬਾਰ ਰਸਾਲੇ ਵਿਚ ਮੈਂ ਨਹੀਂ ਵੇਖੀ। ਇਸ ਸਮੇਂ ਪੰਜਾਬੀ ਨੂੰ ਖ਼ਤਰਾ ਹਿੰਦੀ ਤੋਂ ਬਣਿਆ ਹੋਇਆ ਸੀ ਅਤੇ ਇਸ ਵਿਚ ਪੇਸ਼-ਪੇਸ਼ ਆਰੀਆ ਸਮਾਜੀ ਸੱਜਣ ਸਨ ਜਿਨ੍ਹਾਂ ਦੇ ਨੇਤਾ ਲਾਲਾ ਲਾਜਪਤ ਰਾਏ ਸਨ। 'ਖਾਲਸਾ ਸਮਾਚਾਰ' ਵਿਚ ਛਪੇ ਇਕ ਲੰਮੇ ਲੇਖ ਦਾ ਤਾਂ ਨਾਂ ਹੀ 'ਲਾਲਾ ਲਾਜਪਤ ਰਾਏ ਜੀ' ਤੇ ਹਿੰਦੀ ਪੰਜਾਬੀ ਹੈ ਜੋ ਅਕਤੂਬਰ-ਨਵੰਬਰ ੧੯੧੧ ਈ. ਦੇ ਅੰਕਾਂ ਵਿਚ ਪ੍ਰਕਾਸ਼ਿਤ ਹੋਇਆ ਸੀ। ਅਨਮਤੀਆਂ ਨਾਲ ਸੰਵਾਦ ਰਚਾਉਣ ਤੋਂ ਬਿਨਾਂ ਭਾਈ ਵੀਰ ਸਿੰਘ ਨੇ ਜਿਹੜਾ ਹੋਰ ਕੰਮ ਕੀਤਾ, ਉਹ ਸੀ ਪੰਜਾਬੀ ਹਿਤੈਸ਼ੀਆਂ ਵੱਲੋਂ ਲੇਖ ਲਿਖਾ ਕੇ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਕਰਨੇ। ਲਾਲਾ ਬਿਸ਼ਨ ਦਾਸ ਪੁਰੀ ਦਾ ਇਕ ਲੰਮਾ ਲੇਖ "ਪੰਜਾਬੀ ਦਾ ਭੰਡਾਰ ਭਰੋ" ਹੈ, ਜੋ ਉਨ੍ਹਾਂ ਨੇ ਪੰਜਵੀਂ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਵਿਚ ਪੜ੍ਹਿਆ ਸੀ, ਉਹ ਮਗਰੋਂ 'ਖਾਲਸਾ ਸਮਾਚਾਰ' ਵਿਚ ਕਿਸ਼ਤਵਾਰ ਛਪਿਆ। ਪੁਰੀ ਜੀ ਦੇ ਪੰਜਾਬੀ ਦੇ ਹੱਕ ਵਿਚ ਲਿਖੇ ਹੋਰ ਕਈ ਲੇਖ 'ਖਾਲਸਾ ਸਮਾਚਾਰ' ਵਿਚ ਛਪੇ ਹੋਏ ਮਿਲਦੇ ਹਨ।"[੪] ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦੀ ਇੱਛਾ ਪੰਜਾਬੀ ਨੂੰ ਪੰਜਾਬੀਆਂ ਦੇ ਜੀਵਨ ਵਿਹਾਰ ਅਤੇ ਮਾਨਸਿਕਤਾ ਦਾ ਇਕ ਅੰਗ ਬਣਾਉਣਾ ਸੀ ਅਤੇ ਉਨ੍ਹਾਂ ਅਜਿਹਾ ਕਰ ਵੀ ਵਿਖਾਇਆ। ਹੋਰ ਤਾਂ ਹੋਰ ਖਾਲਸਾ ਸਮਾਚਾਰ ਦੇ ਪੰਨਿਆਂ ਉੱਤੇ ਸਾਨੂੰ ਕਈ ਪੁਸਤਕਾਂ ਦੇ ਰਚੇ ਜਾਣ ਦੇ ਕਾਰਨਾਂ ਦਾ ਵੀ ਪਤਾ ਲਗਦਾ ਹੈ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਦੀ 'ਹਮ ਹਿੰਦੂ ਨਹੀਂ' ਅਤੇ ਭਾਈ ਜੋਧ ਸਿੰਘ ਰਚਿਤ 'ਗੁਰੂ ਸਾਹਿਬ ਤੇ ਵੇਦ' ਆਦਿ।

ਸਿੱਟੇ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਨੇ ਸਿੰਘ ਸਭਾ ਦੀਆਂ ਲੋੜਾਂ, ਤਕਾਜ਼ਿਆਂ ਅਤੇ ਉਸ ਦੁਆਰਾ ਨਿਰਧਾਰਿਤ ਟੀਚਿਆਂ ਦੀ ਪੂਰਤੀ ਹਿੱਤ ਆਪਣੀ ਸਾਹਿਤ ਸਿਰਜਣਾ ਕੀਤੀ। ਸਿੱਖ ਧਰਮ ਦੇ ਗੌਰਵਮਈ ਵਿਰਸੇ ਨੂੰ ਨਵੀਨ ਸਾਹਿਤ ਰੂਪਾਂ ਰਾਹੀਂ ਪ੍ਰਚਾਰਿਤ ਕਰਨ ਅਤੇ ਤਤਕਾਲੀਨ ਚੁਣੌਤੀਆਂ ਦੇ ਸਾਹਮਣੇ ਸਿੱਖ ਧਰਮ ਦਾ ਪੱਖ ਮਜ਼ਬੂਤੀ ਨਾਲ ਰੱਖਣ ਵਿਚ ਭਾਈ ਵੀਰ ਸਿੰਘ ਦਾ ਅਹਿਮ ਯੋਗਦਾਨ ਹੈ। ਸਿੰਘ ਸਭਾ ਨਾਲ ਜੁੜੇ ਲੇਖਕਾਂ ਵਿੱਚੋਂ ਆਕਾਰ ਅਤੇ ਪ੍ਰਕਾਰ ਪੱਖੋਂ ਉਹ ਸਭ ਨਾਲੋਂ ਵੱਡਾ ਅਤੇ ਸਮਰੱਥਾਵਾਨ ਲੇਖਕ ਹੈ। ਏਸੇ ਲਈ ਸੰਤ ਸਿੰਘ ਸੇਖੋਂ ਵਰਗੇ ਆਲੋਚਕ ਨੂੰ ਇਹ ਮੰਨਣਾ ਪਿਆ, "ਇਹ ਇਕ ਅਚੰਭੇ ਵਾਲੀ ਗੱਲ ਹੈ ਕਿ ਜਿੱਥੇ ਆਮ ਕਰਕੇ ਕੌਮਾਂ ਦੇ ਕਲਿਆਣ ਅਤੇ ਪੁਨਰ-ਸੁਰਜੀਤੀ ਦੇ ਪ੍ਰਮੁੱਖ ਨੇਤਾ ਹੁੰਦੇ ਹਨ, ਉੱਥੇ ਆਧੁਨਿਕ ਪੰਜਾਬ ਦੇ ਪੁਨਰ-ਜਨਮ ਦਾ ਪ੍ਰਮੁੱਖ ਨੇਤਾ ਇਕ ਕਵੀ ਤੇ ਸਾਹਿਤਕਾਰ ਹੈ ਅਤੇ ਇਹ ਸਾਹਿਤਕਾਰ ਭਾਈ ਵੀਰ ਸਿੰਘ ਹੈ।"[੫] ਇਸ ਲੇਖ ਨੂੰ ਅਸੀਂ ਭਾਈ ਜੋਧ ਸਿੰਘ ਦੇ ਸ਼ਬਦਾਂ ਰਾਹੀਂ ਖਤਮ ਕਰਨੀ ਚਾਹਾਂਗੇ ਜਿਨ੍ਹਾਂ ਵਿਚ ਉਨ੍ਹਾਂ ਲਿਖਿਆ, "ਸਿੰਘ ਸਭਾ ਦੇ ਦੋ ਆਦਰਸ਼ਾਂ, ਨਿਰੋਲ ਗੁਰਮਤਿ ਦਾ ਪ੍ਰਚਾਰ ਅਤੇ ਪੰਜਾਬੀ ਬੋਲੀ ਦੀ ਤਰੱਕੀ ਲਈ ਜਿਤਨਾ ਕੰਮ ਭਾਈ ਵੀਰ ਸਿੰਘ ਨੇ ਕੀਤਾ ਹੈ, ਉਨਾਂ ਸ਼ਾਇਦ ਹੀ ਕਿਸੇ ਇਕ ਲਿਖਾਰੀ ਨੇ ਵੀਹਵੀਂ ਸਦੀ ਵਿਚ ਕੀਤਾ ਹੋਵੇ, ਮੁੱਕਦੀ ਗੱਲ ਇਹ ਹੈ ਕਿ ਸਿੰਘ ਸਭਾ ਲਹਿਰ ਦੇ ਸਾਰੇ ਪੱਖਾਂ ਵਿਚ ਜਿੰਨੀ ਸੇਵਾ ਭਾਈ ਸਾਹਿਬ ਨੇ ਕੀਤੀ ਹੈ, ਉਤਨੀ ਸ਼ਇਦ ਹੀ ਇਕੱਲੇ ਇਕ ਵਿਅਕਤੀ ਨੇ ਕੀਤੀ ਹੋਵੇ।"[੬]

**ਹਵਾਲੇ:**


੧. *ਭਾਈ ਵੀਰ ਸਿੰਘ: ਸਾਹਿਤ ਦਰਸ਼ਨ*, (ਸ. ਪ. ਸਿੰਘ ਅਤੇ ਜਸਬੀਰ ਸਿੰਘ ਸਾਬਰ) ਪੰਨਾ ੯੮

੨. *ਭੂਮਿਕਾ*, ਬਿਜੈ ਸਿੰਘ

੩. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੨੯੪

੪. ਵਧੇਰੇ ਵੇਰਵੇ ਲਈ ਵੇਖੋ, *ਖੋਜ ਦਰਪਣ*, ਅੰਕ ਜਨਵਰੀ ੨੦੦੨ ਪੰਨੇ ੯-੧੭

੫. *ਖੋਜ ਪਤ੍ਰਿਕਾ: ਭਾਈ ਵੀਰ ਸਿੰਘ ਅੰਕ*, ਸਤੰਬਰ ੧੯੭੨

੬. *ਭਾਈ ਵੀਰ ਸਿੰਘ: ਸਾਹਿਤ ਦਰਸ਼ਨ*, ਪੰਨਾ ੩੯ ਅਤੇ ੪੧

# ਸਿੰਘ ਸਭਾ ਲਹਿਰ ਦੇ ਵਿਕਾਸ ਵਿਚ ਗਿਆਨੀ ਗੁਰਦਿੱਤ ਸਿੰਘ ਦਾ ਯੋਗਦਾਨ

*-ਡਾ. ਗੁਰਪ੍ਰੀਤ ਸਿੰਘ**

ਉਨੀਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਦੀ ਨਿਰੰਤਰਤਾ ਨੂੰ ਜਾਰੀ ਰੱਖਣ ਵਾਲਿਆਂ ਵਿਚ ਗਿਆਨੀ ਗੁਰਦਿੱਤ ਸਿੰਘ ਦਾ ਨਾਮ ਪ੍ਰਮੁੱਖ ਹੈ। ਗਿਆਨੀ ਗੁਰਦਿੱਤ ਸਿੰਘ ਦਾ ਜਨਮ ਮਾਲਵੇ ਦੇ ਇਕ ਪਛੜੇ ਹੋਏ ਪਿੰਡ 'ਮਿੱਠੇਵਾਲ' ਰਿਆਸਤ ਮਲੇਰਕੋਟਲਾ (ਹੁਣ ਜ਼ਿਲ੍ਹਾ ਸੰਗਰੂਰ) ਵਿਚ ੨੪ ਫਰਵਰੀ, ੧੯੨੩ ਈ. ਨੂੰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪਿਤਾ ਸ. ਹੀਰਾ ਸਿੰਘ ਦੇ ਘਰ ਹੋਇਆ।[੧] ਸ. ਹੀਰਾ ਸਿੰਘ ਪਿੰਡ ਵਿਚ ਕਿਸਾਨੀ ਕਰਦੇ ਸਨ ਅਤੇ ਇਮਾਰਤਾਂ, ਪੁਲਾਂ ਅਤੇ ਰੇਲਵੇ ਪੱਟੜੀਆਂ ਬਣਾਉਣ ਦੇ ਠੇਕੇਦਾਰ ਵੀ ਸਨ। ਇਨ੍ਹਾਂ ਨੇ ਠੇਕੇਦਾਰੀ ਦਾ ਕੰਮ ਕੋਈ ਬਾਰਾਂ ਕੁ ਸਾਲ ਕੀਤਾ ਸੀ।[੨] ਗਿਆਨੀ ਗੁਰਦਿੱਤ ਸਿੰਘ ਦਾ ਬਚਪਨ ਬਹੁਤ ਹੀ ਹੱਸਦਿਆਂ ਖੇਡਦਿਆਂ ਪਿੰਡ ਵਿਚ ਹੀ ਬੀਤਿਆ। ਆਪ ਜੀ ਪੰਜਾਂ ਭੈਣਾਂ ਦੇ ਇਕਲੌਤੇ ਭਰਾ ਸਨ। ਪਿੰਡ ਵਿਚ ਕੋਈ ਸਕੂਲ ਨਾ ਹੋਣ ਕਾਰਨ ਆਪ ਜੀ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਪਾਸੋਂ ਗੁਰਮੁਖੀ ਸਿੱਖੀ ਅਤੇ ਬਾਣੀ ਦੀ ਸੰਥਿਆ ਪ੍ਰਾਪਤ ਕੀਤੀ।[੩] ਗਿਆਨੀ ਗੁਰਦਿੱਤ ਸਿੰਘ ਅਜੇ ਬਚਪਨ ਵਿਚ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਗਈ ਅਤੇ ਘਰ ਦੀ ਜ਼ਿੰਮੇਵਾਰੀ ਗਿਆਨੀ ਜੀ ਤੇ ਆਣ ਪਈ। ਹੁਣ ਆਪ ਜੀ ਖੇਤੀਬਾੜੀ ਦੇ ਨਾਲ-ਨਾਲ ਨੇੜਲੇ ਪਿੰਡ ਮੰਡੀ ਅਹਿਮਦਗੜ੍ਹ ਜਾ ਕੇ ਅਖ਼ਬਾਰ ਪੜ੍ਹ ਕੇ ਆਪਣੀ ਪੜ੍ਹਾਈ ਦੇ ਸ਼ੌਂਕ ਨੂੰ ਪੂਰਾ ਕਰਦੇ। ਆਪ ਜੀ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨਾ ਚਾਹੁੰਦੇ ਸਨ ਪਰ ਅਜਿਹਾ ਸਮਾਂ ਨਹੀਂ ਮਿਲ ਸਕਿਆ। ਫਿਰ ਵੀ ਆਪ ਜੀ ਉਸ ਵੇਲੇ ਹੋ ਰਹੀਆਂ ਧਾਰਮਿਕ ਬਹਿਸਾਂ ਅਤੇ ਧਾਰਮਿਕ ਵਿਦਵਾਨਾਂ ਨੂੰ ਸੁਣਦੇ ਅਤੇ ਖਾਲਸਾ ਅਖ਼ਬਾਰ ਪੜ੍ਹਦੇ।[੪]

੧੯੪੫ ਈ. ਵਿਚ ਗਿ. ਗੁਰਦਿੱਤ ਸਿੰਘ ਜੀ ਨੇ ਰਸਮੀ ਵਿਦਿਆ ਵਜੋਂ ਲਾਹੌਰ ਯੂਨੀਵਰਸਿਟੀ ਤੋਂ 'ਗਿਆਨੀ' ਦੀ ਡਿਗਰੀ ਪਾਸ ਕੀਤੀ।[੫] ੧੯੪੫ ਈ. ਤਕ ਗਿ. ਗੁਰਦਿੱਤ ਸਿੰਘ ਸਿੰਘ ਸਭਾ ਲਹਿਰ ਦੇ ਇਕ ਪ੍ਰਚਾਰਕ ਤੇ ਲੇਖਕ ਵਾਂਗ ਸਥਾਪਿਤ ਹੋਣ ਵੱਲ ਵਧ ਰਹੇ ਸਨ। ਫਿਰ ਭਾਈ ਰਣਧੀਰ ਸਿੰਘ ਦੇ ਜਤਨਾਂ ਸਦਕਾ ਗਿਆਨੀ ਜੀ ਪਟਿਆਲੇ ਵਿਖੇ ਸ. ਗਿਆਨ ਸਿੰਘ ਰਾੜੇਵਾਲਿਆਂ ਕੋਲ ਚਲੇ ਗਏ ਜੋ ਉਨ੍ਹੀਂ ਦਿਨੀਂ ਪਟਿਆਲਾ ਸਟੇਟ ਦੇ ਪ੍ਰਬੰਧਕ ਸਨ। ਪਟਿਆਲੇ ਜਾ ਕੇ ੧੯੪੭ ਈ. ਵਿਚ ਪੈਪਸੂ ਸਟੇਟ ਪਟਿਆਲਾ ਦਾ ਰੋਜ਼ਾਨਾ ਪੰਜਾਬੀ ਅਖ਼ਬਾਰ 'ਪ੍ਰਕਾਸ਼' ਸ਼ੁਰੂ ਕੀਤਾ। ਮੋਤੀਬਾਗ ਮਹਿਲ ਨੇੜੇ ਇਕ ਪ੍ਰਿੰਟਿੰਗ ਪ੍ਰੈਸ ਸ਼ੁਰੂ ਕੀਤਾ, ਜਿਥੇ ਡਾ. ਗੰਡਾ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਹਾਈ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੯੩.*

ਵਰਗੇ ਵਿਦਵਾਨਾਂ ਦੇ ਬੈਠਣ ਦੀ ਥਾਂ ਬਣੀ।[੬]

ਗਿਆਨੀ ਜੀ ਦੀ ਧਾਰਮਿਕ ਵਿਦਵਤਾ ਨੂੰ ਦੇਖਦੇ ਹੋਏ ਪੈਪਸੂ ਸਰਕਾਰ ਵੱਲੋਂ ੧੯੪੮ ਈ. ਵਿਚ ਆਪ ਨੂੰ ਧਰਮ ਅਰਥ ਬੋਰਡ ਪੈਪਸੂ ਦੇ ਸੈਕਟਰੀ ਲਾਇਆ ਗਿਆ। ਇਸ ਸਮੇਂ ਦੌਰਾਨ ਗਿਆਨੀ ਜੀ ਨੇ 'ਪ੍ਰਕਾਸ਼' ਮੈਗਜ਼ੀਨ ਵਿਚ ਲਿਖਣ ਦੇ ਨਾਲ-ਨਾਲ ੧੯੫੦ ਈ. ਵਿਚ 'ਭਾਵਾਂ ਦੇ ਦੇਸ' ਅਤੇ ੧੯੫੫ ਈ. ਵਿਚ 'ਅਛੋਹ ਸਿਖ਼ਰਾਂ' ਨਾਮ ਦੀਆਂ ਦੋ ਕਵਿਤਾਵਾਂ ਦੀਆਂ ਕਿਤਾਬਾਂ ਲਿਖੀਆਂ।[੭] ਚੰਡੀਗੜ੍ਹ ਸ਼ਹਿਰ ਬਣਨ ਸਮੇਂ ਗਿ. ਗੁਰਦਿੱਤ ਸਿੰਘ ੧੯੫੬ ਈ. ਵਿਚ ਪੰਜਾਬ ਕੌਂਸਲ ਵਿਚ ਪੈਪਸੂ ਅਸੈਂਬਲੀ ਦੇ ਮੈਂਬਰ ਚੁਣੇ ਗਏ ਅਤੇ ੧੯੬੨ ਈ. ਤਕ ਪੂਰੇ ਛੇ ਸਾਲ ਇਸ ਪਦਵੀ 'ਤੇ ਕੰਮ ਕੀਤਾ। ੧੯੫੬ ਈ. ਵਿਚ ਹੀ ਆਪ ਨੇ ਚੰਡੀਗੜ੍ਹ ਵਿਖੇ ਸਾਹਿਤ ਸਭਾ ਬਣਾਈ ਜਿਸ ਦੇ ਆਪ ਪਹਿਲੇ ਪ੍ਰਧਾਨ ਬਣੇ। ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਹੁੰਦਿਆਂ ਆਪ ਨੇ ਪ੍ਰੀਸ਼ਦ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਥਾਪਿਤ ਕਰਨ ਦਾ ਮਤਾ ਪਾਸ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਸਥਾਪਿਤ ਕਰਨ ਵਿਚ ਮੋਹਰੀ ਰੋਲ ਅਦਾ ਕੀਤਾ।[੮] ਇਸ ਸਮੇਂ ਦੋ ਸਾਲ ਗਿਆਨੀ ਜੀ ਨੇ ਪੰਜਾਬ ਵਿਚ ਘੁੰਮ ਫਿਰ ਕੇ ਲੋਕ ਕਹਾਣੀਆਂ ਇਕੱਤਰ ਕੀਤੀਆਂ ਜਿਸ ਦੀਆਂ ਤਿੰਨ ਜਿਲਦਾਂ ਭਾਸ਼ਾ ਵਿਭਾਗ ਨੇ ਛਾਪੀਆਂ ਸਨ। ਇਸ ਸਮੇਂ ਹੀ ਗਿਆਨੀ ਜੀ 'ਮੇਰਾ ਪਿੰਡ' ਕਿਤਾਬ ਲਿਖ ਰਹੇ ਸਨ ਜੋ ੧੯੬੧ ਈ. ਵਿਚ ਪਹਿਲੀ ਵਾਰ ਛਪੀ ਤਾਂ ਪੰਜਾਬ ਵਾਹ ਵਾਹ ਕਰ ਉਠਿਆ। ਕੋਈ ਆਖੇ ਇਹ ਪੰਜਾਬ ਦਾ 'ਗ੍ਰਾਮ ਵੇਦ' ਹੈ, ਕੋਈ ਕਹੇ, ਇਹ ਪੰਜਾਬੀ ਸਾਹਿਤ ਦਾ 'ਮੇਰਾ ਦਾਗਿਸਤਾਨ' ਹੈ ਤੇ ਕਿਸੇ ਲਈ ਇਹ ਪੁਸਤਕ ਅਲੋਪ ਹੁੰਦੇ ਜਾ ਰਹੇ ਪੰਜਾਬ ਦਾ ਇਕ ਸੰਜੀਵ ਅਜਾਇਬ ਘਰ ਹੈ।[੯] ਇਸ ਕਿਤਾਬ ਬਾਰੇ ਦਿਲਚਸਪ ਗੱਲ ਇਹ ਹੈ ਕਿ ੧੯੬੦ ਈ. ਵਿਚ ਇਸ ਪੁਸਤਕ ਦਾ ਖਰੜਾ ਅਜੇ ਅਧੂਰਾ ਹੀ ਸੀ ਤੇ 'ਤਿਥ ਤਿਉਹਾਰ' ਨਾਮ ਹੇਠ ਛਪ ਰਿਹਾ ਸੀ ਤਾਂ ਇਸ ਨੂੰ ਯੂਨੈਸਕੋ ਦਾ ਪੁਰਸਕਾਰ ਮਿਲ ਗਿਆ ਸੀ।[੧੦]

ਗਿਆਨੀ ਗੁਰਦਿੱਤ ਸਿੰਘ ਜੀ ਨੇ ਸਾਹਿਤ ਰਚਨਾ ਦਾ ਕਾਰਜ ਕੀਤਾ ਉੱਥੇ ਹੀ ਉਨ੍ਹਾਂ ਦਾ ਇਤਿਹਾਸਿਕ ਕਾਰਜ ਸਿੰਘ ਸਭਾ ਲਹਿਰ ਵਿਚ ਨਵੀਂ ਰੂਹ ਪਾਉਣ ਦਾ ਹੈ। ਸਿੰਘ ਸਭਾ ਲਹਿਰ ੧੮੭੩ ਈ. ਵਿਚ ਸ਼ੁਰੂ ਹੋਈ ਸੀ। ਇਸ ਲਹਿਰ ਨੇ ਆਪਣੇ ਸਮੇਂ ਵਿਚ ਸਿੱਖਾਂ ਅੰਦਰ ਧਾਰਮਿਕ ਪੁਨਰ-ਜਾਗਰਤੀ ਲਿਆ ਕੇ ਸਿੱਖ ਜੀਵਨ-ਜਾਚ ਅਤੇ ਰਹਿਤ ਮਰਯਾਦਾ ਨੂੰ ਨਵੇਂ ਸਿਰਿਉਂ ਪਰਿਭਾਸ਼ਤ ਕੀਤਾ ਸੀ। ਸਿੰਘ ਸਭਾ ਲਹਿਰ ਵਿੱਚੋਂ ਪੈਦਾ ਹੋਈ ਜਾਗਰਿਤੀ ਵਿੱਚੋਂ ਹੀ ਅਕਾਲੀ ਲਹਿਰ ਉਤਪੰਨ ਹੋਈ ਅਤੇ ਸਿੰਘ ਸਭਾ ਲਹਿਰ ਵਿੱਚੋਂ ਪੈਦਾ ਹੋਏ ਪ੍ਰਚਾਰਕਾਂ ਨੇ ਅਕਾਲੀ ਲਹਿਰ ਨੂੰ ਜਿੱਥੇ ਮਜ਼ਬੂਤ ਕੀਤਾ ਉੱਥੇ ਵੀਹਵੀਂ ਸਦੀ ਦੇ ਤੀਜੇ, ਚੌਥੇ, ਪੰਜਵੇਂ ਦਹਾਕਿਆਂ ਵਿਚ ਸਿੱਖ ਮਿਸ਼ਨਰੀ ਪ੍ਰਚਾਰਕ ਤਿਆਰ ਕੀਤੇ।

੧੯੪੭ ਈ. ਦੀ ਪੰਜਾਬ ਵੰਡ ਤੋਂ ਬਾਅਦ ਸਿੱਖਾਂ ਦੇ ਬਹੁਤ ਸਾਰੇ ਪ੍ਰਚਾਰ ਕੇਂਦਰ ਅਤੇ ਗੁਰਧਾਮ ਪਾਕਿਸਤਾਨ ਰਹਿ ਗਏ। ਆਧੁਨਿਕਤਾ ਦੇ ਆ ਰਹੇ ਨਵੇਂ ਰੂਪਾਂ ਤੇ ਫੈਸ਼ਨਪ੍ਰਸਤੀ ਆਉਣ ਕਾਰਨ ਸਿੱਖਾਂ ਅੰਦਰ ਕੁਝ ਢਿਲਿਆਈ ਆਉਣ ਲੱਗੀ। ਇਸ

ਢਿਲਿਆਈ ਨੂੰ ਦੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਨੇ ਫ਼ੈਸਲਾ ਕੀਤਾ ਕਿ ੧੯੭੩ ਈ. ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਬਣਾਈ ਜਾਵੇ। ਸਿੰਘ ਸਭਾ ਕਮੇਟੀ ਦੀ ਪਹਿਲੀ ਮੀਟਿੰਗ ੨੩-੩-੧੯੭੩ ਈ. ਦਿਨ ਸ਼ੁਕਰਵਾਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ ਮੋਹਨ ਸਿੰਘ ਤੁੜ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਜਥੇਦਾਰ ਗੁਰਚਰਨ ਸਿੰਘ ਟੌਹੜਾ (ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ. ਹੁਕਮ ਸਿੰਘ, ਗਿਆਨੀ ਗੁਰਦਿੱਤ ਸਿੰਘ ਅਤੇ ਬਾਬਾ ਗੁਰਮੁਖ ਸਿੰਘ ਪਟਿਆਲੇ ਵਾਲੇ ਆਦਿਕ ਸ਼ਾਮਿਲ ਹੋਏ। ਫ਼ੈਸਲੇ ਅਨੁਸਾਰ ਸ. ਹੁਕਮ ਸਿੰਘ ਸਾਬਕਾ ਗਵਰਨਰ ਰਾਜਸਥਾਨ ਅਤੇ ਸਪੀਕਰ ਪਾਰਲੀਮੈਂਟ ਨੂੰ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਪ੍ਰਧਾਨ ਅਤੇ ਗਿਆਨੀ ਗੁਰਦਿੱਤ ਸਿੰਘ ਜੀ ਨੂੰ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ।[੧੧] ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਪ੍ਰੋਗਰਾਮਾਂ ਅਤੇ ਕਾਰਵਾਈਆਂ ਨੂੰ ਸੰਗਤ ਤਕ ਪਹੁੰਚਾਉਣ ਲਈ ਇਕ ਮਾਸਿਕ ਪੱਤਰ 'ਸਿੰਘ ਸਭਾ ਪੱਤ੍ਰਿਕਾ' ਜਾਰੀ ਕਰਨ ਦਾ ਨਿਰਣਾ ਲਿਆ ਗਿਆ। ਇਸ ਪੱਤਰ ਨੂੰ ਪ੍ਰਕਾਸ਼ਿਤ ਕਰਨ ਦੀ ਜ਼ਿੰਮੇਵਾਰੀ ਗਿਆਨੀ ਗੁਰਦਿੱਤ ਸਿੰਘ ਨੇ ਨਿਭਾਈ। ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ੪ ਸਤੰਬਰ, ੧੯੦੧ ਈ. ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ 'ਸਿੰਘ ਸਭਾ ਪਤ੍ਰਿਕਾ' ਦਾ ਪਹਿਲਾ ਅੰਕ ਸਤੰਬਰ ੧੯੭੩ ਈ. ਨੂੰ ਜਾਰੀ ਕੀਤਾ ਗਿਆ। ਪਤ੍ਰਿਕਾ ਦੇ ਟਾਈਟਲ ਸਫ਼ੇ 'ਤੇ ਸਿੰਘ ਸਭਾ ਲਹਿਰ ਦੇ ਬਾਨੀ ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਭਾਈ ਜਵਾਹਰ ਸਿੰਘ ਦੀਆਂ ਫ਼ੋਟੋਆਂ ਛਾਪੀਆਂ ਗਈਆਂ ਸਨ।[੧੨] ਸਤੰਬਰ ੧੯੭੩ ਦੇ ਇਸ ਅੰਕ ਵਿਚ 'ਸਿੰਘ ਸਭਾ ਲਹਿਰ ਦਾ ਉਦਯ' 'ਸ਼ਤਾਬਦੀ ਕਮੇਟੀ ਦੇ ਮਨੋਰਥ', 'ਭਾਈ ਦਿੱਤ ਸਿੰਘ ਦੀ ਹਸਤੀ', 'ਸਿੰਘ ਸਭਾ ਲਹਿਰ ਦਾ ਪਿਛੋਕੜ' ਆਦਿਕ ਪਰਚੇ ਛਪੇ ਸਨ।[੧੩] ੧੯੭੪ ਦਾ ਦੰਭ ਵਿਦਾਰਨ ਅੰਕ ਪਰਚਾ ਨੰ. ਚਾਰ ਕੱਢਿਆ ਗਿਆ ਸੀ ਜਿਸ ਵਿਚ ਸਤਿਆਰਥ ਪ੍ਰਕਾਸ਼ ਦੇ ਕੁਸੱਤ ਨੂੰ ਉਜਾਗਰ ਕੀਤਾ ਗਿਆ ਅਤੇ ਪਾਖੰਡਵਾਦ ਵਿਰੁੱਧ ਕਈ ਪਰਚੇ ਇਸ ਅੰਕ ਵਿਚ ਸ਼ਾਮਲ ਕੀਤੇ ਗਏ।[੧੪]

ਇਸ ਤਰ੍ਹਾਂ 'ਸਿੰਘ ਸਭਾ ਪਤ੍ਰਿਕਾ' ਨੇ ਸਿੰਘ ਸਭਾ ਲਹਿਰ ਨੂੰ ਪੁਨਰ-ਸੁਰਜੀਤ ਕਰ ਦਿੱਤਾ। ਗਿਆਨੀ ਗੁਰਦਿੱਤ ਸਿੰਘ ਨੇ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਨੂੰ ਸਥਾਈ ਰੂਪ ਵਿਚ ਰੱਖਣ ਦਾ ਨਿਰਣਾ ਲੈਂਦੇ ਹੋਏ ਇਸ ਸੰਸਥਾ ਦਾ ਨਾਮ 'ਕੇਂਦਰੀ ਸ੍ਰੀ ਗੁਰੂ ਸਿੰਘ ਸਭਾ' ਰੱਖ ਦਿੱਤਾ ਗਿਆ। ਇਸ ਤਰ੍ਹਾਂ ਗਿਆਨੀ ਗੁਰਦਿੱਤ ਸਿੰਘ ਨੇ ਇਨ੍ਹਾਂ ਸਾਲਾਂ ਵਿਚ ਸਿੰਘ ਸਭਾ ਲਹਿਰ ਦੀ ਪੁਨਰ-ਉਸਾਰੀ ਲਈ ਕਈ ਸੈਮੀਨਾਰ/ ਸਮਾਗਮ ਅਤੇ ਸਿੰਘ ਸਭਾ ਪੱਤ੍ਰਿਕਾ ਦੇ ਕਈ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ। ਗਿਆਨੀ ਗੁਰਦਿੱਤ ਸਿੰਘ ਨੇ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਹਸਤੀਆਂ ਅਤੇ ਵਿਦਵਾਨਾਂ ਦੀਆਂ ਜੀਵਨੀਆਂ ਵੀ ਲਿਖੀਆਂ। ਇਨ੍ਹਾਂ ਜੀਵਨੀਆਂ ਵਿਚ ਭਾਈ ਰਣਧੀਰ ਸਿੰਘ ਦੀ ਜੀਵਨੀ 'ਜੀਵਨੀ ਝਲਕਾ' ਹੈ ਜੋ ੧੯੪੭ ਵਿਚ ਸੂਰਾ' ਮਾਸਕ ਪੱਤਰ ਅੰਮ੍ਰਿਤਸਰ ਵਿਚ ਛਪੀ ਸੀ। ਇਸ

ਤੋਂ ਇਲਾਵਾ ਗਿਆਨੀ ਦਿੱਤ ਸਿੰਘ, ਅਕਾਲੀ ਕੌਰ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਸ. ਹੁਕਮ ਸਿੰਘ, ਭਾਈ ਅਰਦਮਨ ਸਿੰਘ ਬਾਗੜੀਆ ਆਦਿਕ ਦੀਆਂ ਜੀਵਨੀਆਂ ਵੀ ਲਿਖੀਆਂ ਸਨ।[੧੫]

ਗਿਆਨੀ ਗੁਰਦਿੱਤ ਸਿੰਘ ਦੀ ਚੰਗੇਰੀ ਸੂਝ ਸਦਕਾ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਪਹਿਲੀ ਵਾਰ ਸ੍ਰੀ ਅੰਮ੍ਰਿਤਸਰ ਵਿਖੇ ੨੩ ਅਗਸਤ, ੧੯੭੯ ਤੋਂ ੧੫ ਸਤੰਬਰ, ੧੯੭੯ ਤਕ ਪਾਠ-ਬੋਧ ਸਮਾਗਮ ਅਰੰਭ ਕਰਵਾ ਕੇ ਇਸ ਦੀ ਅਗਲੀ ਲੜੀ ਵਜੋਂ ਲੁਧਿਆਣੇ, ਬੰਬਈ ਅਤੇ ਗੁਰੂ ਕਾਸ਼ੀ ਦਮਦਮਾ ਸਾਹਿਬ ਵਿਖੇ ਵੀ ਪਾਠ ਬੋਧ ਸਮਾਗਮ ਆਯੋਜਿਤ ਕੀਤੇ ਸਨ।[੧੬] ਇਨ੍ਹਾਂ ਪਾਠ ਬੋਧ ਸਮਾਗਮਾਂ ਦੀ ਘਾਲਣਾ ਸਦਕਾ ਗਿਆਨੀ ਜੀ ਨੇ ਪਾਠ ਸ਼ੁਧ ਕਰਨ ਦੀ ਪਿੱਛੋਂ ਚਲੀ ਆ ਰਹੀ ਰੀਤ ਦੇ ਆਧਾਰ 'ਤੇ ਇਕ ਪੁਸਤਕ 'ਪਾਠ ਬੋਧ ਗ੍ਰੰਥਾਵਲੀ' ਛਪਵਾਈ ਸੀ।[੧੭] ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਅਧਿਐਨ ਵਿਚ ਗੁਜ਼ਾਰੀ। ਉਨ੍ਹਾਂ ਭੱਟ ਸਾਹਿਬਾਨ ਬਾਰੇ, ਭੱਟ ਸਾਹਿਬਾਨ ਦੀ ਬਾਣੀ ਬਾਰੇ ਅਤੇ ਭਗਤ ਸਾਹਿਬਾਨ ਦੀ ਬਾਣੀ ਬਾਰੇ ਖੋਜ ਭਰਪੂਰ ਕਿਤਾਬਾਂ ਲਿਖੀਆਂ।

ਗਿਆਨੀ ਗੁਰਦਿੱਤ ਸਿੰਘ ਜੀ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ੧੯੭੦ ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗਿਆਨੀ ਜੀ ਨੂੰ ਗੁਰਬਾਣੀ ਦੀ ਖੋਜ ਲਈ ਆਨਰੇਰੀ ਫੈਲੋਸ਼ਿਪ ਦਿੱਤੀ। ਆਪ ਜੀ ਨੇ ਇਸ ਪਦ 'ਤੇ ਤਿੰਨ ਸਾਲ ਕੰਮ ਕੀਤਾ।[੧੮] ਗਿਆਨੀ ਜੀ ਨੂੰ ਸਿੱਖ ਧਰਮ ਦੇ ਪ੍ਰਾਚੀਨ ਗ੍ਰੰਥਾਂ ਦੀ ਖੋਜ ਅਤੇ ਬਹੁ-ਪੱਖੀ ਪੰਥਕ ਸੇਵਾ ਨੂੰ ਮੁੱਖ ਰੱਖਦਿਆਂ ੨੪ ਫਰਵਰੀ, ੧੯੯੧ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ 'ਗੁਰਮਤਿ ਅਚਾਰੀਯ' ਪਦਵੀ ਨਾਲ ਸਨਮਾਨਿਤ ਕੀਤਾ ਗਿਆ।[੧੯] ਗਿਆਨੀ ਗੁਰਦਿੱਤ ਸਿੰਘ ਦੁਆਰਾ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ੨੦੦੬' ਨਾਲ ਸਨਮਾਨਿਤ ਕੀਤਾ ਗਿਆ।[੨੦]

ਗਿਆਨੀ ਗੁਰਦਿੱਤ ਸਿੰਘ ਜੀ ਚੁਰਾਸੀ ਸਾਲ ਦੀ ਉਮਰ ਤਕ ਲਗਾਤਾਰ ਸਿਰੜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ ਦੀ ਖੋਜ ਵਿਚ ਜੁੜੇ ਰਹੇ। ਆਖਰ ੧੭ ਜਨਵਰੀ, ੨੦੦੭ ਈ. ਨੂੰ ਗਿਆਨੀ ਗੁਰਦਿੱਤ ਸਿੰਘ ਜੀ ਅਕਾਲ ਚਲਾਣਾ ਕਰ ਗਏ।

**ਹਵਾਲੇ:**


੧. ਡਾ. ਨਾਹਰ ਸਿੰਘ, '*ਦੇਸੀ ਗਿਆਨ ਪਰੰਪਰਾ ਦਾ ਮਾਣ*', ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, ੨੦੦੮, ਪੰਨਾ ੫੧.

੨. Roopinder Singh, '*Gurmat Achrya Sahit Shiromani Giani Gurdit Singh*', ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, p. 176

੩. ਉਹੀ.

੪. ਉਹੀ, ਪੰਨੇ ੧੭੮-੧੭੯.

੫. ਡਾ. ਨਾਹਰ ਸਿੰਘ, '*ਦੇਸੀ ਗਿਆਨ ਪਰੰਪਰਾ ਦਾ ਮਾਣ*', ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, ਪੰਨਾ

੫੧.
੬. Roopinder Singh,' *Gurmat Achrya Sahit Shiromani Giani Gurdit Singh'*, ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, p. 180
੭. ਉਹੀ, ਪੰਨੇ ੧੮੦-੧੮੧.
੮. ਨਿਰੰਜਨ ਸਿੰਘ ਸਾਥੀ, '*ਸਾਹਿਤ ਅਤੇ ਗੁਰਮਤਿ ਦਾ ਸੰਗਮ'*, ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, ਪੰਨਾ ੨੩.
੯. ਉਹੀ, ਪੰਨਾ ੨੧.
੧੦. ਉਹੀ.
੧੧. ਸੁਖਦੇਵ ਸਿੰਘ ਲਾਜ, '*ਅਜੋਕੇ ਸਮੇਂ ਦੇ ਗਿਆਨੀ ਦਿੱਤ ਸਿੰਘ'*, ਗਿਆਨੀ ਗੁਰਦਿਤ ਸਿੰਘ ੧੯੨੩-੨੦੦੭, ਪੰਨਾ ੪੩.
੧੨. ਉਹੀ, ਪੰਨੇ ੪੩-੪੪.
੧੩. *ਸਿੰਘ ਸਭਾ ਪਤ੍ਰਿਕਾ*, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਫਰਵਰੀ ੧੯੭੪, ਪੰਨਾ ੪.
੧੪. *ਸਿੰਘ ਸਭਾ ਪਤ੍ਰਿਕਾ*, (ਸੰਪਾ.), ਗਿਆਨੀ ਗੁਰਦਿਤ ਸਿੰਘ, ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਸਤੰਬਰ ੧੯੭੩, ਪੰਨਾ ੧.
੧੫. ਭੁਪਿੰਦਰ ਸਿੰਘ ਖਹਿਰਾ, '*ਸਰਬਪੱਖੀ ਸ਼ਖ਼ਸੀਅਤ'*, ਗਿਆਨੀ ਗੁਰਦਿਤ ਸਿੰਘ ੧੯੨੩-੨੦੦੭, ਪੰਨਾ ੪੦.
੧੬. ਗਿਆਨੀ ਜੋਗਿੰਦਰ ਸਿੰਘ, '*ਪੇਂਡੂ ਜੀਵਨ ਦੇ ਚਿਤੇਰੇ ਅਤੇ ਗੁਰਬਾਣੀ ਖੋਜਕਾਰ'*, ਗਿਆਨੀ ਗੁਰਦਿਤ ਸਿੰਘ ੧੯੨੩-੨੦੦੭, ਪੰਨੇ ੧੪-੧੫.
੧੭. ਮੋਹਨ ਸਿੰਘ ਗਾਰਡ, '*ਗੁਰਮਤਿ ਅਚਾਰੀਯ'*, ਗਿਆਨੀ ਗੁਰਦਿੱਤ ਸਿੰਘ ੧੯੨੩-੨੦੦੭, ਪੰਨਾ ੩੨.
੧੮. ਉਹੀ, ਪੰਨਾ ੩੧.
੧੯. ਉਹੀ, ਪੰਨਾ ੨੫.
੨੦. ਉਹੀ, ਪੰਨਾ ੩੧.

■

## ਗੁਰਦੁਆਰਾ ਅੱਚਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁਜੀ ਰਿਪੋਰਟ ਅਨੁਸਾਰ ੨੨ ਜੁਲਾਈ, ੨੦੨੩ ਨੂੰ ਗੁਰਦੁਆਰਾ ਅੱਚਲ ਸਾਹਿਬ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੧੧੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਕੀ ਹਿੰਦੂ ਪਹਿਲੇ ਪੰਜ ਪਿਆਰੇ ਸਨ?

*-ਸ. ਗੁਰਚਰਨਜੀਤ ਸਿੰਘ ਲਾਂਬਾ**

ਉਨੀਵੀਂ ਸਦੀ ਵਿਚ ਜਦ ਸ਼ਰਧਾ ਰਾਮ ਫ਼ਿਲੌਰੀ ਅਤੇ ਦਯਾ ਨੰਦ ਵਰਗੇ ਸਰਕਾਰੀ ਪਿੱਠੂ ਤੇ ਕੱਟੜਵਾਦੀ ਸਿੱਖ ਪੰਥ ਦੀ ਨਿਆਰੀ ਹੋਂਦ ਹਸਤੀ ਨੂੰ ਸਨਾਤਨੀ ਰੰਗਤ ਦੇ ਕੇ ਧੁੰਦਲਾ ਕਰਨ ਦੇ ਆਹਰ ਵਿਚ ਲੱਗੇ ਹੋਏ ਸਨ ਤਾਂ ਸਾਡੇ ਪੁਰਖਿਆਂ ਨੇ ਸਿੰਘ ਸਭਾ ਦੀ ਸਥਾਪਨਾ ਕਰਕੇ ਇਨ੍ਹਾਂ ਪੰਥ ਵਿਰੋਧੀ ਚਾਲਾਂ ਨੂੰ ਨਾਕਾਮ ਕੀਤਾ। ਸਿੰਘ ਸਭਾ ਦੀ ਦੇਣ ਵਿਦਵਾਨ ਚਿੰਤਕਾਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਨੂੰ 'ਹਮ ਹਿੰਦੂ ਨਹੀਂ' ਕਿਤਾਬ ਲਿਖਣੀ ਪਈ । ਇਕ ਸੌ ਪੰਜਾਹ ਸਾਲ ਬੀਤ ਜਾਣ ਦੇ ਬਾਵਜੂਦ ਅੱਜ ਵੀ ਸਾਡੇ ਸਮਾਜ ਅੰਦਰ ਸਿੱਖੀ ਦੇ ਭੇਖ ਵਿਚ ਸ਼ਰਧਾ ਰਾਮ ਫ਼ਿਲੌਰੀ ਅਤੇ ਦਯਾ ਨੰਦ ਦੀ ਬਿਰਤੀ ਵਾਲੇ ਮੌਜੂਦ ਹਨ ਜੋ ਸਰਕਾਰੀ ਸ਼ਹਿ ਤੇ ਸਿੱਖੀ ਦੀ ਨਿਆਰੀ ਹੋਂਦ ਨੂੰ ਧੁੰਦਲਾ ਕਰਨ ਦੇ ਯਤਨ ਕਰ ਰਹੇ ਹਨ। ਸ. ਗੁਰਚਰਨਜੀਤ ਸਿੰਘ ਲਾਂਬਾ ਦਾ ਲਿਖਿਆ ਇਹ ਲੇਖ ਸਿੰਘ ਸਭਾ ਮਿਸ਼ਨ ਦੀ ਹੀ ਇਕ ਕੜੀ ਹੈ। ਅੱਜ ਪੰਥ ਵਿਰੋਧੀ ਲਿਖਤਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਸੁਹਿਰਦ ਸਿੱਖ ਵਿਦਵਾਨਾਂ ਨੂੰ ਆਪਣੀਆਂ ਤਿੱਖੀਆਂ ਕਲਮਾਂ ਤਿਆਰ ਰੱਖਣ ਦੀ ਲੋੜ ਹੈ।

-ਸੰਪਾਦਕ

"ਪਾਂਚ ਹਿੰਦੂ ਹੀ ਪਹਲੇ 'ਪੰਜ ਪਿਆਰੇ' ਸਜੇ ਥੇ। " ਇਸ ਸਿਰਲੇਖ ਵਾਲਾ ਇਕ ਬਹੁਤ ਹੀ ਵਿਵਾਦਤ ਅਤੇ ਅਣਲੋੜੀਂਦਾ ਲੇਖ ਸ. ਤਰਲੋਚਨ ਸਿੰਘ ਜੀ ਦੇ ਨਾਮ ਹੇਠ ਵੱਡੀ ਗਿਣਤੀ ਵਿਚ ਗਸ਼ਤ ਕਰ ਰਿਹਾ ਹੈ। ਇਸ ਨੇ ਪੰਥਕ ਹਲਕਿਆਂ ਵਿਚ ਹਲਚਲ ਪੈਦਾ ਕੀਤੀ ਹੈ। ਪਰ ਧਾਰਮਿਕ ਅਤੇ ਇਤਿਹਾਸਕ ਪੱਖੋਂ ਇਹ ਸਰਾਸਰ ਬੇ-ਬੁਨਿਆਦ ਅਤੇ ਗ਼ਲਤ ਲੇਖ ਹੈ। ਇਹ ਕਿਉਂ ਅਤੇ ਕਿਸ ਮਕਸਦ ਨਾਲ ਲਿਖਿਆ ਜਾਂ ਲਿਖਵਾਇਆ ਗਿਆ ਹੈ ਕਿਹਾ ਨਹੀਂ ਜਾ ਸਕਦਾ। ਪਰ ਜੇਕਰ ਇਸ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਇਹ ਭਵਿੱਖ ਵਿਚ ਕਈ ਭਰਮ ਭੁਲੇਖੇ ਪੈਦਾ ਕਰਨ ਦਾ ਕਾਰਨ ਬਣ ਸਕਦਾ ਹੈ, ਕਿਉਂ ਕਿ ਕਿਸੇ ਸਿੱਖ ਵਲੋਂ ਲਿਖਿਆ ਅਤੇ ਪ੍ਰਸਾਰਿਆ ਗਿਆ ਹੈ। ਇਸ ਵਿਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਕਈ ਮਨਘੜਤ ਗੱਲਾਂ ਅੰਕਤ ਕਰ ਕੇ ਨਵਾਂ ਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲਈ ਇਸ ਦੀ ਵਿਚਾਰ ਜ਼ਰੂਰੀ ਹੈ ਤਾਂ ਕਿ ਸਹੀ ਤੱਥ ਪੇਸ਼ ਕੀਤੇ ਜਾ ਸਕਣ ।

ਸਿੱਖ ਪੰਥ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਇਸ ਕਰਿਸ਼ਮੇ

**New Jersey. USA. Mo: +1 9736990950 Email:santsipahi@gmail.com www.Santsipahi.org*

ਨੂੰ ਭਾਈ ਗੁਰਦਾਸ ਜੀ ਨੇ *ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।* (ਵਾਰ ੧/੪੫) ਕਹਿ ਕੇ ਦਰਸਾਇਆ ਹੈ।

ਉਪਰੰਤ ਨੌਂ ਗੁਰੂ ਸਾਹਿਬਾਨ ਨੇ ਇਸ ਮਹਿਲ ਨੂੰ ਸੁਦ੍ਰਿੜ ਕੀਤਾ। ਫਿਰ ਸੰਮਤ ੧੭੫੬ ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਇਸ ਨੂੰ ਸੰਪੂਰਨ ਕੀਤਾ ਅਤੇ ਇਸ ਤਰ੍ਹਾਂ ਗੁਰੂ ਪੰਥ ਵਿਚ ਤਬਦੀਲ ਕਰ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਹੀ ਸਿੱਖ ਅਤੇ ਸਿੱਖੀ ਪੂਰੀ ਤਰ੍ਹਾਂ ਸੁਦ੍ਰਿੜ੍ਹ ਅਤੇ ਸੰਸਥਾਗਤ ਹੋ ਚੁਕੇ ਸਨ। ਹੁਣ ਜੇਕਰ ਹਿੰਦੂਆਂ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੰਜ ਪਿਆਰੇ ਸਾਜਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ੧੬੯੯ ਈ. ਦੀ ਵੈਸਾਖੀ ਤਕ ਗੁਰੂ ਕਾਲ ਦੀ ਘਾਲਣਾ ਨਾਲ ਤਿਆਰ ਕੀਤੇ ਸਿੱਖ ਕਿੱਥੇ ਸਨ? ਇਸ ਲੇਖ ਮੁਤਾਬਿਕ ਤਾਂ ੧੪੬੯ ਈ. ਤੋਂ ੧੬੯੯ ਤਕ ਦੀ ਸਾਰੀ ਘਾਲਣਾ ਹੀ ਅਲੋਪ ਕਰ ਦਿੱਤੀ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੂੰ ਸੀਸ ਭੇਟ ਕਰਨ ਵਾਲੇ ਮਹਾਨ ਸੂਰਬੀਰ ਪੰਜ ਪਿਆਰੇ ਗੁਰੂ ਕੇ ਅਨਿੰਨ ਸਿੱਖ ਸਨ। ਉਹਨਾਂ ਨੂੰ ਹਿੰਦੂ ਕਹਿਣਾ ਮਹਾਨ ਯੋਧਿਆਂ ਨੂੰ ਸਿੱਖੀ ਤੋਂ ਮਹਿਰੂਮ ਕਰਨਾ ਅਤੇ ਬਹੁਤ ਵੱਡੀ ਧਾਰਮਿਕ ਅਵੱਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਪਹਿਲੇ ਜਾਮੇ ਵਿਚ ਹੀ ਸਿੱਖ ਬਣਨ ਲਈ ਸ਼ਰਤ ਰੱਖ ਦਿੱਤੀ ਸੀ,

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)

ਇਸ ਤਰ੍ਹਾਂ ਜਿਹੜੇ ਵੀ ਗੁਰੂ ਸਾਹਿਬ ਦੇ ਮਾਰਗ 'ਤੇ ਆਏ ਉਹ ਗੁਰੂ ਕੇ ਸਿੱਖ ਸਨ ਅਤੇ ਉਹਨਾਂ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ:

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।*
*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।(ਵਾਰ ੧:੨੩)*

ਬਿਲਕੁਲ ਇਸੇ ਤਰਜ਼ 'ਤੇ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਚਨ ਨੂੰ ਨੰਗੀ ਸ੍ਰੀ ਸਾਹਿਬ ਲੈ ਕੇ ਸਿੱਖਾਂ ਦੇ ਸਿਰ ਦੀ ਮੰਗ ਕੀਤੀ ਸੀ ਕਿ ਜੋ ਵੀ ਇਸ ਪ੍ਰੇਮ ਦੇ ਮਾਰਗ 'ਤੇ ਤੁਰਨਾ ਚਾਹੁੰਦੇ ਹਨ, ਜੋ ਵੀ ਪਿਆਰੇ ਅਖਵਾਉਣਾ ਚਾਹੁੰਦੇ ਹਨ ਉਹ ਆਪਣਾ ਸੀਸ ਭੇਟ ਕਰਨ। ਇਸ ਤਰ੍ਹਾਂ ਚਰਣਾਂਮ੍ਰਿਤ ਤੋਂ ਖੰਡੇ ਦੀ ਪਾਹੁਲ ਦਾ ਸਫ਼ਰ ਤੈਅ ਪਾਇਆ ਗਿਆ।

ਇੱਥੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਸੀ ਅਤੇ ਸਿੱਖ ਸੰਗਤਾਂ ਹੀ ਜੁੜੀਆਂ ਸਨ।

*ਦੋਹਰਾ- ਭਯੋ ਮੇਲ ਜਬਿ ਅਨੰਪੁਰਿ ਚਹੁਦਿਸ਼ਿ ਤੇ ਸਿਖ ਆਇ॥*
*ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ॥੧॥*

*(ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ ੩, ਅਧਿਆਇ ੧੭)*

ਇਸ ਮੁਕਾਮ ਤਕ ਪਹੁੰਚਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਥਾਂ ਥਾਂ ਧਰਮ ਸਾਲਾ ਅਤੇ ਸੰਗਤਾਂ ਕਾਇਮ ਕੀਤੀਆਂ। ਜਿਵੇਂ ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ ਆਦਿ ਅਤੇ ਇਹ ਸਿਲਸਿਲਾ ਬਾਅਦ ਵਿਚ ਵੀ ਗੁਰੂ ਕਾਲ ਵਿਚ ਜਾਰੀ ਰਿਹਾ। ਇਹਨਾਂ ਸੰਗਤਾਂ ਨੂੰ ਪੱਕੇ ਤੌਰ ਤੇ ਧੁਰੇ ਨਾਲ ਜੋੜਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਥਾਪੇ।

ਗੁਰੂ ਸਾਹਿਬ ਦੇ ਮਾਰਗ ਨੂੰ ਅਪਨਾਉਣ ਵਾਲੇ ਸਿੱਖ ਅਖਵਾਏ। ਇਹ ਸ਼ਬਦ ਸਿੱਖ ਕਿਸੇ ਵੇਦ, ਪੁਰਾਣ, ਸ਼ਾਸਤ੍ਰ ਵਿਚ ਨਹੀਂ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਸਿੱਖ, ਗੁਰਸਿੱਖ, ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਪ੍ਰੰਪਰਾ ਵਿਚ ਇਹ ਲਫ਼ਜ਼ ਪੂਰੀ ਤਰ੍ਹਾਂ ਮਕਬੂਲ ਹੋ ਗਿਆ:

*-ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

*-ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੨)*

*-ਨਾਮੁ ਜਪਹੁ ਮੇਰੇ ਗੁਰਸਿਖ ਮੀਤਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੭)*

*-ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੬)

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਲਾਏ ਗੁਰਸਿੱਖੀ ਦੇ ਬੂਟੇ ਦੀ ਮਹਿਕ ਕਿਤਨੀ ਫੈਲ ਚੁੱਕੀ ਸੀ ਕਿ ਭਾਈ ਮਨੀ ਸਿੰਘ ਜੀ ਦੁਆਰਾ ਰਚਿਤ 'ਸਿੱਖਾਂ ਦੀ ਭਗਤ ਮਾਲਾ' ਵਿਚ ਤਕਰੀਬਨ ਦੋ ਸੌ ਸਿੱਖਾਂ ਦਾ ਜ਼ਿਕਰ ਹੈ ਅਤੇ ਹਰ ਇਕ ਨੂੰ ਭਾਈ ਲਫ਼ਜ਼ ਨਾਲ ਸੰਬੋਧਨ ਕੀਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਮੌਜੂਦ ਹਨ ਜਿਹਨਾਂ ਵਿਚ ਗੁਰੂ ਸਾਹਿਬ ਨੇ ਗੁਰਸਿੱਖਾਂ ਦੇ ਨਾਮ ਅੰਕਤ ਹਨ। ਹੋਰ ਤਾਂ ਹੋਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੁਕਮਨਾਮੇ ਵਿਚ ਸਿੱਖਾਂ ਬਾਰੇ ਲਿਖਿਆ ਹੈ ਕਿ ਤੁਸੀਂ ਮੇਰਾ ਖਾਲਸਾ ਹੋ। ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਹੈ ਜੋ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ ਅਤੇ ਜਿਸ 'ਤੇ ਕੋਈ ਮਾਲੀਆ, ਟੈਕਸ ਜਾ ਲਗਾਨ ਨਾ ਹੋਵੇ।

ਇਹ ਗੱਲ ਨਿਰਵਿਵਾਦਤ ਰੂਪ ਵਿਚ ਸਹੀ ਹੈ ਕਿ ਸ਼ੁਰੂ ਸ਼ੁਰੂ ਵਿਚ ਸਿੱਖੀ ਦੀ ਪਨੀਰੀ ਵਿਚ ਵੱਡਾ ਯੋਗਦਾਨ ਦੇਣ ਵਾਲੇ ਹਿੰਦੂ ਹੀ ਸਨ ਪਰ ਉਹ ਸਿੰਘ ਸਜੇ ਸਨ ਸਿੱਖਾਂ ਦੀਆਂ ਕੁਰਬਾਨੀਆਂ, ਆਚਰਣ ਅਤੇ ਦੂਸਰਿਆਂ ਲਈ ਆਪਾ ਵਾਰਨ ਦੇ ਜਜ਼ਬੇ ਤੋਂ ਪ੍ਰਭਾਵਤ ਹੋ ਕੇ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਇਕ ਵਾਰ ਸਿੰਘ ਸਜ ਜਾਣ ਤੋਂ ਬਾਅਦ ਸਿੱਖੀ ਦਾ ਤਿਆਗ ਕਰਨ ਵਾਲਾ ਪਤਿਤ ਹੁੰਦਾ ਹੈ, ਸਹਿਜਧਾਰੀ ਜਾਂ ਹਿੰਦੂ ਨਹੀਂ।

ਇਸ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਜਿਵੇਂ ਇਸਲਾਮ, ਮਸੀਹੀ

ਜਾਂ ਯਹੂਦੀ ਧਰਮਾਂ ਦਾ ਮੁੱਢ ਅਤੇ ਸ੍ਰੋਤ, ਉਹਨਾਂ ਦੀਆਂ ਧਾਰਮਿਕ ਪੁਸਤਕਾਂ, ਉਹਨਾਂ ਦੇ ਪੈਗੰਬਰ ਵੀ ਸਾਂਝੇ ਹਨ ਪਰ ਉਹਨਾਂ ਦੀ ਅੱਡਰੀ ਹਸਤੀ 'ਤੇ ਕਦੀ ਵਿਵਾਦ ਨਹੀਂ ਹੋਇਆ। ਦੂਸਰੇ ਪਾਸੇ ਸਿੱਖ ਅਤੇ ਹਿੰਦੂ ਧਰਮ ਗ੍ਰੰਥ ਵੱਖ-ਵੱਖ ਹਨ। ਪਰ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਪੁਰਾਤਨ ਮਿਥਿਹਾਸਕ ਪਾਤਰਾਂ ਨੂੰ ਅੰਕਤ ਕੀਤਾ। ਪੌਰਾਣਿਕ ਗਾਥਾਵਾਂ ਦੇ ਹਵਾਲੇ ਦਿੱਤੇ। ਪਰ ਸ਼ਰਤ ਸਿਰਫ਼ ਇਕ ਸੀ ਕਿ ਸਭ ਦਾ ਕਰਤਾ ਪੁਰਖ ਅਤੇ ਪੂਜਣ ਯੋਗ ਹਸਤੀ ਜਾਂ ਸਤੁਤੀ ਕੇਵਲ ਇਕ ਦੀ ਹੀ ਹੈ।

ਗੁਰੂ ਕਾਲ ਦੇ ਦੌਰਾਨ ਹੀ ਸਿੱਖ ਪੰਥ ਦੇ ਨਿਆਰੇਪਨ ਨੂੰ ਗੁਰੂ ਸਾਹਿਬਾਨ ਨੇ ਨਿਰਣਾਇਕ ਤੌਰ 'ਤੇ ਪਰਪੱਕ ਕਰ ਦਿੱਤਾ ਸੀ। ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ 'ਦੀ ਸਿੱਖਸ' ਵਿਚ ਅੰਕਤ ਕੀਤਾ ਹੈ,

(ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਜਿਹੜੇ ਪੈਰੋਕਾਰ ਬਣਾਏ ਸਨ ਉਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਹ ਲੋਕ ਸਨ ਜਿਹਨਾਂ ਨੇ ਆਪਣੇ ਆਪ ਨੂੰ ਇਸਲਾਮ ਅਤੇ ਹਿੰਦੂ ਮਤ ਤੋਂ ਵੱਖ ਕਰ ਲਿਆ ਸੀ।)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਨਿਸ਼ਾਨਾ ਸਪੱਸ਼ਟ ਕੀਤਾ:

*ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥*

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਇਸ ਮਹਾਂਵਾਕ ਨੂੰ ਗੁਰੂ ਸਾਹਿਬਾਨ ਨੇ ਅਮਲੀ ਰੂਪ ਵਿਚ ਤਨ 'ਤੇ ਹੰਢਾਇਆ। ਬਾਬਰ ਦੇ ਹਮਲੇ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਇਸਤਰੀਆਂ 'ਤੇ ਹੁੰਦੇ ਜ਼ੁਲਮਾਂ ਨੂੰ ਵੇਖ ਕੇ ਹਾਅ ਦਾ ਨਾਅਰਾ ਮਾਰਿਆ:

*ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥*
*ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥*
*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਇਤਨਾ ਹੀ ਨਹੀਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਤਾਂ ਤਿਲਕ ਅਤੇ ਜੰਞੂ ਦੀ ਰਾਖੀ ਦੀ ਖਾਤਰ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ। ਬਾਅਦ ਵਿਚ ਗੁਰੂ ਕੇ ਖਾਲਸੇ ਨੇ ਇਸ ਪਿਰਤ ਨੂੰ ਜਾਨਾਂ ਹੂਲ ਕੇ ਜਾਰੀ ਰਖਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ, *ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥ ਤਿਹ ਆਗੈ ਹਿੰਦੂ ਕਿਆ ਤੁਰਕਾ॥* ਇਸ ਤਰ੍ਹਾਂ ਬਿਨਾ ਕਿਸੇ ਭੇਦ ਭਾਵ ਦੇ ਕੇਵਲ ਇਨਸਾਨੀਅਤ ਦੇ ਨਾਤੇ ਆਪਾ ਵਾਰਨ ਦਾ ਇਤਿਹਾਸ ਰਚਿਆ। ਪਰ ਇਸ ਦੇ ਨਾਲ ਹੀ ਆਪਣੀ ਨਿਆਰੀ ਹਸਤੀ ਨੂੰ ਵੀ ਕਾਇਮ ਰੱਖਿਆ। ਗੁਰਵਾਕ ਹੈ:

*ਭੈਰਉ ਮਹਲਾ ੫ ॥ ਵਰਤ ਨ ਰਹਉ ਨ ਮਹ ਰਮਦਾਨਾ ॥*
*ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥*

*ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥*
*ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥*
*ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥*
*ਨਾ ਹਮ ਹਿੰਦ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥*
*ਕਹੁ ਕਬੀਰ ਇਹੁ ਕੀਆ ਵਖਾਨਾ ॥*
*ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬)

ਸੋ ਇਹ ਕਹਿਣਾ ਕਿ ਪਹਿਲੇ ਪੰਜ ਪਿਆਰੇ ਹਿੰਦੂ ਸਨ, ਸਰਾਸਰ ਗ਼ਲਤ ਹੈ ਅਤੇ ਕਿਸੇ ਵਿਸ਼ੇਸ਼ ਮਕਸਦ ਨਾਲ ਕਹੀ ਗਈ ਹੈ। ਇਹ ਪੰਥਕ ਪਿੜ ਵਿਚ ਉਤੇਜਨਾ ਪੈਦਾ ਕਰਨ ਅਤੇ ਸਿੱਖ ਹੋਂਦ 'ਤੇ ਪ੍ਰਹਾਰ ਕਰਨ ਵਾਲਾ ਬਿਆਨ ਹੈ। ਅੰਮ੍ਰਿਤ ਦਾ ਅਧਿਕਾਰੀ ਹਰ ਪ੍ਰਾਣੀ ਮਾਤਰ ਹੈ। ਪਰ ਅੰਮ੍ਰਿਤ ਛਕਣ ਲਈ ਕੁਝ ਬੁਨਿਆਦੀ ਸ਼ਰਤਾਂ ਹਨ ਜਿਹਨਾਂ ਵਿਚ ਸਭ ਤੋਂ ਪਹਿਲੀ ਹੈ, ਉਸ ਦਾ ਸਾਬਤ ਸੂਰਤ ਹੋਣਾ। ਇਸ ਲਈ ਗੈਰ ਸਿੱਖ ਤੋਂ ਸਿੰਘ ਸਜਣ ਵਿਚਕਾਰ ਇਕ ਪੜਾਅ ਸਿੱਖ ਹੋਣ ਦਾ ਹੈ। ਹਿੰਦੂ ਤੋਂ ਸਿੰਘ ਸਜਾਣ ਲਈ ਕੁਝ ਮਹੀਨੇ ਦਾ ਸਮਾਂ ਲਗਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਦੇਣ ਤੋਂ ਪਹਿਲਾਂ ਗੁਰੂ, ਸਿੱਖ, ਸੰਗਤ, ਗੁਰਬਾਣੀ, ਗੁਰੂ ਗ੍ਰੰਥ ਸਾਹਿਬ, ਕਥਾ-ਕੀਰਤਨ, ਸਿੱਖ ਮਰਯਾਦਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਨਿਸ਼ਾਨ, ਨਗਾਰੇ, ਲੰਗਰ ਆਦਿ ਸਾਰੇ ਸਿਧਾਂਤ, ਪਰੰਪਰਾਵਾਂ ਪੱਕੇ ਪੈਰੀ ਹੋ ਚੁੱਕੀਆਂ ਸਨ। ਅੰਮ੍ਰਿਤ ਪ੍ਰਾਪਤੀ ਦਾ ਰਾਹ ਤਟ ਫਟ ਨਹੀਂ ਹੁੰਦਾ। ਇਸ ਲਈ ਦ੍ਰਿੜ ਇਰਾਦੇ, ਤਿਆਰੀ ਅਤੇ ਸਮੇਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਅਤੇ ਗੁਰਸਿੱਖੀ ਨੂੰ ਦ੍ਰਿੜ ਹੋ ਚੁੱਕੇ ਪੰਜ ਪਿਆਰਿਆਂ ਤੇ ਹੀ ਅੰਮ੍ਰਿਤ ਦੀ ਇਲਾਹੀ ਦਾਤ ਦੀ ਬਖਸ਼ਿਸ਼ ਹੋਈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਕਲਗੀਧਰ ਪਿਤਾ ਨੇ ਗੁਰ ਸੰਗਤ ਨੂੰ ਖਾਲਸਾ ਬਣਾਇਆ। ਸੋ ਗੁਰੂ ਤੋਂ ਸਿੱਖ ਬਣੇ, ਸਿੱਖ ਤੋਂ ਸੰਗਤਾਂ ਬਣੀਆਂ ਅਤੇ ਸੰਗਤ ਤੋਂ ਖਾਲਸਾ। *ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ* ॥੧॥ (ਵਾਰ ੪੧/੧) ਧਰਮ ਦੇ ਖੇਤਰ ਵਿਚ ਇਕ ਨੁਕਤਾ ਅਹਿਮ ਹੈ ਕਿ ਆਪਣਾ ਛੱਡੋ ਨਾ, ਦੂਜੇ ਦਾ ਛੇੜੋ ਨਾ।

ਮੇਰੇ ਤਾਇਆ ਜੀ, ਸੂਬੇਦਾਰ ਮੇਜਰ ਹਰਬੰਸ ਸਿੰਘ ਜੀ ਫੌਜ ਵਿਚ ਸਨ। ਉਹਨਾਂ ਦੀ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਹ ਹਿੰਦੂਆਂ ਨੂੰ ਸਿੱਖ ਬਣਾਂਦੇ ਹਨ। ਕਮਾਂਡਰ ਅੰਗਰੇਜ਼ ਸੀ। ਉਸਨੇ ਸ਼ਿਕਾਇਤ ਕਰਤਾ ਨੂੰ ਸਵਾਲ ਕੀਤਾ ਕਿ ਇਕ ਹਿੰਦੂ ਨੂੰ ਸਿੱਖ ਬਣਾਨ ਲਈ ਘਟੋ ਘਟ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ ਤਿੰਨ ਮਹੀਨੇ। ਅੰਗਰੇਜ਼ ਨੇ ਪੁਛਿਆ ਕਿ ਇਕ ਸਿੱਖ ਨੂੰ ਹਿੰਦੂ ਬਣਾਨ ਲਈ ਕਿਤਨਾ ਸਮਾਂ ਚਾਹੀਦਾ ਹੈ। ਜਵਾਬ ਸੀ ਇਕ ਮਿੰਟ। ਕਮਾਂਡਰ ਨੇ ਕਿਹਾ ਕਿ ਕੀ ਹਰਬੰਸ ਸਿੰਘ ਕੋਲ ਕੋਈ ਐਸੀ ਥਾਂ ਹੈ ਜਿੱਛੇ ਉਹ ਕਿਸੇ ਬੰਦੇ ਨੂੰ ਤਿੰਨ ਮਹੀਨੇ ਆਪਣੇ ਕਬਜ਼ੇ ਵਿਚ ਰੱਖ ਸਕੇ?

ਇਕ ਬਹੁਤ ਹੀ ਮਹੱਤਵਪੂਰਨ ਗਵਾਹੀ ਹੈ। ਸੰਮਤ ੧੭੫੬ ਦੀ ਪਾਵਨ ਵੈਸਾਖੀ

ਵਾਲੇ ਦਿਨ ਜਦੋਂ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਦੀ ਸਿਰਜਨਾ ਕੀਤੀ ਤਾਂ ਉਸ ਸਮੇਂ ਉਹਨਾਂ ਨੇ ਕਿਸੇ ਵੀ ਆਮ ਸਿਰ ਦੀ ਮੰਗ ਨਹੀਂ ਕੀਤੀ, ਬਲਕਿ ਆਵਾਜ਼ ਦਿੱਤੀ ਕਿ ਮੈਨੂੰ ਜ਼ਰੂਰਤ ਆ ਪਈ ਹੈ। ਕੀ ਕੋਈ ਮੇਰਾ ਬਹੁਤ ਪਿਆਰਾ ਸਿੱਖ ਹੈ ਜੋ ਇਸੇ ਵੇਲੇ ਮੈਨੂੰ ਅਪਣਾ ਸੀਸ ਦੇ ਦਵੇ। ਇੱਥੇ ਗੁਰੂ ਜੀ ਨੇ ਕਿਸੇ ਸਿੱਖ ਦੇ ਸਿਰ ਦੀ ਮੰਗ ਕੀਤੀ। ਭਾਈ ਸੰਤੋਖ ਸਿੰਘ ਜੀ ਗਵਾਹੀ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਕਿਹਾ:

*ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ। ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।*
*ਦੇਹ ਅਹੰ ਕਹੁ ਤਜਿ ਕਰਿ ਦੂਰ। ਧੀਰਜ ਧਰਿ ਦੇ ਸੀਸ ਹਜ਼ੂਰ॥੩੬॥*

(ਰੁਤ ੩, ਅਧਿਆਇ ੧੭)

ਇਕ ਵਾਰ ਫਿਰ ਆਵਾਜ਼ ਆਈ:

*ਅਤਿ ਪ੍ਰਿਯ ਸਿਖ ਅਹੈ ਕੋ ਮੇਰਾ? ਅਪਨੋ ਸੀਸ ਦੇਹਿ ਇਸ ਬੇਰਾ ।*
*ਕਾਰਜ ਪਰਯੋ ਆਨ ਇਸ ਕਾਲਾ। ਪੂਰਵਹਿ ਸਿਰ ਦੇ ਅਬਹਿ ਬਿਸਾਲਾ॥੩੩॥*

(ਰੁੱਤ ੩, ਅੰਸੂ ੧੭)

ਇਸੇ ਤਰ੍ਹਾਂ ਤੀਸਰੀ ਵਾਰ ਵੀ ਗੁਰੂ ਸਾਹਿਬ ਜੀ ਨੇ ਸਿੱਖ ਦੇ ਸਿਰ ਦੀ ਮੰਗ ਕੀਤੀ:

*ਧੁਨਿ ਊਚੀ ਪੁਨ ਗੁਰੂ ਉਚਾਰਾ। ਔਰ ਦੇਇ ਸਿਰ ਕੋ ਸਿਖ ਪਯਾਰਾ॥*
*ਕਾਰਜ ਪਰਯੋ ਆਨ ਕਰਿ ਮੇਰਾ। ਸਿਰ ਦੀਨੇ ਬਿਨ ਹੋਹਿ ਨ ਹੇਰਾ॥੩॥*

(ਰੁੱਤ ੩, ਅੰਸੂ ੧੮)

ਯਾਨਿ ਕਿ ਬਾਰ ਬਾਰ ਸਿੱਖ ਦੇ ਸਿਰ ਦੀ ਮੰਗ ਕੀਤੀ ਸੀ। ਉਪਰੰਤ ਜਿਹੜਾ ਖਾਲਸਾ ਗੁਰੂ ਸਾਹਿਬ ਨੇ ਸਾਜਿਆ ਸੀ ਉਸਦਾ ਜ਼ਿਕਰ ਭਾਈ ਗੁਰਦਾਸ ਜੀ (ਦੋਇਮ) ਵਾਰ ੪੧ ਵਿਚ ਕਰਦੇ ਹਨ:

*ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।*
*ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ॥*
*ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ।*
*ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ। ...*
*ਇਉ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।*
*ਜਿਨਿ ਗੁਰ ਗੋਬਿੰਦ ਕੇ ਹੁਕਮ ਸਿਉ, ਗਹ ਖੜਗ ਦਿਖਾਨਾ।*

ਇਤਿਹਾਸ ਗਵਾਹ ਹੈ ਕਿ ਬਾਅਦ ਵਿਚ ਘੱਲੂਘਾਰਿਆਂ ਵੇਲੇ ਵੀ ਕੇਸਾਂ ਵਾਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਹੀ ਅੱਸੀ ਅੱਸੀ ਰੁਪਏ ਪੈਂਦੇ ਸਨ। ਕਿਸੇ ਹੋਰ ਆਮ ਸਿਰ ਦੇ ਨਹੀਂ।

ਉਕਤ ਵਿਵਾਦਤ ਲੇਖ ਵਿਚ ਇਕ ਹੋਰ ਹਾਸੋਹੀਣੀ ਗੱਲ ਲਿਖੀ ਗਈ ਹੈ, ਨਾਦਿਰਸ਼ਾਹ ਔਰ ਅਬਦਾਲੀ ਕੇ ਜ਼ੁਲਮੋਂ ਸੇ ਬਚਾਨੇ ਕੇ ਲਿਏ ਸਿਖੋਂ ਕੀ ਸਹਾਇਤਾ ਕੌਨ ਕਰਤਾ ਥਾ? ਇਹ ਤਾਂ ਸਾਰੇ ਦੇ ਸਾਰੇ ਸਿੱਖ ਇਤਿਹਾਸ ਨੂੰ ਕਲੰਕਤ ਕਰਨ ਵਾਲੀ ਹਰਕਤ ਹੈ। ਨਾਦਰ ਦੇ ਹਮਲਿਆਂ ਬਾਰੇ ਉਸ ਸਮੇਂ ਮਸ਼ਹੂਰ ਲੋਕ ਅਖਾਣ ਸੀ, "ਛਈ ਰੰਨ ਗਈ ਬਸਰੇ, ਮੋੜੀਂ ਮੋੜੀਂ ਭਾਈ ਕਛ ਵਾਲਿਆ।' ਅਤੇ 'ਭਾਗੇ ਜਾ ਰਹੇ ਦੁੱਰਾਨੀ ਕੀ ਸਲਵਾਰ

ਜਹਾਂ ਉਲਝਾਨੀ ਥੀ। " ਨਾਦਰ ਦਾ ਜ਼ਿਕਰ ਕੀਤਾ ਹੈ ਤਾਂ 'ਪੰਥ ਪ੍ਰਕਾਸ਼' ਵਿਚ ਉਸਦੇ ਹਵਾਲੇ ਨਾਲ ਲਿਖਿਆ ਹੈ ਕਿ ਉਸਨੇ ਪੁਛਿਆ ਕਿ ਸਿੱਖ ਸਭ ਤੋਂ ਵੱਧ ਕਿਹੜੀ ਗੱਲ 'ਤੇ ਖ਼ਫਾ ਹੁੰਦੇ ਹਨ। ਤਾਂ ਲਾਹੌਰ ਦੇ ਸੂਬੇਦਾਰ ਨੇ ਕਿਹਾ ਸੀ ਕਿ ਹਿੰਦੂ ਕਹੇ ਤੇ ਖਿਝਤ ਵਧੇਰਾ। ਮੁਗਲਾਂ, ਦੁੱਰਾਨੀਆਂ, ਰੰਘੜਾਂ, ਪਠਾਣਾਂ, ਪਹਾੜੀ ਹਿੰਦੂ ਰਾਜਿਆਂ ਨਾਲ ਹੱਕ ਅਤੇ ਇਨਸਾਫ਼ ਲਈ ਖਾਲਸੇ ਨੇ ਲੋਹਾ ਲਿਆ। ਅਗਰ ਇਹ ਨਾ ਹੁੰਦਾ ਤਾਂ ਭਾਈ ਸੰਤੋਖ ਸਿੰਘ ਜੀ ਇਹ ਨਾ ਲਿਖਦੇ:

*ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।*
*ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,*
*ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।*
*ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,*
*ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,*
*ਮੂਰਤਿ ਨ ਹੋਤੀ ਜਉ ਪੈ ਕਰੁਨਾ ਨਿਧਾਨ ਕੀ॥੨੭॥*

(ਰੁਤਿ ੫, ਅਧਿਆਇ ੫੨)

ਪਰ ਇਹ ਕੁਰਬਾਨੀਆਂ ਸਿੱਖਾਂ ਨੇ ਕਿਸੇ 'ਤੇ ਅਹਿਸਾਨ ਲਈ ਨਹੀਂ ਕੀਤੀਆਂ। ਇਹ ਉਹਨਾਂ ਦਾ ਧਾਰਮਿਕ ਫ਼ਰਜ਼ ਅਤੇ ਗੁਰੂ ਸਾਹਿਬ ਦੇ ਅੰਮ੍ਰਿਤ ਦੀ ਹੀ ਬਰਕਤ ਸੀ ਕਿ ਅਬਦਾਲੀ ਦੇ ਚੰਗੁਲ 'ਚੋਂ ਭਾਰਤ ਦੀ ਅਜ਼ਮਤ ਆਜ਼ਾਦ ਕਰਾ ਕੇ ਉਹਨਾਂ ਦੇ ਘਰੀਂ ਸੁਰੱਖਿਅਤ ਪਹੁੰਚਾਇਆ ਗਿਆ। ਧਾਰਮਿਕ ਤੌਰ 'ਤੇ ਵਿਚਾਰਿਆ ਜਾਏ ਤਾਂ ਸਾਰੀ ਮਾਨਵਤਾ ਦਾ ਮਾਲਕ, ਖਾਲਕ, ਸਿਰਜਣਹਾਰ ਕੇਵਲ ਇਕ ਹੀ ਹੈ ਜਿਸਨੂੰ ਕਿਸੇ ਨੇ 'ਵਸੁਧੇਵ ਕੁਟੰਬਕਮ' ਅਤੇ ਕਿਸੇ ਨੇ 'ਰੱਬੁਲ ਆਲਮੀਨ' ਕਹਿ ਦਿੱਤਾ। ਤਾਂ ਤੇ ਗੁਰਬਾਣੀ ਦਾ ਫੁਰਮਾਨ ਹੈ:

*ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥*
*ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੭)*

ਇਸ ਲਈ ਮਸਲਾ ਕੇਵਲ ਲਿਖਣ, ਪੜਨ, ਬੋਲਣ ਅਤੇ ਪ੍ਰਚਾਰਨ ਦਾ ਨਹੀਂ ਬਲਕਿ ਮੰਨਣ ਅਤੇ ਮੰਨ ਕੇ ਅਮਲ ਕਰਨ ਦਾ ਹੈ।

ਇਸ ਵਿਵਾਦਤ ਲੇਖ ਵਿਚ ਇਕ ਹੋਰ ਸੰਵਿਧਾਨਕ ਨੁਕਤੇ ਧਾਰਾ ੨੫ ਦਾ ਜ਼ਿਕਰ ਕੀਤਾ ਗਿਆ ਹੈ। ਇਹ ਦੁਖਦੀ ਰਗ ਵਾਲੀ ਧਾਰਾ ਸਿੱਖਾਂ ਨੂੰ ਹਿੰਦੂ ਗਰਦਾਨਦੀ ਹੈ ਅਤੇ ਸਿੱਖਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਮੁਨਕਰ ਹੈ। ਸੁਘੜ ਲਿਖਾਰੀ ਨੇ ਸਿੱਖ ਕੌਮ ਦੀ ਇਸ ਅਹਿਮ ਮੰਗ ਨੂੰ ਬਹੁਤ ਹੀ ਨਿਗੂਣਾ ਜਿਹਾ ਦਰਸਾ ਕੇ ਲਿਖਿਆ ਹੈ, ਉਸਮੇਂ ਸਿੱਖ, ਜੈਨੀ ਵਾ ਬੋਧੋਂ ਕੋ ਹਿੰਦੂਓਂ ਸੇ ਜੋੜ ਦਿਯਾ ਗਯਾ। ਵਿਧਾਨਕਾਰ ਡਾ. ਅੰਬੇਦਕਰ ਥੇ। ਇਸ ਧਾਰਾ ਕੇ ਕਾਰਣ ਹਮ ਯੇ ਅਰਥ ਨਹੀਂ ਨਿਕਾਲ ਸਕਤੇ ਕਿ ਸੰਵਿਧਾਨ ਵਾਲੇ ਸਿਖੋਂ ਕੇ ਵਿਰੁੱਧ

ਥੇ? ਉਨਕਾ ਕੋਈ ਇਰਾਦਾ ਹਮਾਰੇ ਵਿਪਰੀਤ ਨਹੀਂ ਥਾ। ਸੰਵਿਧਾਨ ਮੇਂ ਸ਼ੋਧ ਕਰਨੇ ਵਾਲੀ ਕਮੇਟੀ ਨੇ ਇਸ ਮਦ ਕੋ ਬਦਲਨੇ ਕੀ ਸਿਫਾਰਿਸ਼ ਕਰ ਦੀ ਹੈ। ਪੰਚਾਂ ਦਾ ਕਿਹਾ ਸਿਰ ਮੱਥੇ। ਪਰਨਾਲਾ ਉੱਥੇ ਦਾ ਉੱਥੇ।

ਇਹ ਠੀਕ ਹੈ ਕਿ ਦੋ ਦਹਾਕੇ ਪਹਿਲਾਂ ਅਟਲ ਬਿਹਾਰੀ ਵਾਜਪਾਈ ਜੀ ਦੇ ਪ੍ਰਧਾਨ ਮੰਤਰੀ ਕਾਰਜ ਕਾਲ ਵਿਚ ਸਰਕਾਰ ਵਲੋਂ ਨਿਯੁਕਤ ਵੈਂਕਟਾਚਲੀਆ ਕਮੀਸ਼ਨ ਨੇ ਧਾਰਾ ੨੫ ਵਿਚ ਸੋਧ ਦੀ ਸਿਫਾਰਿਸ਼ ਕੀਤੀ ਸੀ। ਪਰ ਸਵਾਲ ਹੈ ਕਿ ਇਸ ਨਿਗੂਣੀ ਜਿਹੀ ਮੰਗ ਨੂੰ ਵੀ ਲਾਗੂ ਕਰਨ ਲਈ ਸਰਕਾਰ ਨੂੰ ਕਿਤਨੇ ਦਹਾਕੇ ਹੋਰ ਚਾਹੀਦੇ ਹਨ? ਕਾਰਨ ਸਪੱਸ਼ਟ ਹੈ ਕਿ ਸਿੱਖਾਂ ਨੂੰ ਧਾਰਮਿਕ ਤੌਰ ’ਤੇ ਆਜ਼ਾਦ ਨਹੀਂ ਹੋਣ ਦੇਣਾ।

ਇਸ ਵਿਵਾਦਤ ਲੇਖ ਵਿਚ ਵੱਡਾ ਦਾਅਵਾ ਕੀਤਾ ਗਿਆ ਹੈ ਕਿ, ਮੈਨੇ (ਤਰਲੋਚਨ ਸਿੰਘ) ਲਿਖਤੀ ਰੂਪ ਮੇਂ ਆਰ.ਐਸ.ਐਸ. ਸੇ ਬਯਾਨ ਲਿਯਾ ਥਾ ਕਿ ਸਿੱਖ ਏਕ ਅਲਗ ਧਰਮ ਹੈ ਤਥਾ ਵਹ ਉਸੇ ਮਾਨਤੇ ਹੈਂ। ਕਈ ਮੁਸਲਮਾਨ ਹਮੇਂ ਅਪਨਾ ਭਾਈ ਕਹਿਤੇ ਹੈਂ ਤੋਂ ਕਯਾ ਹਮ ਉਨਹੇਂ ਐਸਾ ਕਹਿਨੇ ਸੇ ਮਨਾ ਕਰ ਦੇਂ? ਜ਼ਬਾਨੀ ਕਲਾਮੀ ਤਾਂ ਠੀਕ ਹੈ। ਪਰ ਕੀ ਆਰ. ਐਸ. ਐਸ. ਵੱਲੋਂ ਐਸੀ ਕੋਈ ਲਿਖਤ ਹੈ? ਜੇ ਹੈ ਤਾਂ ਉਸਨੂੰ ਸਾਂਝੀ ਕਰਨ ਵਿਚ ਦਿੱਕਤ ਕੀ ਹੈ? ਬਾਵਜੂਦ ਇਸਦੇ ਸਵਾਲ ਇਹ ਹੈ ਕਿ ਕੀ ਇਸ ਲੇਖ ਦੇ ਲਿਖਾਰੀ ਨੂੰ ਸਾਵਰਕਰ ਅਤੇ ਹੋਰ ਹਮ ਖਿਆਲ ਲਿਖਾਰੀਆਂ ਦੀਆਂ ਲਿਖਤਾਂ ਨਜ਼ਰ ਨਹੀਂ ਆਂਦੀਆਂ ਜਿਹਨਾਂ ਵਿਚ ਸਿੱਖਾਂ ਨੂੰ ਸਪੱਸ਼ਟ ਤੌਰ ’ਤੇ ਹਿੰਦੂ ਲਿਖਿਆ ਜਾਂਦਾ ਹੈ।

ਦੂਸਰੀ ਗੱਲ ਜੇਕਰ ਮੁਸਲਮਾਨ, ਹਿੰਦੂ, ਜੈਨੀ, ਬੋਧੀ, ਈਸਾਈ ਜਾਂ ਕੋਈ ਹੋਰ ਵੀ ਸਿੱਖਾਂ ਨੂੰ ਆਪਣਾ ਭਰਾ ਕਹਿੰਦੇ ਹਨ ਤਾਂ ਸਿੱਖਾਂ ਨੂੰ ਉਸ ’ਤੇ ਇਤਰਾਜ਼ ਕਿਉਂ ਹੋਵੇਗਾ। ਗੁਰੂ ਸਾਹਿਬਾਨ ਵੱਲੋਂ ਬਖਸ਼ੀ ਸਿੱਖਾਂ ਦੀ ਆਜ਼ਾਦ ਧਾਰਮਿਕ ਹਸਤੀ ਹੈ। ਪਰ ਜੇਕਰ ਮੁਸਲਮਾਨ ਵੀ ਸਿੱਖਾਂ ਨੂੰ ਮੁਸਲਮਾਨ ਕਹਿਣਗੇ ਤਾਂ ਨਿਸ਼ਚਤ ਤੌਰ ’ਤੇ ਇਸ ’ਤੇ ਇਤਰਾਜ਼ ਹੋਏਗਾ। ਸਿੱਖ ਲਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੱਸ਼ਟ ਹੁਕਮ ਹੈ:

*ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰਉਂ ਇਨ ਕੀ ਪ੍ਰਤੀਤ॥*

ਅੰਤ ਵਿਚ ਪ੍ਰਿੰਸੀਪਲ ਗੰਗਾ ਸਿੰਘ ਜੀ ਦਾ ਕਥਨ ਬਹੁਤ ਹੀ ਮਾਕੂਲ ਹੈ ਕਿ ਹਿੰਦੂ ਅਤੇ ਸਿੱਖ ਗਾਂ ਅਤੇ ਮੱਝ ਦੀ ਨਿਆਈਂ ਕਿੱਲੇ ਨਾਲ ਬੱਧੀਆਂ ਹੋਈਆਂ ਇਕੋ ਖੁਰਲੀ ਵਿਚੋਂ ਪੱਠੇ ਖਾਈ ਜਾਣ। ਜੇਕਰ ਇਹ ਇਸ ਬਹਿਸ ਵਿਚ ਪੈ ਗਏ ਕਿ ਮੱਝ ਗਾਂ ਕਿਉਂ ਨਹੀਂ? ਅਤੇ ਗਾਂ ਕਿਉਂ ਗਾਂ ਹੈ? ਤਾਂ ਸ਼ਾਇਦ ਖੁਰਲੀ ਹੀ ਨਾ ਸਾਹਮਣਿਓਂ ਚੁੱਕੀ ਜਾਏ।

■

# ਪ੍ਰਿੰ. ਸਵਰਨ ਸਿੰਘ ਚੂਸਲੇਵੜ ਦੇ ਅਕਾਲ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

ਸਿੱਖ ਇਤਿਹਾਸ ਦੇ ਅਣਗੌਲੇ ਇਤਿਹਾਸਕਾਰ ਪ੍ਰਿੰ. ਸਵਰਨ ਸਿੰਘ ਚੂਸਲੇਵੜ ਪਿਛਲੇ ਦਿਨੀਂ ੨੪ ਅਗਸਤ, ੨੦੨੩ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦਾ ਜਨਮ ੧੧ ਅਗਸਤ, ੧੯੩੦ ਨੂੰ ਤਰਨਤਾਰਨ ਦੇ ਪਿੰਡ ਚੂਸਲੇਵੜ ਵਿਖੇ ਪਿਤਾ ਸ. ਅਰਜਨ ਸਿੰਘ ਦੇ ਘਰ ਬੀਬੀ ਬਲਵੰਤ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫਾਰਸੀ, ਪਸ਼ਤੋ ਅਤੇ ਬਲੋਚੀ ਭਾਸ਼ਾ ਦੇ ਚੰਗੇ ਗਿਆਤਾ ਸਨ। ਆਪ ਜੀ ਸੰਨ ੧੯੭੦ ਵਿਚ ਭਾਰਤੀ ਫੌਜ ਵਿੱਚੋਂ ਸੇਵਾ-ਮੁਕਤ ਹੋਏ। ਆਪ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਪੱਟੀ ਵਿਖੇ ਬਤੌਰ ਪ੍ਰਿੰਸੀਪਲ ਵਜੋਂ ੧੦ ਸਾਲ ਸੇਵਾ ਨਿਭਾਈ। ਆਪ ਜੀ ਨੇ ਸਿੱਖ ਇਤਿਹਾਸ 'ਤੇ ਖੋਜ ਕਾਰਜ ਕਰਨ ਹਿਤ ਪੂਨਾ, ਪਟਨਾ, ਅਲੀਗੜ੍ਹ ਤੋਂ ਇਲਾਵਾ ਅਫ਼ਗਾਨਿਸਤਾਨ ਦੀਆਂ ਪੁਰਾਤਨ ਲਾਇਬ੍ਰੇਰੀਆਂ ਵਿੱਚੋਂ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਕਈ ਖਰੜੇ ਪ੍ਰਾਪਤ ਕੀਤੇ। ਆਪ ਜੀ ਦੀਆਂ ਪ੍ਰਮੁੱਖ ਰਚਨਾਵਾਂ : ਸ਼ਹੀਦੀ ਸਾਕਾ ਭਾਈ ਤਾਰੂ ਸਿੰਘ (੧੯੯੭), ਸ਼ਹੀਦੀ ਭਾਈ ਤਾਰਾ ਸਿੰਘ ਵਾਂ (੧੯੯੭), ਮੱਸੇ ਰੰਘੜ ਨੂੰ ਕਰਨੀ ਦਾ ਫਲ (੧੯੯੭), ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ (੨੦੧੩), ਪਹਿਲਾ ਘੱਲੂਘਾਰਾ (੨੦੧੮), ਭੂਰਿਆਂ ਵਾਲੇ ਰਾਜੇ ਕੀਤੇ (੨੦੨੦) ਆਦਿ ਹਨ। ਇਸ ਤੋਂ ਇਲਾਵਾ ਆਪ ਨੇ ਸੈਂਕੜੇ ਹੀ ਲੇਖ ਲਿਖ ਕੇ ਪਾਠਕਾਂ ਦੀ ਝੋਲੀ ਪਾਏ। ਆਪ ਨੇ ਅਣਗਿਣਤ ਗੁਰਮਤਿ ਕੈਂਪਾਂ ਵਿਚ ਇਤਿਹਾਸਿਕ ਲੈਕਚਰਾਂ ਰਾਹੀਂ ਸਿੱਖ ਇਤਿਹਾਸ ਦੀਆਂ ਅਨੇਕਾਂ ਪਰਤਾਂ ਨੂੰ ਖੋਲ੍ਹਿਆ। ਆਪ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਕਾਹਨੂੰਵਾਨ ਦੇ ਜੰਗਲਾਂ ਵਿਚ ਜਿੱਥੇ ਘੱਲੂਘਾਰੇ ਦੌਰਾਨ ਹੋਏ ਸ਼ਹੀਦਾਂ ਦੀਆਂ ਦੱਬੀਆਂ ਅਤੇ ਰੁਲੀਆਂ ਅਸਤੀਆਂ ਲੱਭ ਕੇ ਉਨ੍ਹਾਂ ਨੂੰ ਸੰਭਾਲ ਕੇ ਭਵਿੱਖ ਵਿਚ ਹੋਰ ਖੋਜਮਈ ਕਾਰਜ ਕਰਨ ਹਿਤ ਉਪਰਾਲੇ ਕੀਤੇ, ਉੱਥੇ ਸਿੱਖ ਨਸਲਕੁਸ਼ੀ (੧੯੮੪ ਤੋਂ ੯੫ ਈ.) ਤਕ ਸ਼ਹੀਦ ਹੋਏ ਅਨੇਕਾਂ ਸਿੰਘਾਂ ਦੀਆਂ ਸ਼ਹੀਦੀਆਂ ਨਾਲ ਸੰਬੰਧਿਤ ਕਈ ਦਸਤਾਵੇਜ਼ ਵੀ ਸਾਂਭੇ।

ਬਤੌਰ ਸਿੱਖ ਵਿਦਵਾਨ ਵਜੋਂ ਸਿੱਖ ਇਤਿਹਾਸ ਦੇ ਅਨੇਕਾਂ ਹੀ ਵਿਦਿਆਰਥੀ/ਖੋਜਾਰਥੀ ਉਨ੍ਹਾਂ ਕੋਲ ਜਾ ਕੇ ਸਿੱਖ ਇਤਿਹਾਸ ਅਤੇ ਇਤਿਹਾਸਿਕ ਗ੍ਰੰਥਾਂ ਦੀ ਜਾਣਕਾਰੀ ਹਾਸਲ ਕਰਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਜਿੱਥੇ ਸਮੁੱਚੇ ਸਿੱਖ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਅਦਾਰਾ 'ਗੁਰਮਤਿ ਪ੍ਰਕਾਸ਼', ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਇਸ ਮਹਾਨ ਸ਼ਖ਼ਸੀਅਤ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਸਾਡੀ ਅਕਾਲ ਪੁਰਖ ਅੱਗੇ ਅਰਜੋਈ ਹੈ ਕਿ ਉਹ ਪੰਥ ਦੀ ਵਿਛੜੀ ਇਸ ਮਹਾਨ ਹਸਤੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

—ਸੰਪਾਦਕ

# ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੇ ਅਕਾਲ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦਾ ਸਿੱਖ ਇਤਿਹਾਸਕਾਰੀ ਵਿਚ ਆਪਣਾ ਇਕ ਵਿਸ਼ੇਸ਼ ਮੁਕਾਮ ਸੀ। ਆਪ ਜੀ ਦਾ ਜਨਮ ੭ ਨਵੰਬਰ, ੧੯੩੨ ਈ. ਵਿਚ ਪਿਤਾ ਸ. ਸੁੰਦਰ ਸਿੰਘ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਗੁਜਰਾਂਵਾਲਾ ਵਿਖੇ ਹੋਇਆ। ਉਨ੍ਹਾਂ ਨੇ ਆਪਣੇ ਜੀਵਨ ਦੇ ਪੰਜ ਦਹਾਕੇ ਤੋਂ ਵੱਧ ਦਾ ਸਮਾਂ ਸਿੱਖ ਇਤਿਹਾਸ ਦੀ ਖੋਜ ਅਤੇ ਅਧਿਆਪਨ ਦੇ ਖੇਤਰ ਵਿਚ ਲਗਾਇਆ। ਬੈਚਲਰ ਡਿਗਰੀ ਕਾਮਰਸ ਵਿਸ਼ੇ ਵਿਚ ਕਰ ਕੇ ਵੀ ਆਪ ਨੇ ਐਮ.ਏ. ਇਤਿਹਾਸ ਕਰਨ ਨੂੰ ਪਹਿਲ ਦਿੱਤੀ ਜਿਸ ਸਦਕਾ ਆਪ ਨੇ ਪੰਜਾਬ ਦੇ ਤਕਰੀਬਨ ਸਾਰੇ ਹੀ ਪ੍ਰਸਿੱਧ ਕਾਲਜਾਂ ਵਿਚ ਇਤਿਹਾਸ ਦਾ ਵਿਸ਼ਾ ਪੜ੍ਹਾਇਆ। ਆਪ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੋਰਡ ਦੇ ਡਾਇਰੈਕਟਰ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਵਾਈਸ ਚਾਂਸਲਰ ਵੀ ਰਹੇ। ਸ. ਕਪੂਰ ਦੀ ਸਿੱਖ ਇਤਿਹਾਸਕਾਰੀ ਵਿਚ ਵੱਖਰੀ ਛਾਪ ਹੈ। ਆਪ ਦੀ ਸਭ ਤੋਂ ਪਹਿਲੀ ਪੁਸਤਕ ਸ. ਜੱਸਾ ਸਿੰਘ ਰਾਮਗੜ੍ਹੀਆ ਬਾਰੇ ਸੀ ਜੋ ਕਿ ਅੰਗਰੇਜ਼ੀ ਭਾਸ਼ਾ ਵਿਚ ਸੀ। ਇਸ ਤੋਂ ਬਾਅਦ ਇਹ ਪੰਜਾਬੀ ਵਿਚ ਵੀ ਛਪੀ। ਉਨ੍ਹਾਂ ਮਾ. ਤਾਰਾ ਸਿੰਘ 'ਤੇ ਵੀ ਇਕ ਵੱਖਰੀ ਖੋਜ ਪੁਸਤਕ ਪ੍ਰਕਾਸ਼ਿਤ ਕੀਤੀ। ਸਿੱਖ ਇਤਿਹਾਸਕਾਰੀ ਤੋਂ ਇਲਾਵਾ ਆਪ ਦਾ ਸਿੱਖ ਸਿਆਸਤ ਵਿਚ ਅਹਿਮ ਮੁਕਾਮ ਸੀ। ਆਪ ਜੀ ਸ. ਗੁਰਚਰਨ ਸਿੰਘ ਟੌਹੜਾ ਦੇ ਬੇਹੱਦ ਨਜ਼ਦੀਕੀਆਂ ਵਿੱਚੋਂ ਇੱਕ ਸਨ। ਆਪ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਜਿੱਥੇ ਮੈਂਬਰ ਸਨ, ਉੱਥੇ ਪੰਜਾਬੀ ਯੂਨੀਵਰਸਿਟੀ ਦੇ ਸਿੱਖ ਐਨਸਾਈਕਲੋਪੀਡੀਆ ਪ੍ਰਾਜੈਕਟ ਵਿਚ ਵੀ ਆਪ ਨੇ ਮੁੱਖ ਸੰਪਾਦਕ ਵਜੋਂ ਅਹਿਮ ਭੂਮਿਕਾ ਨਿਭਾਈ। ਇੰਨਾ ਹੀ ਨਹੀਂ ਬਲਕਿ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਲੰਮਾ ਸਮਾਂ ਮੈਂਬਰ ਵੀ ਰਹੇ ਹਨ। ਸਿੱਖ ਇਤਿਹਾਸਕਾਰੀ ਵਿਚ ਆਪ ਜੀ ਦਾ ਹਰ ਨਿਰਣਾ ਸਟੀਕ ਅਤੇ ਪ੍ਰਮਾਣਿਕ ਮੰਨਿਆ ਜਾਂਦਾ ਸੀ। ਆਪ ਜੀ ਨੇ ਆਪਣੇ ਜੀਵਨ ਵਿਚ ਕਈ ਖੋਜ ਪ੍ਰੋਜੈਕਟ ਸੰਪੂਰਨ ਕੀਤੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉੱਪਰ ਵੀ ਆਪ ਜੀ ਨੇ ਖੋਜ ਭਰਪੂਰ ਸਿਮਰਤੀ ਗ੍ਰੰਥ ਤਿਆਰ ਕੀਤਾ।

ਪਿਛਲੇ ਦਿਨੀਂ ੭ ਸਤੰਬਰ, ੨੦੨੩ ਈ. ਨੂੰ ਆਪ ਤਕਰੀਬਨ ੯੦ ਸਾਲ ਦੀ ਆਯੂ ਭੋਗ ਕੇ ਇਸ ਸੰਸਾਰ ਨੂੰ ਸਰੀਰਕ ਰੂਪ ਵਿਚ ਅਲਵਿਦਾ ਕਹਿ ਗਏ ਹਨ। ਇਨ੍ਹਾਂ ਦਾ ਵਿਛੋੜਾ ਸਿੱਖ ਇਤਿਹਾਸਕਾਰੀ ਦੇ ਜਗਤ ਵਿਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅਦਾਰਾ 'ਗੁਰਮਤਿ ਪ੍ਰਕਾਸ਼' ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮਹਾਨ ਅਤੇ ਪ੍ਰੌਢ ਇਤਿਹਾਸਕਾਰ ਦੇ ਚਲਾਣੇ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

—ਸੰਪਾਦਕ

**ਕਵਿਤਾ**

# ਸਿੰਘ ਸਭਾ ਲਹਿਰ

*-ਡਾ. ਹਰਦੇਵ ਸਿੰਘ**

*ਬੇਸੁਰਤ ਪੰਜਾਬ ਨੂੰ ਮੁੜ ਪਾਵਨ*
*ਗੁਰ ਯਾਦ ਦਿਵਾਈ ਸਿੰਘਾਂ ਨੇ*
*ਧਰ ਸੀਸ ਤਲੀ ਲੰਘ ਯਾਰ ਗਲੀ*
*ਇਕ ਸਭਾ ਬਣਾਈ ਸਿੰਘਾਂ ਨੇ।*

*ਲੱਗੇ ਰੂਹ ਨੂੰ ਰੋਗ ਅਵੱਲੇ ਸੀ*
*ਰਾਹੋਂ ਖੁੰਝ ਗਏ ਵਕਤ ਕੁਵੱਲੇ ਸੀ*
*ਉੱਤੋਂ ਕੁਫਰ ਮਾਰਦਾ ਹੱਲੇ ਸੀ*
*ਜਦ ਧੀਰ ਧਰਾਈ ਸਿੰਘਾਂ ਨੇ।*

*ਫਸ ਗਿਰਝਾਂ ਘੇਰੇ ਕੂੰਜ ਗਈ*
*ਲਾਏ ਪਾਦਰੀ ਪੰਥ ਤੇ ਊਜ ਕਈ*
*ਸਤਿ ਸ੍ਰੀ ਅਕਾਲ ਦੀ ਗੂੰਜ ਪਈ*
*ਜਦ ਫਤਿਹ ਗਜਾਈ ਸਿੰਘਾਂ ਨੇ।*

*ਬੁੱਤਖਾਨੇ ਪੰਥ ਦੇ ਬੂਹੇ 'ਤੇ*
*ਪਵੇ ਕਾਲਖ ਚਾਨਣ ਸੂਹੇ 'ਤੇ*
*ਧਰ ਸੁਰਤ ਸ਼ਬਦ ਦੇ ਖੂਹੇ 'ਤੇ*
*ਫਿਰ ਕਰੀ ਸੁਧਾਈ ਸਿੰਘਾਂ ਨੇ।*

*ਇਕ ਬਣਿਆ ਨਵਾਂ ਸਮਾਜ ਫਿਰੇ*
*ਹੋਇਆ ਮੂਲੋਂ ਵੱਧ ਵਿਆਜ ਫਿਰੇ*
*ਜਿਵੇਂ ਹਾਂਡੀ ਵਿਚ ਪਿਆਜ ਫਿਰੇ*
*ਕਰਤੀ ਤੜਕਾਈ ਸਿੰਘਾਂ ਨੇ।*

*ਘਰ ਵੜ ਗਏ ਚੋਰ ਧਿਙਾਣੇ ਸੀ*
*ਚੁਪ ਵੱਟ ਗਏ ਕਈ ਸਿਆਣੇ ਸੀ*
*ਉਸ ਵਕਤ ਗੁਰੂ ਦੇ ਭਾਣੇ ਸੀ*
*ਇਕ ਜਾਗ ਜਗਾਈ ਸਿੰਘਾਂ ਨੇ।*

■

** ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ, ੧੪੦੪੦੭; ਮੋ: ੯੮੮੮੦੧੯੫੦੫*

ਖ਼ਬਰਨਾਮਾ

## ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦਾ ਅਕਾਲ ਚਲਾਣਾ ਦੁਖਦਾਈ- ਐਡਵੋਕੇਟ ਧਾਮੀ

ਸ੍ਰੀ ਅੰਮ੍ਰਿਤਸਰ, ੨੭ ਅਗਸਤ - ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਜਿਥੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਕਥਾਵਾਚਕ ਦੀਆਂ ਸੇਵਾਵਾਂ ਨਿਭਾਈਆਂ, ਉਥੇ ਲੰਮਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਬਾਣੀ ਬਾਣੇ ਨਾਲ ਜੋੜਿਆ ਅਤੇ ਗੁਰੂ ਦਰਸਾਏ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਕੀਤੀ। ਗਿਆਨੀ ਜਗਤਾਰ ਸਿੰਘ ਸਿਧਾਂਤਕ ਪੁਰਸ਼ ਸਨ ਜਿਨ੍ਹਾਂ ਨੇ ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਦੁਨੀਆ ਵਿਚ ਫੈਲਾਉਣ ਲਈ ਹਮੇਸ਼ਾਂ ਸੰਜੀਦਾ ਪਹੁੰਚ ਅਪਣਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਜਿਹੀ ਸ਼ਖ਼ਸੀ ਦਾ ਚਲਾਣਾ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਵੱਡਾ ਘਾਟਾ ਹੈ ਜਿਸ ਦੀ ਪੂਰਤੀ ਨਹੀਂ ਹੋ ਸਕਦੀ। ਐਡਵੋਕੇਟ ਧਾਮੀ ਨੇ ਦਰਵੇਸ਼ ਪੁਰਸ਼ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਸਿੰਘ ਸਾਹਿਬ ਦੇ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰੀਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਮੈਂਬਰਾਂ ਅਤੇ ਅਧਿਕਾਰੀਆਂ ਨੇ ਵੀ ਗਹਿਰਾ ਅਫਸੋਸ ਪ੍ਰਗਟ ਕੀਤਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ’ਤੇ ਯਾਰੀਆਂ-੨ ਫਿਲਮ ਵਿਰੁੱਧ ਧਾਰਾ ੨੯੫-ਏ ਤਹਿਤ ਐਫ.ਆਈ.ਆਰ ਦਰਜ

ਸ੍ਰੀ ਅੰਮ੍ਰਿਤਸਰ, ੦੧ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ’ਤੇ ਅੰਮ੍ਰਿਤਸਰ ਪੁਲਿਸ ਨੇ ‘ਯਾਰੀਆਂ ੨’ ਫਿਲਮ ਦੇ ਅਦਾਕਾਰ ਡਾਇਰੈਕਟਰ ਅਤੇ ਪ੍ਰੋਡਿਊਸਰ ਖਿਲਾਫ਼ ਐਫ.ਆਈ.ਆਰ ਦਰਜ ਕਰ ਲਈ ਹੈ।

ਇਥੇ ਪੁਲਿਸ ਥਾਣਾ ਈ-ਡਵੀਜ਼ਨ ਵਿਚ ਆਈ.ਪੀ.ਸੀ. ਦੀ ਧਾਰਾ ੨੯੫-ਏ ਤਹਿਤ ਦਰਜ ਕੀਤੀ ਗਈ ਇਸ ਐਫ.ਆਈ.ਆਰ. ਵਿਚ ਫਿਲਮ ਅਦਾਕਾਰ ਨਿਜ਼ਾਨ ਜ਼ਾਫ਼ਰੀ, ਡਾਇਰੈਕਟਰ ਵਿਨੈ ਸਪਰੂ, ਰਾਧਿਕਾ ਰਾਓ ਅਤੇ ਪ੍ਰੋਡਿਊਸਰ ਭੂਸ਼ਨ ਕੁਮਾਰ ਦੇ ਨਾਮ ਸ਼ਾਮਲ ਹਨ। ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ 'ਯਾਰੀਆਂ ੨' ਫਿਲਮ ਵਿਚ ਗੈਰ ਸਿੱਖ ਅਦਾਕਾਰ ਨੂੰ ਗਾਤਰਾ ਕਿਰਪਾਨ ਪਹਿਨਾ ਕੇ ਸਿੱਖ ਸਿਧਾਂਤ, ਮਰਯਾਦਾ ਅਤੇ ਰਹਿਣੀ ਦੇ ਕੀਤੇ ਨਿਰਾਦਰ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਕਾਰਵਾਈ ਮੰਗੀ ਸੀ। ਇਸ 'ਤੇ ਪੁਲਿਸ ਵੱਲੋਂ ਥਾਣਾ ਈ ਡਵੀਜ਼ਨ ਵਿਖੇ ਧਾਰਾ ੨੯੫ ਏ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਫਿਲਮਾਂ ਅੰਦਰ ਸਿੱਖ ਮਰਯਾਦਾ, ਪਰੰਪਰਾ ਅਤੇ ਜੀਵਨਸ਼ੈਲੀ ਦੀ ਤੌਹੀਨ ਕਰਨ ਵਾਲੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੇ ਕਿਹਾ ਕਿ ਭਾਵੇਂ ਫਿਲਮ ਨਿਰਮਾਤਾਵਾਂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਸ ਹਰਕਤ ਲਈ ਮੁਆਫੀ ਮੰਗੀ ਹੈ ਪਰੰਤੂ ਗੀਤ ਵਿਚੋਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦ੍ਰਿਸ਼ ਨੂੰ ਸਹੀ ਤਰੀਕੇ ਨਾਲ ਹਟਾਇਆ ਨਹੀਂ ਗਿਆ। ਗੀਤ ਯੂਟਿਊਬ 'ਤੇ ਅਜੇ ਵੀ ਮੌਜੂਦ ਹੈ, ਜਿਸ ਵਿਚੋਂ ਕੇਵਲ ਕਿਰਪਾਨ ਨੂੰ ਧੁੰਦਲਾ ਕੀਤਾ ਗਿਆ ਹੈ ਪਰੰਤੂ ਗਾਤਰਾ ਉਸੇ ਤਰ੍ਹਾਂ ਹੀ ਮੌਜੂਦ ਹੈ। ਉਨ੍ਹਾਂ ਕਿਹਾ ਕਿ ਇਸ ਸ਼ੈਤਾਨੀ ਨੂੰ ਮਾਫ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਤਰ੍ਹਾਂ ਨਾਲ ਯਤਨ ਕਰੇਗੀ ਕਿ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇ।

## ਸਿੱਖ ਇਕ ਵੱਖਰੀ ਤੇ ਨਿਰਾਲੀ ਕੌਮ, ਇਸ ਦੀ ਪਛਾਣ ਤੇ ਸੱਭਿਆਚਾਰ ਬਿਲਕੁਲ ਮੌਲਿਕ- ਐਡਵੋਕੇਟ ਧਾਮੀ

ਸ੍ਰੀ ਅੰਮ੍ਰਿਤਸਰ, ੩ ਸਤੰਬਰ - ਸਿੱਖ ਇੱਕ ਵੱਖਰੀ ਕੌਮ ਹੈ, ਇਸ ਦੀ ਪਛਾਣ ਨਿਰਾਲੀ ਹੈ ਜੋ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਰ.ਐਸ.ਐਸ. ਮੁਖੀ ਸ੍ਰੀ ਮੋਹਨ ਭਾਗਵਤ ਦੇ ਬਿਆਨ ਦਾ ਜਵਾਬ ਦਿੰਦਿਆਂ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੁਆਰਾ ਗੁਰੂਸਰ ਸਾਹਿਬ ਕਾਉਂਕੇ, ਜਗਰਾਓਂ ਵਿਖੇ ਨਵੇਂ ਦਰਬਾਰ ਹਾਲ ਦੇ ਉਦਘਾਟਨ ਸਮਾਗਮ ਵਿਚ ਸ਼ਾਮਿਲ ਹੋਣ ਲਈ ਪੁੱਜੇ ਹੋਏ ਸਨ।

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਆਏ ਦਿਨ ਆਰ.ਐਸ.ਐਸ.

ਆਗੂ ਸ੍ਰੀ ਮੋਹਨ ਭਾਗਵਤ ਆਪਣੇ ਮਨ ਨੂੰ ਧਰਵਾਸ ਦੇਣ ਲਈ ਭਾਰਤ 'ਚ ਰਹਿਣ ਵਾਲੇ ਹਰ ਵਿਅਕਤੀ ਨੂੰ ਹਿੰਦੂ ਹੋਣ ਦਾ ਫਤਵਾ ਦੇ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਕਹਿਣ ਵਾਲੇ ਇਹਨਾਂ ਲੋਕਾਂ ਨੂੰ ਇੱਕ ਵਾਰ ਭਾਰਤ ਅਤੇ ਖਾਸਕਰ ਸਿੱਖਾਂ ਦਾ ਇਤਿਹਾਸ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਨਹੀਂ ਹਨ। ਸਿੱਖਾਂ ਦਾ ਆਪਣਾ ਵਿਲੱਖਣ ਖਾਸਾ ਹੈ, ਜਿਸ ਨੂੰ ਕੋਈ ਵੀ ਰਲਗੱਡ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਕਿਸੇ ਇੱਕ ਧਰਮ ਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਆਪਣੇ ਧਰਮ ਦੀਆਂ ਰਵਾਇਤਾਂ ਅਨੁਸਾਰ ਦੇਸ਼ ਲਈ ਖੜਦੇ ਹਨ। ਹਰ ਸੰਕਟ ਸਮੇਂ ਸਿੱਖਾਂ ਦੇ ਯੋਗਦਾਨ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਆਰ.ਐਸ.ਐਸ. ਮੁਖੀ ਨੂੰ ਵਿਵਾਦਤ ਬਿਆਨ ਦੇਣ ਤੋਂ ਸੰਕੋਚ ਕਰਨ ਦੀ ਸਲਾਹ ਦਿੱਤੀ।

ਇਸੇ ਦੌਰਾਨ ਗੁਰਦੁਆਰਾ ਗੁਰੂਸਰ ਸਾਹਿਬ ਕਾਉਂਕੇ ਵਿਖੇ ਨਵੇਂ ਬਣੇ ਦਰਬਾਰ ਹਾਲ ਦੀ ਐਡਵੋਕੇਟ ਧਾਮੀ ਨੇ ਸੰਗਤ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਕਾਰਜ ਕਰਵਾਉਦੀਂ ਰਹਿੰਦੀ ਹੈ। ਇਸੇ ਤਹਿਤ ਹੀ ਗੁਰਦੁਆਰਾ ਗੁਰੂਸਰ ਸਾਹਿਬ ਕਾਉਂਕੇ ਦਾ ਨਵਾਂ ਦਰਬਾਰ ਤਿਆਰ ਕਰਵਾਇਆ ਗਿਆ ਹੈ। ਉਨ੍ਹਾਂ ਦਰਬਾਰ ਤਿਆਰ ਕਰਨ ਦੀਆਂ ਸੇਵਾਵਾਂ ਨਿਭਾਉਣ ਲਈ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦਾ ਧੰਨਵਾਦ ਕੀਤਾ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਅੱਜ ਖੁਸ਼ੀ ਦਾ ਦਿਨ ਹੈ ਜਦੋਂ ਕਾਰ ਸੇਵਾ ਉਪਰੰਤ ਗੁਰਦੁਆਰਾ ਸਾਹਿਬ ਦੇ ਤਿਆਰ ਹੋਏ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸੰਗਤ ਨੇ ਇਸ ਸੇਵਾ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ ਹੈ ਅਤੇ ਭਵਿੱਖ ਵਿਚ ਵੀ ਸੰਗਤ ਦੀ ਭਾਵਨਾ ਅਨੁਸਾਰ ਲੋੜੀਂਦੀਆਂ ਸੇਵਾਵਾਂ ਜਾਰੀ ਰਹਿਣਗੀਆਂ। ਭਾਈ ਗਰੇਵਾਲ ਨੇ ਸਮਾਗਮ ਵਿਚ ਪਹੁੰਚੀਆਂ ਸਮੂਹ ਜਥੇਬੰਦੀਆਂ ਅਤੇ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਇਸੇ ਦੌਰਾਨ ਨਵੇਂ ਬਣੇ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਸ਼ੋਭਿਤ ਕਰਨ ਦੀ ਸੇਵਾ ਪੰਜ ਪਿਆਰਿਆਂ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬਾਬਾ ਨਰਿੰਦਰ ਸਿੰਘ ਹਜੂਰ ਸਾਹਿਬ ਵਾਲਿਆਂ ਨੇ ਕੀਤੀ। ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਸਰਵਣ ਕਰਵਾਇਆ।

# ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਹੜ੍ਹ ਪੀੜਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ੨ ਲੱਖ ਰੁਪਏ ਭੇਟ

ਸ੍ਰੀ ਅੰਮ੍ਰਿਤਸਰ, ੦੪ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਸੇਵਾਵਾਂ ਵਿਚ ਸਹਿਯੋਗ ਪਾਉਂਦਿਆਂ ਰਾਗੀ ਸਭਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ੨ ਲੱਖ ਰੁਪਏ ਭੇਟ ਕੀਤੇ ਗਏ। ਇਹ ਰਾਸ਼ੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਇਕੱਤਰ ਕੀਤੀ ਗਈ ਹੈ। ਇਸ ਮੌਕੇ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਦਾ ਬਹੁਤ ਸਾਰਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਉਣ ਕਰਕੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਸਾਹਿਬ ਵੱਲੋਂ ਬਖਸ਼ੇ ਸਰਬੱਤ ਦੇ ਭਲੇ ਦੇ ਸਿਧਾਂਤ ਅਨੁਸਾਰ ਹਮੇਸ਼ਾਂ ਹੀ ਲੋੜਵੰਦਾਂ ਦੀ ਮਦਦ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕ ਭਲਾਈ ਦੇ ਕਾਰਜ ਸੰਗਤਾਂ ਦੇ ਦਸਵੰਧ ਨਾਲ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਰਾਗੀ ਸਿੰਘਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੇ ਜਾਂਦੇ ਰਾਹਤ ਕਾਰਜਾਂ ਲਈ ੨ ਲੱਖ ਰੁਪਏ ਦਾ ਸਹਿਯੋਗ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ। ਇਸ ਮੌਕੇ ਗੱਲ ਕਰਦਿਆਂ ਸ਼੍ਰੋਮਣੀ ਰਾਗੀ ਸਭਾ ਦੇ ਪ੍ਰਧਾਨ ਭਾਈ ਸ਼ੌਕੀਨ ਸਿੰਘ ਨੇ ਕਿਹਾ ਕਿ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫਰਜ਼ ਸਮਝਦਿਆਂ ਹਮੇਸ਼ਾਂ ਹੀ ਮਨੁੱਖਤਾ ਦੇ ਨਾਲ ਖੜ੍ਹੀ ਹੈ। ਕੁਦਰਤੀ ਆਫ਼ਤਾਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਕਾਰਜਾਂ ਨੂੰ ਪੂਰੀ ਦੁਨੀਆਂ ਨੇ ਸਲਾਹਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਰਾਗੀ ਸਭਾ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਜਿਥੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਖੁਦ ਸੇਵਾ ਕੀਤੀ ਗਈ ਹੈ, ਉੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਰਾਗੀ ਸਿੰਘਾਂ ਵੱਲੋਂ ਇਕੱਤਰ ਕੀਤੀ ੨ ਲੱਖ ਰੁਪਏ ਦੀ ਰਾਸ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਲਈ ਦਿੱਤੀ ਗਈ ਹੈ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ

ਮਥਰੇਵਾਲ, ਮੀਤ ਸਕੱਤਰ ਸ. ਸ਼ਾਹਬਾਜ ਸਿੰਘ, ਸ. ਗੁਰਨਾਮ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਡੀਆ ਇੰਚਾਰਜ ਸ. ਹਰਭਜਨ ਸਿੰਘ ਵਕਤਾ, ਇੰਚਾਰਜ ਸ. ਗੁਰਮੀਤ ਸਿੰਘ, ਰਾਗੀ ਭਾਈ ਸ਼ੌਕੀਨ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਸੰਦੀਪ ਸਿੰਘ, ਭਾਈ ਸਤਨਾਮ ਸਿੰਘ ਬੈਂਕਾਂ, ਭਾਈ ਜਸਵਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਸੁਖਜੀਤ ਸਿੰਘ ਕੁਹਾੜਕਾ, ਭਾਈ ਹਰਜੀਤ ਸਿੰਘ, ਭਾਈ ਜੁਝਾਰ ਸਿੰਘ ਆਦਿ ਹਾਜ਼ਰ ਸਨ।

## ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਨੇ ਦੁੱਖ ਪ੍ਰਗਟਾਇਆ

ਸ੍ਰੀ ਅੰਮ੍ਰਿਤਸਰ, ੭ ਸਤੰਬਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਘੇ ਸਿੱਖ ਵਿਦਵਾਨ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੇ ਅਕਾਲ ਚਲਾਣੇ 'ਤੇ ਗਹਿਰਾ ਅਫ਼ਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਕਪੂਰ ਨੇ ਅੱਧੀ ਸਦੀ ਤੋਂ ਵੱਧ ਸਮਾਂ ਸਿੱਖ ਇਤਿਹਾਸ ਦੀ ਖੋਜ ਅਤੇ ਅਧਿਆਪਨ ਦੇ ਖੇਤਰ ਵਿਚ ਯੋਗਦਾਨ ਪਾਇਆ। ਉਨ੍ਹਾਂ ਦੀਆਂ ਸਿੱਖ ਇਤਿਹਾਸ, ਰਵਾਇਤਾਂ ਅਤੇ ਵਿਰਸੇ ਨਾਲ ਸਬੰਧਤ ਮੌਲਿਕ ਖੋਜ ਕਿਰਤਾਂ ਇਤਿਹਾਸ ਦੇ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਹਮੇਸ਼ਾਂ ਅਗਵਾਈ ਦਿੰਦੀਆਂ ਰਹਿਣਗੀਆਂ। ਐਡਵੋਕੇਟ ਧਾਮੀ ਨੇ ਕਿਹਾ ਕਿ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਹਿੰਦਿਆਂ ਵੀ ਯਾਦ ਰੱਖਣਯੋਗ ਸੇਵਾਵਾਂ ਦਿੱਤੀਆਂ ਅਤੇ ਸਿੱਖੀ ਪ੍ਰਚਾਰ ਲਈ ਕਈ ਵਡਮੁੱਲੇ ਸੁਝਾਅ ਦਿੰਦੇ ਰਹੇ। ਪ੍ਰੋ. ਕਪੂਰ ਦੇ ਚਲਾਣੇ ਨਾਲ ਸਿੱਖ ਪੰਥ ਇਕ ਪ੍ਰਬੁੱਧ ਵਿਦਵਾਨ ਤੋਂ ਵਾਂਝਾ ਹੋ ਗਿਆ ਹੈ, ਜਿਸ ਦੀ ਪੂਰਤੀ ਅਸੰਭਵ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਨਾਲ ਜੋੜਨ।

## ਵੱਖ-ਵੱਖ ਗੁਰਦੁਆਰਾ ਸਾਹਿਬਾਨ ਵੱਲੋਂ ਹੜ੍ਹ ਪੀੜਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ੧੨ ਲੱਖ ੭੫ ਹਜ਼ਾਰ ਰੁਪਏ ਭੇਟ

ਸ੍ਰੀ ਅੰਮ੍ਰਿਤਸਰ, ੧੧ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੀਆਂ ਜਾ ਰਹੀਆ ਸੇਵਾਵਾਂ ਵਿਚ ਸਹਿਯੋਗ ਪਾਉਂਦਿਆਂ ਵੱਖ-ਵੱਖ ਲੋਕਲ ਗੁਰਦੁਆਰਾ ਕਮੇਟੀਆਂ ਵੱਲੋਂ ੧੨ ਲੱਖ ੭੫ ਹਜ਼ਾਰ

ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਗੁਰਦੁਆਰਾ ਸਾਹਿਬਾਨ ਵੱਲੋਂ ਇਸ ਰਾਸ਼ੀ ਦੇ ਚੈੱਕ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਜੱਜ ਸ. ਦਲਬੀਰ ਸਿੰਘ ਮਾਹਲ ਅਤੇ ਸ. ਗੁਰਦੇਵ ਸਿੰਘ ਸੋਹਲ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੂੰ ਸੌਂਪੇ ਗਏ।

ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਹੇਠ ਆਉਣ ਕਰਕੇ ਪੰਜਾਬ ਦੇ ਵੱਡੇ ਹਿੱਸੇ ਅੰਦਰ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਕੁਦਰਤੀ ਆਫ਼ਤ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਲੋੜਵੰਦਾਂ ਦੀ ਮਦਦ ਲਈ ਲੰਗਰ ਤੇ ਹੋਰ ਵਸਤੂਆਂ ਨਾਲ ਪਸ਼ੂਆਂ ਦੇ ਚਾਰੇ ਦੇ ਵੀ ਪ੍ਰਬੰਧ ਕੀਤੇ ਹਨ। ਇਨ੍ਹਾਂ ਕਾਰਜਾਂ ਲਈ ਸੰਗਤਾਂ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਸਹਿਯੋਗ ਕੀਤਾ ਹੈ। ਉਨ੍ਹਾਂ ਕਿਹਾ ਕਿ ਸੈਕਸ਼ਨ ੮੭ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵੱਲੋਂ ਕੁਦਰਤੀ ਆਫ਼ਤਾਂ ਵਿਚ ਸਹਾਇਤਾ ਲਈ ੧੨ ਲੱਖ ੭੫ ਹਜ਼ਾਰ ਰੁਪਏ ਭੇਜੇ ਗਏ ਹਨ। ਇਸ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਫਰਵਾਹੀ, ਬਰਨਾਲਾ ਵੱਲੋਂ ੧ ਲੱਖ ੫੦ ਹਜ਼ਾਰ ਰੁਪਏ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਗਊਘਾਟ ਲੁਧਿਆਣਾ ੭੫ ਹਜ਼ਾਰ ਰੁਪਏ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੁੱਗਰੀ ਲੁਧਿਆਣਾ ੧ ਲੱਖ ਰੁਪਏ, ਗੁਰਦੁਆਰਾ ਪਾਤਸ਼ਾਹੀ ਦਸਵੀਂ ਗੁਰੂ ਕੀ ਢਾਬ ਮੱਤਾ ਫਰੀਦਕੋਟ ੧ ਲੱਖ ਰੁਪਏ, ਗੁਰਦੁਆਰਾ ਪਾਤਸ਼ਾਹੀ ਦਸਵੀਂ ਗੁਰੂਸਰ ਸਾਹਿਬ ਬਠਿੰਡਾ ੧ ਲੱਖ ੫੦ ਹਜ਼ਾਰ ਰੁਪਏ, ਗੁਰਦੁਆਰਾ ਨਾਨਕਸਰ ਤਖ਼ਤੂਪੁਰਾ ਮੋਗਾ ੨ ਲੱਖ ਰੁਪਏ, ਗੁਰਦੁਆਰਾ ਸ੍ਰੀ ਅਕੋਈ ਸਾਹਿਬ ਸੰਗਰੂਰ ੧ ਲੱਖ ਰੁਪਏ, ਗੁਰਦੁਆਰਾ ਸਾਹਿਬ ਸ਼ਹੀਦ ਭਾਈ ਤਾਰੂ ਸਿੰਘ ਪਹੂਲਾ ਤਰਨ ਤਾਰਨ ੧ ਲੱਖ ਰੁਪਏ, ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਢਿਲਵਾਂ ਬਰਨਾਲਾ ੧ ਲੱਖ ਰੁਪਏ, ਗੁਰਦੁਆਰਾ ਸਾਹਿਬ ਨਾਨਕਸਰ ਚੀਮਾ ਸੰਗਰੂਰ ੧ ਲੱਖ ਰੁਪਏ ਅਤੇ ਗੁਰਦੁਆਰਾ ਸ੍ਰੀ ਅਕਾਲ ਪੁਰਖ ਸਾਹਿਬ ਪਾਤਸ਼ਾਹੀ ਛੇਵੀਂ ਮੰਡੀ ਕਲਾਂ ਬਠਿੰਡਾ ਵੱਲੋਂ ੧ ਲੱਖ ਰੁਪਏ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫਰਜ਼ ਸਮਝਦਿਆਂ ਹਮੇਸ਼ਾਂ ਹੀ ਮਨੁੱਖਤਾ ਦੀ ਸੇਵਾ ਲਈ ਤਤਪਰ ਰਹੀ ਹੈ ਅਤੇ ਅੱਗੋਂ ਵੀ ਲੋੜਵੰਦਾਂ ਲਈ ਕਾਰਜਸ਼ੀਲ ਰਹੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੈਂਬਰ ਜੱਜ ਸਾਹਿਬਾਨ ਦਾ ਇਸ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਮਾਨਵ ਭਲਾਈ ਦੇ ਕਾਰਜ ਸਮੁੱਚੀ ਸੰਗਤ ਦੇ ਸਹਿਯੋਗ ਨਾਲ ਹੀ ਸੰਭਵ ਹਨ।

# ਜੈਤੋ ਦੇ ਮੋਰਚੇ ਦੀ ੧੦੦ ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਪੰਥਕ ਰਵਾਇਤਾਂ ਅਨੁਸਾਰ ਹੋਈ ਸ਼ੁਰੂਆਤ

ਸ੍ਰੀ ਅੰਮ੍ਰਿਤਸਰ, ੧੪ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਜੈਤੋ ਦੇ ਮੋਰਚੇ' ਦੀ ੧੦੦ ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਅਰੰਭਤਾ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੈਤੋ ਵਿਖੇ ਇਕ ਵਿਸ਼ਾਲ ਗੁਰਮਤਿ ਸਮਾਗਮ ਆਯੋਜਤ ਕਰ ਕੇ ਕੀਤੀ ਗਈ। ਮੁੱਖ ਸ਼ਤਾਬਦੀ ਸਮਾਗਮ ੨੧ ਫ਼ਰਵਰੀ, ੨੦੨੪ ਈ. ਨੂੰ ਕੀਤਾ ਜਾਣਾ ਹੈ, ਜਦਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਮਾਗਮ ਅਤੇ ਸੈਮੀਨਾਰ ਕੀਤੇ ਜਾ ਰਹੇ ਹਨ। ਅੱਜ ਆਰੰਭਤਾ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਵੱਡੀ ਗਿਣਤੀ ਵਿਚ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜਿਥੇ ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ, ਉਥੇ ਹੀ ਪੰਥ ਵਿਰੋਧੀ ਸ਼ਕਤੀਆਂ ਤੋਂ ਸੁਚੇਤ ਰਹਿਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਨਾਲ-ਨਾਲ ਸਿੱਖ ਇਤਿਹਾਸ ਦੀ ਅਗਵਾਈ ਹੀ ਕੌਮ ਨੂੰ ਸਹੀ ਦਿਸ਼ਾ ਵਿਚ ਲਿਜਾ ਸਕਦੀ ਹੈ ਅਤੇ ਇਹੀ ਰਸਤਾ ਕੌਮੀ ਚੁਣੌਤੀਆਂ ਦੇ ਹੱਲ ਵੱਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੇ ਰਹਿਣ ਨਾਲ ਸਿੱਖ ਵਿਰੋਧੀ ਸ਼ਕਤੀਆਂ ਕੌਮ ਦਾ ਕੁਝ ਨਹੀਂ ਵਿਗਾੜ ਸਕਦੀਆਂ। ਗਿਆਨੀ ਰਘਬੀਰ ਸਿੰਘ ਨੇ ਇਕ ਸਦੀ ਪਹਿਲਾਂ ਦੇ ਮੋਰਚਿਆਂ ਦੌਰਾਨ ਅਕਾਲੀ ਯੋਧਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਕੌਮ ਲਈ ਭਵਿੱਖੀ ਤਰਜੀਹਾਂ ਵਾਸਤੇ ਮਾਰਗ-ਦਰਸ਼ਨ ਦੱਸਦਿਆਂ ਆਪਣੀਆਂ ਪੰਥਕ ਸੰਸਥਾਵਾਂ ਵਿਰੁੱਧ ਹੋ ਰਹੇ ਕੂੜ ਪ੍ਰਚਾਰ ਦਾ ਮੂੰਹਤੋੜ ਜਵਾਬ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਪੰਥ ਦੀਆਂ ਸੰਸਥਾਵਾਂ ਮਜ਼ਬੂਤ ਹੋਣਗੀਆਂ ਤਾਂ ਕੌਮ ਮਜ਼ਬੂਤ ਰਹੇਗੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਅਕਾਲੀ ਯੋਧਿਆਂ ਦਾ ਇਤਿਹਾਸ ਲਹੂਭਿੱਜਾ ਰਿਹਾ ਹੈ, ਜਿਸ ਦੀ ਉਦਾਹਰਣ ਜੈਤੋ ਦਾ ਮੋਰਚਾ ਹੈ। ਉਨ੍ਹਾਂ ਕਿਹਾ ਕਿ ਇਸ ਮੋਰਚੇ ਦੇ

ਸ਼ਹੀਦ ਸਿੱਖ ਕੌਮ ਦਾ ਸਰਮਾਇਆ ਹਨ। ਐਡਵੋਕੇਟ ਧਾਮੀ ਨੇ ਐਲਾਨ ਕੀਤਾ ਕਿ ਜੈਤੋ ਦੇ ਮੋਰਚੇ ਦੌਰਾਨ ਜਥੇ ਲੈ ਕੇ ਪੁੱਜਣ ਵਾਲੇ ਸਿੱਖਾਂ ਅਤੇ ਸ਼ਹੀਦਾਂ ਦੇ ਪਿੰਡਾਂ ਨਗਰਾਂ ਵਿਚ ਸ਼ਤਾਬਦੀ ਨੂੰ ਸਮਰਪਤ ਸਮਾਗਮ ਕੀਤੇ ਜਾਣਗੇ ਅਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਫ਼ਰਵਰੀ ੨੦੨੪ ਵਿਚ ਜੈਤੋ ਮੋਰਚੇ ਦੀ ਸ਼ਤਾਬਦੀ ਖ਼ਾਲਸਾ ਪੰਥ ਵੱਲੋਂ ਵੱਡੇ ਪੱਧਰ ’ਤੇ ਮਨਾਈ ਜਾਵੇਗੀ।

ਇਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਰਿਹਾ ਹੈ ਕਿ ਇਸ ਨੇ ਸ਼ਕਤੀਸ਼ਾਲੀ ਮੁਗ਼ਲ ਅਤੇ ਬਰਤਾਨਵੀ ਹਕੂਮਤਾਂ ਨੂੰ ਚੁਣੌਤੀ ਦਿੱਤੀ, ਜਿਸ ਦੀ ਰੌਸ਼ਨੀ ਵਿਚ ਅੱਜ ਵੀ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੀਆਂ ਚਾਲਾਂ ਵਿਰੁੱਧ ਕੌਮ ਨੂੰ ਲਾਮਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਆਗੂ ਸੰਸਥਾ ਹੈ, ਜਿਸ ਖਿਲਾਫ਼ ਹੁੰਦੇ ਪ੍ਰਚਾਰ ਨੂੰ ਰੋਕਣ ਲਈ ਸੰਜੀਦਾ ਯਤਨ ਕੀਤੇ ਜਾਣ। ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਅੰਦਰ ਨਸ਼ਿਆਂ ਦੀ ਸਮੱਸਿਆ ਦੇ ਖਾਤਮੇ ਵਾਸਤੇ ਯਤਨ ਕਰਨ ਲਈ ਵੀ ਪ੍ਰੇਰਿਆ।

ਸਮਾਗਮ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਵੀ ਆਪਣੇ ਸੰਬੋਧਨ ਦੌਰਾਨ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਸਿੱਖ ਨੌਜੁਆਨੀ ਨੂੰ ਆਪਣੇ ਇਸ ਸ਼ਾਨਾਂਮੱਤੇ ਇਤਿਹਾਸ ਤੋਂ ਸੇਧ ਲੈਣ ਲਈ ਕਿਹਾ।

ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਪੰਥ-ਪ੍ਰਸਿੱਧ ਕਥਾਵਾਚਕ ਭਾਈ ਬੰਤਾ ਸਿੰਘ ਮੁੰਡਾ ਪਿੰਡ ਨੇ ਜੈਤੋ ਦੇ ਮੋਰਚ ਦੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ, ਜਦਕਿ ਢਾਡੀ ਜਥਿਆਂ ਨੇ ਸਿੱਖ ਯੋਧਿਆਂ ਦੀਆਂ ਜੋਸ਼ੀਲੀਆਂ ਵਾਰਾਂ ਪੇਸ਼ ਕੀਤੀਆਂ। ਸਮਾਗਮ ਦੌਰਾਨ ਅਕਾਲੀ ਮੋਰਚਿਆਂ ਦੇ ਇਤਿਹਾਸ ਨੂੰ ਰੂਪਮਾਨ ਕਰਦੀ ਚਿੱਤਰਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਜੈਤੋ ਦੇ ਮੋਰਚੇ ਸਬੰਧੀ ਵਿਸ਼ੇਸ਼ ਤੌਰ ’ਤੇ ਤਿਆਰ ਕੀਤੀਆਂ ਪੁਸਤਕਾਂ ਵੀ ਜਾਰੀ ਕੀਤੀਆਂ ਗਈਆਂ। ਇਸੇ ਦੌਰਾਨ ਅੰਮ੍ਰਿਤ-ਸੰਚਾਰ ਸਮਾਗਮ ਵੀ ਕੀਤਾ ਗਿਆ ਅਤੇ ਕੀਰਤਨ ਦਰਬਾਰ ਵੀ ਸਜਾਇਆ ਗਿਆ।

# ਖੇਡ ਮੁਕਾਬਲੇ 'ਚ ਗੁਰਸਿੱਖ ਖਿਡਾਰੀ ਨੂੰ ਹੈਲਮਟ ਨਾ ਪਾਉਣ ਕਾਰਨ ਮੁਕਾਬਲੇ ਤੋਂ ਬਾਹਰ ਕਰਨ ਦੀ ਐਡਵੋਕੇਟ ਧਾਮੀ ਵੱਲੋਂ ਨਿੰਦਾ

ਸ੍ਰੀ ਅੰਮ੍ਰਿਤਸਰ, ੧੯ ਸਤੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਟਿਆਲਾ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਚ ਸਕੇਟਿੰਗ ਮੁਕਾਬਲੇ ਦੌਰਾਨ ਇਕ ਗੁਰਸਿੱਖ ਖਿਡਾਰੀ ਨੂੰ ਹੈਲਮਟ ਨਾ ਪਾਉਣ 'ਤੇ ਮੁਕਾਬਲੇ 'ਚੋਂ ਬਾਹਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਦੋਸ਼ੀ ਅਧਿਕਾਰੀਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਬਹੁਗਿਣਤੀ ਵਾਲੇ ਸੂਬੇ ਪੰਜਾਬ ਅੰਦਰ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਅਜਿਹੀ ਹਰਕਤ ਸਿੱਖ ਪਛਾਣ ਨੂੰ ਸਿੱਧੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਮਰਯਾਦਾ ਵਿਚ ਹੈਲਮਟ ਪਹਿਨਣ ਨੂੰ ਕੋਈ ਥਾਂ ਨਹੀਂ ਹੈ, ਜੇਕਰ ਕੋਈ ਸਿੱਖ ਖਿਡਾਰੀ ਬਿਨਾਂ ਹੈਲਮਟ ਤੋਂ ਖੇਡ ਮੁਕਾਬਲੇ ਵਿਚ ਭਾਗ ਲੈਣਾ ਚਾਹੁੰਦਾ ਹੈ ਤਾਂ ਉਸ 'ਤੇ ਅਜਿਹੀ ਪਾਬੰਦੀ ਨਹੀਂ ਹੋਣੀ ਚਾਹੀਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਬਹੁਗਿਣਤੀ ਵਾਲੇ ਸੂਬੇ ਪੰਜਾਬ ਅੰਦਰ ਸਿੱਖ ਖਿਡਾਰੀ ਨਾਲ ਅਜਿਹੀ ਹਰਕਤ ਹੋਣ ਕਰਕੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ, ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਇਸ ਲਈ ਤੁਰੰਤ ਮੁਆਫ਼ੀ ਮੰਗਦਿਆਂ ਖੇਡ ਵਿਭਾਗ ਦੇ ਅਧਿਕਾਰੀ ਅਤੇ ਮੁਕਾਬਲੇ ਦੇ ਪ੍ਰਬੰਧਕਾਂ ਖਿਲਾਫ਼ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਸ ਖੇਡ ਮੁਕਾਬਲੇ ਨੂੰ ਰੱਦ ਕਰਦਿਆਂ ਸਬੰਧਤ ਖਿਡਾਰੀ ਨੂੰ ਸ਼ਾਮਲ ਕਰਕੇ ਇਹ ਮੁਕਾਬਲਾ ਦੁਬਾਰਾ ਹੋਵੇ, ਤਾਂ ਜੋ ਸਿੱਖ ਖਿਡਾਰੀ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਸਬ-ਡਵੀਜ਼ਨ ਪਾਤੜਾਂ ਦੇ ਪਿੰਡ ਬਣਵਾਲਾ ਗੁਰਸਿੱਖ ਖਿਡਾਰੀ ਕਾਕਾ ਰਿਆਜਪ੍ਰਤਾਪ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਮੁਕੰਮਲ ਰਿਪੋਰਟ ਕਰਨ ਲਈ ਇਕ ਵਫ਼ਦ ਭੇਜਿਆ ਜਾ ਰਿਹਾ ਹੈ, ਜਿਸ ਵਿਚ ਅੰਤ੍ਰਿੰਗ ਕਮੇਟੀ ਦੇ ਮੈਂਬਰ ਸ. ਜਰਨੈਲ ਸਿੰਘ ਕਰਤਾਰਪੁਰ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਦੇ ਮੈਨੇਜਰ ਅਤੇ ਪ੍ਰਚਾਰਕ ਸਿੰਘ ਸ਼ਾਮਲ ਹਨ। ■

੧੯ਵੀਂ ਸਦੀ ਵਿਚ ਸਿੱਖਾਂ ਅੰਦਰ ਫ਼ੈਲੀਆਂ ਅਨਮਤ ਤੇ ਮਨਮਤ ਵਾਲੀਆਂ ਰਹੁਰੀਤਾਂ ਵਿਰੁੱਧ ਸਿੰਘ ਸਭਾ ਲਹਿਰ ਸਮੇਂ ਗਿ. ਦਿੱਤ ਸਿੰਘ ਜੀ ਵੱਲੋਂ ਕੀਤੇ ਗਏ ਪ੍ਰਚਾਰ ਦੀ ਇਕ ਕਾਵਿ ਵੰਨਗੀ :–

ਜਾਗ ਜਾਗ ਹੇ ਪੰਥ ਖਾਲਸਾ
ਕਿਉਂ ਤੈਂ ਗੁਰੂ ਵਿਸਾਰ ਦੀਆ।
ਜਿਸਨੇ ਤੇਰੇ ਉੱਪਰ ਆਕੇ
ਸੀ ਉੱਤਮ ਉਪਕਾਰ ਕੀਆ॥...
ਜਾਇ ਨਗਾਹੇ ਵਾਲੇ ਦੇ ਤੂੰ
ਚਾਲੇ ਧਰਮ ਗਵਾਇਆ ਹੈ।
ਸਵਾ ਮਣੇ ਦਾ ਰੋਟ ਭਰਾਈ
ਹੱਥੋਂ ਚਾ ਪਕਵਾਇਆ ਹੈ॥
ਹਨੂੰਮਾਨ ਦੀ ਮੰਨੀ ਪੱਕੀ
ਭੈਰੋਂ ਭੂਤ ਮਨਾਇਆ ਹੈ।
ਗੁੱਗੇ ਦੀ ਮਾੜੀ ਪਰ ਜਾਕੇ
ਸੱਪਾਂ ਗੁਰੂ ਬਨਾਇਆ ਹੈ॥੨੨॥
ਖੇਲੇਂ ਖੇਡਾਂ ਤਨ ਪਰ ਛਾਂਟੇ
ਮਾਰੇ ਵਾਂਗ ਗਵਾਰਾਂ ਤੂੰ।
ਚੋਰਾਂ ਵਾਂਗ ਮਾਰ ਹੈ ਖਾਂਦੀ
ਸਹੇਂ ਰੁਧਰ ਦੀ ਧਾਰਾਂ ਤੂੰ॥
ਅਨਮਤੀ ਘਰ ਮਾਹਿੰ ਬੁਲਾਕੇ
ਕੱਢੇ ਚੌਂਕੇ ਕਾਰਾਂ ਤੂੰ।
ਹੱਥ ਉਨ੍ਹਾਂ ਦੇ ਗਊ ਫੜਾਕੇ
ਬੈਠੀ ਤਰਸੇਂ ਧਾਰਾਂ ਤੂੰ॥੨੩॥
ਉਸ ਸਤਿਗੁਰ ਦੇ ਗੁਰਦੁਆਰਿਆਂ ਪਰ
ਕਦੇ ਨ ਫੇਰਾ ਪਾਇਆ ਤੈਂ।
ਦੇ ਦਸਵੰਧ ਆਪਣੇ ਹਥੋਂ
ਨਾ ਕੁਝ ਭਲਾ ਕਮਾਇਆ ਤੈਂ॥
ਗੁਰ ਦੇ ਸਿੰਘਾਂ ਸੱਦ ਧਾਮ ਵਿਚ
ਨਾ ਭੋਜਨ ਛਕਵਾਇਆ ਤੈਂ।
ਨਾ ਨੰਗਿਆਂ ਨੂੰ ਦਏਂ ਪੁਸ਼ਾਕੇ
ਜੋੜਾ ਨਾ ਪਹਿਰਾਇਆ ਤੈਂ॥੨੪॥...

(ਗਿ. ਦਿੱਤ ਸਿੰਘ, *ਕਲਗੀਧਰ ਉਪਕਾਰ*)

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

October 2023

Dharam Parchar Committee, Shiromani Gurdwara Parbandhak Committee, Sri Amritsar Sahib

ਏਕ ਬਿਨਾ ਮਨ ਨੈਕ ਨ ਆਨੈ ॥

ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ੧੫੦ ਸਾਲਾ ਸਥਾਪਨਾ ਦਿਵਸ

੧੮੭੩-੨੦੨੩

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-10-2023